# ਭਾਸ਼ਾ : ਪ੍ਰਬੰਧ ਤੇ ਵਿਹਾਰ

ਡਾ. ਪਰਮਜੀਤ ਸਿੰਘ ਢੀਂਗਰਾ

# ਭਾਸ਼ਾ : ਪ੍ਰਬੰਧ ਤੇ ਵਿਹਾਰ

## ਲੇਖਕ ਦੀਆਂ ਹੋਰ ਪੁਸਤਕਾਂ

1. ਤਰਨ ਤਾਰਨ ਦਾ ਇਤਿਹਾਸਕ ਤੇ ਸਾਹਿਤਕ ਸਰਵੇਖਣ (1980)
2. ਭਾਸ਼ਾ : ਸਿਧਾਂਤ ਤੇ ਸਰੋਕਾਰ (2006)
3. ਨਾਵਲੀ ਭਾਸ਼ਾ : ਸੰਚਾਰ ਤੇ ਵਿਹਾਰ (2006)
4. ਪਰਸਾ : ਚਿੰਤਨ ਚੇਤਨਾ (ਸੰਪਾ.) (2007)
5. ਪਾਸ਼ ਕਾਵਿ : ਪਾਠ ਤੇ ਪ੍ਰਵਚਨ (ਸੰਪਾ.) (2007)
6. ਕਰਮਯੋਗੀ (ਅਨੁ.) (2005)
7. ਗੁਰਮੁਖੀ ਲਿੱਪੀ : ਇਤਿਹਾਸ ਤੋਂ ਤਕਨਾਲੋਜੀ ਤੱਕ (ਪ੍ਰੈਸ ਵਿੱਚ)
8. ਭਾਖਾ ਤੇ ਪੰਜਾਬੀ ਭਾਖਾ (ਪ੍ਰੈਸ ਵਿੱਚ)
9. ਨਦੀਆਂ ਪੌਣਾਂ ਆਪਣੇ ਰਾਹ (ਕਵਿਤਾ) (ਪ੍ਰੈਸ ਵਿੱਚ)

# ਭਾਸ਼ਾ : ਪ੍ਰਬੰਧ ਤੇ ਵਿਹਾਰ

ਡਾ. ਪਰਮਜੀਤ ਸਿੰਘ ਢੀਂਗਰਾ

☎ 2214196

ਦੀਪਕ ਪਬਲਿਸ਼ਰਜ਼

ਮਾਈ ਹੀਰਾਂ ਗੇਟ

ਜਲੰਧਰ –144 008

**Edition** : 2010

**Bhasha : Prabandh Te Vihaar**

**By- Parmjit Singh Dhingra**
Director, Punjab University Regional Centre
Mukatsar. Mob.- 94173-58120,95012-58200
E-mail- profpsdhingra25@yahoo.in

**Published By**
**DEEPAK PUBLISHERS**
Mai Hiran Gate
Jalandhar- 144 008
E-mail : deepakpublisher@yahoo.com
deepakpublisher@rediffmail.com

*ISBN 978 - 93 - 80825 - 14 - 4*

**ਭਾਸ਼ਾ : ਪ੍ਰਬੰਧ ਤੇ ਵਿਹਾਰ**
(ਭਾਸ਼ਾ ਵਿਗਿਆਨ)
**ਡਾ. ਪਰਮਜੀਤ ਸਿੰਘ ਢੀਂਗਰਾ**

**ਪ੍ਰਕਾਸ਼ਕ**
***ਦੀਪਕ ਪਬਲਿਸ਼ਰਜ਼***
*ਮਾਈ ਹੀਰਾਂ ਗੇਟ*
*ਜਲੰਧਰ-144 008*
*ਫ਼ੋਨ : 2214196*

**ਛਾਪਕ**
***ਬਾਲਾਜੀ ਆਫ਼ਸੈੱਟ***
*ਦਿੱਲੀ*

**ਮੁੱਲ**
225 ਰੁਪਏ

*All Rights Reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyrigh reserved above, no part of this publication my be repoduced, stored in or introduced into a retrieval system or transmitted in any form or by any means (electronic, mechanical, photo copying, recording or otherwise), without the prior written permission of both the copyright owner and the above mentioned publisher of this book.*

# ਸਮਰਪਣ

ਪੰਜਾਬੀ ਭਾਸ਼ਾ ਪ੍ਰਤੀ ਸਿਦਕਵਾਨ,
ਕਰਮਸ਼ੀਲ ਤੇ ਸ਼ੁਭਚਿੰਤਕ
ਪ੍ਰੋਫੈਸਰ ਆਰ. ਸੀ. ਸੋਬਤੀ ਹੋਰਾਂ ਲਈ
ਸਤਿਕਾਰ ਸਹਿਤ

"तस्मात् उदीच्यां दिशि प्रज्ञाततरा
वागुघत, उदाञ्चा उ एव यन्ति
वाचं शिक्षितुम्।
यो वा तत् आगच्श्ति तस्य वा
शुश्रूषन्त इति।"

(कौशीतकि ब्राह्मण)

(ਮੱਧ ਦੇਸ਼ ਨਾਲੋਂ ਪੰਜਾਬ (ਉਦੀਚਯ ਪ੍ਰਦੇਸ਼) ਦੀ ਆਰੀਆ ਬੋਲੀ ਵਧੇਰੇ ਸ਼ੁਧ ਅਤੇ ਗਿਆਨ ਭਰਪੂਰ ਹੈ। ਇਸੇ ਲਈ ਲੋਕ ਓਥੇ ਗਿਆਨ ਦੀ ਪਿਆਸ ਬੁਝਾਉਣ ਲਈ ਆਉਂਦੇ ਹਨ ਤੇ ਜੇ ਕੋਈ ਪੰਜਾਬੋਂ ਪਰਤਦਾ ਹੈ ਤਾਂ ਲੋਕ ਉਸ ਨੂੰ ਸੁਣਨ ਲਈ ਉਤਾਵਲੇ ਹੁੰਦੇ ਹਨ।)

(ਕੋਸ਼ੀਤਕੀ ਬ੍ਰਾਹਮਣ- 600 ਈ. ਪੂ.)

# ਤਤਕਰਾ


ਭੂਮਿਕਾ 8

ਡਾ. ਪਰਮਜੀਤ ਸਿੰਘ ਵਾਲੀਆ 13

1. ਪੰਜਾਬੀ ਵਿਆਕਰਣ – ਇਕ ਸਰਵੇਖਣ 15
2. ਪੰਜਾਬੀ ਵਾਕ – ਸੰਰਚਨਾ : ਨਕਾਰਨ ਪ੍ਰਕਿਰਿਆ 23
3. ਪੰਜਾਬੀ – ਹੁਕਮਵਾਚੀ ਵਾਕ 34
4. ਪੰਜਾਬੀ ਵਿੱਚ ਸੰਬੋਧਨੀ ਢੰਗ 49
5. ਕੋਡ ਪਰਿਵਰਤਨ : ਪੰਜਾਬੀ ਵਿੱਚ ਹਿੰਦੀ, ਅੰਗਰੇਜ਼ੀ ਦੀ ਵਰਤੋਂ 68

ਡਾ. ਪਰਮਜੀਤ ਸਿੰਘ ਸਿੱਧੂ 87

6. ੳ ਅ ੲ ਤੇ ਗੁਰਮੁਖੀ 89
7. ਨਾਸਿਕ ਉਚਾਰਨ ਤੇ ਗੁਰਮੁਖੀ 96
8. ਸੁਰੀ ਉਚਾਰਨ ਤੇ ਗੁਰਮੁਖੀ 106

ਡਾ. ਪਰਮਜੀਤ ਸਿੰਘ ਢੀਂਗਰਾ 115

9. ਜਨ ਸੰਚਾਰ ਸਾਧਨਾਂ ਵਿੱਚ ਵਰਤੀਂਦੀ ਪੰਜਾਬੀ 117
10. ਭਾਸ਼ਾ ਨੀਤੀ ਅਤੇ ਪੰਜਾਬ ਰਾਜ ਭਾਸ਼ਾ (ਸੋਧ) ਐਕਟ–2008 132
11. ਸ਼ਬਦ–ਚਮਤਕਾਰ : ਸਰੋਕਾਰ ਤੇ ਸਾਰਥਕਤਾ 146

ਡਾ. ਪਰਮਜੀਤ ਸਿੰਘ 167

12. ਪੰਜਾਬੀ ਭਾਸ਼ਾ ਦੇ ਸ਼ਬਦ ਜੋੜਾਂ ਦਾ ਮਹੱਤਵ ਤੇ ਸ਼ਬਦ ਭੰਡਾਰ 169

# ਭੂਮਿਕਾ

ਭਾਸ਼ਾ ਦਾ ਪ੍ਰਮੁੱਖ ਪ੍ਰਕਾਰਜ ਸੰਚਾਰ ਮੰਨਿਆ ਜਾਂਦਾ ਹੈ ਪਰ ਅੱਜ ਇਹ ਸੰਚਾਰ ਬਹੁਪਰਤੀ ਤੇ ਬਹੁਦਿਸ਼ਾਵੀ ਹੋ ਗਿਆ ਹੈ। ਚੰਦਰਮਾ 'ਤੇ ਬੋਲੇ ਗਏ ਸ਼ਬਦ ਲੱਖਾਂ ਮੀਲਾਂ ਦਾ ਫਾਸਲਾ ਤਹਿ ਕਰਕੇ ਧਰਤੀ 'ਤੇ ਸੁਣੇ ਜਾ ਸਕਦੇ ਹਨ। ਇਹ ਸਾਰਾ ਕੁਝ ਤਕਨਾਲੋਜੀ ਦੀ ਮਦਦ ਨਾਲ ਸੰਭਵ ਹੋਇਆ ਹੈ। ਤਕਨਾਲੋਜੀ ਨੇ ਆਪਣੀਆਂ ਲੋੜਾਂ ਹਿੱਤ ਨਵੀਆਂ ਭਾਸ਼ਾਈ ਤਕਨੀਕਾਂ ਅਤੇ ਕੋਡ ਈਜਾਦ ਕੀਤੇ ਹਨ, ਜਿਸ ਕਰਕੇ ਅੱਜ ਤਕਨਾਲੋਜੀ ਦੀ ਭਾਸ਼ਾ ਮਨੁੱਖੀ ਭਾਸ਼ਾ ਨਾਲੋਂ ਵਿੱਥ 'ਤੇ ਖੜ੍ਹੀ ਨਜ਼ਰ ਆਉਂਦੀ ਹੈ। ਕੰਪਿਊਟਰੀ ਭਾਸ਼ਾ ਨੇ ਆਪਣੀ ਸਹੂਲਤ ਲਈ ਕਈ ਕੰਪਿਊਟਰੀ ਭਾਸ਼ਾਵਾਂ ਸਿਰਜ ਲਈਆਂ ਹਨ। ਨਵੇਂ ਨਵੇਂ ਸਾਫਟ ਵੇਅਰਾਂ ਨਾਲ ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਰੂਪਾਂਤਰਣ ਰਾਹੀਂ ਪਰੰਪਰਾਗਤ ਭਾਸ਼ਾਵਾਂ ਦੇ ਗਿਆਨ ਦਾ ਇਕ ਨਵਾਂ ਚੈਪਟਰ ਆਰੰਭ ਹੋ ਗਿਆ ਹੈ। ਮਸ਼ੀਨੀ ਅਨੁਵਾਦਾਂ ਵਿੱਚ ਲਗਾਤਾਰ ਵਿਕਾਸ ਨੇ ਭਾਸ਼ਾ-ਗਤੀ ਨੂੰ ਤੇਜ਼ ਕਰ ਦਿੱਤਾ ਹੈ। ਤਕਨਾਲੋਜੀ ਨੇ ਅਨਪੜ੍ਹ ਬੰਦੇ ਲਈ ਵੀ ਆਪਣੀ ਕਲਾ ਕੌਸ਼ਲਤਾ ਦੇ ਮੌਖਿਕ ਪ੍ਰਗਟਾਵੇ ਨੂੰ ਕਲਾਮਈ ਰੂਪ ਦੇਣ ਵਿੱਚ ਵੱਡਾ ਯੋਗਦਾਨ ਪਾਇਆ ਹੈ। ਜਿਹੜਾ ਵਿਅਕਤੀ ਲਿਖ ਪੜ੍ਹ ਨਹੀਂ ਸਕਦਾ, ਉਹ ਬੋਲ ਕੇ ਕੰਪਿਊਟਰ ਰਾਹੀਂ ਆਪਣੀ ਭਾਸ਼ਾ ਯੋਗਤਾ ਦਾ ਉਚਿਤ ਪ੍ਰਗਟਾਵਾ ਕਰ ਸਕਦਾ ਹੈ। ਇਸ ਤਰ੍ਹਾਂ ਦੇ ਤਕਨੀਕੀ ਵਿਕਾਸ ਨੇ ਭਾਸ਼ਾਵਾਂ ਦੀਆਂ ਅਧਿਐਨ ਪ੍ਰਣਾਲੀਆਂ ਵਿੱਚ ਨਵੇਂ ਦਿਸਹੱਦੇ ਖੋਲ੍ਹੇ ਹਨ।

ਮਨੁੱਖੀ ਭਾਸ਼ਾ ਦੇ ਅਧਿਐਨ ਦੀ ਪਰੰਪਰਾ ਚਿਰਕਾਲੀ ਹੈ। ਪਾਣਿਨੀ ਨੇ ਅੱਜ ਤੋਂ 2400 ਵਰ੍ਹੇ ਪਹਿਲਾਂ ਭਾਸ਼ਾ ਦੇ ਅਧਿਐਨ ਤੋਂ 'ਅਸ਼ਟ-ਅਧਿਆਏ' ਦੀ ਰਚਨਾ ਕੀਤੀ। ਇਸ ਵਿੱਚ 4000 ਸੂਤਰ ਹਨ। ਇਨ੍ਹਾਂ ਰਾਹੀਂ ਪਾਣਿਨੀ ਨੇ ਵਿਆਕਰਣ ਦੇ ਅਜਿਹੇ ਨੇਮ ਦ੍ਰਿੜ ਕੀਤੇ, ਜੋ ਲੰਬਾ ਸਮਾਂ ਭਾਸ਼ਾਈ ਅਧਿਐਨ ਦੇ ਸ੍ਰੋਤ ਰਹੇ। ਅੱਜ ਵੀ ਇਨ੍ਹਾਂ ਨੇਮਾਂ ਰਾਹੀਂ ਨਵੇਂ ਸਿਧਾਂਤਾਂ ਨੂੰ ਘੜਿਆ ਜਾ ਰਿਹਾ ਹੈ। ਇਹੋ ਜਿਹਾ ਹੀ ਅਧਿਐਨ ਈਸਾ ਤੋਂ 600 ਵਰ੍ਹੇ ਪਹਿਲਾਂ ਕੁਰਆਨ ਅਤੇ ਅਰਬੀ ਭਾਸ਼ਾ ਬਾਰੇ ਕੀਤਾ ਹੋਇਆ ਮਿਲਦਾ ਹੈ। ਅਰਬੀ ਭਾਸ਼ਾ ਦੇ ਅਧਿਐਨਾਂ ਵਿੱਚ ਸ਼ਬਦਾਂ ਦੇ ਉਚਾਰਨ ਤੇ ਅਰਥ ਸੰਰਚਨਾ 'ਤੇ ਬਲ ਦਿੱਤਾ ਗਿਆ ਹੈ। ਅਜਿਹੇ ਅਧਿਐਨਾਂ ਤੋਂ ਬਾਅਦ ਹੀ ਭਾਸ਼ਾ ਦੇ ਸ਼ਾਸ਼ਤਰੀ ਅਧਾਰਾਂ ਦਾ ਆਗਾਜ਼ ਹੋਇਆ। ਭਾਸ਼ਾ ਸ਼ਾਸ਼ਤਰ ਰਾਹੀਂ ਭਾਸ਼ਾ ਦੇ ਇਤਿਹਾਸਕ ਵਿਕਾਸ ਨੂੰ ਸਮਝਣ ਤੇ ਇਸ ਨਾਲ ਜੁੜੇ ਸਰੋਕਾਰਾਂ ਨੂੰ ਘੋਖਿਆ ਗਿਆ ਹੈ।

ਅੱਜ ਭਾਸ਼ਾ ਵਿਗਿਆਨ ਦਾ ਅਧਿਐਨ ਵਿਗਿਆਨਕ ਵਿਧੀਆਂ, ਮਸ਼ੀਨਾਂ ਅਤੇ ਯੰਤਰਾਂ ਨਾਲ ਕੀਤਾ ਜਾ ਰਿਹਾ ਹੈ। ਵਿਗਿਆਨ ਨੇ ਬੜੇ ਸੂਖਮ ਜੰਤਰਾਂ ਜਿਵੇਂ ਐਕਸ-ਰੇ, ਅਸਿਲੋਗ੍ਰਾਫ, ਸਪੈਕਟੋਗ੍ਰਾਫ, ਕਰਿਪਟੋਗ੍ਰਾਫ, ਕਾਇਮੋਗ੍ਰਾਫ, ਨਿਊਰੋਗ੍ਰਾਫ ਤੇ ਹੋਰ ਕਈ ਮਸ਼ੀਨਾਂ ਰਾਹੀਂ ਭਾਸ਼ਾ ਦੀਆਂ ਵਿਭਿੰਨ ਇਕਾਈਆਂ ਦਾ ਅਧਿਐਨ ਕਰਨ ਦਾ ਯਤਨ ਕੀਤਾ ਹੈ। ਇਨ੍ਹਾਂ ਨਾਲ ਭਾਸ਼ਾਵਾਂ ਦੀ ਉਚਾਰਨੀ ਸੰਰਚਨਾ ਤੇ ਦਿਮਾਗ ਵਿੱਚ ਪਏ ਭਾਸ਼ਾਈ ਜ਼ੋਨਾਂ ਦਾ ਪਤਾ ਲਾਇਆ ਗਿਆ ਹੈ। ਅਜਿਹੇ ਅਧਿਐਨਾਂ ਨੇ ਭਾਸ਼ਾ ਦੇ ਖੇਤਰ

ਵਿੱਚ ਨਵੇਂ ਗਿਆਨ ਸ਼ਾਸ਼ਤਰ ਸਿਰਜਨ ਦਾ ਉਪਰਾਲਾ ਕੀਤਾ ਹੈ।

ਪੰਜਾਬੀ ਭਾਸ਼ਾ ਦੇ ਅਧਿਐਨ ਦਾ ਇਤਿਹਾਸ ਬਹੁਤਾ ਲੰਬਾ ਚੌੜਾ ਨਹੀਂ। ਸੁਤੰਤਰ ਰੂਪ ਵਿੱਚ ਪੰਜਾਬੀ ਭਾਸ਼ਾ ਬਾਰੇ ਕੁਝ ਖੋਜ-ਕਾਰਜ ਹੋਏ ਹਨ, ਪਰ ਇਹ ਬੜੇ ਅਲਪ ਕਿਸਮ ਦੇ ਹਨ। ਪੰਜਾਬੀ ਵਿੱਚ ਭਾਸ਼ਾ ਵਿਗਿਆਨ ਦੀ ਪਹਿਲੀ ਪੁਸਤਕ ਪ੍ਰੋਫੈਸਰ ਰਾਮ ਸਿੰਘ ਨੇ 1929 ਵਿੱਚ 'ਸ਼ਬਦ ਚਮਤਕਾਰ' ਲਿਖੀ ਸੀ। ਇਸ ਦੇ ਲਿਖਣ ਦੀ ਕੋਈ ਵਜ੍ਹਾ ਨਹੀਂ ਸੀ, ਸਿਰਫ ਦੂਜੀਆਂ ਭਾਸ਼ਾਵਾਂ ਦੇ ਮੁਕਾਬਲੇ ਪੰਜਾਬੀ ਦੇ ਵਿਕਾਸ ਲਈ ਲੇਖਕ ਨੇ ਬੜੀ ਮਿਹਨਤ ਨਾਲ ਵੱਡ ਅਕਾਰੀ ਪੁਸਤਕ ਤਿਆਰ ਕੀਤੀ। ਉਸਨੂੰ ਲੱਗਦਾ ਸੀ ਕਿ ਦੂਸਰੀਆਂ ਭਾਸ਼ਾਵਾਂ ਵਿੱਚ ਭਾਸ਼ਾ ਅਧਿਐਨ ਤੇ ਅਧਿਆਪਨ ਦੇ ਕਾਰਜ ਹੋ ਰਹੇ ਹਨ, ਪਰ ਪੰਜਾਬੀ ਇਸ ਪੱਖੋਂ ਪੱਛੜੀ ਹੋਈ ਹੈ। ਇਸ ਤਰ੍ਹਾਂ ਉਸ ਸਮੇਂ ਤੱਕ ਬਣ ਚੁੱਕੇ ਭਾਸ਼ਾ ਸ਼ਾਸ਼ਤਰੀ ਮਾਡਲ 'ਤੇ ਉਸਨੇ ਪੰਜਾਬੀ ਭਾਸ਼ਾ ਦੇ ਅਧਿਐਨ ਦੀ ਨੀਂਹ ਰੱਖੀ। ਉਸਨੇ ਹਿੰਦੀ, ਉਰਦੂ ਤੇ ਅੰਗਰੇਜ਼ੀ ਵਿੱਚ ਉਸ ਸਮੇਂ ਤੱਕ ਹੋਏ ਅਧਿਐਨਾਂ ਨੂੰ ਘੋਖਿਆ ਤੇ ਉਸ ਆਧਾਰ 'ਤੇ ਭਾਸ਼ਾ ਤੇ ਪੰਜਾਬੀ ਬਾਰੇ ਸਿਧਾਂਤਕ ਤੇ ਵਿਹਾਰਕ ਪੱਧਰ 'ਤੇ ਕੰਮ ਕੀਤਾ।

ਭਾਰਤ ਵਿੱਚ ਪ੍ਰਮੁੱਖ ਤੌਰ 'ਤੇ ਭਾਸ਼ਾਵਾਂ ਦੇ ਅਧਿਐਨ ਤੇ ਇਤਿਹਾਸਕਾਰੀ ਦੀ ਚੇਤਨਾ ਦਾ ਅਰੰਭ ਆਜ਼ਾਦੀ ਤੋਂ ਬਾਅਦ ਹੀ ਹੋਇਆ। ਗਰੀਅਰਸਨ ਦੁਆਰਾ ਕੀਤਾ ਗਿਆ 'ਲਿੰਗੂਇਸਟਿਕ ਸਰਵੇ ਆਫ ਇੰਡੀਆ' ਇਕ ਅਜਿਹਾ ਭਾਰੀ ਭਰਕਮ ਖੋਜ-ਕਾਰਜ ਅਤੇ ਸਰਵੇਖਣ ਹੈ, ਜੋ ਅੱਜ ਤੱਕ ਆਪਣਾ ਵਿਲੱਖਣ ਸਥਾਨ ਰੱਖਦਾ ਹੈ। ਏਸੇ ਤਰ੍ਹਾਂ ਦੇ ਅਧਿਐਨਾਂ ਵਿੱਚ ਟਰਨਰ, ਨਿਊਟਨ, ਜਾਨ ਬੀਮਜ਼, ਜਾਨਵੀਅਰ, ਗ੍ਰਾਹਮ ਬੇਲੀ, ਪੀ. ਡੀ. ਗੁਣੇ, ਉਦੇ ਨਰਾਇਣ ਤਿਵਾਰੀ, ਗੌਰੀ ਸ਼ੰਕਰ, ਹੀਰਾ ਚੰਦ ਓਝਾ, ਬਾਬੂ ਰਾਮ ਸਕਸੈਨਾ ਆਦਿ ਨੇ ਭਾਸ਼ਾ ਤੇ ਲਿੱਪੀ ਦੇ ਖੇਤਰ ਵਿੱਚ ਸ਼ਲਾਘਾਯੋਗ ਕਾਰਜ ਕੀਤੇ।

ਪੰਜਾਬੀ ਵਿੱਚ ਮੁੱਢਲੇ ਦੌਰ ਵਿੱਚ ਅਧਿਐਨ ਕਰਨ ਵਾਲਿਆਂ ਵਿੱਚ ਬਾਵਾ ਬੁੱਧ ਸਿੰਘ, ਜੀ. ਬੀ. ਸਿੰਘ, ਪ੍ਰੋ. ਕਿਸ਼ਨ ਸਿੰਘ, ਪ੍ਰੇਮ ਪ੍ਰਕਾਸ਼ ਸਿੰਘ, ਸੰਤ ਸਿੰਘ ਸੇਖੋਂ, ਵਿਦਿਆ ਭਾਸਕਰ ਅਰੁਣ, ਦੁਨੀ ਚੰਦਰ, ਪ੍ਰੋ. ਪ੍ਰੀਤਮ ਸਿੰਘ, ਕਾਲਾ ਸਿੰਘ ਬੇਦੀ, ਆਦਿ ਪ੍ਰਮੁੱਖ ਹਨ। ਇਨ੍ਹਾਂ ਤੋਂ ਅਗਲੀ ਪੀੜ੍ਹੀ ਵਿੱਚ ਡਾ. ਹਰਕੀਰਤ ਸਿੰਘ, ਡਾ. ਹਰਜੀਤ ਸਿੰਘ ਗਿੱਲ, ਡਾ. ਬਲਬੀਰ ਸਿੰਘ ਸੰਧੂ, ਡਾ. ਪ੍ਰੇਮ ਸਿੰਘ, ਡਾ. ਜੋਗਿੰਦਰ ਸਿੰਘ ਪੁਆਰ, ਡਾ. ਆਤਮਜੀਤ ਸਿੰਘ, ਡਾ. ਐਸ. ਐਸ. ਜੋਸ਼ੀ, ਡਾ. ਤਿਰਲੋਚਨ ਸਿੰਘ, ਡਾ. ਮੁਖਤਿਆਰ ਸਿੰਘ, ਡਾ. ਆਤਮ ਸਿੰਘ, ਡਾ. ਨਰਿੰਦਰ ਦੁਲੇ ਤੇ ਉਸ ਤੋਂ ਅਗਲੀ ਪੀੜ੍ਹੀ ਵਿੱਚ ਡਾ. ਅਗਨੀਹੋਤਰੀ, ਡਾ. ਪਰਮਜੀਤ ਸਿੰਘ ਵਾਲੀਆ, ਡਾ. ਪਰਮਜੀਤ ਸਿੰਘ ਸਿੱਧੂ, ਡਾ. ਕੰਵਲਜੀਤ ਜੱਸਲ, ਡਾ. ਜੋਗਾ ਸਿੰਘ, ਡਾ. ਤੋਮੀਓ ਮੀਜ਼ੋਕਾਮੀ, ਡਾ. ਮੰਗਤ ਰਾਏ ਭਾਰਦਵਾਜ, ਡਾ. ਐਸ. ਐਸ. ਸੰਘਾ, ਡਾ. ਬਲਦੇਵ ਸਿੰਘ ਚੀਮਾ, ਡਾ. ਬੂਟਾ ਸਿੰਘ ਬਰਾੜ ਤੇ ਹੋਰ ਕਈ ਖੋਜੀ ਸ਼ਾਮਲ ਹਨ। ਅੱਜ ਪੰਜਾਬੀ ਭਾਸ਼ਾ ਦੇ ਖੇਤਰ ਵਿੱਚ ਮਹੱਤਵਪੂਰਨ ਖੋਜਾਂ ਹੋ ਰਹੀਆਂ ਹਨ।

ਜੇ ਭਾਸ਼ਾ ਨੂੰ ਮੁੱਢਲੇ ਰੂਪ ਵਿੱਚ ਵਾਚੀਏ ਤਾਂ ਇਕ ਸਮਾਂ ਅਜਿਹਾ ਸੀ ਜਦੋਂ ਭਾਸ਼ਾ ਉਚਾਰ ਦੇ ਪੱਧਰ 'ਤੇ ਹੋਂਦ ਨਹੀਂ ਸੀ ਰੱਖਦੀ। ਮਨੁੱਖ ਕੇਵਲ ਇਸ਼ਾਰਿਆਂ ਨਾਲ ਸੰਚਾਰ ਕਰਦਾ ਸੀ। ਇਹ ਇਕ ਤਰ੍ਹਾਂ ਨਾਲ ਮਾਈਮ ਭਾਸ਼ਾ (Mime Language) ਸੀ। ਸ਼ਿਕਾਰ

ਆਦਿ ਦੇ ਮਿਲਦੇ ਅਤੀ ਪ੍ਰਾਚੀਨ ਨਮੂਨਿਆਂ ਤੋਂ ਅਜਿਹਾ ਆਭਾਸ ਹੁੰਦਾ ਹੈ। ਸੁਨੇਹਿਆਂ ਦੀ ਜਟਿਲਤਾ ਨੇ ਹੀ ਮਨੁੱਖੀ ਭਾਸ਼ਾ ਦੇ ਜਨਮ ਦੇ ਰਾਹ ਖੋਲ੍ਹੇ ਜਾਪਦੇ ਹਨ। ਜੇਕਰ ਭਾਸ਼ਾ ਦੇ ਵਿਕਾਸ ਦੀ ਕਲਪਨਾ ਕਰੀਏ ਤਾਂ ਬੜੀ ਰੋਮਾਂਟਕ ਸਥਿਤੀ ਬਣ ਜਾਂਦੀ ਹੈ। ਮੁੱਢ ਵਿੱਚ ਮਨੁੱਖ ਨੇ ਆਸ ਪਾਸ ਦੀਆਂ ਵਸਤੂਆਂ ਦਾ ਨਾਮਕਰਨ ਕੀਤਾ ਹੋਵੇਗਾ। ਕਿਸੇ ਨੂੰ ਕੁੱਤਾ, ਕਿਸੇ ਨੂੰ ਬਿੱਲੀ ਤੇ ਕਿਸੇ ਨੂੰ ਸ਼ੇਰ ਕਿਹਾ ਹੋਵੇਗਾ। ਇਸਾਈ ਮਿੱਥ ਵੀ ਇਸ ਵੱਲ ਇਸ਼ਾਰਾ ਕਰਦੀ ਹੈ ਕਿ ਪ੍ਰਭੂ ਨੇ ਛੇ ਦਿਨ ਮਿੱਟੀ ਤੋਂ ਭੌਤਿਕ ਸੰਸਾਰ ਦੀਆਂ ਜਾਨਦਾਰ ਅਤੇ ਅਜਾਨਦਾਰ ਵਸਤੂਆਂ ਨੂੰ ਘੜਿਆ, ਫਿਰ ਉਨ੍ਹਾਂ ਦੇ ਨਾਮਕਰਨ (Nomenclature) ਕੀਤੇ। ਸਤਵੇਂ ਦਿਨ ਐਤਵਾਰ ਆਰਾਮ ਕੀਤਾ। ਇਸ ਤਰ੍ਹਾਂ ਮੁੱਢਲੇ ਕਬੀਲਾ ਸਮੂਹਾਂ ਨੇ ਇਕ ਪ੍ਰਕਾਰ ਦਾ ਨਾਮਕਰਨ ਕੀਤਾ ਹੋਵੇਗਾ ਤੇ ਹੋ ਸਕਦਾ ਹੈ ਦੂਸਰੇ ਨੇ ਹੋਰ ਕੋਈ ਨਾਮਕਰਨ ਕੀਤਾ ਹੋਵੇ। ਕਬੀਲਿਆਂ ਦੇ ਸਰਦਾਰ ਹੀ ਇਸ ਦੇ ਘਾੜੇ ਪ੍ਰਭੂ ਹੋਣਗੇ। ਇੰਜ ਪੂਰੇ ਸੰਸਾਰ ਵਿੱਚ ਕਬੀਲੇ ਅੰਤ ਨੂੰ ਭਾਸ਼ਾ ਸਮੁਦਾਇਆਂ (Speech communities) ਦਾ ਰੂਪ ਧਾਰਨ ਕਰ ਗਏ। ਇਨ੍ਹਾਂ ਮੁੱਢਲੇ ਕਬੀਲਿਆਂ ਨੇ ਆਪਣੀਆਂ ਸੰਚਾਰ ਲੋੜਾਂ ਤੇ ਵਸਤੂ ਸੰਸਾਰ ਦੇ ਵਾਧੇ ਵਿਕਾਸ ਨਾਲ ਕੋਡਿੰਗ ਸ਼ੁਰੂ ਕਰ ਦਿੱਤੀ ਤੇ ਅਨੇਕਾਂ ਭਾਸ਼ਾਵਾਂ ਹੋਂਦ ਵਿੱਚ ਆ ਗਈਆਂ, ਪਰ ਇਹ ਪ੍ਰਕਿਰਿਆ ਬਹੁਤ ਲੰਬਾ ਸਮਾਂ ਵਾਪਰੀ।

ਕੁਦਰਤ ਦੇ ਅਨੰਤ ਪਸਾਰੇ ਵਿੱਚ ਭਾਸ਼ਾ ਵਰਗੇ ਸੰਚਾਰ ਦੂਸਰੇ ਜੀਵਾਂ ਵਿੱਚ ਵੀ ਨਜ਼ਰ ਆਉਂਦੇ ਹਨ। ਇਹਦੀ ਉੱਘੀ ਮਿਸਾਲ ਮਧੂ ਮੱਖੀਆਂ ਦੀ ਭਾਸ਼ਾ (Language of Honey Bees) ਹੈ। ਮਧੂ ਮੱਖੀਆਂ ਆਪਣੀ ਸੰਕੇਤਕ ਭਾਸ਼ਾ ਰਾਹੀਂ ਆਪਸ ਵਿੱਚ ਕਈ ਪ੍ਰਕਾਰ ਦੀਆਂ ਸੂਚਨਾਵਾਂ ਦਾ ਅਦਾਨ ਪ੍ਰਦਾਨ ਕਰਦੀਆਂ ਹਨ। ਜੇਕਰ ਇਕ ਮਧੂ ਮੱਖੀ ਉੱਡਦੀ ਉੱਡਦੀ ਦੂਰ ਚਲੀ ਜਾਵੇ ਤੇ ਉਥੇ ਉਸਨੂੰ ਬਹੁਤ ਸਾਰੇ ਫੁੱਲ ਨਜ਼ਰ ਆਉਣ, ਜਿਨ੍ਹਾਂ ਤੋਂ ਉਹ ਸ਼ਹਿਦ ਲਈ ਸਮੱਗਰੀ ਇਕੱਤਰ ਕਰ ਸਕਦੀਆਂ ਹੋਣ ਤਾਂ ਉਹ ਵਾਪਸ ਆ ਕੇ ਛੱਤੇ ਦੇ ਕੋਲ ਇਕ ਵੱਖਰੀ ਤਰ੍ਹਾਂ ਦਾ ਨਾਚ ਨੱਚ ਕੇ ਅਰਥਾਤ ਨਾਚ ਭਾਸ਼ਾ (Dancing Language) ਰਾਹੀਂ ਆਪਣੀਆਂ ਸਾਥਣਾਂ ਨੂੰ ਉਸ, ਥਾਂ ਬਾਰੇ ਸੂਚਨਾ ਦੇਵੇਗੀ ਫਲਾਣੀ ਥਾਂ 'ਤੇ ਫਲਾਣੀ ਦਿਸ਼ਾ ਵੱਲ ਫੁੱਲ ਹਨ। ਇਹੀ ਨਹੀਂ ਕਦੇ ਕਦੇ ਤਾਂ ਉਹ ਇਹ ਵੀ ਸੰਕੇਤ ਦਿੰਦੀ ਹੈ ਕਿ ਉਥੇ ਸਮੱਗਰੀ ਕਿਸ ਪ੍ਰਕਾਰ ਦੀ ਹੈ।

ਜਦੋਂ ਮੱਖੀ ਦੂਜੀਆਂ ਮੱਖੀਆਂ ਨੂੰ ਸੰਦੇਸ਼ ਦੇਂਦੀ ਹੈ ਤਾਂ ਇਹ ਨਾਚ ਦੋ ਪ੍ਰਕਾਰ ਦਾ ਹੁੰਦਾ ਹੈ- ਇਕ ਹੈ ਗੋਲਾਕਾਰ ਨਾਚ (Round Dance) ਤੇ ਦੂਸਰਾ ਹੈ ਪੂਛ ਹਿਲਾਊ ਨਾਚ (Tail wagging Dance)। ਗੋਲਾਕਾਰ ਨਾਚ ਨਾਲ ਉਹ ਸੂਚਨਾ ਦਿੰਦੀ ਹੈ ਕਿ ਸਮੱਗਰੀ 10 ਮੀਟਰ ਦੀ ਦੂਰੀ 'ਤੇ ਹੈ। ਇਸ ਵਿੱਚ ਉਹ ਇਕ ਨਿਸਚਿਤ ਬਿੰਦੂ ਤੋਂ ਨਾਚ ਨਚਦੀ ਗੋਲਾਕਾਰ ਰਾਹ 'ਤੇ ਅੱਗੇ ਵਧਦੀ ਹੈ। ਇਹ ਪ੍ਰਕਿਰਿਆ ਕਈ ਵੇਰ ਚਲਦੀ ਹੈ। ਵਿੱਚ ਰੁਕ ਰੁਕ ਕੇ ਇਹ ਪ੍ਰਕਿਰਿਆ ਦੁਹਰਾਈ ਜਾਂਦੀ ਹੈ। ਇਸ ਤੋਂ ਬਾਕੀ ਮੱਖੀਆਂ ਨੂੰ ਪਤਾ ਲੱਗ ਜਾਂਦਾ ਹੈ ਤੇ ਹੌਲੀ ਹੌਲੀ ਇਹ ਨਾਚ ਤੇਜ਼ ਹੋ ਜਾਂਦਾ ਹੈ।

ਦੂਸਰੀ ਪ੍ਰਕਾਰ ਦੇ ਨਾਚ ਵਿੱਚ 100 ਮੀਟਰ ਤੱਕ ਦੀ ਸਮੱਗਰੀ ਦੇ ਸੰਕੇਤ ਦਿੱਤੇ ਜਾਂਦੇ ਹਨ। ਇਸ ਪੂਛ ਹਿਲਾਊ ਨਾਚ ਵਿੱਚ ਮੱਖੀ ਦੋ ਅਰਧ ਘੇਰੇ ਬਣਾ ਕੇ ਨਾਚ ਨੱਚਦੀ

ਹੈ। ਇਹ ਨਾਚ ਤਿੰਨ ਤਰ੍ਹਾਂ ਨਾਲ ਨੱਚਿਆ ਜਾਂਦਾ ਹੈ। ਜੇਕਰ ਸਮੱਗਰੀ ਸੂਰਜ ਵੱਲ ਹੈ ਤਾਂ ਇਹ ਨਾਚ ਸਿੱਧੀ ਰੇਖਾ ਵਿੱਚ ਉਪਰ ਵੱਲ ਹੁੰਦਾ ਹੈ। ਜੇਕਰ ਸੂਰਜ ਵੱਲ ਨਾ ਹੋ ਕੇ ਉਲਟੀ ਦਿਸ਼ਾ ਵੱਲ ਹੋਵੇ ਤਾਂ ਇਹ ਨਾਚ ਸਿੱਧੀ ਰੇਖਾ ਤੋਂ ਹੇਠਾਂ ਵੱਲ ਹੁੰਦਾ ਹੈ ਜਾਂ ਫਿਰ ਹੋਰ ਦਿਸ਼ਾ ਵਿੱਚ ਹੋਵੇ ਤਾਂ $80^0$ ਦੇ ਕੋਨ 'ਤੇ ਖੱਬੇ ਸਿੱਧੀ ਰੇਖਾ ਵਿੱਚ ਨਾਚ ਨੱਚਿਆ ਜਾਂਦਾ ਹੈ। ਇਸ ਤਰ੍ਹਾਂ ਮੱਖੀਆਂ ਦੀ ਇਹ ਸੰਕੇਤਕ ਭਾਸ਼ਾ ਇਕ ਆਪਣੀ ਤਰ੍ਹਾਂ ਦਾ ਨੈਟਵਰਕ ਬਣਾ ਕੇ ਸੰਚਾਰ ਕਰਦੀ ਹੈ।

ਏਥੇ ਇਹ ਸੁਆਲ ਪੈਦਾ ਹੁੰਦਾ ਹੈ ਕਿ ਵਿਭਿੰਨ ਦੇਸ਼ਾਂ ਦੀਆਂ ਮਧੂ ਮੱਖੀਆਂ ਵਿੱਚ ਸੰਕੇਤਕ ਭਾਸ਼ਾ ਇਕ ਹੈ ਜਾਂ ਭਿੰਨ ਹੈ। ਉਪਰ ਅਸਾਂ ਆਸਟਰੀਆ ਦੀਆਂ ਕਾਲੀਆਂ ਮਧੂ ਮੱਖੀਆਂ ਦੀ ਉਦਾਹਰਣ ਪੇਸ਼ ਕੀਤੀ ਹੈ। ਇਸਦੇ ਨਜ਼ਦੀਕ ਇਟਲੀ ਵਿਚਲੀਆਂ ਮਧੂ ਮੱਖੀਆਂ ਦੀ ਸੰਕੇਤਕ ਭਾਸ਼ਾ ਵੱਖਰੀ ਹੈ। ਇਹ ਸੰਕੇਤਕ ਭਾਸ਼ਾ ਇਨ੍ਹਾਂ ਦੇ ਜੀਨਜ਼ ਵਿੱਚ ਹੀ ਪਈ ਹੁੰਦੀ ਹੈ। ਏਸੇ ਤਰ੍ਹਾਂ ਕਈ ਹੋਰ ਜੀਵ ਜੰਤੂਆਂ ਵਿੱਚ ਅਜਿਹੇ ਸੰਕੇਤਕ ਕੋਡ ਸਦੀਆਂ ਤੋਂ ਆਪਣੀ ਨੈਟਵਰਕਿੰਗ ਸਿਰਜਦੇ ਆ ਰਹੇ ਹਨ।

ਮਨੁੱਖੀ ਭਾਸ਼ਾ ਦੇ ਅਧਿਐਨ ਦੀਆਂ ਅੱਜ ਦੋ ਦ੍ਰਿਸ਼ਟੀਆਂ ਉਭਰ ਕੇ ਸਾਹਮਣੇ ਆਈਆਂ ਹਨ- ਇਕ ਦ੍ਰਿਸ਼ਟੀ ਭਾਸ਼ਾ ਦਾ ਅਧਿਐਨ ਭਾਸ਼ਾ ਲਈ ਦੇ ਆਧਾਰ 'ਤੇ ਕਰਦੀ ਹੈ। ਉਹਦਾ ਟੀਚਾ ਭਾਸ਼ਾ ਦੀ ਆਪਣੀ ਅੰਦਰੂਨੀ ਵਿਵਸਥਾ 'ਤੇ ਚਾਨਣ ਪਾਉਣਾ ਹੈ। ਉਹ ਆਪਣੇ ਅਧਿਐਨ ਨੂੰ ਕੇਵਲ ਇਸ ਸੁਆਲ ਨਾਲ ਜੋੜਦੀ ਹੈ- ਕਿ ਭਾਸ਼ਾ ਆਪਣੇ ਆਪ ਵਿੱਚ ਕੀ ਹੈ? ਦੂਸਰੀ ਦ੍ਰਿਸ਼ਟੀ ਭਾਸ਼ਾ ਨੂੰ ਸੰਪ੍ਰੇਸ਼ਣ ਵਿਵਸਥਾ ਦਾ ਇਕ ਜ਼ਰੂਰੀ ਸਾਧਨ ਮੰਨਦੀ ਹੈ। ਇਸ ਲਈ ਉਹ ਭਾਸ਼ਾ ਦਾ ਅਧਿਐਨ ਕੇਵਲ ਭਾਸ਼ਾ ਲਈ ਦੇ ਸਿਧਾਂਤ ਦੇ ਆਧਾਰ 'ਤੇ ਨਹੀਂ ਕਰਦੀ। ਉਹ ਤਾਂ ਸੰਪ੍ਰੇਸ਼ਣ ਲਈ ਭਾਸ਼ਾ ਦਾ ਅਧਿਐਨ ਕਰਨ ਦੇ ਪੱਖ ਵਿੱਚ ਹੈ। ਇਸ ਦੂਸਰੀ ਦ੍ਰਿਸ਼ਟੀ ਅਨੁਸਾਰ ਭਾਸ਼ਾ ਸੰਪ੍ਰੇਸ਼ਣ ਮੁੱਖ ਰੂਪ ਵਿੱਚ ਇਕ ਸਮਾਜਕ ਪ੍ਰਕਿਰਿਆ ਹੈ। ਸਮਾਜਕ ਪ੍ਰਕਿਰਿਆ ਹੋਣ ਕਾਰਨ ਭਾਸ਼ਾ ਆਪਣੇ ਵਿਹਾਰ ਵਿੱਚ ਵਿਸ਼ਮਰੂਪੀ (Heterogeneous) ਹੈ। ਮਨੁੱਖ ਕੇਵਲ ਸਪੀਚ ਐਨੀਮਲ (Speech Animal) ਨਹੀਂ ਸਗੋਂ ਇਕ ਸਮਾਜਕ ਪ੍ਰਾਣੀ (Social Animal) ਵੀ ਹੈ। ਉਹ ਸਮਾਜ ਵਿੱਚ ਰਹਿਣ ਲਈ ਮਜਬੂਰ ਹੈ। ਉਹਦੀ ਆਪਣੀ ਸੱਤਾ ਹਮੇਸ਼ਾ ਸਮਾਜਕ ਸੰਦਰਭਾਂ ਦੀ ਮੰਗ ਕਰਦੀ ਹੈ। ਇਸ ਲਈ ਭਾਸ਼ਾ ਨੂੰ ਮਾਨਵ ਮਨ ਦੀ ਅੰਦਰੂਨੀ ਪ੍ਰਕਿਰਤੀ ਅਤੇ ਬਾਹਰੀ ਸਮਾਜਕ ਸੰਦਰਭਾਂ ਦੀ ਦਵੰਦਾਤਮਕ ਪ੍ਰਕਿਰਿਆ ਦਾ ਸਿੱਟਾ ਮੰਨਿਆ ਜਾ ਸਕਦਾ ਹੈ। (ਰਵਿੰਦਰ ਨਾਥ ਸ਼੍ਰੀਵਾਸਤਵ : 1994)

ਹਥਲੇ ਸੰਗ੍ਰਹਿ ਵਿੱਚ ਅਸਾਂ ਉਪਰੋਕਤ ਦ੍ਰਿਸ਼ਟੀਆਂ ਤੋਂ ਭਾਸ਼ਾ ਦੇ ਵਿਭਿੰਨ ਸਰੋਕਾਰਾਂ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ। ਮਸਲਨ ਡਾ. ਪਰਮਜੀਤ ਸਿੰਘ ਵਾਲੀਆ ਦੇ ਖੋਜ-ਪੱਤਰ ਪੰਜਾਬੀ ਭਾਸ਼ਾ ਦੇ ਵਿਭਿੰਨ ਧਰਾਤਲਾਂ ਦੀ ਥਾਹ ਦੇਂਦੇ ਹਨ। ਵਿਆਕਰਣ ਸਰਵੇਖਣ ਤੋਂ ਲੈ ਕੇ ਨਕਾਰਨ ਪ੍ਰਕਿਰਿਆ, ਹੁਕਮਵਾਚੀ ਵਾਕ, ਕੋਡ ਪਰਿਵਰਤਨ, ਤੇ ਸੰਬੋਧਨੀ ਸੰਚਾਰ ਨੂੰ ਉਨ੍ਹਾਂ ਨੇ ਲਿਆ ਹੈ। ਡਾ. ਵਾਲੀਆ ਆਪਣੇ ਖੇਤਰ ਦੇ ਉੱਘੇ ਵਿਦਵਾਨ ਰਹੇ ਹਨ। ਤੇ ਉਨ੍ਹਾਂ ਨੇ ਮਾਨਕ ਖੋਜ ਰਾਹੀਂ ਪੰਜਾਬੀ ਭਾਸ਼ਾ ਦੇ ਅਛੂਤੇ ਸਰੋਕਾਰਾਂ ਨੂੰ ਛੋਹਿਆ ਹੈ।

ਪੰਜਾਬੀ ਜਗਤ ਨੇ ਉਨ੍ਹਾਂ ਨੂੰ ਬਣਦਾ ਮਾਣ ਸਤਿਕਾਰ ਨਹੀਂ ਦਿੱਤਾ। ਇਸ ਪੁਸਤਕ ਵਿੱਚ ਉਨ੍ਹਾਂ ਦੇ ਖੋਜ-ਪੱਤਰਾਂ ਨੂੰ ਸ਼ਾਮਲ ਕਰਨਾ ਜਿੱਥੇ ਉਨ੍ਹਾਂ ਦੇ ਕੰਮ ਪ੍ਰਤੀ ਨਿਸ਼ਠਾ ਹੈ, ਉਥੇ ਉਨ੍ਹਾਂ ਨੂੰ ਸ਼ਰਧਾਂਜਲੀ ਵੀ ਹੈ, ਕਿਉਂਕਿ ਉਹ ਬੜੀ ਜਲਦੀ ਇਸ ਫਾਨੀ ਸੰਸਾਰ ਤੋਂ ਵਿਦਾ ਹੋ ਗਏ।

ਪ੍ਰੋਫੈਸਰ ਪਰਮਜੀਤ ਸਿੱਧੂ ਜੁਗਤਵਾਦ ਦੇ ਉੱਘੇ ਭਾਸ਼ਾ ਵਿਗਿਆਨੀ ਹਨ। ਉਨ੍ਹਾਂ ਨੇ ਪੰਜਾਬੀ ਭਾਸ਼ਾ ਦੀ ਸੰਰਚਨਾ, ਮਾਨਵ ਵਿਗਿਆਨ ਤੇ ਕੋਸ਼ਕਾਰੀ ਦੇ ਖੇਤਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ। ਉਨ੍ਹਾਂ ਦੇ ਖੋਜ-ਪੱਤਰ ੳ. ਅ. ੲ. ਤੇ ਗੁਰਮੁਖੀ, ਨਾਸਿਕ ਉਚਾਰਨ ਤੇ ਗੁਰਮੁਖੀ ਤੇ ਸੁਰੀ ਉਚਾਰਨ ਤੇ ਗੁਰਮੁਖੀ ਕਈ ਪੱਖਾਂ ਤੋਂ ਅਹਿਮ ਹਨ। ਉਨ੍ਹਾਂ ਨੇ ਪੰਜਾਬੀ ਭਾਸ਼ਾ ਦੀ ਉਚਾਰਨੀ ਸੰਰਚਨਾ ਨੂੰ ਮੁੱਖ ਰੱਖ ਕੇ ਇਹ ਖੋਜ-ਪੱਤਰ ਤਿਆਰ ਕੀਤੇ ਹਨ। ਪੰਜਾਬੀ ਦੀ ਸਵਰ ਸੰਰਚਨਾ ਵਿੱਚ ੳ.ਅ.ੲ. ਪ੍ਰਮੁੱਖ ਇਕਾਈਆਂ ਹਨ। ਏਵੇਂ ਹੀ ਨਾਸਿਕ ਉਚਾਰਨਾਂ ਕਰਕੇ ਪੰਜਾਬੀ ਵਿੱਚ ਜਿਹੋ ਜਿਹੇ ਭਰਮ ਭੁਲੇਖੇ ਹਨ ਉਨ੍ਹਾਂ ਨੂੰ ਦੂਰ ਕਰਨ ਦਾ ਵੀ ਉਨ੍ਹਾਂ ਨੇ ਯਤਨ ਕੀਤਾ ਹੈ। ਸੁਰ ਪੰਜਾਬੀ ਦੀ ਵਿਲੱਖਣ ਇਕਾਈ ਹੈ। ਏਸੇ ਪ੍ਰਸੰਗ ਵਿੱਚ ਸੁਰੀ ਉਚਾਰਨ ਨੂੰ ਗੁਰਮੁਖੀ ਦੇ ਸੰਦਰਭ ਵਿੱਚ ਵਿਚਾਰਨ ਦਾ ਉਪਰਾਲਾ ਕੀਤਾ ਹੈ। ਡਾ. ਸਿੱਧੂ ਦੇ ਇਹ ਖੋਜ-ਪੱਤਰ ਉਨ੍ਹਾਂ ਦੀ ਕਰੜੀ ਘਾਲਣਾ ਤੇ ਅਧਿਐਨ ਦਾ ਸਿੱਟਾ ਹਨ।

ਸੰਪਾਦਕ ਦੇ ਤਿੰਨ ਖੋਜ-ਪੱਤਰ ਵੱਖ-ਵੱਖ ਖੇਤਰਾਂ ਨਾਲ ਸੰਬੰਧਤ ਹਨ। ਇਕ ਖੋਜ-ਪੱਤਰ ਪ੍ਰੋਫੈਸਰ ਰਾਮ ਸਿੰਘ ਦੁਆਰਾ ਪਹਿਲੀ ਪੰਜਾਬੀ ਭਾਸ਼ਾ ਵਿਗਿਆਨ ਦੀ ਪੁਸਤਕ ਦੇ ਵਿਸ਼ਲੇਸ਼ਣ ਨਾਲ ਸੰਬੰਧਤ ਹੈ। ਦੂਜਾ ਜਨ ਸੰਚਾਰ ਮਾਧਿਅਮਾਂ ਵਿੱਚ ਪੰਜਾਬੀ ਦੇ ਰੋਲ ਅਤੇ ਘੋਖ ਪੜਤਾਲ ਨਾਲ ਜੁੜਿਆ ਹੋਇਆ ਹੈ। ਤੀਜਾ ਖੋਜ-ਪੱਤਰ ਪੰਜਾਬੀ ਭਾਸ਼ਾ ਸੋਧ ਐਕਟ ਦੀ ਫੋਲਾ ਫਾਲੀ ਤੇ ਇਹਦੇ ਵਰਤਮਾਨ ਸਟੇਟਸ ਦੀ ਗੱਲ ਕਰਦਾ ਹੈ। ਸੰਪਾਦਕ ਲੰਬੇ ਸਮੇਂ ਤੋਂ ਭਾਸ਼ਾ ਵਿਗਿਆਨ ਦੇ ਖੋਜ-ਕਾਰਜਾਂ ਨਾਲ ਜੁੜਿਆ ਹੋਇਆ ਹੈ।

ਡਾ. ਪਰਮਜੀਤ ਸਿੰਘ ਦਾ ਸ਼ਬਦ-ਜੋੜਾਂ ਬਾਰੇ ਇਕ ਖੋਜ-ਪੱਤਰ ਇਸ ਪੁਸਤਕ ਵਿੱਚ ਸ਼ਾਮਲ ਕੀਤਾ ਗਿਆ ਹੈ। ਖੋਜੀ ਭਾਸ਼ਾ ਵਿਗਿਆਨ ਦੇ ਖੇਤਰ ਨਾਲ ਜੁੜਿਆ ਹੋਇਆ ਵਿਦਵਾਨ ਹੈ। ਉਸ ਕੋਲੋਂ ਇਸ ਖੇਤਰ ਵਿੱਚ ਵੱਡੀਆਂ ਆਸਾਂ ਹਨ।

ਅੰਤ 'ਤੇ ਮੈਂ ਉਨ੍ਹਾਂ ਸਾਰੇ ਵਿਦਵਾਨਾਂ ਦਾ ਰਿਣੀ ਹਾਂ, ਜਿਨ੍ਹਾਂ ਨੇ ਖੋਜ-ਪੱਤਰ ਸ਼ਾਮਲ ਕਰਨ ਲਈ ਖੁਲ੍ਹਦਿਲੀ ਵਿਖਾਈ ਤੇ ਵਿਸ਼ੇਸ਼ ਧੰਨਵਾਦ ਸ਼੍ਰੀ ਕੇ. ਆਰ. ਸ਼ਰਮਾ ਜੀ ਦਾ ਜਿਨ੍ਹਾਂ ਨੇ ਪੁਸਤਕ ਰੂਪ ਵਿੱਚ ਇਨ੍ਹਾਂ ਖੋਜ-ਪੱਤਰਾਂ ਨੂੰ ਸੁੰਦਰ ਨੁਹਾਰ ਦਿੱਤੀ।

**ਪ੍ਰੋਫੈਸਰ ਪਰਮਜੀਤ ਸਿੰਘ ਢੀਂਗਰਾ**

ਡਾਇਰੈਕਟਰ,
ਪੰਜਾਬ ਯੂਨੀਵਰਸਿਟੀ ਰਿਜਨਲ ਸੈਂਟਰ,
ਮੁਕਤਸਰ

## ਡਾ. ਪਰਮਜੀਤ ਸਿੰਘ ਵਾਲੀਆ

ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਡਾ. ਪਰਮਜੀਤ ਸਿੰਘ ਵਾਲੀਆ ਦਾ ਨਾਂ ਕਿਸੇ ਰਸਮੀ ਜਾਣ ਪਛਾਣ ਦਾ ਮੁਥਾਜ ਨਹੀਂ। ਉਨ੍ਹਾਂ ਦੁਆਰਾ ਇਸ ਖੇਤਰ ਵਿੱਚ ਕੀਤਾ ਗਿਆ ਕੰਮ ਯਾਦਗਾਰੀ ਹੈ। ਉਨ੍ਹਾਂ ਦਾ ਜਨਮ 21 ਅਗਸਤ 1944 ਨੂੰ ਬਰਨਾਲੇ ਵਿਖੇ ਹੋਇਆ ਤੇ ਮਈ, 1995 ਵਿੱਚ ਉਹ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ। 1965 ਵਿੱਚ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਐੱਮ. ਏ. (ਪੰਜਾਬੀ) ਕੀਤੀ ਅਤੇ 1977 ਵਿੱਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੀ-ਐੱਚ. ਡੀ. ਦੀ ਡਿਗਰੀ ਹਾਸਲ ਕੀਤੀ। 1966 ਵਿੱਚ ਉਹ ਸੈਂਟਰਲ ਇੰਸਟੀਚਿਊਟ ਆਫ਼ ਇੰਗਲਿਸ਼ ਹੈਦਰਾਬਾਦ ਵਿੱਚ ਬਤੌਰ ਸੀਨੀਅਰ ਖੋਜ-ਵਿਦਿਆਰਥੀ ਕੰਮ ਕਰਦੇ ਰਹੇ। 1967-68 ਵਿੱਚ ਉਹ ਭਾਸ਼ਾ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਖੋਜ ਵਿਦਿਆਰਥੀ ਰਹੇ। 1969 ਵਿੱਚ ਕੁਝ ਸਮੇਂ ਲਈ ਉਨ੍ਹਾਂ ਨੇ ਡੀ. ਐਮ. ਕਾਲਜ ਹਿਸਾਰ ਵਿਖੇ ਲੈਕਚਰਾਰ ਵਜੋਂ ਨੌਕਰੀ ਕੀਤੀ। 1970 ਤੋਂ 1973 ਤੱਕ ਉਹ ਪੰਜਾਬ ਰਾਜ ਯੂਨੀਵਰਸਿਟੀ ਪਾਠ ਪੁਸਤਕ ਬੋਰਡ ਚੰਡੀਗੜ੍ਹ ਵਿੱਚ ਸਹਾਇਕ ਸੰਪਾਦਕ ਰਹੇ। 1974 ਤੋਂ 1979 ਤੱਕ 'ਖੋਜ ਦਰਪਣ' ਦੇ ਸਹਿ ਸੰਪਾਦਕ ਰਹੇ। 1979 ਵਿੱਚ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਲੈਕਚਰਾਰ ਲੱਗ ਗਏ। ਦਸੰਬਰ 1979 ਵਿੱਚ ਉਹ ਪ੍ਰਵਾਸ ਕਰਕੇ ਅਮਰੀਕਾ ਚਲੇ ਗਏ। ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਉਨ੍ਹਾਂ ਦੁਆਰਾ ਕੀਤੇ ਗਏ ਖੋਜ ਕਾਰਜਾਂ ਵਿੱਚ ਵਿੱਚ ਸ਼ਾਮਲ ਹਨ "ਏ ਸਿਸਟੀਮਿਕ ਡਿਸਕ੍ਰਿਪਸ਼ਨ ਆਫ ਕਲਾਜ਼ ਪੈਟਰਨਜ਼ ਇਨ ਪੰਜਾਬੀ"(1971) ਨਿਹੰਗ ਸਿੰਘਾਂ ਦੇ ਬੋਲਿਆਂ ਦਾ ਸਿਸਟੀਮਿਕ ਅਧਿਐਨ, ਇੰਟਰੋਡਕਟਰੀ ਪੰਜਾਬੀ (1968), ਖੋਜ ਦਰਪਣ, ਪਰਖ ਤੇ ਆਲੋਚਨਾ ਵਿੱਚ 1967 ਤੋਂ ਲੈ ਕੇ 1979 ਤੱਕ ਉਨ੍ਹਾਂ ਦੇ ਕਈ ਖੋਜ-ਪੱਤਰ ਪ੍ਰਕਾਸ਼ਤ ਹੋਏ।

# 1

# ਪੰਜਾਬੀ ਵਿਆਕਰਣ-ਇਕ ਸਰਵੇਖਣ

**1.ਭੂਮਿਕਾ**
**2.ਪਰੰਪਰਾਵਾਦੀ ਵਿਆਕਰਣ-ਕੁਝ ਦੋਸ਼**
2.1. ਪੱਛਮੀ ਲੇਖਕਾਂ ਦੇ ਵਿਆਕਰਣ
2.2. ਪੰਜਾਬੀ ਲੇਖਕਾਂ ਦੇ ਵਿਆਕਰਣ
**3.ਆਧੁਨਿਕ ਗਠਨਾਤਮਕ ਵਿਆਕਰਣ**
**4.ਭਾਸ਼ਾ-ਵਿਗਿਆਨ ਤੇ ਵਿਆਕਰਣ ਦਾ ਸੰਕਲਪ**

ਸਮੁੱਚੇ ਤੌਰ ਉੱਤੇ, ਪੰਜਾਬੀ ਭਾਸ਼ਾ-ਵਿਗਿਆਨ ਦੇ ਖੇਤਰ ਵਿੱਚ ਅਤੇ ਵਿਸ਼ੇਸ਼ ਤੌਰ ਉੱਤੇ ਪੰਜਾਬੀ ਵਿਆਕਰਣ ਦੇ ਖੇਤਰ ਵਿੱਚ ਸਾਡੀਆਂ ਪ੍ਰਾਪਤੀਆਂ ਨਾ ਹੋਣ ਦੇ ਬਰਾਬਰ ਹੀ ਆਖੀਆਂ ਜਾ ਸਕਦੀਆਂ ਹਨ[1]। ਪਿਛਲੇ ਪੰਜਾਹ ਕੁ ਸਾਲਾਂ ਵਿੱਚ ਹੋਈ ਭਾਸ਼ਾ-ਵਿਗਿਆਨ ਦੀ ਪ੍ਰਗਤੀ ਅਤੇ ਸੰਸਾਰ ਭਰ ਦੀਆਂ ਹੋਰ ਅਨੇਕਾਂ ਬੋਲੀਆਂ ਵਿੱਚ ਇਕ ਅੱਧ ਜਤਨ ਤੋਂ ਬਿਨਾਂ, ਵਿਆਕਰਣ ਪ੍ਰਤੀ ਨਾ ਹੀ ਕੋਈ ਖੋਜ ਹੋਈ ਹੈ ਅਤੇ ਨਾ ਕੋਈ ਹੋਰ ਪ੍ਰਗਤੀ। ਬੇਸ਼ੱਕ ਇਸ ਪਰਸਥਿਤੀ ਦੇ ਰਾਜਨੀਤਿਕ, ਸਮਾਜਿਕ ਜਾਂ ਭਾਸ਼ਾ-ਵਿਗਿਆਨਿਕ ਕਾਰਣ ਵੀ ਲੱਭੇ ਜਾ ਸਕਦੇ ਹਨ। ਇੱਥੇ ਅਸੀਂ ਇਨ੍ਹਾਂ ਕਾਰਣਾਂ ਦੇ ਵਾਧੂ ਵਿਸਤਾਰ ਵਿਚ ਨਾ ਜਾਂਦੇ ਹੋਏ, ਇਸ ਖੇਤਰ ਵਿਚ ਪ੍ਰਾਪਤ ਸਾਮਗ੍ਰੀ ਦਾ ਕੇਵਲ ਇਕ ਆਲੋਚਨਾਤਮਕ ਸਰਵੇਖਣ ਕਰਨਾ ਹੈ, ਤਾਂ ਜੋ ਸਪਸ਼ਟ ਹੋ ਜਾਵੇ ਕਿ 19ਵੀਂ ਜਾਂ 20ਵੀਂ ਸਦੀ ਵਿੱਚ ਲਿਖੇ ਵਿਆਕਰਣਾਂ ਵਿੱਚ ਕੀ ਘਾਟ ਹੈ ਅਤੇ ਸੰਸਾਰ ਭਰ ਦੀਆਂ ਵੱਖ ਵੱਖ ਭਾਸ਼ਾਵਾਂ ਵਿੱਚ ਤੇ ਸਿੱਧਾਂਤਕ ਪੱਧਰ ਉੱਤੇ ਹੋ ਰਹੀ ਖੋਜ ਦੀ ਪੰਜਾਬੀ ਦੇ ਵਿਕਾਸ ਲਈ ਸੁਯੋਗ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਜੇ ਪੰਜਾਬੀ ਵਿੱਚ ਕੋਈ ਅਜਿਹਾ ਵਿਆਕਰਣ ਨਹੀਂ ਜਿਹੜਾ ਇਸ ਵਿਸ਼ੇ ਸੰਬੰਧੀ ਪੈਦਾ ਹੁੰਦੇ ਅਨੇਕਾਂ ਪ੍ਰਸ਼ਨਾਂ ਦਾ ਉੱਤਰ ਦੇ ਸਕੇ ਜਾਂ ਪੰਜਾਬੀ ਨੂੰ ਮਾਤ-ਬੋਲੀ ਜਾਂ ਦੂਸਰੀ-ਬੋਲੀ ਦੇ ਰੂਪ ਵਿੱਚ ਪੜ੍ਹਾਉਣ ਲਈ ਸਹਾਈ ਹੋ ਸਕੇ, ਤਾਂ ਕੀ ਭਾਰਤ ਦੀਆਂ ਦੂਸਰੀਆਂ ਪ੍ਰਾਂਤਕ ਭਾਸ਼ਾਵਾਂ ਜਾਂ ਸਾਡੀ ਰਾਸ਼ਟਰ-ਭਾਸ਼ਾ ਹਿੰਦੀ ਵਿੱਚ ਕੋਈ ਅਜਿਹਾ, ਹਰ ਪੱਖੋਂ ਸੰਪੂਰਨ ਵਿਆਕਰਣ ਪ੍ਰਾਪਤ ਹੈ, ਜਿਹੜਾ ਆਧੁਨਿਕ ਭਾਸ਼ਾ-ਵਿਗਿਆਨ ਦੇ ਕਿਸੇ ਸਿਧਾਂਤਕ ਆਧਾਰ ਉੱਤੇ ਲਿਖਿਆ ਗਿਆ ਹੋਵੇ? ਭਾਰਤੀ ਭਾਸ਼ਾਵਾਂ ਨੂੰ ਛੱਡ ਕੇ, ਸੰਸਾਰ ਵਿੱਚ ਵਿਕਸਿਤ ਜਾਂ ਉੱਨਤ ਸਮਝੀਆਂ ਜਾਂਦੀਆਂ ਭਾਸ਼ਾਵਾਂ ਅੰਗਰੇਜ਼ੀ, ਫ਼ਰਾਂਸੀਸੀ ਜਾਂ ਜਰਮਨ ਆਦਿ ਬਾਰੇ ਵੀ ਇਹੋ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ । ਇਸ ਦਾ ਉੱਤਰ ਸਪੱਸ਼ਟ ਤੌਰ ਉੱਤੇ ਨਾਂਹ ਵਿੱਚ ਹੋਵੇਗਾ, ਕਿਉਂਕਿ ਅੰਗਰੇਜ਼ੀ ਜਾਂ ਹੋਰ ਵੀ ਕਿਸੇ ਬਦੇਸ਼ੀ ਭਾਸ਼ਾ ਵਿੱਚ ਅਜਿਹਾ ਕੋਈ ਸੰਪੂਰਣ ਤੇ ਵਿਸਤ੍ਰਿਤ

ਵਿਆਕਰਣ ਪ੍ਰਾਪਤ ਨਹੀਂ, ਜੋ ਕਿਸੇ ਆਧੁਨਿਕ ਭਾਸ਼ਾ-ਵਿਗਿਆਨ ਤੋਂ ਪ੍ਰਾਪਤ ਹੋਏ ਸਿਧਾਂਤਕ ਢਾਂਚੇ (syntactical model) ਦੇ ਆਧਾਰ ਉੱਤੇ ਲਿਖਿਆ ਗਿਆ ਹੋਵੇ। ਬੇਸ਼ੱਕ ਭਾਸ਼ਾ-ਵਿਗਿਆਨ ਦੇ ਖੋਜ ਦੇ ਬੜੇ ਵੱਡੇ ਵੱਡੇ ਕੇਂਦਰ ਇਨ੍ਹਾਂ ਦੇਸ਼ਾਂ ਵਿੱਚ ਮੌਜੂਦ ਹਨ ਤੇ ਅਨੇਕਾਂ ਭਾਸ਼ਾ-ਵਿਗਿਆਨੀ ਵੀ ਇਨ੍ਹਾਂ ਭਾਸ਼ਾਵਾਂ ਉੱਤੇ ਕੰਮ ਕਰਦੇ ਰਹੇ ਹਨ[2]। ਇਸੇ ਗੱਲ ਦੀ ਪੁਸ਼ਟੀ ਵਿੱਚ ਪ੍ਰੋ. ਗਲੀਸਨ ਨੇ ਅਮਰੀਕਾ ਵਿੱਚ ਭਾਸ਼ਾ-ਵਿਗਿਆਨ ਦੇ ਵਿਕਾਸ ਤੇ ਉਸਦੇ ਅੰਗ੍ਰੇਜ਼ੀ-ਵਿਆਕਰਣ ਉੱਤੇ ਪ੍ਰਭਾਵ ਬਾਰੇ ਵਿਚਾਰ ਕਰਦਿਆਂ ਦੱਸਿਆ ਹੈ ਕਿ 1940 ਤੀਕ ਤਾਂ ਅਮਰੀਕੀ ਵਰਣਨਾਤਮਕ ਭਾਸ਼ਾ ਵਿਗਿਆਨ ਨੇ ਭਾਸ਼ਾ-ਵਿਸ਼ਲੇਸ਼ਣ ਤੇ ਵਾਕ-ਬਣਤਰ ਦੇ ਖੇਤਰ ਵਿਚ ਕੋਈ ਵਿਸ਼ੇਸ਼ ਸਹਾਇਤਾ ਨਹੀਂ ਸੀ ਕੀਤੀ। ਇਥੋਂ ਤੀਕ ਕਿ ਭਾਸ਼ਾ-ਵਿਗਿਆਨ ਦੀ ਨਵੀਂ ਖੋਜ ਦੇ ਅਧਾਰ ਉੱਤੇ ਲਿਖੇ ਪਹਿਲੇ ਵਿਆਕਰਣ(1952) ਨੂੰ ਅੰਗ੍ਰੇਜ਼ੀ ਦੇ ਅਧਿਆਪਕਾਂ ਨੇ ਪ੍ਰਵਾਨ ਕਰਨ ਵਿਚ ਬੜਾ ਸੰਕੋਚ ਕੀਤਾ ਅਤੇ ਸਮੁੱਚੇ ਤੌਰ ਉੱਤੇ ਭਾਸ਼ਾ-ਵਿਗਿਆਨ ਹੀ ਵਾਦ-ਵਿਵਾਦ ਬਣ ਗਿਆ।

ਇਸ ਲਈ ਪੰਜਾਬੀ ਵਿਆਕਰਣ ਦੇ ਸਰਵੇਖਣ ਲਈ ਅਸੀਂ ਪ੍ਰਾਪਤ ਵਿਆਕਰਣਾਂ ਨੂੰ ਦੋ ਭਾਗਾਂ ਵਿੱਚ ਵੰਡ ਸਕਦੇ ਹਾਂ -ਇਕ ਤਾਂ ਉਹ ਜਿਹੜੇ ਪੱਛਮ ਜਾਂ ਪੂਰਬ(ਅਰਥਾਤ ਸੰਸਕ੍ਰਿਤ) ਦੀਆਂ ਪਰੰਪਰਾਵਾਦੀ ਲੀਹਾਂ ਉੱਤੇ ਲਿਖੇ ਗਏ,ਅਤੇ ਦੂਸਰੇ ਉਹ ਜਿਹੜੇ ਆਧੁਨਿਕ ਭਾਸ਼ਾ-ਵਿਗਿਆਨ ਦੇ ਸਿੱਧਾਂਤਕ ਆਧਾਰ ਉੱਤੇ ਲਿਖੇ ਗਏ ।

## *2 ਪਰੰਪਰਾਵਾਦੀ ਵਿਆਕਰਣ--ਕੁਝ ਦੋਸ਼*

ਪੰਜਾਬੀ ਵਿਆਕਰਣ ਪੱਛਮ ਵਿਚ ਪ੍ਰਚਲਿਤ ਪਰੰਪਰਾਵਾਦੀ ਵਿਧੀ ਅਨੁਸਾਰ ਹੀ ਲਿਖੇ ਗਏ ਹਨ। ਇਸ ਲਈ ਇਨ੍ਹਾਂ ਵਿਆਕਰਣਾਂ ਵਿਚ ਦੋਸ਼ ਜਾਂ ਘਾਟ ਲੱਭਣ ਤੋਂ ਪਹਿਲਾਂ ਇਹ ਵੇਖ ਲੈਣਾ ਚੰਗਾ ਹੋਵੇਗਾ ਕਿ ਅੰਗ੍ਰੇਜ਼ੀ ਵਿਆਕਰਣ ਦੀ ਕੀ ਪਰਿਸਥਿਤੀ ਸੀ, ਅਰਥਾਤ ਅੰਗ੍ਰੇਜ਼ੀ ਦੇ ਆਪਣੇ ਵਿਆਕਰਣ ਕਿਸ ਅਧਾਰ ਉੱਤੇ ਲਿਖੇ ਗਏ ਸਨ?

ਪੱਛਮ ਵਿੱਚ ਵਿਆਕਰਣ, ਭਾਸ਼ਾ-ਸ਼ਾਸ਼ਤਰ ਜਾਂ ਭਾਸ਼ਾ ਦੀ ਪ੍ਰਕਿਰਤੀ ਦੇ ਵਿਵੇਚਨ ਦੀ ਪਰੰਪਰਾ, ਸਭ ਤੋਂ ਪਹਿਲਾਂ, ਯੂਨਾਨ ਦੇ ਲੋਕਾਂ ਵਿਚ ਪੈਦਾ ਹੋਈ। ਇਸ ਵਿਸ਼ੇ ਉੱਤੇ ਖੋਜ ਕਰਨ ਵਾਲੇ ਸਾਰੇ ਵਿਦਵਾਨ ਸਹਿਮਤ ਹਨ ਕਿ ਰੋਮਨ ਲੋਕਾਂ ਨੇ ਕੋਈ ਨਵਾਂ ਯਤਨ ਨਹੀਂ ਕੀਤਾ, ਕਿਉਂਕਿ ਉਹ ਉਸ ਪੱਧਰ ਦੇ ਬੁੱਧੀਵਾਨ ਨਹੀਂ ਸਨ। ਉਸ ਸਮੇਂ ਤੀਕ ਯੂਨਾਨੀ ਭਾਸ਼ਾ ਦੇ ਵਿਆਕਰਣ ਦੀ ਰੂਪ-ਰੇਖਾ ਤਿਆਰ ਹੋ ਚੁੱਕੀ ਸੀ। ਯੂਨਾਨੀ ਤੇ ਲਾਤੀਨੀ ਭਾਸ਼ਾਵਾਂ ਬਣਤਰ ਵਿੱਚ ਇਕ ਦੂਜੇ ਨਾਲ ਬਹੁਤ ਮਿਲਦੀਆਂ-ਜੁਲਦੀਆਂ ਹਨ, ਇਸ ਲਈ ਲਾਤੀਨੀ ਵਾਲਿਆਂ ਨੇ ਕੁਝ ਪਰਿਵਰਤਨ ਕਰਕੇ ਯੂਨਾਨੀ ਵਿਆਕਰਣ ਨੂੰ ਅਪਣਾ ਲਿਆ ਅਤੇ ਉਨ੍ਹਾਂ ਦੀ ਸ਼ਬਦਾਵਲੀ ਦਾ ਵੀ ਸਿੱਧਾ ਅਨੁਵਾਦ ਕਰ ਲਿਆ। ਮੁੜ ਅਠਾਰ੍ਹਵੀਂ ਸਦੀ ਵਿੱਚ ਆ ਕੇ ਨਾ ਕੇਵਲ ਅੰਗ੍ਰੇਜ਼ੀ ਸਗੋਂ ਯੂਰਪ ਦੀਆਂ ਸਾਰੀਆਂ ਆਧੁਨਿਕ ਭਾਸ਼ਾਵਾਂ ਵਿਚ ਵਿਦਵਾਨਾਂ ਨੇ ਸਨਾਤਨੀ ਵਿਆਕਰਣੀਆਂ ਦੀ ਵਿਧੀ ਨੂੰ ਅਪਣਾ ਲਿਆ ।[3] ਇਸ ਪ੍ਰਕਾਰ ਅਠਾਰਵੀਂ ਸਦੀ ਵਿਚ ਲੇਖਕਾਂ ਨੇ ਇਸ ਗੱਲ ਨੂੰ ਆਧਾਰ ਬਣਾ ਲਿਆ ਕਿ ਲਾਤੀਨੀ ਹੀ ਸਭ ਤੋਂ ਵੱਧ ਤਰਕ-ਪੂਰਨ ਭਾਸ਼ਾ ਹੈ ਅਤੇ ਇਸ ਦੀ ਬਣਤਰ ਵਿੱਚ ਸਰਬ-ਵਿਆਪਕ ਤਰਕ ਦੇ ਨੇਮ ਮਿਲ ਜਾਂਦੇ ਹਨ। ਇਸ ਲਈ ਉਨ੍ਹਾਂ ਨੇ ਅੰਗ੍ਰੇਜ਼ੀ ਵਿਆਕਰਣ ਦੇ ਨੇਮ ਵੀ ਉਸੇ ਵਿਧੀ ਅਨੁਸਾਰ ਬਣਾਉਣ ਦਾ ਜਤਨ ਕੀਤਾ।[4] ਇਸ ਤਰ੍ਹਾਂ ਅੰਗ੍ਰੇਜ਼ੀ ਦੀ ਪਰੰਪਰਾਵਾਦੀ ਵਿਆਕਰਣ ਦੀਆਂ ਆਪਣੀਆਂ ਜੜ੍ਹਾਂ ਵੀ ਡਾਇਓਨੀਸੀਅਸ ਥਰੈਕਸ ਦੇ 200 ਪੂ. ਈ. ਵਿੱਚ ਲਿਖੇ ਯੂਨਾਨੀ ਵਿਆਕਰਣ, ਚੌਥੀ ਤੇ ਛੇਵੀਂ ਸਦੀ ਵਿੱਚ ਡੋਨੇਟਸ ਤੇ ਪਰੀਸ਼ੀਅਨ ਦੇ ਲਿਖੇ ਲਾਤੀਨੀ ਵਿਆਕਰਣ ਵਿੱਚ ਹਨ।

ਅੰਗ੍ਰੇਜ਼ੀ ਵਿਆਕਰਣ ਦੇ ਸੰਖੇਪ ਜਿਹੇ ਇਤਿਹਾਸ ਤੋਂ ਇੱਕ ਗੱਲ ਬੜੀ ਸਪਸ਼ਟ ਹੈ ਕਿ ਭਾਸ਼ਾ ਦੇ ਖੇਤਰ ਵਿਚ ਵਿਦਵਾਨਾਂ ਦੀ ਇਹ ਰੁਚੀ ਹੋ ਗਈ ਕਿ ਕਿਸੇ ਭਾਸ਼ਾ ਨੂੰ ਉਸ ਦੇ ਆਪਣੇ ਅਰਥਾਂ ਵਿਚ ਸਮਝਣ ਦੀ ਥਾਂ ਕਿਸੇ ਪ੍ਰਾਪਤ ਵਿਆਕਰਣ ਦੇ ਢਾਂਚੇ ਉੱਤੇ ਆਪਣੀ ਭਾਸ਼ਾ ਦਾ ਵਿਆਕਰਣ ਲਿਖਿਆ ਜਾਵੇ। ਸਮੁੱਚੇ ਤੌਰ ਉਤੇ ਵਿਦਵਾਨ ਕੁੱਝ ਮੁੱਢਲੇ ਆਧਾਰ-ਰੂਪੀ ਤੱਥਾਂ ਤੋਂ ਚੇਤੰਨ ਨਹੀਂ ਸਨ, ਹਾਲਾਂਕਿ ਇੱਕ ਅੱਧ ਵਿਦਵਾਨ ਨੇ ਇਸ ਵੱਲ ਇਸ਼ਾਰਾ ਵੀ ਕੀਤਾ। ਉਦਾਹਰਣ ਵਜੋਂ, ਅਠਾਰ੍ਹਵੀਂ ਸਦੀ ਦੇ ਅੰਤਲੇ ਵਰ੍ਹਿਆਂ ਵਿਚ ਨੋਆਹ ਵੈਬਸਟਰ ਨੇ ਬੜੇ ਜ਼ੋਰਦਾਰ ਸ਼ਬਦਾਂ ਵਿੱਚ

ਕਿਹਾ ਕਿ ਕਿਸੇ ਵੀ ਭਾਸ਼ਾ ਦਾ ਵਿਆਕਰਣ ਉਸ ਭਾਸ਼ਾ ਦੀ ਆਪਣੀ ਬਣਤਰ ਦੇ ਆਧਾਰ ਉੱਤੇ ਬਣਦਾ ਹੈ। ਜਿਹੜਾ ਤੱਥ ਉਸ ਭਾਸ਼ਾ ਦੇ ਬੋਲਣ ਵਿਚ ਨਹੀਂ ਆਉਂਦਾ ਉਸ ਦਾ ਉਸ ਭਾਸ਼ਾ ਦੇ ਵਿਆਕਰਣ ਵਿਚ ਕੋਈ ਸਥਾਨ ਨਹੀਂ ਹੁੰਦਾ।

ਅੱਜ ਤੀਕ ਪ੍ਰਾਪਤ ਪਰੰਪਰਾਈ ਪੰਜਾਬੀ ਵਿਆਕਰਣਾਂ ਵਿੱਚ ਕੁੱਝ ਸਾਂਝੇ ਦੋਸ਼ ਲੱਭੇ ਜਾ ਸਕਦੇ ਹਨ। ਸਭ ਤੋਂ ਪਹਿਲੀ ਗੱਲ ਤਾਂ ਇਹ ਕਿ ਕਦੇ ਵੀ ਪੰਜਾਬੀ ਭਾਸ਼ਾ ਨੂੰ ਇਸ ਦੇ ਆਪਣੇ ਅਰਥਾਂ ਵਿਚ ਸਮਝਣ ਦਾ ਜਤਨ ਨਹੀਂ ਕੀਤਾ ਗਿਆ। ਉਪਰੋਕਤ ਇਤਿਹਾਸ ਤੋਂ ਵੀ ਸਪਸ਼ਟ ਹੋ ਜਾਂਦਾ ਹੈ ਕਿ ਇਕ ਪਾਸੇ ਤਾਂ ਅੰਗਰੇਜ਼ੀ ਨੂੰ ਯੂਨਾਨੀ ਜਾਂ ਲਾਤੀਨੀ ਦੇ ਅਰਥਾਂ ਵਿਚ ਸਮਝਣ ਦਾ ਜਤਨ ਕੀਤਾ ਗਿਆ ਅਤੇ ਫੇਰ ਉਸੇ ਪ੍ਰਣਾਲੀ ਤੋਂ ਸਿੱਖੇ ਵਿਦਵਾਨਾਂ ਨੇ ਪੰਜਾਬੀ ਨੂੰ ਅੰਗ੍ਰੇਜ਼ੀ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ। ਪੰਜਾਬੀ ਭਾਸ਼ਾ ਦੀ ਬਣਤਰ ਵਿੱਚੋਂ ਅਜਿਹੀਆਂ ਇਕਾਈਆਂ ਲੱਭਣ ਦਾ ਜਤਨ ਕੀਤਾ ਗਿਆ ਜਿਹੜੀਆਂ ਅੰਗ੍ਰੇਜ਼ੀ ਵਿਚ ਪ੍ਰਚਲਿਤ ਸਨ ਜਾਂ ਜਿਹੜੀਆਂ ਅੰਗ੍ਰੇਜ਼ੀ ਤੇ ਯੂਨਾਨੀ ਤੇ ਲਾਤੀਨੀ ਤੋਂ ਲੈ ਕੇ ਠੋਸੀਆਂ ਗਈਆਂ ਸਨ। ਭਾਸ਼ਾ-ਵਿਗਿਆਨ ਦੇ ਕਿਸੇ ਢਾਂਚੇ ਅਨੁਸਾਰ ਪੰਜਾਬੀ ਦਾ ਸੁਤੰਤਰ ਅਧਿਐਨ ਨਹੀਂ ਕੀਤਾ ਗਿਆ – ਕਿਉਂਕਿ ਇਹ ਸਾਰੇ ਵਿਦਵਾਨ ਭਾਸ਼ਾ ਦੇ ਇਸ ਆਧਾਰ-ਰੂਪੀ ਤੱਥ ਤੋਂ ਵਿਰਵੇ ਸਨ ਕਿ ਕਦੇ ਵੀ ਕੋਈ ਦੋ ਭਾਸ਼ਾਵਾਂ ਇੱਕੋ ਜਿਹੇ ਵਤੀਰੇ ਵਾਲੀਆਂ ਨਹੀਂ ਹੁੰਦੀਆਂ, ਅਰਥਾਤ ਹਰ ਭਾਸ਼ਾ ਤੇ ਉਸ ਨੂੰ ਬੋਲਣ ਵਾਲੇ ਲੋਕ, ਇਸ ਵਿਸ਼ਵ ਵਿੱਚ ਪ੍ਰਾਪਤ ਭੌਤਿਕ ਯਥਾਰਥ ਨੂੰ ਆਪਣੀ ਨਿਵੇਕਲੀ ਦ੍ਰਿਸ਼ਟੀ ਤੋਂ ਵੇਖਦੇ ਤੇ ਮੁੜ ਨਵੇਂ ਸਰੂਪ ਵਿੱਚ ਪੇਸ਼ ਕਰਦੇ ਹਨ। ਉਹ ਇਸ ਗੱਲ ਤੋਂ ਅਣਜਾਣ ਸਨ ਕਿ ਹਰ ਭਾਸ਼ਾ ਆਪਣੇ ਕਿਸੇ ਵੱਖਰੇ ਢੰਗ ਨਾਲ ਹੀ ਆਪਣੀ ਸਮਗ੍ਰੀ ਨੂੰ ਕਿਸੇ ਪ੍ਰਬੰਧ ਅਧੀਨ ਲਿਆਉਂਦੀ ਹੈ – ਕਦੇ ਵੀ ਦੋ ਭਾਸ਼ਾਵਾਂ ਵਿੱਚ ਧੁਨੀ, ਧਨੀ ਗ੍ਰਾਮ, ਰੂਪ-ਗ੍ਰਾਮ, ਅਰਥ-ਵਿਗਿਆਨ ਜਾਂ ਵਾਕ ਦੀ ਪੱਧਰ ਉੱਤੇ ਇੱਕੋ ਜਿਹੇ ਸੈੱਟ ਨਹੀਂ ਹੁੰਦੇ। ਇਸ ਲਈ ਪੰਜਾਬੀ ਦਾ ਹਿੰਦੀ, ਸੰਸਕ੍ਰਿਤ ਜਾਂ ਅੰਗ੍ਰੇਜ਼ੀ ਦੇ ਆਧਾਰ 'ਤੇ ਕੀਤਾ ਗਿਆ ਵਿਸ਼ਲੇਸ਼ਣ ਨਿਰਾਰਥਕ ਹੋਵੇਗਾ। ਪਰ ਪੰਜਾਬੀ ਵਿਆਕਰਣ ਲਿਖਣ ਵਾਲਿਆਂ ਨੇ ਤਾਂ ਅੰਗ੍ਰੇਜ਼ੀ ਵਿੱਚ ਪ੍ਰਚਲਿਤ ਇਕਾਈਆਂ ਨੂੰ ਪੰਜਾਬੀ ਉੱਤੇ ਲਾਗੂ ਕਰ ਦਿੱਤਾ ਤੇ ਤਕਨੀਕੀ ਸ਼ਬਦਾਵਲੀ ਦਾ ਸਿੱਧਾ ਅਨੁਵਾਦ ਕਰ ਲਿਆ।

*Prescriptive* ਦ੍ਰਿਸ਼ਟੀ

ਪਰੰਪਰਾਵਾਦੀ ਵਿਆਕਰਣ ਵਿਰੁੱਧ ਸਭ ਤੋਂ ਵੱਡਾ ਦੂਸ਼ਣ ਇਹ ਲਾਇਆ ਜਾਂਦਾ ਰਿਹਾ ਹੈ ਕਿ ਉਨ੍ਹਾਂ ਦੀ ਦ੍ਰਿਸ਼ਟੀ ਤੇ ਆਧਾਰ ਵਰਣਾਤਮਕ ਨਹੀਂ ਸਗੋਂ prescriptive ਸਨ। ਵਿਆਕਰਣ ਲਿਖਣਾ ਵਿਸ਼ਲੇਸ਼ਣਾਤਮਕ ਪ੍ਰਕਿਰਿਆ ਨਹੀਂ ਸੀ ਸਮਝੀ ਜਾਂਦੀ, ਸਗੋਂ ਇਹ ਦੱਸਣ ਦਾ ਯਤਨ ਕੀਤਾ ਜਾਂਦਾ ਸੀ ਕਿ ਕਿਸੇ ਭਾਸ਼ਾ ਵਿੱਚ ਕੀ ਠੀਕ ਹੈ ਤੇ ਕੀ ਗ਼ਲਤ। ਇਸ ਪ੍ਰਤੀ ਉਨ੍ਹਾਂ ਦਾ ਵਿਚਾਰ ਬੜਾ ਸਪੱਸ਼ਟ ਤੇ ਦ੍ਰਿੜ੍ਹ ਸੀ ਕਿ ਜਿਹੜਾ ਇਸ 'ਠੀਕ' ਦੀ ਪੱਧਰ ਨੂੰ ਨਹੀਂ ਪਹੁੰਚਦਾ ਉਹ ਅਨਪੜ੍ਹ, ਗੰਵਾਰ ਆਦਿ ਆਖਿਆ ਜਾ ਸਕਦਾ ਸੀ। ਭਾਸ਼ਾ-ਵਿਗਿਆਨ ਦੇ ਵਿਕਾਸ ਦੀ ਗੱਲ ਕਰਦਿਆਂ ਪ੍ਰੋ. ਗਲੀਸਨ ਨੇ ਵੀ ਕਿਹਾ ਹੈ ਕਿ "ਕਿਸੇ ਵੀ ਵਿਆਕਰਣ ਦੇ ਸਫਲ ਹੋਣ ਲਈ ਆਵੱਸ਼ਕ ਸੀ ਕਿ ਉਹ prescriptive ਹੋਵੇ ਜਾਂ ਉਸ ਦ੍ਰਿਸ਼ਟੀ ਤੋਂ ਵਰਤੋਂ ਵਿਚ ਲਿਆਂਦਾ ਜਾ ਸਕੇ। ਵਿਆਕਰਣ ਲੇਖਕ ਕਿਸੇ ਵੀ 'ਭਾਸ਼ਾ' ਵਿਚ "ਸਹੀ, ਠੀਕ ਜਾਂ ਚੰਗਾ" ਆਦਿ ਦੀ ਪੱਧਰ ਨਿਯਤ ਕਰਦਾ ਸੀ, ਕਿਉਂਕਿ ਉਸ ਲਈ ਵਰਣਨਾਤਮਕ ਤੇ prescriptive ਵਿਚਾਲੇ ਅੰਤਰ ਦੀ ਰੇਖਾ ਸਪੱਸ਼ਟ ਨਹੀਂ ਸੀ। ਅਰਥਾਤ ਉਹ ਲੱਭਦੇ ਸਨ ਕਿ ਭਾਸ਼ਾ ਕੀ ਹੈ? ਜਾਂ ਕਿਹੋ ਜਿਹੀ ਹੋਣੀ ਚਾਹੀਦੀ ਹੈ। ਪਰ ਇਸ ਦੇ ਪ੍ਰਤੀਕੂਲ ਅੱਜ ਦਾ ਭਾਸ਼ਾ-ਵਿਗਿਆਨੀ "ਠੀਕ, ਸਹੀ ਜਾਂ ਚੰਗੇ" ਆਦਿ ਸ਼ਬਦਾਵਲੀ ਦੇ ਹੀ ਵਿਰੁੱਧ ਹੈ, ਕਿਉਂਕਿ ਇਸ ਦਾ ਅਰਥ ਹੈ ਕੀਮਤਾਂ ਪ੍ਰਤੀ ਨਿਰਣਾ ਦੇਣਾ, ਜੋ ਕਿ ਉਸ ਦੀ ਵਿਗਿਆਨਕ ਵਿਧੀ ਨੂੰ ਪ੍ਰਵਾਣ ਨਹੀਂ।[5] ਪਰ ਸਨਾਤਨੀ ਵਿਆਕਰਣ-ਲੇਖਕਾਂ ਨੇ ਭਾਸ਼ਾ ਤੇ ਸਮਾਜ ਦੇ ਪਰਸਪਰ ਸੰਬੰਧਾਂ ਵਿਚ ਦੋਹਰਾ ਰੋਲ ਅਦਾ ਕੀਤਾ ਹੈ। ਇਕ ਪਾਸੇ ਤਾਂ ਉਹ ਇਕ ਖੋਜੀ ਵਾਂਗ ਭਾਸ਼ਾ ਦੇ ਸਿਧਾਂਤ ਲੱਭਣ ਦੇ ਜਤਨ ਕਰਦੇ ਰਹੇ ਤੇ ਦੂਜੇ ਪਾਸੇ ਭਾਸ਼ਾ ਦੀ ਪੱਧਰ ਨੀਅਤ ਕਰਕੇ ਸਮਾਜ ਦੇ ਉਸ ਵਰਗ ਵਿਚ ਸ਼ਾਮਿਲ ਹੁੰਦੇ ਰਹੇ ਜਿਸ ਵਿਚ ਧਰਮ-ਪ੍ਰਚਾਰਕ, ਰਾਜੇ ਤੇ ਉਨ੍ਹਾਂ ਦੇ ਦਰਬਾਰੀ ਹੁੰਦੇ ਸਨ। ਵ੍ਹਿਟਨੇ (W.D. Whitney-Sanskriti Grammar Cambridge 1889) ਵਰਗੇ ਵਿਦਵਾਨ

ਤਾਂ ਵਿਸ਼ਵ-ਪ੍ਰਸਿੱਧ ਤੇ ਸਭ ਤੋਂ ਪਹਿਲੇ ਭਾਸ਼ਾ-ਵਿਗਿਆਨੀ ਪਾਨਿਨੀ ਉੱਤੇ ਵੀ ਇਹੋ ਦੂਸ਼ਣ ਥੱਪਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਸੰਸਕ੍ਰਿਤ ਦੀ ਇਸ ਵਿਆਖਿਆ ਪਿਛੇ ਉਸ ਦਾ ਮੁੱਖ-ਮੰਤਵ ਵੀ ਇਹੋ ਸੀ ਕਿ ਇਸ ਧਾਰਮਿਕ ਤੇ ਦੇਵ-ਭਾਸ਼ਾ ਦਾ ਰੂਪ ਵਿਗੜਨ ਤੋਂ ਬਚ ਜਾਵੇ ਅਤੇ ਹਰ ਆਉਣ ਵਾਲੀ ਨਸਲ ਇਸ ਬੋਲੀ ਨੂੰ ਬਿਨਾ ਕਿਸੇ ਪਰਿਵਰਤਨ ਦੇ ਸਿੱਖ ਸਕੇ।

***ਸ਼ਬਦ-ਵੰਡ ਦੀ ਸਮੱਸਿਆ***

ਪਰੰਪਰਾਵਾਦੀ ਵਿਆਕਰਣਾਂ ਵਿਚ ਇਕ ਹੋਰ ਵੱਡੀ ਸਮੱਸਿਆ ਸ਼ਬਦ-ਵੰਡ ਦੀ ਹੁੰਦੀ ਹੈ। ਹਰ ਇਕ ਵਿਆਕਰਣ ਵਿਚ ਉਨ੍ਹਾਂ ਹੀ ਅੱਠਾਂ ਸ਼੍ਰੇਣੀਆਂ ਦਾ ਵਰਣਨ ਮਿਲਦਾ ਹੈ, ਜਿਨ੍ਹਾਂ ਵਿੱਚ ਭਾਸ਼ਾ ਦੇ ਸਾਰੇ ਸ਼ਬਦਾਂ ਦਾ ਵਰਗੀਕਰਣ ਕੀਤਾ ਜਾਂਦਾ ਹੈ। ਜੇਕਰ ਅਸੀਂ ਭਾਸ਼ਾ-ਅਧਿਐਨ ਦਾ ਪਿਛੋਕੜ ਵੇਖੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਪਹਿਲਾਂ ਲਾਤੀਨੀ ਤੇ ਯੂਨਾਨੀ ਦੇ ਸ਼ਬਦਾਂ ਨੂੰ, ਫੇਰ ਅੰਗ੍ਰੇਜ਼ੀ ਤੇ ਹੋਰ ਯੂਰਪੀ ਬੋਲੀਆਂ ਦੇ ਸ਼ਬਦਾਂ ਨੂੰ ਵੀ ਇਨ੍ਹਾਂ ਅੱਠਾਂ ਸ਼੍ਰੇਣੀਆਂ ਵਿੱਚ ਵੰਡਿਆ ਗਿਆ। ਇਹ ਇਕ ਅਜਿਹਾ ਦੋਸ਼ ਹੈ, ਜਿੱਥੇ ਵਿਆਕਰਣ ਦੀ ਪੂਰੀ ਪਰੰਪਰਾ ਹੀ ਗ਼ਲਤੀ ਕਰਦੀ ਰਹੀ ਹੈ। ਜਦੋਂ ਅਜੋਕੇ ਭਾਸ਼ਾ-ਵਿਗਿਆਨੀਆਂ ਨੇ ਇਸ ਪਰੰਪਰਾਗਤ ਸ਼ਬਦ-ਵਰਗ ਦਾ ਵਿਵੇਚਨ ਕੀਤਾ ਤਾਂ ਇਸ ਪਰੰਪਰਾ ਵਿੱਚ ਪ੍ਰਾਪਤ ਅਰਥ-ਆਧਾਰਿਤ ਪਰਿਭਾਸ਼ਾਵਾਂ ਬੜੀਆਂ ਥੋਥੀਆਂ ਤੇ ਦੋਸ਼-ਪੂਰਨ ਸਿੱਧ ਹੋਈਆਂ ਅਤੇ ਬੜੀ ਸਖ਼ਤ ਅਲੋਚਨਾ ਦਾ ਨਿਸ਼ਾਨਾ ਬਣੀਆਂ।

ਪਰੰਪਰਾਵਾਦੀ ਵਿਆਕਰਣ ਲੇਖਕਾਂ ਨੇ ਸਮੁੱਚੇ ਤੌਰ ਉੱਤੇ ਸ਼ਬਦ-ਵੰਡ ਦਾ ਅਧਿਐਨ ਕਰਦਿਆਂ ਦੋ ਵੱਖ ਵੱਖ ਪ੍ਰਸ਼ਨਾਂ ਨੂੰ ਉਲਝਾ ਲਿਆ – ਪਹਿਲਾ ਪ੍ਰਸ਼ਨ ਹੈ ਸ਼੍ਰੇਣੀ-ਵੰਡ ਦਾ, ਅਰਥਾਤ ਭਾਸ਼ਾ ਦਾ ਕਿਹੜਾ ਤੱਤ ਕਿਸ ਸ਼੍ਰੇਣੀ ਵਿਚ, ਕਿਸ ਆਧਾਰ ਉੱਤੇ ਸ਼ਾਮਿਲ ਕੀਤਾ ਜਾ ਸਕਦਾ ਹੈ, ਦੂਜਾ ਪ੍ਰਸ਼ਨ ਹੈ ਇਨ੍ਹਾਂ ਵੱਖ ਵੱਖ ਸ਼੍ਰੇਣੀਆਂ ਦਾ ਨਾਮ ਕਰਣ, ਅਰਥਾਤ ਕਿਸ ਸ਼੍ਰੇਣੀ ਦਾ ਨਾਂ ਕਿਸ ਆਧਾਰ ਉੱਤੇ ਕ੍ਰਿਆ, ਸੰਗਿਆ, ਕ੍ਰਿਆ-ਵਿਸ਼ੇਸ਼ਣ, ਆਦਿ ਰੱਖਿਆ ਜਾਵੇ? ਜੇ ਸੰਗਿਆਂ ਦੀ ਪਰਿਭਾਸ਼ਾ ਕਿਸੇ ਪੁਰਖ, ਵਸਤੂ ਜਾਂ ਥਾਂ ਦਾ ਨਾਂ ਹੈ" ਤਾਂ "ਸਚਾਈ, ਸੁੰਦਰਤਾ ਤੇ ਬਿਜਲੀ" ਆਦਿ ਸ਼ਬਦਾਂ ਦੀ ਸ਼੍ਰੇਣੀ ਦਾ ਨਿਰਣਾ ਕਰਣ ਲੱਗਿਆਂ ਇਸ ਪਰਿਭਾਸ਼ਾ ਵਿੱਚ ਇਕ ਅਜੀਬ ਚੱਕਰ ਜਿਹਾ ਪੈ ਜਾਵੇਗਾ।

ਜੇ ਅਸੀਂ ਸ਼ਬਦ-ਵੰਡ ਦੇ ਵਧੇਰੇ ਵਿਸਥਾਰ ਵਿੱਚ ਜਾਈਏ ਤਾਂ ਸਾਨੂੰ ਕਈ ਸ਼੍ਰੇਣੀਆਂ ਵਿੱਚ ਅੰਤਰ ਬਾਰੇ ਸ਼ੰਕਾ ਵੀ ਹੋ ਸਕਦੀ ਹੈ– ਜਿਵੇਂ ਅਸੀਂ ਪੁੱਛ ਸਕਦੇ ਹਾਂ ਕਿ ਨਾਂਵ ਤੇ ਪੜਨਾਂਵ ਵਿੱਚ ਕੀ ਅੰਤਰ ਹੈ? ਭਾਸ਼ਾ ਦਾ ਪਰੰਪਰਾਵਾਦੀ ਅਧਿਐਨ, ਅਜਿਹੇ ਅਨੇਕਾਂ ਸ਼ਬਦ, ਕ੍ਰਿਆ-ਵਿਸ਼ੇਸ਼ਣ ਦੀ ਸ਼੍ਰੇਣੀ ਵਿੱਚ ਲੈ ਆਉਂਦਾ ਹੈ, ਜਿਹੜੇ ਵਾਕ-ਬਣਤਰ ਵਿੱਚ ਵੰਡ ਅਨੁਸਾਰ ਇੱਕੋ-ਜਿਹੇ ਨਹੀਂ ਹੁੰਦੇ, ਅਤੇ ਇਹ ਵੀ ਸ਼ੰਕੇ-ਭਰੀ ਗੱਲ ਹੈ ਕਿ ਕਿਸੇ ਭਾਸ਼ਾ ਦਾ ਵਿਸ਼ਲੇਸ਼ਣ ਕਰਣ ਲਗਿਆਂ ਅਜਿਹੀ ਕਿਹੜੀ ਵਿਧੀ ਪ੍ਰਾਪਤ ਸੀ ਜਿਸ ਨਾਲ 'ਕ੍ਰਿਆ-ਵਿਸ਼ੇਸ਼ਣ' ਦੀਆਂ ਅਨੇਕਾਂ ਉਪਸ਼੍ਰੇਣੀਆਂ ਨੂੰ ਇਕੱਠਾ ਕੀਤਾ ਜਾ ਸਕੇ।

ਕੀ "ਵਿਸਮਿਅਕ" ਵਰਗੀ ਕੋਈ ਸ਼੍ਰੇਣੀ ਸਥਾਪਿਤ ਕਰਨ ਦੀ ਲੋੜ ਹੈ? ਕਿਉਂਕਿ ਸਚਮੁਚ ਦੇ ਵਿਸਮਿਅਕ ਜਾਂ ਧੁਨੀਆਂ ਤਾਂ ਮਨੁੱਖ ਦੀ ਕਿਸੇ ਵਿਸ਼ੇਸ਼ ਪਰਿਸਥਿਤੀ ਵਿਚ ਇਕ ਨਿਰਾਰਥਕ ਧੁਨੀ-ਪਰਕਿਰਿਆ ਹੀ ਤਾਂ ਹੁੰਦੀ ਹੈ, ਪਰ ਭਾਸ਼ਾ-ਵਿਗਿਆਨਕ ਜਾਂ ਵਿਆਕਰਣਕ ਨਹੀਂ। ਅਤੇ ਹੋਰ ਅਜਿਹੇ ਵਿਸਮਿਅਕ ਜਿਵੇਂ "ਰੁਕੋ, ਕਤਲ, ਮਾਰੋ, ਭੱਜੋ" ਆਦਿ ਤਾਂ ਵਾਸਤਵ ਵਿੱਚ ਕ੍ਰਿਆ ਜਾਂ ਸੰਗਿਆ ਦੇ ਹੀ ਰੂਪ ਹਨ। ਇਸੇ ਤਰ੍ਹਾਂ ਕਈ ਇਤਿਹਾਸਕ ਭਾਸ਼ਾ-ਵਿਗਿਆਨੀ ਇਹ ਵੀ ਕਹਿੰਦੇ ਹਨ ਕਿ ਸੰਗਿਆ ਤੇ ਵਿਸ਼ੇਸ਼ਣ ਵਿੱਚ ਕੋਈ ਅੰਤਰ ਨਹੀਂ ਅਤੇ ਨਾਂ ਹੀ ਇਹ ਦੋ ਵੱਖ ਵੱਖ ਸ਼੍ਰੇਣੀਆਂ ਸਥਾਪਿਤ ਕਰਨ ਦੀ ਲੋੜ ਹੈ।[6]

ਸ਼ਬਦ ਵੰਡ ਕਰਨ ਲੱਗਿਆ ਜਾਂ ਕਿਸ ਸ਼੍ਰੇਣੀ ਦੀ ਪਰਿਭਾਸ਼ਾ ਦੇਣ ਲਈ ਲੇਖਕਾਂ ਨੇ ਵੱਖ ਵੱਖ ਅਧਾਰਾਂ ਦੀ ਵਰਤੋਂ ਕੀਤੀ ਹੈ। ਜਿਸ ਤਰ੍ਹਾਂ ਉੱਪਰ ਵੀ ਜ਼ਿਕਰ ਕੀਤਾ ਹੈ, ਇਕ ਪਾਸੇ ਤਾਂ ਸੰਗਿਆ ਜਾਂ ਕ੍ਰਿਆ ਦੀ ਪਰਿਭਾਸ਼ਾ ਅਰਥਾਂ ਦੇ ਆਧਾਰ ਉੱਤੇ ਕੀਤੀ ਹੈ ਅਤੇ ਦੂਜੇ ਪਾਸੇ ਵਿਸ਼ੇਸ਼ਣ ਜਾਂ ਕ੍ਰਿਆ-ਵਿਸ਼ੇਸ਼ਣ, ਆਦਿ ਦੀ ਪਰਿਭਾਸ਼ਾ ਉਨ੍ਹਾਂ ਸ਼ਬਦਾਂ ਦੀ ਵਾਕ ਵਿੱਚ ਵਰਤੋਂ ਦੇ ਆਧਾਰ ਉੱਤੇ

ਕੀਤੀ ਹੈ। ਉਦਾਹਰਣ ਦੇ ਤੌਰ ਉੱਤੇ "ਕ੍ਰਿਆ–ਵਿਸ਼ੇਸ਼ਣ ਉਹ ਪਦ ਹੈ ਜੋ ਕ੍ਰਿਆ ਦੀ, ਵਿਸ਼ੇਸ਼ਣ ਦੀ ਜਾਂ ਕ੍ਰਿਆ–ਵਿਸ਼ੇਸ਼ਣ ਦੀ ਵਿਸ਼ੇਸ਼ਤਾ ਪ੍ਰਗਟ ਕਰੇ।"[7] ਇਸ ਤਰ੍ਹਾਂ, ਵੱਖ ਵੱਖ ਵਰਗਾਂ ਦੀ ਪਰਿਭਾਸ਼ਾ ਦੇ ਆਧਾਰ ਵੱਖ ਵੱਖ ਹੋਣ ਕਰਕੇ ਇਕ ਪਾਸੇ ਤਾਂ ਭਾਸ਼ਾ ਦੀ ਵਿਆਖਿਆ ਵਿਚ ਇਕਸਾਰ ਸਥਿਰਤਾ ਨਹੀਂ ਰਹਿੰਦੀ ਅਤੇ ਬਹੁਤ ਸਾਰੇ ਵਰਗ ਇੱਕ ਦੂਜੇ ਨੂੰ ਕੱਟਦੇ ਜਾਂ, ਇਕ ਦੂਜੇ ਦੇ ਭਾਗ ਸ਼ਾਮਿਲ ਕਰ ਲੈਂਦੇ ਹਨ। ਇਕ ਪਾਸੇ ਲੇਖਕ ਇਹ ਮਿਥ ਕੇ ਚੱਲਦੇ ਹਨ ਕਿ ਭਾਸ਼ਾ ਦਾ ਹਰ ਸ਼ਬਦ ਕਿਸੇ ਨਾ ਕਿਸੇ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ। ਦੂਜੇ ਪਾਸੇ ਵਿਆਕਰਣਾਂ ਵਿੱਚ ਦੱਸਿਆ ਜਾਂਦਾ ਹੈ ਕਿ ਹਰ ਸ਼ਬਦ ਦੀ ਸ਼੍ਰੇਣੀ ਦਾ ਨਿਰਣਾ ਉਸ ਸ਼ਬਦ ਦੇ ਵਾਕ ਵਿੱਚ ਸਥਾਨ, ਵਾਕ ਵਿਚ ਵੰਡ ਤੇ ਉਸ ਸ਼ਬਦ ਦੇ ਵਿਵਹਾਰ (function) ਆਦਿ ਅਧਾਰਾਂ ਤੇ ਕਰਨਾ ਚਾਹੀਦਾ ਹੈ। ਇਸ ਤਰ੍ਹਾਂ, ਵਿਆਕਰਣ ਵਿੱਚ ਇਨ੍ਹਾਂ, ਵਿਰੋਧਾਤਮਕ ਅਧਾਰਾਂ ਦਾ ਪੂਰੀ ਤਰ੍ਹਾਂ, ਹੱਲ ਨਹੀਂ ਲੱਭਿਆ ਗਿਆ। ਇਸੇ ਕਾਰਨ ਸ਼ਬਦ–ਵੰਡ ਵਿੱਚ ਹੋਰ ਵੀ ਕਈ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ।[8]

ਪਰੰਪਰਾਵਾਦੀ ਵਿਆਕਰਣਾਂ ਸੰਬੰਧੀ ਸਮੱਸਿਆ ਦਾ ਆਰੰਭ ਇਸ ਤੱਥ ਤੋਂ ਵੀ ਹੁੰਦਾ ਹੈ ਕਿ ਇਸ ਖੇਤਰ ਵਿਚ ਪਹਿਲਾਂ ਬਹੁਤ ਸਾਰਾ ਕੰਮ ਪੱਛਮ ਤੋਂ ਆਏ ਵਿਦਵਾਨਾਂ ਨੇ ਕੀਤਾ। ਪ੍ਰੋ. ਕਾਤਰੇ ਨੇ ਵੀ ਆਪਣੀ ਪੁਸਤਕ (ਭਾਰਤੀ–ਆਰੀਆਈ ਭਾਸ਼ਾਵਾਂ ਅਤੇ ਇਤਿਹਾਸਿਕ ਭਾਸ਼ਾ–ਵਿਗਿਆਨ) ਵਿਚ ਭਾਰਤੀ–ਭਾਸ਼ਾ ਵਿਗਿਆਨ ਦੇ ਉਦਗਮ ਤੇ ਵਿਕਾਸ ਬਾਰੇ ਵਿਚਾਰ ਕਰਦਿਆਂ ਕਿਹਾ ਹੈ ਕਿ ਬਹੁਤ ਸਾਰੀਆਂ ਭਾਰਤੀ ਭਾਸ਼ਾਵਾਂ ਵਿੱਚ ਮੁੱਢਲਾ ਕੰਮ ਪੱਛਮੀ ਵਿਦਵਾਨਾਂ ਨੇ ਹੀ ਆਰੰਭਿਆ ਸੀ। ਡਾ. ਹਰਨਾਮ ਸਿੰਘ ਸ਼ਾਨ ਨੇ ਅਪਣੇ ਇਕ ਲੇਖ (ਪੰਜਾਬੀ ਦੁਨੀਆ, ਜਨਵਰੀ 66) ਵਿੱਚ ਲਿਖਿਆ ਹੈ, "ਹੁਣ ਤੀਕ ਕੀਤੀ ਖੋਜ–ਭਾਲ ਦੇ ਆਧਾਰ ਉੱਤੇ ਮੈਂ ਇਸ ਸਿੱਟੇ ਉੱਤੇ ਪਹੁੰਚਦਾ ਹਾਂ, ਕਿ ਪੰਜਾਬੀ ਦੇ ਪਹਿਲੇ ਪ੍ਰਕਾਸ਼ਿਤ ਵਿਆਕਰਣ ਅਖਵਾਉਣ ਦਾ ਹੱਕ "ਏ ਗ੍ਰਾਮਰਆਫ਼ ਦੀ ਪੰਜਾਬੀ ਲੈਂਗੂਏਜ਼" ਕ੍ਰਿਤ ਡਾ. ਵਿਲੀਅਮ ਕੇਰੀ ਨੂੰ ਹੀ ਜਾਂਦਾ ਹੈ।" ਮੇਰਾ ਮੰਤਵ ਇੱਥੇ ਇਸ ਵਾਦ–ਵਿਵਾਦ ਵਿਚ ਪੈਣ ਤੋਂ ਨਹੀਂ ਕਿ ਪੰਜਾਬੀ ਦੀ ਪਹਿਲੀ ਵਿਆਕਰਣ ਕਿਸ ਨੇ ਲਿਖੀ, ਸਗੋਂ ਮੇਰਾ ਭਾਵ ਕੇਵਲ ਇਤਨਾ ਹੀ ਹੈ ਕਿ ਇਕ–ਅੱਧ ਜਤਨ ਤੋਂ ਬਿਨਾਂ 19ਵੀਂ ਸਦੀ ਤੋਂ 20ਵੀਂ ਸਦੀ ਦੇ ਮੁੱਢ ਤੀਕ ਕੀਤੇ ਗਏ ਬਹੁਤੇ ਜਤਨ ਪੱਛਮ ਤੋਂ ਆਏ ਵਿਦਵਾਨਾਂ ਦੇ ਹੀ ਸਨ। ਇਸ ਗੱਲ ਦੀ ਪੁਸ਼ਟੀ ਡਾ. ਗ੍ਰੀਅਰਸਨ ਦੀ ਪੰਜਾਬੀ ਸੰਬੰਧੀ ਕੀਤੀ ਖੋਜ ਅਤੇ ਉਨ੍ਹਾਂ, ਦੀ ਪੁਸਤਕ ਵਿਚ ਪੰਜਾਬੀ ਵਿਆਕਰਣਾਂ ਸੰਬੰਧੀ ਦਿੱਤੀ ਗਈ ਸੂਚੀ ਤੋਂ ਵੀ ਹੁੰਦੀ ਹੈ।[9]

ਇਸ ਤਰ੍ਹਾਂ ਪਰੰਪਰਾਵਾਦੀ ਵਿਆਕਰਣ ਦਾ ਪਹਿਲਾ ਪੜਾ ਉਹ ਹੈ, ਜਿਥੇ ਅੰਗ੍ਰੇਜ਼ ਅਫ਼ਸਰਾਂ ਜਾਂ ਪਾਦਰੀਆ ਨੇ ਨਿਰੋਲ ਵਿਵਹਾਰਕ ਮੰਤਵ ਲਈ ਪੰਜਾਬੀ ਸਿੱਖਣ ਵਾਸਤੇ ਕੁੱਝ ਵਿਆਕਰਣ ਲਿਖੇ ਜਾਂ ਲਿਖਵਾਏ। ਫੇਰ ਪੰਜਾਬ ਵਿਚ ਅੰਗ੍ਰੇਜ਼ੀ ਰਾਜ ਸਥਾਪਿਤ ਹੋਣ ਤੋਂ ਪਿੱਛੋਂ ਬਰਤਾਨਵੀਂ ਸਰਕਾਰ, ਇਸਾਈ ਮਿਸ਼ਨਰੀਆਂ ਅਤੇ ਪਰਚਾਰਕਾਂ ਨੂੰ ਵੀ ਪੰਜਾਬੀ ਭਾਸ਼ਾ ਵਰਤਣ ਦੀ ਲੋੜ ਪਈ ਅਤੇ ਉਨ੍ਹਾਂ ਨੇ ਵੀ ਪੰਜਾਬੀ ਕੋਸ਼ ਤੇ ਵਿਆਕਰਣ ਲਿਖੇ। ਪਰ ਇਨ੍ਹਾਂ, ਸਭ ਵਿਆਕਰਣਾਂ ਦੇ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਭਾਸ਼ਾ ਪ੍ਰਤੀ ਉਨ੍ਹਾਂ, ਦੀ ਵਾਕਫ਼ੀਅਤ ਬੜੀ ਸਤਹੀ ਪੱਧਰ ਦੀ ਸੀ। ਇਹ ਵਿਆਕਰਣ ਕਿਸੇ ਸਾਮੱਗਰੀ–ਵਿਸ਼ਲੇਸ਼ਣ ਉੱਤੇ ਆਧਾਰਿਤ ਨਹੀਂ ਅਤੇ ਨਾ ਹੀ ਉਸ ਸਮੇਂ ਤੀਕ ਪੱਛਮ ਵਿਚ ਵੀ ਭਾਸ਼ਾ–ਵਿਗਿਆਨ ਇਤਨਾ ਵਿਕਸਿਤ ਹੋਇਆ ਸੀ ਕਿ ਕਿਸੇ ਬਦੇਸ਼ੀ ਭਾਸ਼ਾ ਦਾ ਵਿਸ਼ਲੇਸ਼ਣ ਕਰਨ ਦੇ ਸਾਧਨ ਤੇ ਵਿਗਿਆਨਕ ਵਿਧੀਆਂ ਪ੍ਰਾਪਤ ਹੋ ਸਕਦੀਆਂ।

ਗ੍ਰੀਅਰਸਨ ਦੀ ਪੁਸਤਕ ਵਿਚ ਜਿਹੜੇ ਵਿਆਕਰਣਾਂ ਦਾ ਵੇਰਵਾ ਮਿਲਦਾ ਹੈ, ਉਹ ਸਾਰੇ, ਤਾਂ ਅੱਜ ਆਸਾਨੀ ਨਾਲ ਪ੍ਰਾਪਤ ਨਹੀਂ ਹਨ, ਪਰ ਜਿਹੜੇ ਇਕ ਦੋ ਮਿਲਦੇ ਹਨ, ਉਨ੍ਹਾਂ ਬਾਰੇ ਸੰਖੇਪ ਵਿਚ ਵਿਚਾਰ ਕਰ ਲੈਣਾ ਅਯੋਗ ਨਹੀਂ ਹੋਵੇਗਾ :—

ਪੰਜਾਬੀ ਗ੍ਰਾਮਰ–ਈ.ਪੀ.ਨਿਊਟਨ–ਲੁਧਿਆਣਾ (1898)

ਇਸ ਦੀ ਭੂਮਿਕਾ ਵਿਚ ਹੀ ਲੇਖਕ ਕਹਿੰਦਾ ਹੈ— "ਇਹ ਪੁਸਤਕ, ਕਈ ਵਰ੍ਹੇ ਪਹਿਲਾਂ, ਆਪਣੇ ਦੋਸਤਾਂ ਨੂੰ ਪੰਜਾਬੀ ਸਿੱਖਣ ਵਿਚ ਸਹਾਇਤਾ ਦੇਣ ਲਈ ਲਿਖੀ ਗਈ ਸੀ।" ਪੁਸਤਕ ਦੇ ਆਰੰਭ ਵਿਚ ਗੁਰਮੁਖੀ ਲਿੱਪੀ ਅਤੇ ਚਿੰਨ੍ਹਾਂ ਦੀਆਂ ਧੁਨੀਆਤਮਕ ਕੀਮਤਾਂ ਬਾਰੇ ਦਸਿਆ ਹੈ। ਪੁਸਤਕ ਦੇ ਕੁਲ ਸਤਵੰਜਾ ਅਧਿਆਇ ਹਨ, ਜਿਨ੍ਹਾਂ ਵਿਚੋਂ ਇਕੱਤੀ ਵਿਚ ਤਾਂ ਪੰਜਾਬੀ ਵਿਚ

ਕ੍ਰਿਆ ਬਾਰੇ ਵਿਚਾਰ ਕੀਤੀ ਗਈ ਹੈ, ਜਿਸਦਾ ਆਧਾਰ ਕੇਲਾਗ ਦਾ ਹਿੰਦੀ ਵਿਆਕਰਨ ਹੈ।[11] ਕ੍ਰਿਆ ਸੰਬੰਧੀ ਵਿਚਾਰ ਤਕਰੀਬਨ ਸਾਰੀ ਪੁਸਤਕ ਵਿਚ ਫੈਲੀ ਹੋਈ ਹੈ, ਅਤੇ ਲੇਖਕ ਨੇ ਕ੍ਰਮ ਦੀ ਘਾਟ ਨੂੰ ਸਵੀਕਾਰ ਕੀਤਾ ਹੈ, ਜਿਸ ਦਾ ਕਾਰਣ ਪੁਸਤਕ ਦਾ ਮਨੋਰਥ ਅਰਥਾਤ ਭਾਸ਼ਾ ਦੀ ਸਿਖਲਾਈ ਹੈ। ਲੇਖਕ ਦਾ ਵਿਚਾਰ ਹੈ ਕਿ ਇਹ ਅਸਾਧਾਰਨ ਤਰਤੀਬ ਸਿਖਲਾਈ ਲਈ ਵਧੇਰੇ ਸਹਾਈ ਹੋਵੇਗੀ ਅਤੇ ਇਸੇ ਮੰਤਵ ਲਈ ਹਰ ਅਧਿਆਇ ਨਾਲ (ਤਿੰਨਾਂ ਨੂੰ ਛੱਡ ਕੇ) ਅਭਿਆਸ ਵੀ ਲਾਏ ਹਨ। ਭਾਸ਼ਾ ਪ੍ਰਤੀ ਵਤੀਰਾ ਪੂਰਨ–ਤੌਰ ਉੱਤੇ ਪਰੰਪਰਾਗਤ ਅਤੇ ਸ਼ਬਦ–ਵੰਡ ਅੰਗ੍ਰੇਜ਼ੀ ਦੀ ਪਰੰਪਰਾਗਤ ਵਿਆਕਰਣ ਦੇ ਆਧਾਰ ਉੱਤੇ ਹੈ। ਸ਼ਬਦ ਤੋਂ ਉੱਪਰਲੀ ਪੱਧਰ ਦੀਆਂ ਵਿਆਕਰਣਕ ਇਕਾਈਆਂ – ਵਾਕੰਸ਼, ਉਪਵਾਕ ਜਾਂ ਵਾਕ ਆਦਿ ਦੀ ਬਣਤਰ ਬਾਰੇ ਕੋਈ ਵਿਚਾਰ ਨਹੀਂ ਕੀਤਾ ਗਿਆ।

ਵਿਲਸਨ ਦੀ ਵਿਆਕਰਨ[12]

ਇਸ ਵਿਆਕਰਣ ਦਾ ਲੇਖਕ ਆਮ ਲੋਕਾਂ ਵਿਚ ਬੋਲੀ ਜਾਂਦੀ ਭਾਸ਼ਾ ਦੇ ਮਹੱਤਵ ਤੋਂ ਪੂਰੀ ਤਰ੍ਹਾਂ ਸੁਚੇਤ ਹੈ ਅਤੇ ਭੂਮਿਕਾ ਵਿਚ ਹੀ ਕਹਿੰਦਾ ਹੈ ਕਿ ਉਸ ਦੀ ਭਾਸ਼ਾ ਪ੍ਰਤੀ ਵਾਕਫ਼ੀਅਤ ਦਾ ਸੋਮਾ ਲਿਖਿਤ ਪੁਸਤਕਾਂ ਨਹੀਂ, ਸਗੋਂ ਅਨਪੜ੍ਹ ਪੇਂਡੂ ਤੇ ਕਿਸਾਨ ਲੋਕਾਂ ਦੀ ਅਛੋਹ ਬੋਲੀ ਹੈ, ਜੋ ਮੈਂ ਨੌਂ ਵਰ੍ਹੇ ਉੱਥੇ ਰਹਿ ਕੇ ਸਿੱਖੀ ਹੈ।

ਵਿਆਕਰਣ ਲੋੜ ਤੋਂ ਵੱਧ ਸੰਖੇਪ ਹੈ, ਜਿਸ ਵਿੱਚ ਕੁੱਲ 66 ਪੰਨੇ ਹਨ, ਤੇ ਇਸ ਵਿਚ ਉਪ–ਭਾਸ਼ਾਈ ਅੰਤਰ ਸੰਬੰਧੀ 11 ਚਰਣ ਵੀ ਸ਼ਾਮਿਲ ਹਨ। ਬਹੁਤਾ ਜ਼ੋਰ ਸ਼ਬਦ–ਵੰਡ ਉੱਤੇ ਹੈ, ਜਿਸਦਾ ਮੂਲ ਆਧਾਰ ਓਹੀ ਅੰਗ੍ਰੇਜ਼ੀ ਦਾ ਪਰੰਪਰਾਗਤ ਵਿਆਕਰਣ ਹੈ। ਕਿਸੇ ਵੀ ਬਿਆਨ ਜਾਂ ਸਾਧਾਰਣੀਕਰਣ ਤੋਂ ਬਾਦ ਸ਼ਬਦਾਂ ਦੀਆਂ ਲੰਮੀਆਂ ਸੂਚੀਆਂ (Paradigms) ਬਣਾਈਆਂ ਹਨ। ਕਿਸੇ ਵੀ ਵਿਆਕਰਣਿਕ ਇਕਾਈ (Grammatical unit) ਦੀ ਕੋਈ ਪਰਿਭਾਸ਼ਾ ਨਹੀਂ ਦਿੱਤੀ, ਜਿਵੇਂ ਵਿਸ਼ੇਸ਼ਣ ਦੀ ਵਿਆਖਿਆ ਹੈ — "ਵਿਸ਼ੇਸ਼ਣ ਆਪਣੀ ਸੰਗਿਆ ਨਾਲ ਲਿੰਗ, ਵਚਨ ਤੇ ਕਾਰਕ ਵਿੱਚ ਮੇਲ ਖਾਂਦੇ ਹਨ ਅਤੇ ਆਮ ਤੌਰ ਉੱਤੇ ਇਸ ਤੋਂ ਪਹਿਲਾਂ ਆਉਂਦੇ ਹਨ।" ਵਿਆਕਰਣ ਦੇ ਹੋਰ ਆਵੱਸ਼ਕ ਤੱਤਾਂ, ਵਾਕ, ਉਪਵਾਕ ਤੇ ਵਾਕੰਸ਼, ਆਦਿ ਬਾਰੇ ਕੁੱਝ ਨਹੀਂ ਕਿਹਾ ਗਿਆ।

ਗਰਾਹਮ ਬੇਲੀ ਦਾ ਵਿਆਕਰਣ[13]

ਲੇਖਕ ਨੇ ਭੂਮਿਕਾ ਵਿਚ ਹੀ ਦੱਸਿਆ ਹੈ ਕਿ ਇਹ ਵਿਆਕਰਣ ਉਸ ਨੇ ਵਿਲਸਨ ਦੇ ਆਦੇਸ਼ ਅਨੁਸਾਰ ਲਿਖਿਆ ਸੀ, ਇਸ ਲਈ ਇਸ ਵਿਚ ਕੁੱਝ ਵੀ (ਉਪਰੋਕਤ ਵਿਆਕਰਣ ਨਾਲੋਂ) ਵੱਖਰਾ ਨਹੀਂ, ਕੇਵਲ ਵਜ਼ੀਰਾਬਾਦ ਦੀ ਬੋਲੀ ਵਿੱਚੋਂ ਉਦਾਹਰਣਾਂ ਲਈਆਂ ਗਈਆਂ ਹਨ। ਇਸ ਬਾਰੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ।

ਕਮਿੰਗਜ਼ ਤੇ ਗਰਾਹਮ–ਬੇਲੀ ਦਾ ਵਿਆਕਰਣ[14]

ਇਹ ਠੀਕ ਹੈ ਕਿ ਇਹ ਵਿਆਕਰਣ ਵੀ ਬਾਕੀਆਂ ਵਾਂਗ ਅੰਗ੍ਰੇਜ਼ਾਂ ਨੂੰ ਪੰਜਾਬੀ ਸਿਖਾਉਣ ਦੇ ਮੂਲ ਮਨੋਰਥ ਲਈ ਲਿਖੀ ਗਈ ਹੈ ਅਤੇ ਇਸ ਵਿਚ ਸਿਆਲਕੋਟ, ਗੁਜਰਾਂ–ਵਾਲਾ, ਲਾਹੌਰ, ਫ਼ੀਰੋਜ਼ਪੁਰ ਤੇ ਆਲੇ ਦੁਆਲੇ ਦੀ ਸ਼ਹਿਰੀ ਤੇ ਪੜ੍ਹੀ–ਲਿਖੀ ਸ਼੍ਰੇਣੀ ਦੀ ਬੋਲੀ ਨੂੰ ਮੰਨਿਆ ਜਾ ਸਕਦਾ ਹੈ। ਬੇਸ਼ਕ ਅਜੋਕੇ ਭਾਸ਼ਾ–ਵਿਗਿਆਨ ਦੇ ਵੱਖਰੇ ਵੱਖਰੇ ਸਕੂਲ ਵਿਆਕਰਣ ਦੇ ਸੰਕਲਪ ਬਾਰੇ ਕੁੱਝ ਮੱਤ–ਭੇਦ ਰੱਖਦੇ ਹਨ, ਪਰ ਉਹ ਸਾਰੇ ਸਹਿਮਤ ਹਨ ਕਿ ਵਿਆਕਰਣ ਵਿਚ ਕਿਸੇ ਭਾਸ਼ਾ ਦੀ ਰੂਪ–ਗ੍ਰਾਮ ਦੀ ਪੱਧਰ ਤੋਂ ਵਾਕ ਦੀ ਪੱਧਰ ਤੀਕ ਵਿਆਖਿਆ ਹੁੰਦੀ ਹੈ। ਭਾਸ਼ਾ ਦੀਆਂ ਵੱਖਰੀਆਂ ਵੱਖਰੀਆਂ ਪੱਧਰਾਂ ਉੱਤੇ ਇਹ ਸਭ ਇਕਾਈਆਂ ਇਕ ਪ੍ਰਬੰਧ ਅਧੀਨ ਬੱਝੀਆਂ ਹੁੰਦੀਆਂ ਹਨ ਤੇ ਵਿਆਕਰਣਕਾਰ ਇਸ ਪ੍ਰਬੰਧ ਦੀ ਵਿਆਖਿਆ ਕਰਦਾ ਹੈ।

ਪਰ ਇਨ੍ਹਾਂ ਵਿਆਕਰਣਕਾਰਾਂ ਨੇ ਭਾਸ਼ਾ ਦੀ ਵਿਆਖਿਆ ਕਰਨ ਦੀ ਥਾਂ ਭਾਸ਼ਾ–ਸ਼ਾਸਤਰੀ ਵਿਧੀਆਂ ਨੂੰ ਆਪਣਾ ਆਧਾਰ ਬਣਾਇਆ ਹੈ। ਇੱਥੋਂ ਤੀਕ ਕਿ ਸ੍ਰੀ ਦੁਨੀ ਚੰਦ੍ਰ ਨੇ ਆਪਣੀ 1964 ਵਿਚ ਛਪੀ "ਪੰਜਾਬੀ ਭਾਸ਼ਾ ਦਾ ਵਿਆਕਰਣ" ਵਿੱਚ ਭਾਸ਼ਾ–ਵਿਗਿਆਨਕ ਪ੍ਰਾਪਤੀਆਂ ਤੋਂ ਅੱਖਾਂ ਮੀਚ ਕੇ ਕਿਹਾ ਹੈ "ਭਾਵੇਂ ਇਹ ਵਿਆਕਰਣ ਵਰਣਨਾਤਮਕ ਹੀ ਹੈ ਤਾਂ ਵੀ ਕ੍ਰਿਆ, ਨਾਂਵ ਆਦਿ ਦੇ ਰੂਪਾਂ ਦੇ ਵਿਕਾਸ ਅਤੇ ਇਤਿਹਾਸ ਦੀ ਕੁਝ ਜਾਣਕਾਰੀ ਵੀ ਕਰਵਾਈ ਗਈ ਹੈ।"

ਲੇਖਕ ਨੇ ਉਦਾਹਰਨਾਂ ਵਿੱਚ ਕਵਿਤਾਵਾਂ, ਅਖਾਣਾਂ ਤੇ ਮੁਹਾਵਰਿਆਂ ਆਦਿ ਦੀ ਵਰਤੋਂ ਕਰਨ ਵਿਚ ਸੰਕੋਚ ਨਹੀਂ ਕੀਤਾ। ਲੇਖਕ ਇਹ ਗੱਲ ਭੁੱਲ ਜਾਂਦਾ ਹੈ ਕਿ ਕਵਿਤਾ, ਅਖਾਣਾਂ ਆਦਿ ਵਿਚ ਸ਼ਬਦਾਂ ਦਾ ਕ੍ਰਮ ਸਾਧਾਰਣ ਨਹੀਂ ਹੁੰਦਾ, ਪਰ ਵਿਆਕਰਣ ਦੀ ਸਾਮਗ੍ਰੀ ਸਾਧਾਰਣ ਭਾਸ਼ਾ ਹੁੰਦੀ ਹੈ। ਕਿਸੇ ਵਿਸ਼ੇਸ਼ ਪਰਿਸਥਿਤੀ ਵਿਚ ਵਰਤੀ ਜਾਣ ਵਾਲੀ ਅਸਾਧਾਰਣ ਭਾਸ਼ਾ ਨਹੀਂ ਹੁੰਦੀ।

### *3. ਆਧੁਨਿਕ ਗਠਨਾਤਮਕ ਵਿਆਕਰਣ :*

ਆਧੁਨਿਕ ਭਾਸ਼ਾ-ਵਿਗਿਆਨ ਦੇ ਆਧਾਰ ਉੱਤੇ ਕੇਵਲ ਡਾ. ਹਰਜੀਤ ਸਿੰਘ ਗਿੱਲ, ਡਾ. ਬਲਬੀਰ ਸਿੰਘ ਸੰਧੂ ਤੇ ਡਾ. ਸਮਿਰਨੋਫ਼ ਦੀਆਂ ਕਿਰਤਾਂ ਹੀ ਪ੍ਰਾਪਤ ਹਨ। ਇਨ੍ਹਾਂ ਵਿੱਚੋਂ ਡਾ. ਸਮਿਰਨੋਫ਼, ਰੂਸੀ ਭਾਸ਼ਾ-ਵਿਗਿਆਨੀ ਦਾ ਅਧਿਐਨ ਕੇਵਲ ਪੰਜਾਬੀ ਦੇ "ਜਟਿਲ ਵਾਕ" (Composite Sentence) ਤੀਕ ਹੀ ਸੀਮਿਤ ਹੈ। ਡਾ. ਹਰਜੀਤ ਸਿੰਘ ਗਿੱਲ ਨੇ ਪਹਿਲੀ ਵਾਰ ਪੰਜਾਬੀ ਦਾ ਭਾਸ਼ਾ-ਵਿਗਿਆਨਿਕ ਅਧਿਐਨ ਕੀਤਾ ਹੈ, ਪਰ ਇਸ ਲੇਖ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਦਾ ਵਾਕ-ਬਣਤਰ ਸੰਬੰਧੀ ਅਧਿਐਨ ਬਹੁਤ ਹੀ ਸੰਖੇਪ ਹੈ। ਡਾ. ਬਲਬੀਰ ਸਿੰਘ ਸੰਧੂ ਦਾ ਵਿਸ਼ਾ ਵੀ "ਪੁਆਧੀ ਦਾ ਵਰਣਨਾਤਮਕ ਵਿਆਕਰਣ" ਸੀ। ਉਨ੍ਹਾਂ ਨੇ ਇਸ ਕਿਰਤ ਵਿਚ ਵਾਕ-ਬਣਤਰ ਬਾਰੇ ਵਰਣਨ ਦਾ ਆਧਾਰ "Transformation-Generative Grammar ਦੀ ਵਿਧੀ ਨੂੰ ਬਣਾਇਆ ਹੈ।

### *4. ਭਾਸ਼ਾ-ਵਿਗਿਆਨ ਤੇ ਵਿਆਕਰਣ ਦਾ ਸੰਕਲਪ :*

ਬਲੂਮ-ਫ਼ੀਲਡ, ਸੈਪੀਅਰ ਜਾਂ ਫ਼ਰਦੀਨਾ-ਦ-ਸਾਸਿਊਰ ਆਦਿ ਤੋਂ ਲੈ ਕੇ ਅੱਜ ਤੀਕ ਅਮਰੀਕਾ ਅਤੇ ਯੂਰਪ ਵਿਚ ਭਾਸ਼ਾ-ਵਿਗਿਆਨ ਦੇ ਕੁੱਝ ਵੱਖਰੇ-ਵੱਖਰੇ ਸਕੂਲ ਹੋਂਦ ਵਿਚ ਆਏ, ਜਿਨ੍ਹਾਂ, ਇਕ ਪਾਸੇ ਭਾਸ਼ਾ ਜਾਂ ਵਿਆਕਰਣ ਸੰਬੰਧੀ ਪਰੰਪਰਾਗਤ ਵਿਚਾਰਾਂ ਨੂੰ ਵੰਗਾਰਿਆ ਅਤੇ ਇਨ੍ਹਾਂ ਸਕੂਲਾਂ ਵਿੱਚੋਂ ਹਰ ਸਿਧਾਂਤਕਾਰ ਨੇ ਆਪਣੀ ਹੀ ਦ੍ਰਿਸ਼ਟੀ ਤੋਂ ਵਾਕ-ਬਣਤਰ ਦੇ ਅਧਿਐਨ ਲਈ ਕੋਈ ਨਵਾਂ ਢਾਂਚਾ ਪੇਸ਼ ਕੀਤਾ। ਇਨ੍ਹਾਂ ਵਿੱਚੋਂ ਵਧੇਰੇ ਪ੍ਰਸਿੱਧ ਚਾਮਸਕੀ ਦਾ "Transformational-Generative Model, ਹੈਲੀ ਡੇ Systemic Grammar" ਅਤੇ ਕੇ. ਐਲ. ਪਾਈਕ ਦਾ "Tagmemics" ਆਦਿ ਹਨ। ਬੇਸ਼ੱਕ ਇਨ੍ਹਾਂ ਸਾਰਿਆਂ ਨੇ ਵਿਆਕਰਣ ਦਾ ਕੇਵਲ ਆਪਣਾ ਨਵਾਂ ਸੰਕਲਪ ਹੀ ਪੇਸ਼ ਨਹੀਂ ਕੀਤਾ, ਸਗੋਂ ਭਾਸ਼ਾ ਦਾ ਵਿਆਕਰਣ ਤਿਆਰ ਕਰਨ ਵਾਸਤੇ ਵਿਧੀਆਂ ਵੀ ਬਣਾਈਆਂ। ਪਰ ਇਨ੍ਹਾਂ ਸਾਰਿਆਂ ਨੇ ਵੱਖੋ-ਵੱਖ ਤਕਨੀਕੀ ਸ਼ਬਦਾਵਲੀ ਦੀ ਵਰਤੋਂ ਕੀਤੀ। ਇਨ੍ਹਾਂ ਸਾਰਿਆਂ ਦੇ ਅਧਿਐਨ ਤੋਂ ਅਜੇ ਤੀਕ ਵਿਆਕਰਣ ਪ੍ਰਤੀ ਕੋਈ ਸਾਂਝਾ, ਸਰਬ-ਪੱਖਾਂ ਤੇ ਸੰਪੂਰਣ ਸੰਕਲਪ ਪ੍ਰਾਪਤ ਨਹੀਂ ਹੋਇਆ। ਇਸ ਖੇਤਰ ਵਿਚ ਪ੍ਰਾਪਤ ਸਾਹਿਤ ਤੇ ਪੜ੍ਹਾਈ ਲਈ ਸਹੂਲਤਾਂ ਦੀ ਘਾਟ ਕਰਕੇ ਕੁਝ ਕਠਨਾਈਆਂ ਤਾਂ ਜ਼ਰੂਰ ਆਉਂਦੀਆਂ ਹਨ ਤੇ ਸਾਧਾਰਣ ਪੱਧਰ ਦਾ ਵਿਦਵਾਨ ਤਾਂ ਇਤਨੀਆਂ ਆਵਾਜ਼ਾਂ ਵਿਚ ਗੁੰਮ ਹੀ ਹੋ ਜਾਂਦਾ ਹੈ। ਪਰ ਪੱਛਮ ਵਿਚ ਇਹ ਜਤਨ ਨਿਰੰਤਰ ਜਾਰੀ ਹਨ ਅਤੇ ਅਨੇਕਾਂ ਵਿਦਵਾਨ ਕਿਸੇ ਨਾ ਕਿਸੇ ਵਿਗਿਆਨਕ ਢਾਂਚੇ ਦੇ ਆਧਾਰ ਉੱਤੇ ਸੰਸਾਰ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਬਾਰੇ ਕੰਮ ਕਰ ਰਹੇ ਹਨ, ਜਿਸ ਨਾਲ ਇਹ ਢਾਂਚਾ ਹੋਰ ਵੀ ਸੁਧਰੇ ਰੂਪ ਵਿਚ ਸਾਹਮਣੇ ਆ ਸਕੇ। ਜਿਸ ਰਫ਼ਤਾਰ ਨਾਲ ਪੱਛਮੀ ਵਿਦਵਾਨ ਇਸ ਵਿਸ਼ੇ ਸੰਬੰਧੀ ਕੰਮ ਕਰ ਰਹੇ ਹਨ, ਉਸ ਤੋਂ ਨੇੜੇ ਦੇ ਭਵਿੱਖ ਵਿਚ ਹੀ ਇਸ ਸਮੱਸਿਆ ਦਾ ਹੱਲ ਲੱਭਣ ਦੀ ਆਸ ਹੈ।

### *ਟਿੱਪਣੀਆਂ*

1. The absence of a comprehensive grammar of Panjabi Language has also been a dead weight on the teaching of Punjabi." Panjabi Varsity News letter, "The Tribune", 14-12-67.
2. "We know that linguists have without doubt, provided us withmore facts and information about language in the past fifty years, than

all the philosophers and philologists of preceding five hundred years, yet few of these facts are to be found in the so called grammars." Owen Thomas, Page, 208-09.

3. "The first grammar of modern European Languages were written on the model of the medieval Latin Grammars." *Gleason, page 29.*
4. Leonard Bloomfild - page 6.
5. Noan Webster-Errors of Grammar-1798, New York.
6. He established and interpreted codes of "right" or "good" or "correct" language. The very use of such terms is repugnant to the modern linguist, since they imply value-judgement that are extraneous to the scientific descriptive function of his science." - *Einar Hangan.*
7. Louis Gray-Foundations of Language, page 169.
8. ਦੁਨੀ ਚੰਦ, page 154.
9. Traditional Grammarians have seldom stated how they determine the part of speech to which a word belongs." *Henry Gleason, Jr.*
10. Grierson on Punjabi, Language Department, Punjab, Patiala.--P, 13-16.
11. In my treatment of this subject [verbs] I have langaly followed. Kellogg..... Page 22.
12. Grammar and Dictionary of western Panjabi as spoken in the shahpur district with provers, sayings and verses. J. wilson, 1898, Lahore.
13. A Brief Grammar of Punjabi as spoken in the Wazirabad District- Rev. T. Grahame Bailey, Lahore, 1904.
14. Punjabi Manual and Grammar-Rev. Thomas F. Cummings & T. Grahame Bailey.

# 2

# ਪੰਜਾਬੀ ਵਾਕ-ਸੰਰਚਨਾ : ਨਕਾਰਨ ਪ੍ਰਕਿਰਿਆ

*ਭੂਮਿਕਾ :*

ਸੰਰਚਨਾ ਦੀ ਦ੍ਰਿਸ਼ਟੀ ਤੋਂ ਹਿੰਦੀ, ਉਰਦੂ, ਅੰਗ੍ਰੇਜ਼ੀ ਤੇ ਹੋਰ ਬਹੁਤ ਸਾਰੀਆਂ ਭਾਸ਼ਾਵਾਂ ਵਾਂਗ ਪੰਜਾਬੀ ਵਿਚ ਵੀ ਕਿਸੇ ਕਥਨ ਜਾਂ ਵਾਕ ਨੂੰ ਰੂਪੀਮ, ਸ਼ਬਦ ਜਾਂ ਵਾਕ ਦੀ ਪੱਧਰ ਤੇ ਨਕਾਰਾਤਮਕ ਬਣਾਇਆ ਜਾ ਸਕਦਾ ਹੈ। ਸ਼ਬਦ ਦੀ ਪੱਧਰ ਤੇ ਨਕਾਰਾਤਮਕ/ਅ-/, /ਅਨ-/, ਅਣ-/, /ਨਿਰ-/, ਦੁਰ-/, /ਬਦ-/, /ਕੁ-/ ਆਦਿ ਲਾ ਕੇ ਜਾਂ /ਹੀਨ-, ਹੀਣ-/ ਆਦਿ ਪਿਛੇਤਰ ਲਾ ਕੇ ਸ਼ਬਦਾਂ ਦਾ ਨਕਾਰਾਤਮਕ ਰੂਪ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਅਗੇਤਰ, ਪਿਛੇਤਰ ਲਾਉਣ ਤੋਂ ਬਿਨਾਂ ਬਹੁਤ ਸਾਰੇ ਸ਼ਬਦ ਅਜੇਹੇ ਹੁੰਦੇ ਹਨ, ਜਿਨ੍ਹਾਂ ਦਾ ਰੂਪ ਨਕਾਰਾਤਮਕ ਨਹੀਂ, ਜਾਂ ਕੋਈ ਅੰਸ਼ ਨਕਾਰਾਤਮਕਤਾ ਦਾ ਸੂਚਕ ਨਹੀਂ ਹੁੰਦਾ, ਪਰ ਉਨ੍ਹਾਂ ਦਾ ਅਰਥ ਜਾਂ ਮੁੱਲ ਨਕਾਰਾਤਮਕ ਹੀ ਸਮਝਿਆ ਜਾਂਦਾ ਹੈ :

ਪਾਸ : ਫੇਲ੍ਹ, ਚੰਗਾ : ਭੈੜਾ

ਇਹ ਸ਼ਬਦ ਆਪਣੇ ਭਾਵ ਅਤੇ ਵਰਤੋਂ ਦੀ ਦ੍ਰਿਸ਼ਟੀ ਤੋਂ ਹੀ ਨਕਾਰਾਤਮਕ ਲੱਗਦੇ ਹਨ :

(1) ਫ਼ੇਲ੍ਹ : ਜਿਹੜਾ ਪਾਸ ਨਹੀਂ

ਭੈੜਾ : ਜਿਹੜਾ ਚੰਗਾ ਨਹੀਂ।

ਪਰੰਤੂ ਤਰਕ ਦੀ ਦ੍ਰਿਸ਼ਟੀ ਤੋਂ ਇਸ ਕ੍ਰਮ ਨੂੰ ਉਲਟਾਇਆ ਵੀ ਜਾ ਸਕਦਾ ਹੈ :

ਪਾਸ : ਜਿਹੜਾ ਫ਼ੇਲ੍ਹ ਨਹੀਂ

ਇਸ ਲਈ ਅਜੇਹੇ ਸ਼ਬਦਾਂ ਨੂੰ ਉਸੇ ਵਿਚ ਸ਼ਾਮਿਲ ਨਹੀਂ ਕੀਤਾ ਜਾ ਸਕਦਾ, ਜਿਸ ਵਿਚ ਅਗੇਤਰ ਜਾਂ ਪਿਛੇਤਰ ਲਾ ਕੇ ਨਕਾਰਾਤਮਕ ਬਣਾਏ ਗਏ ਸ਼ਬਦ ਸ਼ਾਮਿਲ ਕੀਤੇ ਜਾਂਦੇ ਹਨ। ਇਹ ਅਧਿਐਨ ਵੀ ਬੜਾ ਰੌਚਕ ਹੋ ਸਕਦਾ ਹੈ ਕਿ ਇਹੋ ਜਿਹੇ ਸ਼ਬਦਾਂ ਦਾ ਮੁੱਲ ਹੀ ਕਿਉਂ ਨਕਾਰਾਤਮਕ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਵਾਕ-ਸੰਰਚਨਾ ਦੇ ਪੱਖੋਂ ਇਨ੍ਹਾਂ ਦੋਹਾਂ ਵਰਗਾਂ ਦੇ ਨਕਾਰਾਤਮਕ ਸ਼ਬਦਾਂ ਨੂੰ ਵਾਕ-ਪੱਧਰ ਦੇ ਅਰਥਾਂ ਨਾਲ ਵੀ ਜੁੜਿਆ ਵੇਖਿਆ ਜਾ ਸਕਦਾ ਹੈ :

(2) (ੳ) ਉਹ ਧਨੀ ਨਹੀਂ ਹੈ।

(ਅ) ਉਹ ਨਿਰਧਨ ਹੈ।

ਭਾਵੇਂ ਇਹ ਦੋਵੇਂ ਵਾਕ ਸਮਾਨਾਰਥਕ ਨਹੀਂ ਕਹੇ ਜਾ ਸਕਦੇ ਅਤੇ ਇਨ੍ਹਾਂ ਦੇ ਉਚਾਰ ਦਾ ਪ੍ਰਸੰਗ ਵੀ ਵਖਰਾ ਵਖਰਾ ਹੋਵੇਗਾ। ਪਰੰਤੂ, ਇਸ ਖੋਜ-ਪੱਤਰ ਵਿਚ ਨਕਾਰਨ-ਪ੍ਰਕਿਰਿਆ ਦਾ ਅਧਿਐਨ

ਵਾਕ-ਸੰਰਚਨਾ ਦੀ ਪੱਧਰ ਤੇ ਕੀਤਾ ਜਾਵੇਗਾ, ਸ਼ਬਦ ਜਾਂ ਰੂਪੀਮ ਦੀ ਪੱਧਰ ਤੇ ਨਹੀਂ। ਇਸ ਅਧਿਐਨ ਲਈ ਕੁਝ ਸਕਾਰਾਤਮਕ ਵਾਕ ਜਾਂ ਸਾਧਾਰਣ ਕਥਨ ਲੈ ਕੇ ਉਨ੍ਹਾਂ ਦੀ ਤੁਲਨਾ ਨਕਾਰਾਤਮਕ ਰੂਪਾਂ ਨਾਲ ਕੀਤੀ ਗਈ ਹੈ ਕਿ ਨਕਾਰਾਤਮਕ ਰੂਪ-ਵਟਾਂਦਰੇ ਨਾਲ ਵਾਕ ਦੀ ਸੰਰਚਨਾਤਮਕ ਪ੍ਰਕਿਰਿਆ ਤੇ ਅਰਥ-ਪਰਿਵਰਤਨ ਦਾ ਕੀ ਸੰਬੰਧ ਹੋਵੇਗਾ। ਸਤਹੀ ਸੰਰਚਨਾ ਦੇ ਪੱਖੋਂ ਤਾਂ ਇਹ ਨਕਾਰਨ ਪ੍ਰਕਿਰਿਆ ਵੀ ਪ੍ਰਸ਼ਨਵਾਚੀ ਜਾਂ ਕਰਮਵਾਚੀ ਰੂਪ-ਵਟਾਂਦਰੇ ਵਾਂਗ ਲਗਦੀ ਹੈ। ਲਗਦਾ ਹੈ ਜੇ ਕਿਸੇ ਵੀ ਸਾਧਾਰਣ ਵਾਕ ਵਿਚ ਨਕਾਰਾਤਮਕ ਤੱਤ ਜੋੜ ਦਿੱਤਾ ਜਾਵੇ ਤਾਂ ਅਰਥ-ਪਰਿਵਰਤਨ ਹੋ ਜਾਵੇਗਾ, ਪਰ ਇਸ ਤੋਂ ਬਿਨਾ ਇਸ ਪ੍ਰਕਿਰਿਆ ਦੇ ਹੋਰ ਵੀ ਸੰਰਚਨਾਤਮਕ ਸਿੱਟੇ ਨਿਕਲਦੇ ਹਨ। ਦੂਸਰੇ ਪ੍ਰਸ਼ਨਵਾਚੀ ਤੇ ਕਰਮਵਾਚੀ ਆਦਿ ਪ੍ਰਕਿਰਿਆਵਾਂ ਇੰਨੀਆਂ ਆਮ ਨਹੀਂ ਵਾਪਰਦੀਆਂ ਜਿਵੇਂ ਕਿ ਕਿਸੇ ਭਾਸ਼ਾ ਵਿਚ ਨਕਾਰਨ-ਪ੍ਰਕਿਰਿਆ ਵਾਪਰਦੀ ਹੈ।

## ਅਰਥ-ਵਿਗਿਆਨ ਦੀ ਦ੍ਰਿਸ਼ਟੀ ਤੋਂ ਨਕਾਰਨ-ਪ੍ਰਕਿਰਿਆ :

ਅਰਥ-ਵਿਗਿਆਨ ਦੀ ਦ੍ਰਿਸ਼ਟੀ ਤੋਂ ਨਕਾਰਾਤਮਕ ਕਥਨ ਜਾਂ ਵਾਕ ਉਹ ਹੈ, ਜਿਸਦਾ ਆਪਣਾ ਪ੍ਰਸਤਾਵ ਕਿਸੇ ਹੋਰ ਵਾਕ ਵਿਚਲੇ ਪ੍ਰਸਤਾਵ ਨੂੰ ਨਕਾਰਦਾ ਹੈ। ਇਸੇ ਤਰ੍ਹਾਂ ਤਰਕ ਦੀ ਦ੍ਰਿਸ਼ਟੀ ਤੋਂ ਵੀ ਨਕਾਰਾਤਮਕ ਕਥਨ ਵਿਚਲਾ ਪ੍ਰਸਤਾਵ ਆਪਣੇ ਆਪ ਹੀ ਕਿਸੇ ਹੋਰ ਪ੍ਰਸਤਾਵ ਦੇ ਵਿਰੋਧੀ ਅਰਥ ਪ੍ਰਗਟਾਉਂਦਾ ਜਾਂ ਉਸਦਾ ਖੰਡਨ ਕਰ ਰਿਹਾ ਹੁੰਦਾ ਹੈ। ਜੇ ਇਕ ਕਥਨ ਝੂਠ ਹੈ ਤਾਂ ਸਿੱਟੇ ਵਜੋਂ ਵਿਰੋਧੀ ਕਥਨ ਆਪਣੇ ਆਪ ਸੱਚ ਹੋਵੇਗਾ। ਇਸ ਲਈ ਕਿਸੇ ਵੀ ਨਕਾਰਾਤਮਕ ਕਥਨ ਦੀ ਵਿਆਖਿਆ ਜਾਂ ਅਰਥ-ਪ੍ਰਕਾਸ਼ ਹੋਵੇਗਾ।

"ਇਹ ਸੱਚ ਨਹੀਂ ਕਿ ...।" ਇਸ ਤਰ੍ਹਾਂ ਟ੍ਰਾਂਸਫਾਰਮੇਸ਼ਨਲ ਸਕੂਲ ਦੀ ਦ੍ਰਿਸ਼ਟੀ ਤੋਂ ਵੀ ਨਕਾਰਾਤਮਕ ਵਾਕ ਦੀ ਪਰਿਭਾਸ਼ਾ ਇਹ ਹੋਵੇਗੀ ਕਿ : ਉਹ ਹੀ ਵਾਕ ਨਕਾਰਾਤਮਕ ਹੋ ਸਕਦਾ ਹੈ, ਜਿਸਦੀ ਗਹਿਨ ਸੰਰਚਨਾ (deep structure) ਵਿਚ ਨਕਾਰਾਤਮਕ ਤੱਤ ਵਾਕ-ਤੱਤਾਂ ਦੇ ਕ੍ਰਮ ਦੇ ਸਭ ਤੋਂ ਖੱਬੇ ਪਾਸੇ ਆ ਕੇ ਉਸ ਵਾਕ ਵਿਚਲੇ ਪ੍ਰਸਤਾਵ ਦੇ ਅਰਥਾਂ ਨੂੰ ਬਦਲਦਾ ਜਾਂ ਪ੍ਰਭਾਵਿਤ ਕਰਦਾ ਹੈ। (Seuren, 1969 : 159)

ਅਰਥ-ਵਿਗਿਆਨ ਦੀ ਦ੍ਰਿਸ਼ਟੀ ਤੋਂ ਵੇਖਣ ਵਾਲੀ ਗੱਲ ਇਹ ਹੈ ਕਿ ਨਕਾਰਾਤਮਕ-ਤੱਤ ਦੀ ਹੋਂਦ ਕਥਨ ਵਿਚਲੇ ਪੂਰੇ ਦੇ ਪੂਰੇ ਪ੍ਰਸਤਾਵ ਦਾ ਖੰਡਨ ਨਹੀਂ ਕਰਦੀ, ਇਹ ਖੰਡਨ ਹਮੇਸ਼ਾ ਆਂਸ਼ਿਕ ਹੀ ਹੋ ਸਕਦਾ ਹੈ।

ਕਿਸੇ ਵੀ ਵਾਕ ਜਾਂ ਕਥਨ ਦਾ ਉਚਾਰ ਕਦੇ ਪ੍ਰਸੰਗਹੀਣ ਸਥਿਤੀ ਵਿਚ ਨਹੀਂ ਹੁੰਦਾ, ਭਾਵੇਂ ਉਚਾਰ ਦਾ ਪ੍ਰਸੰਗ ਨਿਰੋਲ ਭਾਸ਼ਾਈ ਸੰਦਰਭ ਹੋਵੇ ਜਾਂ ਬਾਹਰੀ ਭੌਤਿਕ ਜਾਂ ਵਕਤੇ ਦੀ ਮਾਨਸਕ ਦੁਨੀਆਂ ਦਾ ਸੰਦਰਭ ਹੋਵੇ। ਇਸ ਲਈ ਕਿਸੇ ਕਥਨ ਜਾਂ ਵਾਕ ਨੂੰ ਸਮਝਣ ਦੀ ਵਿਧੀ ਵੀ ਇਹੀ ਹੋ ਸਕਦੀ ਹੈ ਕਿ ਉਸ ਦੇ ਉਚਾਰ-ਪ੍ਰਸੰਗ ਨੂੰ ਗਹੁ ਨਾਲ ਵੇਖੀਏ। ਇਹ ਉਚਾਰ-ਪ੍ਰਸੰਗ ਸਾਡੇ ਸਾਹਮਣੇ ਉਸ ਸਥਿਤੀ ਦੀਆਂ ਪੂਰਵ-ਧਾਰਣਾਵਾਂ ਦੇ ਰੂਪ ਵਿਚ ਹੀ ਆਵੇਗਾ। ਉਦਾਹਰਣ ਦੇ ਤੌਰ ਤੇ :

(3) (ੳ) ਦਰਵਾਜ਼ਾ ਬੰਦ ਕਰ ਦਿਓ

ਵਾਕ ਦੀਆਂ ਹੇਠ ਲਿਖੀਆਂ ਕੁਝ ਪੂਰਵ-ਧਾਰਣਾਵਾਂ ਹੋ ਸਕਦੀਆਂ ਹਨ, ਜੋ ਸਮੁੱਚੇ ਤੌਰ ਤੇ ਰਲ ਕੇ ਉਸ ਵਾਕ ਦੇ ਉਚਾਰ ਦਾ ਪ੍ਰਸੰਗ ਬਣਾਉਂਦੀਆਂ ਹਨ, ਜਿਸ ਸਥਿਤੀ ਵਿਚ ਤੇ ਪ੍ਰਸੰਗ ਨੂੰ ਮੁੱਖ ਰੱਖ ਕੇ ਵਕਤੇ ਨੇ ਉਹ ਵਾਕ ਉਚਾਰਿਆ ਹੈ :

(ਅ) ਵਕਤੇ ਤੇ ਸ੍ਰੋਤੇ ਦੇ ਪਰਸਪਰ ਸੰਬੰਧ ਅਜੇਹੇ ਹਨ, ਜਿਨ੍ਹਾਂ ਅਨੁਸਾਰ ਵਕਤਾ ਸ੍ਰੋਤੇ ਨੂੰ ਅਜੇਹੇ ਹੁਕਮ ਦੇ ਸਕਦਾ ਜਾਂ ਬੇਨਤੀ ਕਰ ਸਕਦਾ ਹੈ,

(ੲ) ਸ੍ਰੋਤਾ ਅਜੇਹੀ ਸਥਿਤੀ ਵਿਚ ਹੈ ਕਿ ਉਹ ਦਰਵਾਜ਼ਾ ਬੰਦ ਕਰ ਸਕਦਾ ਹੈ,

(ਸ) ਇਸ ਕਥਨ ਵਿਚਲਾ "ਦਰਵਾਜ਼ਾ" ਵਕਤੇ ਤੇ ਸ੍ਰੋਤੇ ਲਈ ਇਕ ਹੀ ਹੈ,

(ਹ) ਕਥਨ ਦੇ ਉਚਾਰ ਸਮੇਂ ਉਹ ਦਰਵਾਜ਼ਾ ਖੁਲ੍ਹਾ ਹੈ,

(ਕ) ਵਕਤਾ ਚਾਹੁੰਦਾ ਹੈ ਕਿ ਕਿਸੇ ਕਾਰਨ ਉਹ "ਦਰਵਾਜ਼ਾ" ਬੰਦ ਕਰ ਦਿੱਤਾ ਜਾਵੇ।

(Fillmore, 1971: 275-76)

ਕਥਨ ਜਾਂ ਵਾਕ ਦੀਆਂ ਉਪਰੋਕਤ ਪੂਰਵ-ਧਾਰਣਾਵਾਂ ਕਿਸੇ ਭਾਸ਼ਾ-ਵਿਗਿਆਨੀ ਦੀ ਨਿਰੋਲ ਕਲਪਨਾ ਦੀ ਉਪਜ ਨਹੀਂ, ਸਗੋਂ ਵਾਕ-ਸੰਰਚਨਾ ਦੇ ਵਖ ਵਖ ਤੱਤਾਂ ਵਿਚ ਨਿਹਿਤ (inherent) ਹਨ। ਜਿਵੇਂ (ਅ) ਵਿਚ ਦਿੱਤੀ ਪੂਰਵ-ਧਾਰਣਾ ਵਾਕ ਦੇ ਹੁਕਮਵਾਚੀ-ਰੂਪ ਰਾਹੀਂ ਵਿਅਕਤ ਹੁੰਦੀ ਹੈ। ਸਪਸ਼ਟ ਹੈ ਕਿ ਵਕਤਾ ਕੋਈ ਹੁਕਮ ਦੇ ਰਿਹਾ ਹੈ ਅਤੇ ਪ੍ਰਤਿਕਰਮ ਵਜੋਂ ਕੰਮ ਦੇ ਹੋਣ ਦੀ ਆਸ ਰਖਦਾ ਹੈ, ਸਿਰਫ ਕਥਨ ਜਾਂ ਬਿਆਨ ਨਹੀਂ ਦੇ ਰਿਹਾ। ਅਗੋਂ ਇਸ ਹੁਕਮਵਾਚੀ ਵਾਕ ਦੇ ਵੱਖ-ਵੱਖ ਰੂਪ ਸ੍ਰੋਤੇ ਤੇ ਵਕਤੇ ਦੇ ਸੰਬੰਧ ਵੀ ਨਿਸ਼ਚਿਤ ਕਰਦੇ ਹਨ ਕਿ ਇਹ ਹੁਕਮ ਹੈ ਜਾਂ ਬੇਨਤੀ, ਆਦਰ-ਸੂਚਕ ਹੈ, ਨਿਮਰਤਾ ਭਰਪੂਰ ਹੈ, ਕਰੜਾ ਹੁਕਮ ਹੈ ਜਾਂ ਕੇਵਲ ਸੁਝਾਉ ਮਾਤਰ ਹੈ :

(3) (ਅ) ਕ੍ਰਿਪਾ ਕਰਕੇ ਦਰਵਾਜ਼ਾ ਬੰਦ ਕਰ ਦਿਓ

(ੲ) ਤੂੰ ਦਰਵਾਜ਼ਾ ਬੰਦ ਕਰ ਦੇ

ਉਪਰੋਕਤ ਵਾਕ ਵਿਚ ਨਕਾਰਾਤਮਕ ਤੱਤ ਜੋੜਨ ਨਾਲ ਸਿਰਫ਼ ਇਕ ਹੀ ਪੂਰਵ-ਧਾਰਣਾ ਦਾ ਨਕਾਰਨ ਜਾਂ ਖੰਡਨ ਹੋਵੇਗਾ, ਸਾਰੀਆਂ ਦਾ ਨਹੀਂ। ਇਸ ਅਰਥ-ਦ੍ਰਿਸ਼ਟੀ ਤੋਂ ਨਕਾਰਨ-ਪ੍ਰਕਿਰਿਆ ਕਦੇ ਸੰਪੂਰਨ ਨਹੀਂ ਹੁੰਦੀ, ਸਗੋਂ ਆਂਸ਼ਿਕ ਜਾਂ ਖੰਡੀ ਹੁੰਦੀ ਹੈ, ਜਿਸ ਵਿਚ ਬਾਕੀ ਦਾ ਪ੍ਰਸੰਗ, ਵਾਕ-ਸੰਰਚਨਾ ਦੇ ਦੂਸਰੇ ਤੱਤ ਅਤੇ ਪੂਰਵ-ਧਾਰਣਾਵਾਂ ਇਸ ਪ੍ਰਕਿਰਿਆ ਤੋਂ ਅਭਿੱਜ ਰਹਿੰਦੀਆਂ ਹਨ। ਉਪਰੋਕਤ ਵਾਕ (3, ੳ) ਦਾ ਨਕਾਰਾਤਮਕ ਰੂਪ ਵੇਖੀਏ :

(3) (ਸ) ਦਰਵਾਜ਼ਾ ਬੰਦ ਨ ਕਰੋ

ਇਸ ਵਾਕ ਦੀਆਂ ਬਾਕੀ ਸਾਰੀਆਂ ਪੂਰਵ-ਧਾਰਣਾਵਾਂ ਤੇ ਉਚਾਰ ਦਾ ਸਮੁੱਚਾ ਪ੍ਰਸੰਗ ਉਹੀ ਰਹੇਗਾ, ਸਿਰਫ ਇਕ ਹੀ ਪੂਰਵ-ਧਾਰਣਾ (ਕ) ਦਾ ਨਕਾਰ ਹੁੰਦਾ ਹੈ : "ਵਕਤਾ ਚਾਹੁੰਦਾ ਹੈ ਕਿ ਦਰਵਾਜ਼ਾ ਬੰਦ ਨ ਕੀਤਾ ਜਾਵੇ।"

ਨਕਾਰਾਤਮਕ ਤੇ ਸਕਾਰਾਤਮਕ ਵਾਕਾਂ ਦਾ ਜੋੜਾ ਵੇਖਣ ਤੋਂ ਪਤਾ ਲੱਗਦਾ ਕਿ ਕੇਵਲ ਨਕਾਰਾਤਮਕ ਤੱਤ ਸ਼ਾਮਿਲ ਕਰਨ ਨਾਲ ਵਾਕ ਦਾ ਰੂਪ-ਵਟਾਂਦਰਾ ਹੋ ਗਿਆ। ਪਰ ਇਨ੍ਹਾਂ ਦੇ ਵਿਆਕਰਣਕ ਸੰਬੰਧ ਇੰਨੇ ਸਾਦੇ ਤੇ ਇਕ ਦਿਸ਼ਾਈ ਨਹੀਂ, ਜਿਵੇਂ ਸਤਹੀ ਸੰਰਚਨਾ ਵਿਚ ਨਜ਼ਰ ਆਉਂਦੇ ਹਨ। ਨਕਾਰਨ ਪ੍ਰਕਿਰਿਆ ਦਾ ਅਰਥ ਕੇਵਲ ਨਕਾਰਾਤਮਕ ਤੱਤ ਦਾ ਸ਼ਾਮਿਲ ਕਰਨਾ ਹੀ ਨਹੀਂ, ਕਿਉਂਕਿ :

(ੳ) ਨਕਾਰਾਤਮਕ ਤੱਤ ਬਲ-ਵਿਧੀ ਤੱਤ ਵਾਂਗ ਸੁਤੰਤਰ ਹੈ ਅਤੇ ਕਿਸੇ ਵੀ ਵਾਕਾਂਸ਼ ਨਾਲ ਜੋੜਿਆ ਜਾ ਸਕਦਾ ਹੈ, ਪਰ ਇਸਦੇ ਸਥਾਨ ਦਾ ਬਹੁਤ ਅਰਥ-ਮਹੱਤਵ ਹੈ, ਕਿਉਂਕਿ ਇਸ ਤੱਤ ਦੀ ਸਥਾਨ-ਬਦਲੀ ਨਾਲ ਅਰਥ-ਮਹੱਤਵ ਹੈ, ਕਿਉਂਕਿ ਇਸ ਤੱਤ ਦੀ ਸਥਾਨ-ਬਦਲੀ ਨਾਲ ਅਰਥ-ਪਰਿਵਰਤਨ ਵੀ ਪੈਦਾ ਹੋਵੇਗਾ। ਇੱਕੋ ਵਾਕ ਵਿਚ ਇਸ ਤੱਤ ਦੀ ਸਥਾਨ-ਬਦਲੀ ਨਾਲ ਵਾਕ ਦੇ ਦੋਵੇਂ ਰੂਪ ਸਮਾਨਾਰਥਕ ਨਹੀਂ ਰਹਿ ਸਕਦੇ। ਇਸ ਲਈ ਕਿਸੇ ਭਾਸ਼ਾ-ਸੰਰਚਨਾ ਦੀ ਯੋਗ ਵਿਆਖਿਆ ਲਈ ਜ਼ਰੂਰੀ ਹੈ ਕਿ ਇਹ ਵੀ ਦਰਸਾਇਆ ਜਾਵੇ ਕਿ ਇਹ ਨਕਾਰਾਤਮਕ ਤੱਤ ਵਾਕ ਵਿਚ ਕਿਥੇ ਕਿਥੇ ਆ ਸਕਦੇ ਹਨ ਅਤੇ ਇਨ੍ਹਾਂ ਦੀ ਸਥਾਨ-ਬਦਲੀ ਦਾ ਅਰਥਾਂ ਤੇ ਕੀ ਪ੍ਰਭਾਵ

ਪੈਂਦਾ ਹੈ। ਇਸ ਤਰ੍ਹਾਂ ਨਕਾਰਾਤਮਕ ਤੱਤ ਦੀ ਸਥਾਨ-ਬਦਲੀ ਦੇ ਨਾਲ ਇਨ੍ਹਾਂ ਦਾ ਪ੍ਰਭਾਵ-ਖੇਤਰ ਨਿਸ਼ਚਿਤ ਕਰਨਾ ਵੀ ਜ਼ਰੂਰੀ ਹੈ। (Seuren, 1969 : 94-95)

(ਅ) ਦੂਸਰੇ ਕਿਸੇ ਸਾਧਾਰਣ ਵਾਕ ਵਿਚ ਨਕਾਰਾਤਮਕ ਤੱਤ ਜੋੜਨ ਨਾਲ ਉਸ ਵਾਕ ਵਿਚ ਕੁਝ ਪਰਾ-ਅਰਥਕ (post-semantic) ਪ੍ਰਕਿਰਿਆਵਾਂ ਆਰੰਭ ਹੋ ਜਾਂਦੀਆਂ ਹਨ, ਜਿਨ੍ਹਾਂ ਨਾਲ ਵਾਕ ਦੇ ਦੂਸਰੇ ਤੱਤਾਂ ਤੇ ਵੀ ਪ੍ਰਭਾਵ ਪੈਂਦਾ ਹੈ। ਇਸ ਦੇ ਉਦਾਹਰਣ ਤੇ ਵਿਸਥਾਰ ਵਿਚ ਵਿਚਾਰ ਸਾਧਾਰਣ ਵਾਕ ਵਿਚ ਨਕਾਰਨ-ਪ੍ਰਕਿਰਿਆ ਦੇ ਪ੍ਰਸੰਗ ਵਿਚ ਅੱਗੇ ਜਾ ਕੇ ਵੇਖਾਂਗੇ।

**ਸਾਧਾਰਣ ਵਾਕ ਵਿਚ ਨਕਾਰਨ-ਪ੍ਰਕਿਰਿਆ :**

ਇਸੇ ਸਾਧਾਰਣ ਵਾਕ ਦਾ ਅਰਥ ਹੈ, ਅਜੇਹੇ ਸਾਧਾਰਣ ਬਿਆਨੀਆ ਵਾਕ ਜਿਨ੍ਹਾਂ ਵਿਚ ਵਕਤਾ ਕੋਈ ਹੁਕਮ ਨਹੀਂ ਦੇ ਰਿਹਾ ਤੇ ਨਾ ਹੀ ਕੋਈ ਪ੍ਰਸ਼ਨ ਪੁੱਛ ਰਿਹਾ ਹੈ। ਹੁਕਮਵਾਚੀ ਤੇ ਪ੍ਰਸ਼ਨਵਾਚੀ ਵਾਕਾਂ ਵਿਚ ਨਕਾਰਨ ਪ੍ਰਕਿਰਿਆ ਬਾਰੇ ਵਿਚਾਰ ਅੱਗੇ ਸੈਕਸ਼ਨ (4.0, 5.0) ਵਿਚ ਕੀਤਾ ਜਾਵੇਗਾ। ਦੂਸਰੇ ਸਾਧਾਰਣ ਵਾਕ ਦਾ ਭਾਵ ਹੈ ਜਿਸ ਵਿਚ ਇੱਕੋ ਉਪਵਾਕ ਹੋਵੇ, ਅਰਥਾਤ ਉਹ ਮਿਸ਼੍ਰਿਤ ਜਾਂ ਜਟਿਲ ਵਾਕ ਨ ਹੋਵੇ। ਸਤਹੀ ਸੰਰਚਨਾ ਦੀ ਦ੍ਰਿਸ਼ਟੀ ਤੋਂ ਨਕਾਰਾਤਮਕ ਵਾਕ ਉਹ ਹੈ, ਜਿਸ ਵਿਚ ਨਕਾਰ-ਤੱਤ ਹਾਜ਼ਿਰ ਹੋਵੇ ਅਤੇ ਸਕਾਰਾਤਮਕ ਵਾਕ ਵਿਚ ਇਹ ਤੱਤ ਗ਼ੈਰ-ਹਾਜ਼ਿਰ ਹੁੰਦਾ ਹੈ। ਇਸੇ ਕਾਰਨ ਸਾਡੇ ਵਿਆਕਰਣਕਾਰਾਂ ਤੇ ਭਾਸ਼ਾ-ਵਿਗਿਆਨੀਆਂ ਨੂੰ ਅੱਜ ਤਕ ਇਹ ਪ੍ਰਕਿਰਿਆ ਨਿਰਮੂਲ ਜੇਹੀ ਲਗਦੀ ਰਹੀ ਹੈ ਅਤੇ ਕੋਈ ਵਿਸਤ੍ਰਿਤ ਅਧਿਐਨ ਜਾਂ ਖੋਜ ਦੀ ਲੋੜ ਨਹੀਂ ਸਮਝੀ ਗਈ। ਪਰ, ਵਾਸਤਵ ਵਿਚ ਇਸ ਤੱਤ ਦੀ ਹਾਜ਼ਰੀ/ਸ਼ਮੂਲੀਅਤ ਨਾਲ ਵਾਕ ਵਿਚ ਹੋਰ ਪਰਿਵਰਤਨ ਵੀ ਆਉਂਦੇ ਹਨ :

(4) (ੳ) ਉਹ ਜਾ ਰਿਹਾ ਹੈ

(ਅ) ਉਹ <u>ਨਹੀਂ</u> ਜਾ ਰਿਹਾ [ ]

(5) (ੳ) ਉਹ ਆਪਣੇ ਘਰ ਹੈ

(ਅ) ਉਹ ਆਪਣੇ ਘਰ <u>ਨਹੀਂ</u> [ ]

ਇਸ ਤੱਤ ਦੇ ਸ਼ਾਮਿਲ ਕਰਨ ਨਾਲ ਉਪਰੋਕਤ ਵਾਕ (4. ਅ) ਤੇ (5. ਅ) ਦੋਹਾਂ ਵਿਚ ਸਹਾਇਕ-ਕਿਰਿਆ ਸਤਹੀ ਸੰਰਚਨਾ ਵਿੱਚੋਂ, ਜਾਂ ਪਰੋਖ ਰੂਪ ਵਿਚ ਲੋਪ ਹੋ ਗਈ। ਉਦਾਹਰਣ (5. ੳ) ਵਿਚ ਤਾਂ ਸਹਾਇਕ-ਕਿਰਿਆ/ਹੈ/ ਹੀ ਮੁੱਖ-ਕਿਰਿਆ ਦਾ ਕਾਰਜ ਕਰਦੀ ਸੀ ਅਤੇ (5.ਅ) ਬਿਲਕੁਲ ਹੀ ਕਿਰਿਆ-ਹੀਣ ਹੋ ਗਿਆ। ਪੰਜਾਬੀ ਵਿਚ ਅਜੇਹੇ ਬਹੁਤ ਸਾਰੇ ਉਦਾਹਰਣ ਮਿਲ ਜਾਣਗੇ, ਜਿਥੇ ਕਿਰਿਆ /ਹੈ/ (to be) ਲੋਪ ਹੋ ਜਾਂਦੀ ਹੈ ਅਤੇ ਨਕਾਰਾਤਮਕ ਤੱਤ ਹੀ ਕਿਰਿਆ ਦਾ ਕੰਮ ਸਾਰਦਾ ਹੈ :

(6) (ੳ) ਇਹ ਸੱਚ ਹੈ

(ਅ) ਇਹ ਸੱਚ <u>ਨਹੀਂ</u> [ ]

(7) (ੳ) ਰੱਬ ਹੈ

(ਅ) ਰੱਬ <u>ਨਹੀਂ</u> [ ]

(8) (ੳ) ਪਰਮਜੀਤ ਮੇਰਾ ਦੋਸਤ ਹੈ

(ਅ) ਪਰਮਜੀਤ ਮੇਰਾ ਦੋਸਤ <u>ਨਹੀਂ</u> [ ]

ਜਿਨ੍ਹਾਂ ਵਾਕਾਂ ਵਿਚ ਸਹਾਇਕ-ਕਿਰਿਆ ਜਾਂ ਵਾਕ ਦੇ ਅੰਗਾਂ : ਉਦੇਸ਼ ਤੇ ਵਿਧੇਅ ਨੂੰ, ਜੋੜਨ ਦਾ ਕੰਮ ਕਰਦੀ ਹੈ, ਉਥੇ ਨਕਾਰਾਤਮਕ ਤੱਤ ਦੇ ਸ਼ਾਮਿਲ ਹੋਣ ਨਾਲ ਇਹ ਕਿਰਿਆ ਲੋਪ ਹੋ ਜਾਂਦੀ ਹੈ। ਪਰ, ਇਸ ਕਿਰਿਆ-ਲੋਪ ਸਥਿਤੀ ਦੀ ਇਕ ਸ਼ਰਤ ਇਹ ਵੀ ਹੈ ਕਿ ਵਾਕ ਦਾ "ਕਾਲ ਰੂਪ" ਸੂਚਕ ਨਹੀਂ, ਅਰਥਾਤ ਕਾਲ ਅਵਿਸ਼ੇਸ਼ ਹੈ, ਭੂਤ ਜਾਂ ਭਵਿੱਖ ਲਈ ਅੰਕਿਤ ਨਹੀਂ ਹੈ। ਇਸੇ ਤਰ੍ਹਾਂ ਨਕਾਰਾਤਮਕ ਤੇ ਸਕਾਰਾਤਮਕ ਵਾਕਾਂ ਦੇ ਕੁਝ ਹੋਰ ਜੋੜ ਵੇਖੀਏ :

(9) (ੳ) ਉਹ ਘਰ ਚਲਾ ਗਿਆ

(ਅ) ਉਹ ਘਰ <u>ਨਹੀਂ</u> ਗਿਆ [ ]

(10) (ੳ) ਉਹ ਸਵਖਤੇ ਉੱਠ ਬੈਠੀ

(ਅ) ਉਹ ਸਵਖਤੇ <u>ਨਹੀਂ</u> ਉੱਠੀ [ ]

ਸਾਧਾਰਣ ਬਿਆਨੀਆਂ ਵਾਕਾਂ ਵਿਚ ਨਕਾਰਾਤਮਕ ਤੱਤ ਸ਼ਾਮਿਲ ਕਰਨ ਨਾਲ ਜਟਿਲ ਕਿਰਿਆ-ਰੂਪ ਦਾ ਰੂਪਾਂਤਰਣ/ਸਾਧਾਰਣ ਕਿਰਿਆ-ਰੂਪ ਨਾਲ ਹੋ ਜਾਂਦਾ ਹੈ, ਕਿਰਿਆ-ਵਾਕਾਂਸ਼ ਦੇ ਕੁਝ ਅੰਸ਼ ਲੋਪ ਹੋ ਜਾਂਦੇ ਹਨ। ਸਿਰਫ਼ ਮੁੱਖ-ਕਿਰਿਆ ਬਾਕੀ ਰਹਿ ਜਾਂਦੀ ਹੈ। ਪੰਜਾਬੀ ਵਿਚ ਕਿਰਿਆ-ਤੱਤਾਂ ਦਾ ਇਕ ਛੋਟਾ ਜੇਹਾ ਵਰਗ ਹੈ, ਇਸ ਵਰਗ ਦੇ ਕਿਰਿਆ-ਰੂਪ ਮੁੱਖ-ਕਿਰਿਆ ਦੇ ਨਾਲ ਆ ਕੇ, ਉਸਦੇ ਅਰਥਾਂ ਵਿਚ ਬਲ-ਵ੍ਰਿਧੀ ਕਰਦੇ ਹਨ। ਇਹ ਮੁੱਖ-ਕਿਰਿਆ ਤੋਂ ਪਹਿਲਾਂ ਜਾਂ ਪਿੱਛੋਂ ਆਉਂਦੇ ਹਨ। ਇਨ੍ਹਾਂ ਦਾ ਕਾਰਜ ਕੇਵਲ ਬਲ-ਵ੍ਰਿਧੀ ਕਰਨਾ ਹੀ ਹੈ ਅਤੇ ਮੁੱਖ-ਕਿਰਿਆ ਦੇ ਮੂਲ-ਅਰਥਾਂ ਵਿਚ ਕੋਈ ਪਰਿਵਰਤਨ ਨਹੀਂ ਲਿਆਉਂਦੇ (Gill & Gleason, 1962 : 205)। ਇਸ ਦਾ ਕਾਰਨ ਇਹ ਹੈ ਕਿ ਨਕਾਰਾਤਮਕ ਵਾਕ ਵਿਚ ਤਾਂ ਵਕਤਾ ਆਪਣੇ ਬਿਆਨ ਵਿਚਲੇ ਪ੍ਰਸਤਾਵ ਦਾ ਹੀ ਨਿਸ਼ੇਧ ਕਰ ਰਿਹਾ ਹੁੰਦਾ ਹੈ, ਇਸ ਲਈ ਉਸਨੂੰ ਕਿਰਿਆ ਦੇ ਬਲਵਾਨ ਰੂਪ ਦੀ ਲੋੜ ਨਹੀਂ ਪੈਂਦੀ। ਸਿੱਟੇ ਵਜੋਂ ਬਲ-ਵ੍ਰਿਧੀ ਵਾਲੇ ਕਿਰਿਆ-ਤੱਤ ਲੋਪ ਹੋ ਜਾਂਦੇ ਹਨ।

## ਨਕਾਰਾਤਮਕ ਤੱਤ ਦਾ ਪ੍ਰਭਾਵ-ਖੇਤਰ :

ਨਕਾਰਾਤਮਕ ਤੱਤ ਦੇ ਪ੍ਰਭਾਵ-ਖੇਤਰ ਦਾ ਅਰਥ ਹੈ ਕਿ ਵਾਕ ਦੇ ਕਿਹੜੇ ਵਾਕਾਂਸ਼ ਜਾਂ ਤੱਤ ਉਸ ਦੇ ਪ੍ਰਭਾਵ ਅਧੀਨ ਆਉਂਦੇ ਹਨ ਜਿਨ੍ਹਾਂ ਦੇ ਅਰਥਾਂ ਵਿਚ ਨਿਸ਼ੇਧ ਹੁੰਦਾ ਹੈ। ਭਾਸ਼ਾ ਦੇ ਉਚਾਰ ਸਮੇਂ ਤਾਂ ਇਸ ਤੱਤ ਦਾ ਪ੍ਰਭਾਵ-ਖੇਤਰ ਸੁਰ-ਲਹਿਰ ਨਾਲ ਅੰਕਿਤ ਹੋ ਜਾਂਦਾ ਹੈ :

(11) (ੳ) ਮੈਂ ਨਹੀਂ ਜਾਵਾਂਗਾ

(ਅ) ਮੈਂ <u>ਨਹੀਂ ਜਾਵਾਂਗਾ</u> [ਕੋਈ ਹੋਰ ਜਾਵੇਗਾ]

(ੲ) ਮੈਂ <u>ਨਹੀਂ ਜਾਵਾਂਗਾ</u> [ਇੱਥੇ ਹੀ ਰਹਾਂਗਾ]

ਨਕਾਰਨ ਤੱਤ ਦੇ ਨਾਲ ਜਿਹੜੇ ਤੱਤ ਤੇ ਵਿਸ਼ੇਸ਼ ਬਲ ਦਿੱਤਾ ਗਿਆ ਹੋਵੇ, ਉਸ ਦਾ ਨਿਸ਼ੇਧ ਕੀਤਾ ਜਾ ਰਿਹਾ ਹੁੰਦਾ ਹੈ। ਇਸ ਤੱਤ ਦਾ ਪ੍ਰਭਾਵ-ਖੇਤਰ ਨਿਸ਼ਚਿਤ ਕਰਨ ਲਈ ਅਤੇ ਵਿਸ਼ੇਸ਼ ਤੌਰ ਤੇ ਅੰਕਿਤ ਕਰਨ ਲਈ ਪੰਜਾਬੀ ਭਾਸ਼ਾ ਵਕਤੇ ਨੂੰ ਇਕ ਹੋਰ ਵਿਧੀ ਵੀ ਪ੍ਰਦਾਨ ਕਰਦੀ ਹੈ। ਜਿਹੜੇ ਵਾਕਾਂਸ਼ ਜਾਂ ਵਾਕ-ਤੱਤ ਦਾ ਨਿਸ਼ੇਧ ਕਰਨਾ ਹੋਵੇ, ਉਸਦੇ ਨਾਲ ਬਲ-ਵ੍ਰਿਧੀ ਦਾ ਤੱਤ ਲਾਇਆ ਜਾ ਸਕਦਾ ਹੈ, ਜਿਵੇਂ ਕਿਰਿਆ ਦੇ ਨਿਸ਼ੇਧ ਲਈ :

(11) (ਸ) ਮੈਂ <u>ਜਾਵਾਂਗਾ ਈ ਨਹੀਂ</u>

(ਹ) <u>ਮੈਂ ਵੀ ਨਹੀਂ</u> ਜਾਵਾਂਗਾ

(12) (ੳ) ਮੈਂ ਹੋਰ <u>ਖਾ ਈ ਨਹੀਂ</u> ਸਕਦਾ

ਇਸ ਨੁਕਤੇ ਨੂੰ ਸਪੱਸ਼ਟ ਕਰਨ ਲਈ ਪੰਜਾਬੀ ਦੀ ਅੰਗ੍ਰੇਜ਼ੀ ਵਾਕ-ਸੰਰਚਨਾ ਨਾਲ ਤੁਲਨਾ ਬੜੀ ਲਾਹੇਵੰਦ ਹੋਵੇਗੀ। ਅੰਗ੍ਰੇਜ਼ੀ ਦੀ ਵਾਕ-ਸੰਰਚਨਾ ਅਨੁਸਾਰ ਨਕਾਰਾਤਮਕ-ਤੱਤ ਦਾ ਪ੍ਰਭਾਵ-ਖੇਤਰ ਵਿਚ ਤੱਤ ਤੋਂ ਲੈ ਕੇ ਉਸੇ ਉਪਵਾਕ ਦੇ ਅੰਤ ਤੱਕ ਹੁੰਦਾ ਹੈ। ਪਰੰਤੂ, ਕੁਝ ਸਥਿਤੀਆਂ ਵਿਚ ਅਖੀਰਲਾ ਅਨੁਬੰਧ ਇਸ ਪ੍ਰਭਾਵ-ਖੇਤਰ ਤੋਂ ਬਾਹਰ ਰਹਿ ਜਾਂਦਾ ਹੈ। ਜਿਹੜੇ ਵਾਕਾਂਸ਼ : ਉਦੇਸ਼ ਤੇ ਅਨੁਬੰਧ ਆਦਿ ਇਸ ਤੱਤ ਦੇ ਖੱਬੇ ਪਾਸੇ (ਪਹਿਲਾਂ) ਆਉਂਦੇ ਹਨ, ਉਹ ਵੀ ਇਸ ਦੇ ਪ੍ਰਭਾਵ-ਖੇਤਰ ਵਿਚ ਨਹੀਂ ਆਉਂਦੇ। ਇਸ ਤੱਤ ਦਾ ਪ੍ਰਭਾਵ-ਖੇਤਰ ਵਾਕ ਵਿਚ ਇਸ ਦੇ ਸਥਾਨ ਤੇ ਨਿਰਭਰ ਹੁੰਦਾ ਹੈ :

(13) I definitely didn't speak to him ('It' is definite that I did not') I *didn't definitely speak to him.*

('It's not definite that I did')

ਜੇ ਵਾਕ ਸੰਯੁਕਤ ਜਾਂ ਮਿਸ਼੍ਰਿਤ ਹੋਵੇ ਤਾਂ ਇਸ ਤੱਤ ਦਾ ਪ੍ਰਭਾਵ-ਖੇਤਰ ਦੂਸਰੇ ਉਪਵਾਕ ਤਕ ਵੀ ਹੋ ਸਕਦਾ ਹੈ।

I didn't know that anyone was coming. (Quirk et al, 1972 : 381)

ਅੰਗ੍ਰੇਜ਼ੀ ਵਿਚ ਇੱਕੋ ਸਾਧਾਰਣ ਵਾਕ (ਉਪਵਾਕ) ਵਿਚ ਦੋ ਨਕਾਰਨ-ਤੱਤ ਵੀ ਆ ਸਕਦੇ ਹਨ, ਪਰ ਪੰਜਾਬੀ ਵਿਚ ਇਸ ਤਰ੍ਹਾਂ ਨਹੀਂ ਹੁੰਦਾ :

(14) I can't not obey ('I have to obey')

(15) *No one has nothing* to offer to society.

('Every one has something to offer to society')

ਉਪਰੋਕਤ ਵਾਕਾਂ ਵਿਚਲੇ ਨਕਾਰਨ-ਤੱਤ ਤਰਕ-ਵਿਗਿਆਨ ਦੇ ਦੂਹਰੇ-ਨਿਸ਼ੇਧ ਵਾਂਗ ਹੁੰਦੇ ਹਨ, ਜਿਥੇ ਦੋਵੇਂ ਤੱਤਾਂ ਦਾ ਆਪਣਾ ਆਪਣਾ ਨਕਾਰਨ-ਮੁੱਲ ਹੈ, ਜੋ ਇਕ ਦੂਸਰੇ ਨੂੰ ਕੱਟਦਾ ਹੈ ਅਤੇ ਸਿੱਟੇ ਵਜੋਂ ਵਾਕ ਸਕਾਰਾਤਮਕ ਰਹਿ ਜਾਂਦਾ ਹੈ। ਇਸੇ ਤਰ੍ਹਾਂ ਅੰਗ੍ਰੇਜ਼ੀ ਦੀਆਂ ਕੁਝ ਉਪਭਾਸ਼ਾਵਾਂ ਵਿਚ ਦੋ ਤੋਂ ਵੱਧ ਨਕਾਰਨ-ਤੱਤਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਜਿਸ ਵਾਕ ਵਿਚ ਤਿੰਨ ਨਕਾਰਨ-ਤੱਤ ਵਰਤੇ ਗਏ ਹੋਣ :

(16) No one never said nothing

(No one ever said *anything* --- Standard English)

ਅਜੇਹੇ ਵਾਕਾਂ ਵਿਚਲੇ ਦੋ ਨਕਾਰਨ-ਤੱਤ ਇਕ ਦੂਜੇ ਨੂੰ ਕੱਟਦੇ ਹਨ ਅਤੇ ਸਿੱਟੇ ਵਜੋਂ ਵਾਕ ਦਾ ਅਰਥ ਇਕਹਰੇ ਨਕਾਰਨ ਵਾਲਾ ਰਹਿ ਜਾਂਦਾ ਹੈ। (Quirk et al, 1972 : 379)

ਪੰਜਾਬੀ ਦੀ ਇਕ ਹੋਰ ਭਾਸ਼ਾਈ ਵਿਸ਼ੇਸ਼ਤਾ ਇਹ ਹੈ ਕਿ ਹੋਰ ਭਾਸ਼ਾਵਾਂ ਦੀ ਤੁਲਨਾ ਵਿਚ ਅਤੇ ਖ਼ਾਸ ਤੌਰ ਤੇ ਅੰਗ੍ਰੇਜ਼ੀ ਦੇ ਮੁਕਾਬਲੇ ਵਿਚ ਪੰਜਾਬੀ ਦਾ ਸ਼ਬਦ-ਕ੍ਰਮ ਵਧੇਰੇ ਸੁਤੰਤਰ ਹੁੰਦਾ ਹੈ। ਵਾਕ ਦੇ ਕਿਸੇ ਵੀ ਤੱਤ ਨੂੰ ਵਧੇਰੇ ਮਹੱਤਵਪੂਰਨ ਬਨਾਉਣ ਲਈ, ਬਲ ਦੇਣ ਲਈ ਜਾਂ ਬਿਆਨ ਦਾ ਕੇਂਦਰੀ ਨੁਕਤਾ ਬਨਾਉਣ ਲਈ ਸ਼ਬਦ-ਕ੍ਰਮ ਬਦਲਿਆ ਜਾ ਸਕਦਾ ਹੈ। ਇਸ ਲਈ ਜਿਹੜੇ ਵਾਕਾਂਸ਼ ਜਾਂ ਵਾਕ-ਤੱਤ ਦਾ ਨਿਸ਼ੇਧ ਕਰਨਾ ਹੋਵੇ, ਉਸਦਾ ਕ੍ਰਮ ਬਦਲ ਕੇ ਜਾਂ ਵਿਸ਼ਿਸ਼ਟ ਸਥਾਨ ਤੇ ਲਿਆ ਕੇ ਉਸ ਦੇ ਨਾਲ ਨਕਾਰਾਤਮਕ ਤੱਤ ਜੋੜਿਆ ਜਾ ਸਕਦਾ ਹੈ। ਇਸ ਤਰ੍ਹਾਂ ਨਕਾਰਿਤ-ਤੱਤਾਂ

ਨਾਲ ਅੰਕਿਤ ਕੀਤਾ ਜਾ ਸਕਦਾ ਹੈ :

(17) ਰੋਟੀ ਨਹੀਂ ਖਾਵਾਂਗਾ ਹੁਣ ਮੈਂ, ਹੁਣ ਤਾਂ ਦੁੱਧ ਪੀਵਾਂਗਾ

ਪੰਜਾਬੀ ਵਿਚ ਜਿਹੜੇ ਤੱਤ ਦਾ ਨਿਸ਼ੇਧ ਕਰਨਾ ਹੋਵੇ ਉਸ ਦੇ ਤੁਰੰਤ ਪਿੱਛੇ ਨਕਾਰਾਤਮਕ-ਤੱਤ ਜੋੜਿਆ ਜਾਂਦਾ ਹੈ ਅਤੇ ਉਚਾਰ ਸਮੇਂ ਸੁਰ-ਲਹਿਰ ਨਾਲ ਅਤੇ ਲਿਖਿਤ-ਰੂਪ ਵਿਚ ਹੋਰ ਵਿਆਕਰਣਕ-ਵਿਧੀਆਂ ਜਾਂ ਜੁਗਤਾਂ ਨਾਲ ਉਸ ਤੱਤ ਨੂੰ ਅੰਕਿਤ ਕੀਤਾ ਜਾਂਦਾ ਹੈ, ਤਾਂ ਜੋ ਬਿਆਨ ਅਸਪੱਸ਼ਟ ਤੇ ਦੁਅਰਥਕ ਨ ਰਹਿ ਜਾਵੇ ਅਤੇ ਸਿੱਟੇ ਵਜੋਂ ਸੰਚਾਰ ਵਿਚ ਵਿਘਨ ਨਾ ਪੈ ਜਾਵੇ। ਅਗਲੇ ਭਾਗ ਵਿਚ ਵੇਖਾਂਗੇ ਕਿ ਵਾਕ ਦੇ ਕਿਹੜੇ ਤੱਤਾਂ ਦਾ ਤੇ ਕਿਸ ਤਰ੍ਹਾਂ ਨਿਸ਼ੇਧ ਕੀਤਾ ਜਾ ਸਕਦਾ ਹੈ।

## ਵਾਕ ਦੇ ਵਖ ਵਖ ਤੱਤਾਂ ਦਾ ਨਿਸ਼ੇਧ :

ਜਿਵੇ ਪਹਿਲਾਂ ਵਿਚਾਰ ਕੀਤਾ ਗਿਆ ਹੈ, ਵਾਕ ਦੇ ਤੱਤਾਂ ਦਾ ਨਿਸ਼ੇਧ ਨਕਾਰਾਤਮਕ-ਤੱਤ ਅਤੇ ਇਸ ਦੇ ਪ੍ਰਭਾਵ-ਖੇਤਰ ਅਧੀਨ ਆਉਂਦੇ ਤੱਤਾਂ ਤੇ ਨਿਰਭਰ ਹੋਵੇਗਾ। ਜਦੋਂ ਕਿਸੇ ਵਾਕ ਜਾਂ ਉਚਾਰ ਵਿਚਲੇ ਪ੍ਰਸਤਾਵ ਦੇ ਕਿਸੇ ਇਕ ਅੰਸ਼ ਦਾ ਨਿਸ਼ੇਧ ਕੀਤਾ ਜਾਂਦਾ ਹੈ ਤਾਂ ਉਸਦੇ ਬਦਲ ਵਿਚ ਦੂਸਰੇ ਪ੍ਰਸਤਾਵ ਬਾਰੇ ਪੂਰਵ-ਧਾਰਣਾ ਬਣਾਈ ਜਾ ਸਕਦੀ ਹੈ। ਪਰੰਤੂ, ਜੇ ਦੂਸਰਾ ਜਾਂ ਬਦਲਵਾਂ ਪ੍ਰਸਤਾਵ ਪ੍ਰਸੰਗ ਵਿਚ ਪ੍ਰਾਪਤ ਨਹੀਂ ਅਤੇ ਨਾਲ ਹੀ ਉਸ ਵਾਕ ਵਿਚ ਪਰੋਖ ਰੂਪ ਵਿਚ ਦਿੱਤਾ ਗਿਆ ਹੈ ਤਾਂ ਵਾਕ ਅਸਪਸ਼ਟ ਤੇ ਦੁਅਰਥਕ ਹੋਵੇਗਾ :

(18).(ੳ) ਗਾਂਧੀ ਰੋਟੀ ਖਾ ਕੇ ਫਲ ਨਹੀ ਸੀ ਖਾਂਦਾ

ਵਾਕ ਦੇ ਹੇਠ ਲਿਖੇ ਦੋਵੇਂ ਅਰਥ ਹੋ ਸਕਦੇ ਹਨ:

(ਅ) ਗਾਂਧੀ ਰੋਟੀ ਖਾ ਕੇ ਫਲ ਨਹੀਂ ਸੀ ਖਾਂਦਾ, ਚੂਰਨ ਖਾਂਦਾ ਸੀ

(ੲ) ਗਾਂਧੀ ਰੋਟੀ ਖਾ ਕੇ ਫਲ ਨਹੀਂ ਸੀ ਖਾਂਦਾ, ਸੌਂ ਜਾਂਦਾ ਸੀ

ਇਸ ਤਰਾਂ ਦੀ ਦੁਅਰਥਕਤਾ ਦੀ ਸੰਭਾਵਨਾ ਤੇ ਅਸਪਸ਼ਟਤਾ ਸੁਰ-ਲਹਿਰ ਨਾਲ ਜਾਂ ਹੋਰ-ਵਿਆਕਰਣਕ ਜੁਗਤਾਂ ਨਾਲ ਘੱਟ ਕੀਤੀ ਜਾਂਦੀ ਹੈ। ਇਕ ਅਜੇਹੀ ਜੁਗਤ ਇਹ ਵੀ ਹੈ ਕਿ ਜਿਹੜੇ ਤੱਤ ਦਾ ਨਿਸ਼ੇਧ ਕੀਤਾ ਜਾਂਦਾ ਹੈ, ਉਸ ਦਾ ਬਦਲ ਉਸੇ ਪ੍ਰਸੰਗ ਵਿਚ ਪ੍ਰਾਪਤ ਹੁੰਦਾ ਹੈ। ਸੰਦੇਸ਼ ਦੇ ਸੰਚਾਰ ਨੂੰ ਯਕੀਨੀ ਬਨਾਉਣ ਲਈ ਵਕਤਾ ਨਕਾਰਿਤ-ਅੰਸ਼ ਦਾ ਬਦਲ ਵੀ ਉਸ ਵਾਕ ਵਿਚ ਸ਼ਾਮਿਲ ਕਰ ਦੇਂਦਾ ਹੈ। ਅਸੀਂ ਇਕ ਸਾਧਾਰਣ ਬਿਆਨੀਆ ਵਾਕ ਲੈ ਕੇ ਅਤੇ ਉਸ ਨਾਲ ਵਖ ਵਖ ਬਦਲ-ਤੱਤ ਲਾ ਕੇ ਵੇਖਦੇ ਹਾਂ ਕਿ ਕਿਵੇਂ ਇਨ੍ਹਾਂ (ਬਦਲ-ਤੱਤਾਂ) ਰਾਹੀਂ ਵੀ ਨਕਾਰਿਤ-ਤੱਤ ਵਿਸ਼ੇਸ਼ ਤੌਰ ਤੇ ਅੰਕਿਤ ਕੀਤਾ ਜਾਂਦਾ ਹੈ :

(19). (ੳ) ਰਾਮ ਘਰ ਜਾ ਕੇ ਕਿਤਾਬ ਪੜ੍ਹੇਗਾ

(ਅ) ਰਾਮ ਨਹੀਂ, ਸ਼ਾਮ ਘਰ ਜਾ ਕੇ ਕਿਤਾਬ ਪੜ੍ਹੇਗਾ

(ੲ) ਰਾਮ ਘਰ ਜਾ ਕੇ ਕਿਤਾਬ ਨਹੀਂ ਅਖਬਾਰਾਂ ਪੜ੍ਹੇਗਾ

(ਹ) ਰਾਮ ਘਰ ਜਾ ਕੇ ਕਿਤਾਬ ਨਹੀਂ ਪੜ੍ਹੇਗਾ ਟੀ.ਵੀ. ਵੇਖੇਗਾ

ਅਜੇਹੇ ਵਾਕਾਂ ਵਿਚ ਨਕਾਰਾਤਮਕ ਤੱਤ ਦੇ ਨਾਲ ਹੀ ਉਸਦੇ ਬਦਲ-ਤੱਤ ਆਉਂਦੇ ਹਨ, ਉਨ੍ਹਾਂ ਨਾਲ ਯੋਜਕ ਬਲਕਿ, ਸਗੋਂ ਆਦਿ ਲਾਏ ਜਾਂਦੇ ਹਨ।

(20) ਅਮੀਰਾਂ ਨੂੰ ਹੀ ਨਹੀਂ ਸਗੋਂ ਗਰੀਬ ਨੂੰ ਵੀ ਰੋਟੀ ਮਿਲੇਗੀ

ਉਪਰੋਕਤ ਉਦਾਹਰਣਾਂ (19. ੳ-ਹ) ਵਿਚ ਵੇਖਿਆ ਗਿਆ ਹੈ ਕਿ ਵਾਕ ਦੇ ਕਿਸੇ ਵੀ ਤੱਤ

ਦਾ ਨਿਸ਼ੇਧ ਕੀਤਾ ਜਾ ਸਕਦਾ ਹੈ। ਪਰੰਤੂ ਇਸ ਅਧਿਐਨ ਤੋਂ ਪਹਿਲਾਂ ਹਿੰਦੀ ਵਿਚ ਨਕਾਰਨ ਦਾ ਅਧਿਐਨ ਕਰਦਿਆਂ ਡਾ. ਜੇ. ਡੀ. ਸਿੰਘ ਨੇ ਆਪਣੇ ਖੋਜ-ਪੱਤਰ ਵਿਚ ਨਕਾਰਨ ਦੀ ਦ੍ਰਿਸ਼ਟੀ ਤੋਂ ਸ਼ਬਦਾਂ ਨੂੰ ਦੋ ਵਰਗਾਂ ਵਿਚ ਵੰਡਿਆ ਹੈ। ਇਕ ਵਰਗ ਪਰਸਰਗ, ਬਲ-ਵ੍ਰਿਧੀ ਵਾਲੇ ਤੱਤ, ਯੋਜਕ ਤੇ ਵਿਸਮੈ ਬੋਧਕ ਸ਼ਾਮਿਲ ਕੀਤੇ ਗਏ ਹਨ, ਜਿਨ੍ਹਾਂ ਦਾ ਨਕਾਰਨ ਨਹੀਂ ਕੀਤਾ ਜਾ ਸਕਦਾ। ਦੂਸਰੇ ਵਰਗ ਵਿਚ ਨਾਂਵ, ਪੜਨਾਂਵ, ਵਿਸ਼ੇਸ਼ਣ ਤੇ ਕਿਰਿਆ-ਵਿਸ਼ੇਸ਼ਣ ਆਦਿ ਸ਼ਬਦ-ਰੂਪ ਹਨ, ਜਿਨ੍ਹਾਂ ਦਾ ਨਕਾਰਨ ਕੀਤਾ ਜਾ ਸਕਦਾ ਹੈ। ਪਰੰਤੂ, ਇਸ ਅਧਿਐਨ ਦੇ ਸਿੱਟੇ ਅਨੁਸਾਰ ਵਿਸਮੈ ਬੋਧਕ ਜਾਂ ਯੋਜਕ ਆਦਿ ਕੁਝ ਸ਼ਬਦ-ਰੂਪਾਂ ਦੀ ਛੋਟ ਤੋਂ ਬਿਨਾਂ ਕਿਸੇ ਵੀ ਤੱਤ ਦਾ ਨਕਾਰਨ ਕੀਤਾ ਜਾ ਸਕਦਾ ਹੈ, ਜਿਵੇਂ ਹੇਠਲੇ ਉਦਾਹਰਣ ਵਿਚ ਪਰਸਰਗ ਤੇ ਬਲ-ਵ੍ਰਿਧੀ ਤੱਤ ਦੀ ਨਕਾਰਨ-ਪ੍ਰਕਿਰਿਆ ਦਰਸਾਈ ਗਈ ਹੈ :

(21) ਤੇਰਾ ਤੌਲੀਆ ਬਕਸ ਦੇ ਵਿਚ ਨਹੀਂ ਬਕਸ ਦੇ ਉਪਰ ਪਿਆ ਹੈ

(22) ਤੂੰ ਵੀ ਨਹੀਂ ਸਗੋਂ ਮੈਂ ਹੀ ਜਾਵਾਂਗਾ

**ਨਕਾਰਨ-ਪ੍ਰਕਿਰਿਆ ਦਾ ਤੀਬਰੀਕਰਣ :**

ਪੰਜਾਬੀ ਦੇ ਵਕਤੇ ਨੂੰ ਕੁਝ ਹੋਰ ਅਜੇਹੀਆਂ ਵਿਆਕਰਣਕ ਜੁਗਤਾਂ ਵੀ ਪ੍ਰਾਪਤ ਹਨ, ਜਿਨ੍ਹਾਂ ਰਾਹੀਂ ਉਹ ਇਸ ਨਕਾਰਨ-ਪ੍ਰਕਿਰਿਆ ਦੇ ਪ੍ਰਭਾਵ ਨੂੰ ਹੋਰ ਤੀਬਰ ਜਾਂ ਤੀਖਣ ਕਰ ਸਕਦਾ ਹੈ। ਪਹਿਲੀ ਜੁਗਤ ਤਾਂ ਇਹ ਹੈ ਕਿ ਨਕਾਰਾਤਮਕ-ਤੱਤ ਦੇ ਨਾਲ ਅਜਿਹੇ ਕਿਰਿਆ-ਵਿਸ਼ੇਸ਼ਣ ਹਨ, ਜੋ ਸਿਰਫ ਨਕਾਰਾਤਮਕ ਤੱਤ ਤੋਂ ਪਹਿਲਾਂ ਆਉਂਦੇ ਹਨ :

ਕਦੇ ਨਹੀਂ

ਬਿਲਕੁਲ ਨਹੀਂ

ਇਕ ਵੀ ਨਹੀਂ

ਰਤਾ ਵੀ ਨਹੀਂ

ਇਨ੍ਹਾਂ ਕਿਰਿਆ-ਵਿਸ਼ੇਸ਼ਣਾਂ ਤੋਂ ਇਲਾਵਾ ਕੁਝ ਅਜੇਹੇ ਮੁਹਾਵਰਾ-ਰੂਪ ਵੀ ਮਿਲਦੇ ਹਨ, ਜਿਨ੍ਹਾਂ ਰਾਹੀਂ ਨਕਾਰਨ ਦੇ ਪ੍ਰਭਾਵ ਨੂੰ ਵਧੇਰੇ ਬਲਵਾਨ ਬਣਾਇਆ ਜਾ ਸਕਦਾ ਹੈ :

ਕੱਖ ਭੰਨ ਕੇ ਦੋਹਰਾ/ਦੂਹਰਾ ਨਹੀਂ ਕੀਤਾ

ਭੋਰਾ ਵੀ ਨਹੀਂ ਬਚਿਆ

**ਹੁਕਮਵਾਚੀ ਵਾਕਾਂ ਵਿਚ ਨਕਾਰਨ-ਪ੍ਰਕਿਰਿਆ:**

ਹੁਕਮਵਾਚੀ ਵਾਕਾਂ ਵਿਚ/ਨਾ/ਦੇ ਸੰਖੇਪ ਰੂਪ/ਨ/ ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬੀ ਦੀਆਂ ਕੁਝ ਉਪਭਾਸ਼ਾਵਾਂ ਵਿਚ ਹਿੰਦੀ ਜਾਂ ਉਰਦੂ ਦੇ ਪ੍ਰਭਾਵ ਅਧੀਨ ਵਰਜਿਤ/ਵਰਜਨ ਭਾਵਾਂ ਵਾਲਾ ਨਕਾਰਾਤਮਕ-ਤੱਤ/ਮੱਤ/ ਵੀ ਵਰਤਿਆ ਜਾਂਦਾ ਹੈ, ਪਰੰਤੂ ਇਹ ਠੇਠ ਪੰਜਾਬੀ ਦਾ ਪ੍ਰਵਾਨਿਤ ਰੂਪ ਨਹੀਂ। ਦੂਸਰੇ ਹੁਕਮਵਾਚੀ ਵਾਕ ਦਾ ਇਕ ਹੋਰ ਛੋਟਾ ਜੇਹਾ ਵਰਗ ਹੈ, ਜਿਥੇ/ਨਹੀਂ/ ਦੀ ਵਰਤੋਂ ਹੁੰਦੀ ਹੈ :

(23) ਰਾਤ ਨੂੰ ਇਕਲਿਆਂ ਬਾਹਰ ਨਹੀਂ ਜਾਈਦਾ

ਹੁਕਮਵਾਚੀ ਵਾਕਾਂ ਵਿਚ ਨਕਾਰਾਤਮਕ-ਤੱਤ ਪੂਰਵ-ਕਿਰਿਆ ਸਥਾਨ 'ਤੇ ਆਉਂਦਾ ਹੈ, ਜਿਸ ਕਾਰਨ ਕਥਨ ਦੇ ਸਮੁੱਚੇ ਅਰਥਾਂ ਜਾਂ ਵਾਕ ਦੀ ਕਿਰਿਆ ਦਾ ਨਿਸ਼ੇਧ ਹੁੰਦਾ ਹੈ :

(24). (ੳ) ਤੂੰ ਚਲਾ ਜਾ ਏਥੋਂ

(ਅ) ਤੂੰ (ਅੱਜ) ਨ ਜਾ ਏਥੋਂ

ਪਰੰਤੂ ਵਿਸ਼ੇਸ਼ ਸਥਿਤੀਆਂ ਵਿਚ ਇਸ ਤੱਤ ਦੀ ਸਥਾਨ-ਬਦਲੀ ਹੋ ਸਕਦੀ ਹੈ, ਜਿਸ ਦੇ ਸਿਟੇ ਵਜੋਂ ਨਕਾਰਨ ਦੀ ਪ੍ਰਕਿਰਿਆ ਆਂਸ਼ਿਕ ਰਹਿ ਜਾਵੇਗੀ। ਵਾਕ ਦੇ ਕੇਵਲ ਉਸੇ ਹੀ ਤੱਤ ਦਾ ਨਿਸ਼ੇਧ ਹੋਵੇਗਾ, ਜਿਸਦੇ ਨਾਲ ਇਹ ਤੱਤ ਜੁੜਿਆ ਹੋਵੇਗਾ ਅਤੇ ਉਹ ਤੱਤ ਵਿਸ਼ੇਸ਼ ਬਲ ਨਾਲ ਅੰਕਿਤ ਹੋਵੇਗਾ :

(25). (ੳ) <u>ਤੁਸੀਂ ਨ</u> ਅੱਜ ਜਾਓ

(ਅ) ਤੁਸੀ ਅੱਜ <u>ਜਾਓ ਨ</u>

ਉਪਰੋਕਤ ਉਦਾਹਰਣ (25.ਅ) ਵਾਂਗ ਜੇ ਨਕਾਰਾਤਮਕ ਤੱਤ ਕਿਰਿਆ ਵਾਕਾਂਸ਼ ਤੋਂ ਪਿਛੋਂ ਆਵੇ ਤਾਂ ਉਚਾਰ ਸਮੇਂ ਸਾਧਾਰਣ ਸੁਰ-ਲਹਿਰ ਹੋਵੇਗੀ (ਜੋ ਕਿ ਅੰਤ ਵਿਚ ਡਿਗਦੀ ਹੈ) ਅਤੇ ਵਾਕ ਦੇ ਅਰਥ ਵਰਜਨਾ ਜਾਂ ਮਨਾਹੀ ਵਾਲੇ ਹੋਣਗੇ। ਅਜੇਹੇ ਹੁਕਮਵਾਚੀ ਵਾਕਾਂ ਨਾਲ ਇਕ ਹੋਰ ਤੱਤ/ ਨ/ ਆ ਸਕਦਾ ਹੈ ਜੋ ਨਕਾਰਾਤਮਕ ਰੂਪੀਮ ਹੀ ਲਗਦਾ ਹੈ, ਪਰੰਤੂ ਇਸਦੀ ਹੋਂਦ ਨਾਲ ਵਾਕ-ਰੂਪ ਦਾ ਰੂਪਾਂਤਰਣ ਪ੍ਰਸ਼ਨਵਾਚਕ ਵਿਚ ਹੋ ਜਾਂਦਾ ਹੈ । ਇਸਦੇ ਨਾਲ ਹੀ ਸੁਰ-ਲਹਿਰ ਵੀ ਬਦਲ ਜਾਵੇਗੀ ਅਤੇ ਅਖੀਰ ਤੇ ਡਿੱਗਣ ਦੀ ਥਾਂ ਉਪਰ ਨੂੰ ਚੜ੍ਹਦੀ ਹੋਵੇਗੀ :

(25). (ੲ) ਤੁਸੀ ਅੱਜ ਨਹੀਂ ਜਾ ਰਹੇ ਨ?

ਰੂਪ ਜਾਂ ਸਤਹੀ ਸੰਰਚਨਾ ਦੀ ਦ੍ਰਿਸ਼ਟੀ ਤੋਂ ਵਾਕ ਪ੍ਰਸ਼ਨਵਾਚਕ ਹੈ, ਪਰੰਤੂ ਅਸਲ ਵਿਚ ਸ੍ਰੋਤੇ ਤੋਂ ਕੋਈ ਨਵੀਂ ਸੂਚਨਾ ਦੀ ਮੰਗ ਨਹੀਂ ਕੀਤੀ ਜਾ ਰਹੀ, ਸਗੋਂ ਉਸਨੂੰ ਮਨਾਉਣ ਦਾ ਯਤਨ ਕੀਤਾ ਜਾ ਰਿਹਾ ਹੈ ।

ਜੇ ਹੁਕਮਵਾਚੀ ਵਾਕ ਵਿਚ ਕਿਰਿਆ ਤੋਂ ਬਿਨਾਂ ਕੋਈ ਹੋਰ ਪਰੋਖ ਰੂਪ ਵਿਚ ਹਾਜ਼ਰ ਹੋਵੇ ਅਤੇ ਉਸੇ ਤੱਤ ਦਾ ਨਿਸ਼ੇਧ ਕਰਨਾ ਹੋਵੇ ਤਾਂ ਉਹ ਤੱਤ ਵਿਸ਼ੇਸ਼ ਬਲ ਗ੍ਰਹਿਣ ਕਰੇਗਾ। ਦੂਸਰੇ ਉਸ ਤੱਤ ਦਾ ਬਦਲ-ਰੂਪ ਵੀ ਵਕਤਾ ਉਸੇ ਪ੍ਰਸੰਗ ਵਿਚ ਸ਼ਾਮਿਲ ਕਰਦਾ ਹੈ। ਨਕਾਰਿਤ ਤੱਤ ਦਾ ਬਦਲ ਰੂਪ ਵੀ ਪ੍ਰਸੰਗ ਵਿਚ ਜਾਂ ਉਸੇ ਵਾਕ ਵਿਚ ਦਿੱਤਾ ਜਾਂਦਾ ਹੈ, ਤਾਂ ਜੋ ਵਾਕ ਦੇ ਭਾਵ ਨੂੰ ਪੂਰਣਤਾ ਦਿੱਤੀ ਜਾ ਸਕੇ :

(26). (ੳ) <u>ਤੂੰ ਨ</u> ਖਾਣਾ ਖਾ ਅੱਜ, ਉਸ ਨੂੰ ਖਾ ਲੈਣ ਦੇ

(ਅ) ਤੂੰ ਅੱਜ <u>ਖਾਣਾ ਨ</u> ਖਾ, ਫਲ ਖਾ ਲੈ

(ੲ) ਤੂੰ <u>ਅੱਜ ਨ</u> ਖਾਣਾ ਖਾ, ਕੱਲ੍ਹ ਖਾ ਲਵੀਂ

(ਸ) ਤੂੰ ਅੱਜ ਖਾਣਾ <u>ਖਾ ਨ</u>, ਡੱਬੇ ਵਿਚ ਪਾ ਕੇ ਰੱਖ ਲੈ

**ਪ੍ਰਸ਼ਨਵਾਚਕ ਵਾਕਾਂ ਵਿੱਚ ਨਕਾਰਨ-ਪ੍ਰਕਿਰਿਆ :**

ਆਮ ਤੌਰ 'ਤੇ ਨਕਾਰਨ ਪ੍ਰਕਿਰਿਆ ਨਾਲ ਪ੍ਰਸ਼ਨਵਾਚਕ ਵਾਕਾਂ ਦੀ ਸੰਰਚਨਾ ਤੇ ਪ੍ਰਭਾਵ ਨਹੀਂ ਪੈਂਦਾ, ਜਿਵੇਂ ਜਟਿਲ ਕਿਰਿਆ ਵਾਕੰਸ਼ ਦਾ ਕੋਈ ਤੱਤ ਲੋਪ ਨਹੀਂ ਹੁੰਦਾ :

(27) (ੳ) ਸੁਰਜੀਤ ਕਲ੍ਹ, ਦਫ਼ਤਰ <u>ਚਲਾ ਗਿਆ ਸੀ</u>। [ ]

(ਅ) ਸੁਰਜੀਤ ਕਲ੍ਹ ਦਫ਼ਤਰ ਨਹੀਂ <u>ਸੀ ਗਿਆ</u> [ ]

(ੲ) ਕੀ ਕਲ੍ਹ ਸੁਰਜੀਤ ਦਫ਼ਤਰ <u>ਨਹੀਂ ਸੀ ਚਲਾ ਗਿਆ</u>? [ ]

ਕਈ ਪ੍ਰਸ਼ਨਵਾਚਕ ਵਾਕ ਅਜੇਹੇ ਹੁੰਦੇ ਹਨ, ਜਿਨ੍ਹਾਂ ਦੇ ਰੂਪ ਤੋਂ ਵਕਤੇ ਦੇ ਆਪਣੇ ਝੁਕਾਅ ਦਾ ਪਤਾ ਲੱਗਦਾ ਹੈ ਕਿ ਉਹ ਸਕਾਰਾਤਮਕ ਜਾਂ ਨਕਾਰਾਤਮਕ ਸੂਚਨਾ ਦੀ ਉਮੀਦ ਕਰਦਾ ਹੈ। ਵਾਕ ਦੀ ਸੰਰਚਨਾ ਪ੍ਰਸ਼ਨਵਾਚਕ ਹੁੰਦੀ ਹੈ, ਪਰ ਵਕਤਾ ਕਿਸੇ ਸੂਚਨਾ ਜਾਂ ਉੱਤਰ ਦੀ ਉਮੀਦ ਨਹੀਂ ਕਰਦਾ, ਸਗੋਂ ਸ੍ਰੋਤੇ ਦੇ ਕਿਸੇ ਵਤੀਰੇ ਪ੍ਰਤੀ ਨਿਰਾਸਤਾ ਜਾਂ ਗੁੱਸਾ ਪ੍ਰਗਟਾਅ ਰਿਹਾ ਹੁੰਦਾ ਹੈ :

(28) (ਕੀ) ਤੈਨੂੰ ਸ਼ਰਮ ਨਹੀਂ ਆਉਂਦੀ?

ਦਾ ਅਰਥ ਹੈ ਕਿ "ਤੈਨੂੰ ਆਪਣੇ ਕੀਤੇ ਤੇ ਸ਼ਰਮ ਆਉਣੀ ਚਾਹੀਦੀ ਹੈ, ਪਰ ਲੱਗਦਾ ਹੈ ਕਿ ਅਸਲ ਵਿਚ ਤੈਨੂੰ ਸ਼ਰਮ ਨਹੀਂ ਆਉਂਦੀ।" ਇਸੇ ਤਰ੍ਹਾਂ ਪ੍ਰਸ਼ਨਵਾਚਕ ਵਾਕਾਂ ਦਾ ਇਕ ਹੋਰ ਵਰਗ ਹੈ, ਜਿਨ੍ਹਾਂ ਰਾਹੀਂ ਅਵਿਸ਼ਵਾਸ ਜਾਂ ਬੇਯਕੀਨੀ ਦੇ ਭਾਵ ਪ੍ਰਗਟਾਏ ਜਾਂਦੇ ਹਨ, ਕੋਈ ਨਵੀਂ ਸੂਚਨਾ ਨਹੀਂ ਪੁੱਛੀ ਜਾ ਰਹੀ ਹੁੰਦੀ। ਵਕਤੇ ਦਾ ਆਪਣਾ ਝੁਕਾਅ ਹਾਂ-ਮੁਖੀ ਹੁੰਦਾ ਹੈ ਅਤੇ ਉਸ ਨੂੰ ਹਾਂ-ਮੁਖੀ ਉੱਤਰ ਦੀ ਉਮੀਦ ਹੁੰਦੀ ਹੈ :

(29) ਕੀ ਕਲ੍ਹ ਰਾਤ ਕਿਸੇ ਨੇ ਦਰਵਾਜ਼ਾ ਨਹੀਂ ਸੀ ਖੜਕਾਇਆ?

ਕੁਝ ਪ੍ਰਸ਼ਨਵਾਚਕ ਵਾਕ ਅਜੇਹੇ ਵੀ ਹੁੰਦੇ ਹਨ, ਜਿਨ੍ਹਾਂ ਵਿਚ ਨਕਾਰਾਤਮਕ-ਤੱਤ ਤਾਂ ਸ਼ਾਮਿਲ ਹੁੰਦਾ ਹੈ, ਪਰ ਇਨ੍ਹਾਂ ਦਾ ਭਾਵ ਹੈਰਾਨੀ ਵਾਲਾ ਹੁੰਦਾ ਹੈ ਅਤੇ ਇਨ੍ਹਾਂ ਨੂੰ ਵਿਸਮੈ ਬੋਧਕ ਪ੍ਰਸ਼ਨਵਾਚਕ ਵਾਕ ਕਿਹਾ ਜਾ ਸਕਦਾ ਹੈ। ਜਿਹੜਾ ਪ੍ਰਸਤਾਵ ਵਕਤਾ ਆਪਣੇ ਕਥਨ ਵਿਚ ਪੇਸ਼ ਕਰ ਰਿਹਾ ਹੁੰਦਾ ਹੈ, ਆਪ ਉਸ ਤੇ ਵਿਸ਼ਵਾਸ ਕਰ ਰਿਹਾ ਹੁੰਦਾ ਹੈ ਅਤੇ ਸ੍ਰੋਤੇ ਦੀ ਸੰਮਤੀ ਪ੍ਰਾਪਤ ਕਰ ਰਿਹਾ ਹੁੰਦਾ ਹੈ। ਇਸ ਤਰ੍ਹਾਂ ਅਜਿਹੇ ਵਾਕਾਂ ਦਾ ਭਾਵ ਜਾਂ ਅਰਥ ਨਕਾਰਾਤਮਕ ਨਹੀਂ ਹੁੰਦਾ :

(30) (ਕੀ ਕਲ੍ਹ) ਨਾਟਕ ਚੰਗਾ ਨਹੀਂ ਸੀ?

(31) (ਕੀ) ਤੈਨੂੰ ਉਹ ਕਪੜਾ ਪਸੰਦ ਨਹੀਂ ਆਇਆ?

ਕੁਝ ਪ੍ਰਸ਼ਨਵਾਚਕ ਵਾਕਾਂ ਵਿਚ ਕਿਸੇ ਤੱਤ ਦਾ ਵਿਯੋਜਨ (disjunction) ਕੀਤਾ ਹੁੰਦਾ ਹੈ, ਅਰਥਾਤ ਪ੍ਰਸ਼ਨ-ਅਧੀਨ ਤੱਤ ਦਾ ਇਕ ਬਦਲ-ਰੂਪ ਵੀ ਵਕਤਾ ਪ੍ਰਸ਼ਨ ਦੇ ਨਾਲ ਹੀ ਆਪ ਸੁਝਾਉਂਦਾ ਹੈ। ਸ੍ਰੋਤੇ ਤੋਂ ਕਿਸੇ ਨਵੀਂ ਸੂਚਨਾ ਦੀ ਉਮੀਦ ਨਹੀਂ ਕੀਤੀ ਜਾਂਦੀ, ਸਗੋਂ ਦੋਹਾਂ ਵਿਚੋਂ ਕਿਸੇ ਇਕ ਬਦਲ-ਰੂਪ ਦੀ ਚੋਣ ਕਰਨੀ ਹੁੰਦੀ ਹੈ।

(32) ਬਾਜ਼ਾਰ ਕੌਣ ਜਾਏਗਾ ਤੂੰ ਕਿ ਸ਼ਾਮ?

(33) ਤੂੰ ਸਾਡੇ ਨਾਲ ਜਾਏਂਗਾ ਕਿ ਘਰ ਰਹੇਂਗਾ?

ਆਮ ਤੌਰ ਤੇ ਸ੍ਰੋਤੇ ਨੇ ਕਿਸੇ ਇਕ ਬਦਲ-ਰੂਪ ਦੀ ਚੋਣ ਕਰਕੇ ਉਸ ਨੂੰ ਦ੍ਰਿੜ੍ਹਾਉਣਾ ਹੀ ਹੁੰਦਾ ਹੈ, ਜਦੋਂ ਤਕ ਵਕਤੇ ਦੀ ਪੂਰਵ ਧਾਰਣਾ ਤੋਂ ਬਾਹਰ ਅਜੇਹੀ ਕੋਈ ਵਿਸ਼ੇਸ਼ ਸਥਿਤੀ ਨ ਆ ਜਾਵੇ ਕਿ ਸ੍ਰੋਤਾ ਦੋਵੇਂ ਬਦਲ-ਰੂਪਾਂ ਨੂੰ ਛੱਡ ਕੇ ਕੋਈ ਹੋਰ ਨਵਾਂ ਸੁਝਾਉ ਜਾਂ ਸੂਚਨਾ ਦੇ ਰਿਹਾ ਹੋਵੇ। ਅਜੇਹੇ ਪ੍ਰਸ਼ਨਵਾਚਕ ਵਾਕਾਂ ਵਿਚ ਜਦੋਂ ਵਾਕ ਦੀ ਕਿਰਿਆ ਹੀ ਵਿਯੋਜਨ ਅਧੀਨ ਆਉਂਦੀ ਹੈ ਤਾਂ ਕਿਰਿਆ ਦੇ ਬਦਲ-ਰੂਪ ਦਾ ਸਥਾਨ ਇਹ ਨਕਾਰਾਤਮਕ-ਤੱਤ ਹੀ ਲੈਂਦਾ ਹੈ ਅਤੇ ਸ੍ਰੋਤੇ ਨੇ ਕੋਈ ਨਵੀਂ ਸੂਚਨਾ ਦੀ ਥਾਂ ਕਿਸੇ ਇਕ ਪੱਖ ਨੂੰ ਦ੍ਰਿੜ੍ਹਾਉਣਾ ਹੁੰਦਾ ਹੈ :

(34) ਤੁਸੀ ਆਓਗੇ ਕਿ ਨਹੀਂ [ਆਓਗੇ]?

## ਸਹਾਇਕ ਪੁਸਤਕ ਸੂਚੀ ਤੇ ਹਵਾਲੇ

1. Baker, C.L., 'Double Negatives', *Linguistic Inquiry,* Vol-I No. 2, 1970. pp. 169-86.

2. Cattell R., 'Negative Transportation and Tag Questions' *Language*, Vol. 49, No. 3,1973. pp. 612—39.
3. Fillmore, Charles J., 'Verbs of Judging : An Exercise in Semantic Description' in *Studies in Linguistic Semantics,* Eds. Chrles J: Fillmore, D. Terence Langendoen, Holt, Rinehart & Winston, Inc.: N. Y., 1971.
4. Jackendoff, R., 'An Interpretive Theory of Negation' *Foundations of Language,* Vol. 5, No. 2, 1969. pp. 218—41.
5. Klimma, E. S., 'Negation in English' in *The Structure of Language*, Eds, J.A. Fodor, J.J. Katz, Prentice Hall, Inc. : New Jersey, 1964 pp. 246—323.
6. Lakoff, Robin, 'A Syntactic Argument for Negative Transportation' in Semantic Syntax, Ed. Pieter A.M., OUP : London, 1974. pp. 175—83.
7. Quirk, Randolph, Sidney, Greenbaum, Goeffrey Leech, Jan Svartvik, A Grammar of Contemporary English, Longman : London, 1974.
8. Seuren, Pieter A. M. 'Negative's Travels' in Semantic Syntax, pp 183—209.
9. Singh. J.D., 'Negation in Hindi' in *Linguistic,* 149, Mouton : The Hague, 1975 pp. 41-58.

# 3

# ਪੰਜਾਬੀ ਹੁਕਮਵਾਚੀ ਵਾਕ

*ਭੂਮਿਕਾ :*

ਇਸ ਖੋਜ-ਪੱਤਰ ਵਿਚ ਪੰਜਾਬੀ ਦੇ ਹੁਕਮਵਾਚੀ ਉਪਵਾਕਾਂ ਦਾ ਅਧਿਐਨ ਕਰਨ ਦਾ ਜਤਨ ਕੀਤਾ ਗਿਆ ਹੈ ਕਿ ਸੰਰਚਨਾ ਦੀ ਦ੍ਰਿਸ਼ਟੀ ਤੋਂ ਕਿਹੜੇ ਕਿਹੜੇ ਪੈਟਰਨ ਸੰਭਵ ਹਨ ਅਤੇ ਦੂਸਰਾ, ਇਨ੍ਹਾਂ ਉਪਵਾਕਾਂ ਵਿਚ ਕਿਹੜੇ ਕਿਹੜੇ ਸਿਸਟਮ ਕੰਮ ਕਰਦੇ ਹਨ।

ਅਧਿਐਨ ਸੰਬੰਧੀ ਚਿਤਾਰਣ ਯੋਗ ਸਭ ਤੋਂ ਪਹਿਲੀ ਗੱਲ ਇਹ ਹੈ ਕਿ ਇਥੇ ਭਾਸ਼ਾਈ ਇਕਾਈ, "ਵਾਕ" ਦਾ ਅਧਿਐਨ ਨਹੀਂ ਕੀਤਾ ਗਿਆ- "ਉਪਵਾਕ" ਦਾ ਕੀਤਾ ਗਿਆ ਹੈ, ਕਿਉਂਕਿ "ਵਾਕ" ਦੀ ਅਜੇ ਤੀਕ ਕੋਈ ਨਿਸ਼ਚਿਤ ਪਰਿਭਾਸ਼ਾ ਪ੍ਰਾਪਤ ਨਹੀਂ, ਸਗੋਂ "ਵਾਕ" ਅੱਜ ਤੀਕ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਵਾਦ-ਵਿਵਾਦ ਦਾ ਬਿੰਦੂ ਬਣਿਆ ਹੋਇਆ ਹੈ। ਇਸਦਾ ਇਕ ਹੋਰ ਕਾਰਣ ਇਹ ਹੈ ਕਿ ਸਮੁੱਚੇ "ਵਾਕ" ਦੀ ਵ੍ਰਿਤੀ ਓਹੀ ਹੋਵੇਗੀ, ਜੋ "ਸ੍ਵਾਧੀਨ ਉਪਵਾਕ" ਦੀ ਹੈ। ਇਨ੍ਹਾਂ ਕਾਰਣਾਂ ਕਰਕੇ ਹੀ ਇਸ ਖੋਜ ਦਾ ਆਧਾਰ ਸ੍ਵਾਧੀਨ ਉਪਵਾਕ ਬਣਾਇਆ ਗਿਆ ਹੈ, ਜੋ ਆਪਣੇ ਆਪ ਵਿਚ "ਵਾਕ" ਹੋਣ ਦੀ ਸਮਰਥਾ ਰਖਦਾ ਹੈ। ਫਲਸ੍ਵਰੂਪ ਲਿਖਣ ਤੇ ਸਮਝਣ ਦੇ ਸੌਖ ਲਈ, ਅਸੀਂ ਇਸ ਖੋਜ-ਪੱਧਰ ਵਿਚ "ਉਪਵਾਕ" ਦੀ ਥਾਂ ਸ਼ਬਦ "ਵਾਕ" ਦੀ ਹੀ ਵਰਤੋਂ ਕਰਾਂਗੇ।

ਇਥੇ "ਵਿਆਕਰਣ" ਬਾਰੇ ਵੀ ਇਹ ਸਪਸ਼ਟ ਕਰਨਾ ਯੋਗ ਹੋਵੇਗਾ ਕਿ ਇਸ ਤੋਂ ਸਾਡਾ ਭਾਵ ਪਰੰਪਰਾਗਤ ਵਿਆਕਰਣ ਤੋਂ ਨਹੀਂ, ਸਗੋਂ ਪੰਜਾਬੀ ਬੋਲੀ ਦੇ ਵਰਣਨ ਤੋਂ ਹੈ। ਪਰੰਪਰਾਗਤ ਵਿਆਕਰਣ ਵਿਚ ਕੀ ਖ਼ਾਮੀਆਂ ਹਨ ਤੇ ਵਰਣਨਾਤਮਕ ਭਾਸ਼ਾ-ਵਿਗਿਆਨ ਵਿਚ ਕੀ ਗੁਣ ਹਨ? ਵਿਆਕਰਣ ਸੰਰਚਨਾ ਜਾਂ ਰੂਪ ਤੇ ਆਧਾਰਿਤ ਹੋਣਾ ਚਾਹੀਦਾ ਹੈ ਕਿ ਅਰਥਾਂ ਤੇ? ਵਿਆਕਰਣ ਅਤੇ ਕੋਸ਼ ਵਿਚ ਕੀ ਅੰਤਰ ਹੋ ਸਕਦਾ ਹੈ, ਜੇਕਰ ਦੋਹਾਂ ਦੀ ਆਧਾਰ-ਸਾਮਗ੍ਰੀ ਭਾਸ਼ਾਈ ਇਕਾਈ- "ਸ਼ਬਦ" ਅਤੇ ਉਨ੍ਹਾਂ ਦੇ "ਅਰਥ" ਹੋਣ? ਇਤਿਆਦਿ ਪ੍ਰਸ਼ਨ ਵੱਖਰੇ ਖੋਜ-ਪੱਤਰ ਦਾ ਵਿਸ਼ਾ ਹੋ ਸਕਦੇ ਹਨ। ਹੱਥਲੇ ਲੇਖ ਦਾ ਪ੍ਰਯੋਜਨ ਕੇਵਲ ਵਿਆਕਰਣ ਦੇ ਇਕ ਸੀਮਿਤ ਜੇਹੇ ਭਾਗ, ਹੁਕਮਵਾਚੀ ਵਾਕਾਂ ਦਾ ਅਧਿਐਨ ਕਰਨਾ ਹੈ ਅਤੇ ਇਹ ਅਧਿਐਨ ਹੈਲੀਡੇ ਦੇ "ਸਿਸਟੀਮਿਕ ਮਾਡਲ" ਦੀ ਦ੍ਰਿਸ਼ਟੀ ਤੋਂ ਕੀਤਾ ਜਾਵੇਗਾ।

**ਸਿਸਟਮ ਦਾ ਸੰਕਲਪ**

ਇਸ ਮਾਡਲ ਦਾ ਇਕ ਬੁਨਿਆਦੀ ਸੰਕਲਪ ਸਿਸਟਮ ਹੈ, ਜਿਸ ਦੇ ਆਧਾਰ ਤੇ

ਇਸਨੂੰ "ਸਿਸਟੀਮਿਕ ਭਾਸ਼ਾ ਵਿਗਿਆਨ" ਕਿਹਾ ਜਾਂਦਾ ਹੈ। ਇਸ ਸੰਕਲਪ ਰਾਹੀਂ, ਇਸ ਸਕੂਲ ਦੇ ਭਾਸ਼ਾ ਵਿਗਿਆਨੀ, ਭਾਸ਼ਾ ਦੇ ਉਨ੍ਹਾਂ ਮੂਲ ਤੱਤਾਂ ਦੀ ਵਿਆਖਿਆ ਕਰਦੇ ਹਨ, ਜਿਨ੍ਹਾਂ ਨੂੰ ਚਾਮਸਕੀ ਦੇ ਟ੍ਰਾਂਸਫਾਰਮੇਸ਼ਨਲ ਸਕੂਲ ਵਿਚ 'ਗਹਿਰੀ ਸੰਰਚਨਾ' ਕਿਹਾ ਗਿਆ ਹੈ। ਕਿਸੇ ਵੀ ਭਾਸ਼ਾਈ ਇਕਾਈ ਵਾਕਾਂਸ਼, ਉਪਵਾਕ ਜਾਂ ਵਾਕ ਦੀ ਵਰਤੋਂ ਕਰਦਿਆਂ ਵਕਤੇ ਨੂੰ ਵਾਕ ਦੀ ਸੰਰਚਨਾ ਦੇ ਹਰ ਨੁਕਤੇ ਤੇ ਕਈ ਪ੍ਰਕਾਰ ਦੀ ਚੋਣ ਕਰਨ ਦੀ ਖੁਲ੍ਹ ਹੁੰਦੀ ਹੈ। ਇਹ ਖੁਲ੍ਹ ਕੇਵਲ ਵੱਖ ਵੱਖ ਸ਼ਬਦਾਂ ਦੀ ਵਰਤੋਂ ਦੀ ਹੀ ਨਹੀਂ ਸਗੋਂ ਉਸ ਇਕਾਈ ਦੇ ਵਿਆਕਰਣਕ ਲੱਛਣਾਂ ਦੀ ਵੀ ਪ੍ਰਾਪਤ ਹੁੰਦੀ ਹੈ। ਜਿਵੇਂ ਕ੍ਰਿਆ ਦੀ ਵਰਤੋਂ ਸਮੇਂ ਵਕਤੇ ਨੇ ਇਕੋ ਸਮੇਂ ਭੂਤ, ਭਵਿਖ ਜਾਂ ਵਰਤਮਾਨ ਕਾਲ ਵਿਚੋਂ ਕਿਸੇ ਇਕ ਦੀ, ਅਕਰਮਕ ਸਕਰਮਕ ਵਿਚੋਂ ਕਿਸੇ ਇਕ ਦੀ, ਕਾਲ ਦੇ ਕਿਸੇ ਇਕ ਪੱਖ ਦੀ, ਲਿੰਗ, ਵਚਨ ਆਦਿ ਵਿਚੋਂ ਇਕ ਇਕ ਟਰਮ ਦੀ ਚੋਣ ਕਰਨੀ ਹੁੰਦੀ ਹੈ। ਇਕ ਸਿਸਟਮ ਅਧੀਨ ਜਿਹੜੀਆਂ ਚੋਣਾਂ ਦੀ ਖੁਲ੍ਹ ਹੁੰਦੀ ਹੈ, ਉਨ੍ਹਾਂ ਨੂੰ ਸਿਸਟਮ ਦੀਆਂ "ਟਰਮਾਂ" ਕਿਹਾ ਜਾਂਦਾ ਹੈ। ਇਥੇ ਵਚਨ, ਲਿੰਗ ਜਾਂ ਕਾਲ ਬੇਸ਼ਕ ਕ੍ਰਿਆ ਦੇ ਰੂਪ ਨਿਸ਼ਚਿਤ ਕਰਦੇ ਹਨ, ਪਰ ਹਨ ਇਹ ਵੱਖ ਵੱਖ ਸਿਸਟਮਾਂ ਦੀਆਂ ਟਰਮਾਂ, ਇਕੋ ਦੀਆਂ ਨਹੀਂ।

ਅਰਥ ਦੇ ਪ੍ਰਸੰਗ ਵਿਚ ਜਿਹੜੇ ਵਿਆਕਰਣਕ ਲੱਛਣ ਇਕ ਦੂਜੇ ਨਾਲ ਜੁੜੇ ਹੁੰਦੇ ਹਨ, ਉਨ੍ਹਾਂ ਲੱਛਣਾਂ ਦਾ ਇਕ ਸੈੱਟ ਬਣ ਜਾਂਦਾ ਹੈ। ਸੈੱਟ ਦੇ ਮੈਂਬਰਾਂ ਦਾ ਅਰਥ ਤੇ ਪ੍ਰਸੰਗ ਤਾਂ ਸਾਂਝਾ ਹੁੰਦਾ ਹੈ, ਪਰ ਉਹ ਉਸ ਸਿਸਟਮ ਵਿਚ ਪਰਸਪਰ ਵਿਰੋਧੀ ਹੁੰਦੇ ਹਨ, ਕਿਉਂਕਿ ਵਕਤਾ ਇਕ ਸਮੇਂ ਸੈੱਟ ਦੇ ਇਕੋਂ ਮੈਂਬਰ ਦੀ ਚੋਣ ਕਰਦਾ ਹੈ। ਅਰਥਾਤ ਕੋਈ ਪੜਨਾਂਵ ਇਕ ਵਚਨ ਹੋਵੇਗਾ ਜਾਂ ਬਹੁ ਵਚਨ, ਇਸਤ੍ਰੀ ਲਿੰਗ ਹੋਵੇਗਾ ਜਾਂ ਪੁਲਿੰਗ। ਫਲਸਰੂਪ ਉੱਤਮ, ਮੱਧਮ ਜਾਂ ਅੰਨ ਪੁਰਖ ਵਿਚੋਂ ਕਿਸੇ ਇਕ ਪੁਰਖ ਦੀ ਚੋਣ ਕੀਤੀ ਜਾਵੇਗੀ। ਇਸੇ ਤਰ੍ਹਾਂ ਲਿੰਗ, ਵਚਨ ਤੇ ਪੁਰਖ ਪੜਨਾਂਵ ਦੇ ਤਿੰਨ ਵੱਖ ਵੱਖ ਸਿਸਟਮ ਬਣਦੇ ਹਨ। ਸੈੱਟ ਦੇ ਇਨ੍ਹਾਂ ਮੈਂਬਰਾਂ ਜਾਂ ਸਿਸਟਮ ਦੀਆਂ ਟਰਮਾਂ ਦਾ ਅਰਥ-ਖੇਤਰ ਸੈੱਟ ਦੀਆਂ ਬਾਕੀ ਟਰਮਾਂ ਤੇ ਉਨ੍ਹਾਂ ਦੇ ਆਪਣੇ ਅਰਥ-ਖੇਤਰ ਤੇ ਨਿਰਭਰ ਹੁੰਦਾ ਹੈ। ਜਿਸ ਬੋਲੀ ਵਿਚ ਦੋ ਹੀ ਵਚਨ ਹੁੰਦੇ ਹਨ ਉਥੇ ਬਹੁ ਵਚਨ ਦਾ ਅਰਥ ਹੋਵੇਗਾ "ਦੋ ਜਾਂ ਦੋ ਤੋਂ ਵੱਧ"। ਪਰ ਜਿਸ ਬੋਲੀ ਵਿਚ (ਸੰਸਕ੍ਰਿਤ ਵਾਂਗ) ਤਿੰਨ ਵਚਨ ਹੋਣ, ਉਥੇ ਬਹੁ ਵਚਨ ਦਾ ਅਰਥ ਹੈ "ਦੋ ਤੋਂ ਵੱਧ"। ਵਚਨ ਦੇ ਸਿਸਟਮ ਵਿਚ ਆਏ ਇਸ ਅੰਤਰ ਨੂੰ ਇਕ ਸਾਧਾਰਨ ਚਿੱਤਰ ਰਾਹੀਂ ਵਿਖਾਇਆ ਜਾ ਸਕਦਾ ਹੈ-

<table>
<tr><td rowspan="2">ਇਕ ਵਚਨ</td><td>ਇਕ ਵਚਨ</td></tr>
<tr><td rowspan="2">ਦੋ-ਵਚਨ</td></tr>
<tr><td rowspan="2">ਬਹੁ ਵਚਨ</td></tr>
<tr><td>ਬਹੁ ਵਚਨ</td></tr>
</table>

ਉਹੀ ਵਿਆਕਰਣਕ ਲੱਛਣ ਇਕ ਸਿਸਟਮ ਦੀਆਂ ਟਰਮਾਂ ਬਣ ਸਕਦੇ ਹਨ, ਜਿਨ੍ਹਾਂ ਦੇ ਕੁਝ ਗੁਣ ਤੇ ਸੁਭਾਅ ਆਪੋ ਵਿਚ ਰਲਦੇ ਮਿਲਦੇ ਹੋਣ ਅਤੇ ਉਨ੍ਹਾਂ ਦੇ ਅਰਥ ਖੇਤਰ ਤੇ ਵਿਆਕਰਣਕ ਪ੍ਰਸੰਗ ਵੀ ਸਾਂਝੇ ਹੋਣ, ਜਿਵੇਂ ਭੂਤ ਕਾਲ ਤੇ ਸਕਰਮਕਤਾ ਕ੍ਰਿਆ ਦੇ ਹੀ ਲੱਛਣ ਹਨ, ਪਰ ਉਨ੍ਹਾਂ ਦਾ ਸਿੱਧਾ ਪਰਸਪਰ ਵਿਰੋਧੀ ਜੋੜਾ ਨਹੀਂ ਬਣਦਾ, ਜਿਵੇਂ

ਅਕਰਮਕ ਤੇ ਸਕਰਮਕ ਦਾ, ਜਾਂ ਇਕ ਵਚਨ ਤੇ ਬਹੁ ਵਚਨ ਦਾ ਬਣਦਾ ਹੈ।

## ਹੁਕਮਵਾਚੀ ਵਾਕ ਦੀ ਪਰਿਭਾਸ਼ਾ

ਇਸ ਖੋਜ-ਪੱਤਰ ਵਿਚ ਅਸੀਂ ਵੇਖਣਾ ਇਹ ਹੈ ਕਿ ਕੀ ਸੰਰਚਨਾਤਮਕ ਦ੍ਰਿਸ਼ਟੀ ਤੋਂ ਹੁਕਮਵਾਚੀ ਵਾਕਾਂ ਦਾ ਪ੍ਰਸ਼ਨਵਾਚੀ, ਬਿਆਨੀਆ ਜਾਂ ਹੋਰ ਪ੍ਰਕਾਰ ਦੇ ਵਾਕਾਂ ਤੋਂ ਵੱਖਰਾ ਕੋਈ ਵਰਗ ਸਥਾਪਿਤ ਹੋ ਸਕਦਾ ਹੈ? ਕੀ ਹੁਕਮਵਾਚੀ ਵਾਕ ਦੇ ਅੰਦਰਲੇ ਲੱਛਣਾਂ ਤੇ ਵਰਤੋਂ ਜਾਂ ਵਿਆਕਰਣਕ ਪ੍ਰਸੰਗ ਦੇ ਆਧਾਰ 'ਤੇ ਕੋਈ ਅਜੇਹੀ ਪਰਿਭਾਸ਼ਾ ਦਿੱਤੀ ਜਾ ਸਕਦੀ ਹੈ, ਜਿਸ ਨਾਲ ਇਸ ਵਰਗ ਦੇ ਵਾਕ ਬਾਕੀਆਂ ਨਾਲੋਂ ਸਹਿਜੇ ਹੀ, ਪਰ ਨਿਸ਼ਚਿਤ ਰੂਪ ਵਿਚ, ਨਿਖੇੜੇ ਜਾ ਸਕਣ? ਦੂਸਰੇ, ਹੁਕਮਵਾਚੀ ਵਾਕਾਂ ਵਿਚ ਸੰਰਚਨਾ ਦੇ ਪੱਖੋਂ ਕਿਹੜੇ ਕਿਹੜੇ ਪੈਟਰਨ ਮਿਲਦੇ ਹਨ ਅਤੇ ਸੰਰਚਨਾ ਵਿਚ ਕਿਹੜੇ ਕਿਹੜੇ ਸਿਸਟਮ ਕੰਮ ਕਰਦੇ ਹਨ, ਜਿਥੇ ਵਕਤੇ ਨੂੰ ਵੱਖ ਵੱਖ ਪੱਧਰ ਤੇ ਚੋਣ ਪ੍ਰਾਪਤ ਹੋਵੇ? ਇਸ ਤਰ੍ਹਾਂ ਦੀ ਪਰਿਭਾਸ਼ਾ ਉਸਾਰਣ ਲਈ ਅਸੀਂ ਪੰਜਾਬੀ ਵਿਚੋਂ ਕੁਝ ਵਾਕਾਂ ਨੂੰ ਲੈਂਦੇ ਹਾਂ ਤੇ ਉਨ੍ਹਾਂ ਦਾ ਸੰਰਚਨਾ ਦੇ ਪੱਖੋਂ ਵਿਸ਼ਲੇਸ਼ਣ ਕਰਦੇ ਹਾਂ-

(1) (ਤੂੰ) ਚਲਾ ਜਾ ਏਥੋਂ

(2) ਕਾਕਾ! ਰੋਟੀ ਖਾ ਲੈ

(3) ਤੂੰ ਪਟਿਆਲੇ ਕਦੋਂ ਜਾ ਰਿਹਾ ਏਂ?

(4) ਕੀ ਤੂੰ ਰੋਟੀ ਖਾ ਲਈ ਏ?

(5) ਮੈਂ ਤਾਂ ਇਥੇ ਛੇਤੀ ਹੀ ਆ ਗਿਆ ਸੀ

ਜੇਕਰ ਅਸੀਂ ਸਮੁੱਚੀ ਭਾਸ਼ਾ ਦੇ ਪ੍ਰਸੰਗ ਵਿਚ ਰੱਖ ਕੇ ਜਾਂ ਅਰਥ ਦੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਸਪਸ਼ਟ ਹੋਵੇਗਾ ਕਿ ਵਕਤਾ ਉਦਾਹਰਣ (1) ਤੇ (2) ਵਿਚ ਹੁਕਮ ਦੇ ਰਿਹਾ ਹੈ, ਉਦਾਹਰਣ (3) ਤੇ (4) ਵਿਚ ਸੁਆਲ ਪੁੱਛ ਰਿਹਾ ਹੈ ਜਾਂ ਸੂਚਨਾ ਦੀ ਮੰਗ ਕਰ ਰਿਹਾ ਹੈ, ਅਤੇ ਉਦਾਹਰਣ (5) ਵਿਚ ਜਿਥੇ ਵਕਤੇ ਦੇ ਅਰਥ, ਜਾਂ ਪ੍ਰਸੰਗ ਦੇ ਪੱਖੋਂ ਭਾਸ਼ਾਈ ਸਥਿਤੀ ਵਿਚ, ਰੋਲ ਬਦਲ ਜਾਂਦੇ ਹਨ, ਉਥੇ ਨਾਲ ਹੀ ਸਿੱਟੇ ਵਜੋਂ ਵਾਕ-ਬਣਤਰ ਵੀ ਬਦਲ ਜਾਂਦੀ ਹੈ। ਜੇ ਵਾਕ-ਬਣਤਰ ਨੂੰ ਹੋਰ ਗਹੁ ਨਾਲ ਵੇਖਿਆ ਜਾਵੇ ਅਤੇ ਇਸੇ ਵਰਗ ਦੇ ਹੋਰ ਵਾਕਾਂ ਨਾਲ ਜੋੜ ਕੇ ਵੇਖਿਆ ਜਾਵੇ ਤਾਂ ਸਪਸ਼ਟ ਹੋਵੇਗਾ ਕਿ ਵਾਕ (1) ਤੇ (2) ਸਾਡੇ ਪਿਛਲੇ ਉਦਾਹਰਣ (3-5) ਨਾਲੋਂ ਕੁਝ ਵੱਖਰੇ ਹਨ, ਜਦੋਂ ਕਿ ਉਦਾਹਣ (3-5) ਵਿਚ ਕੁਝ ਸਾਂਝੇ ਲੱਛਣ ਵੇਖੇ ਜਾ ਸਕਦੇ ਹਨ। ਇਨ੍ਹਾਂ ਸੰਰਚਨਾਤਮਕ ਲੱਛਣਾਂ ਦੇ ਆਧਾਰ ਤੇ ਪ੍ਰਸ਼ਨਵਾਚਕ ਤੇ ਬਿਆਨੀਆ ਵਾਕਾਂ ਨੂੰ ਪਹਿਲਾਂ ਇਕੋ ਵਰਗ ਨਿਸਚੈਆਰਥਕ ਵਿਚ ਰੱਖ ਸਕਦੇ ਹਾਂ ਤਾਂ ਜੋ ਹੁਕਮਵਾਚੀ ਤੇ ਨਿਸ਼ਚੈਆਰਥਕ ਦਾ ਇਕ ਵਿਰੋਧੀ ਜੋੜਾ ਬਣ ਜਾਵੇ। ਅਗੋਂ ਨਿਸ਼ਚੈਆਰਥਕ ਨੂੰ ਬਿਆਨੀਆ ਤੇ ਪ੍ਰਸ਼ਨਾਵਾਚੀ ਵਾਕਾਂ ਦੇ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਵਰਗ ਵੰਡ ਨੂੰ ਚਿਤ੍ਰ ਰਾਹੀਂ ਪੇਸ਼ ਕੀਤਾ ਜਾ ਸਕਦਾ ਹੈ-



## ਹੁਕਮਵਾਚੀ ਵਾਕ ਦੇ ਵਿਸ਼ੇਸ਼ ਲੱਛਣ

ਇਸ ਤਰ੍ਹਾਂ ਦੀ ਵਰਗ ਵੰਡ ਦਾ ਕਾਰਣ ਹੁਕਮਵਾਚੀ ਵਾਕ ਦੇ ਕੁਝ ਵਿਸ਼ੇਸ਼ ਗੁਣ ਹਨ, ਜੋ ਇਸ ਨੂੰ ਦੋਹਾਂ ਵਰਗਾਂ ਤੋਂ ਵਖਰਿਆਉਂਦੇ ਹਨ ਅਤੇ ਦੋਹਾਂ ਵਰਗਾਂ ਦੇ ਵਾਕਾਂ ਦੀ ਬਣਤਰ ਬਹੁਤ ਹੱਦ ਤਕ ਮਿਲਦੀ ਜੁਲਦੀ ਹੈ-

(ੳ) ਨਿਸ਼ਚੈਆਰਥਕ ਵਾਕਾਂ ਵਿਚ ਕ੍ਰਿਆ ਦੇ ਕਿਸੇ ਵੀ ਕਾਲ-ਰੂਪ ਦੀ ਵਰਤੋਂ ਕੀਤੀ ਜਾ ਸਕਦੀ ਹੈ, ਪਰੰਤੂ ਹੁਕਮਵਾਚੀ ਵਾਕਾਂ ਵਿਚ ਵਕਤੇ ਨੂੰ ਇਹ ਚੋਣ ਪ੍ਰਾਪਤ ਨਹੀਂ ਅਤੇ ਸਿਰਫ਼ ਕ੍ਰਿਆ ਦਾ ਗ਼ੈਰ-ਭੂਤ-ਕਾਲੀ (non-past) ਰੂਪ ਹੀ ਵਰਤ ਸਕਦਾ ਹੈ, ਕਿਉਂਕਿ ਅਸੀਂ ਕਿਸੇ ਨੂੰ ਬੀਤ ਚੁਕੇ ਸਮੇਂ ਵਿਚ ਕੰਮ ਕਰਨ ਦਾ ਹੁਕਮ ਨਹੀਂ ਦੇ ਸਕਦੇ। **ਤੁਸੀਂ ਆਪਣਾ ਕੰਮ ਕੀਤਾ ਸੀ** ਦੀ ਵਿਆਖਿਆ ਪ੍ਰਸ਼ਨਵਾਚੀ ਜਾਂ ਬਿਆਨੀਆ ਅਰਥਾਂ ਵਿਚ ਹੀ ਹੋ ਸਕਦੀ ਹੈ, ਹੁਕਮਵਾਚੀ ਵਿਚ ਨਹੀਂ।

(ਅ) ਕ੍ਰਿਆ-ਵਾਕਾਂਸ਼ (verbal-phrase) ਦੀ ਪੱਧਰ ਤੇ ਕਾਲ ਤੋਂ ਬਿਨਾਂ ਇਕ ਹੋਰ ਗੌਣ ਕਾਲ ਦਾ ਸਿਸਟਮ ਵੀ ਹੁੰਦਾ ਹੈ, ਜਿਸ ਦੀਆਂ ਟਰਮਾਂ ਕ੍ਰਿਆ ਦਾ ਪੂਰਣ ਜਾਂ ਅਪੂਰਣ ਪੱਖ (perfect vs, non-perfect aspect) ਪ੍ਰਗਟਾਉਂਦੀਆਂ ਹਨ। ਹੁਕਮਵਾਚੀ ਵਾਕਾਂ ਵਿਚ ਵਕਤੇ ਨੂੰ ਇਹ ਖੁਲ੍ਹ ਨਹੀਂ ਕਿ ਉਹ ਕ੍ਰਿਆ ਦੇ ਕਿਸੇ ਵੀ ਪੱਖ ਦੀ ਚੋਣ ਕਰ ਲਵੇ। ਉਹ ਸਿਰਫ਼ ਕ੍ਰਿਆ ਦੇ ਅਪੂਰਣ ਪੱਖ ਦੀ ਹੀ ਵਰਤੋਂ ਕਰਦਾ ਹੈ। ਜਿਹੜਾ ਕਾਰਜ ਪੂਰਾ ਹੋ ਚੁਕਿਆ ਦਰਸਾਇਆ ਜਾ ਰਿਹਾ ਹੈ, ਉਸ ਬਾਰੇ ਹੁਕਮ ਨਹੀਂ ਦਿੱਤਾ ਜਾ ਸਕਦਾ:

(6) * ਤੁਸੀਂ ਆਪਣਾ ਕੰਮ ਜਲਦੀ ਖ਼ਤਮ ਕਰ ਲਿਆ

(7) * ਤੁਸੀਂ ਖਾਣਾ ਖਾ ਚੁੱਕੇ

(ੲ) ਕਿਉਂਕਿ ਇਨ੍ਹਾਂ ਵਾਕਾਂ ਵਿਚ ਕ੍ਰਿਆ ਦੇ ਕਾਲ ਜਾਂ ਪੱਖ ਦੇ ਸਾਰੇ ਰੂਪਾਂ ਦੀ ਵਰਤੋਂ ਨਹੀਂ ਹੋ ਸਕਦੀ, ਇਸ ਕਰਕੇ ਹੁਕਮਵਾਚੀ ਵਾਕਾਂ ਵਿਚ ਸਹਾਇਕ ਕ੍ਰਿਆ ਵੀ ਨਹੀਂ ਆਉਂਦੀ। ਕਾਲ ਤੇ ਪੱਖ ਨੂੰ ਸਹਾਇਕ ਕ੍ਰਿਆ ਦੀ ਸਹਾਇਤਾ ਨਾਲ ਹੀ ਪ੍ਰਗਟਾਇਆ ਜਾ ਸਕਦਾ ਹੈ।

(ਸ) ਕਿਉਂਕਿ ਇਨ੍ਹਾਂ ਵਾਕਾਂ ਵਿਚ ਕ੍ਰਿਆ ਦੇ ਕਾਲ ਜਾਂ ਪੱਖ ਦੇ ਸਾਰੇ ਰੂਪਾਂ ਦੀ ਵਰਤੋਂ ਨਹੀਂ ਹੋ ਸਕਦੀ ਜਿਵੇਂ :

(8) * ਤੁਹਾਡੇ ਤੋਂ ਗਲਾਸ ਟੁੱਟ ਜਾਏ

ਸ਼ਰਤੀਆਂ ਵਾਕ ਤਾਂ ਹੋ ਸਕਦਾ ਹੈ, ਪਰ ਹੁਕਮਵਾਚੀ ਨਹੀਂ। ਇਸਦਾ ਪਹਿਲਾ ਤੇ ਸੰਰਚਨਾਤਮਕ ਕਾਰਣ ਇਹ ਹੈ ਕਿ ਕਰਮਵਾਚੀ ਕ੍ਰਿਆ ਆਪਣੇ ਪੂਰਣ ਪੱਖ ਰੂਪ ਵਿਚ ਆਉਂਦੀ ਹੈ, ਪਰੰਤੂ ਹੁਕਮਵਾਚੀ ਵਾਕਾਂ ਵਿਚ ਕ੍ਰਿਆ ਦਾ ਪੂਰਣ ਪੱਖ ਵਾਲਾ ਰੂਪ ਨਹੀਂ ਆ ਸਕਦਾ। ਅਰਥ ਦੀ ਦ੍ਰਿਸ਼ਟੀ ਤੋਂ ਕਰਮਵਾਚੀ ਰੂਪ ਦੀ ਵਰਤੋਂ ਉਥੇ ਹੀ ਕੀਤੀ ਜਾਂਦੀ ਹੈ, ਜਦੋਂ ਕਿਸੇ ਵਿਸ਼ੇਸ਼ ਪ੍ਰਸੰਗ ਵਿਚ ਕਾਰਜ ਦੇ ਕਰਤੇ ਨੂੰ ਨ ਦਰਸਾਉਣਾ ਹੋਵੇ ਜਾਂ ਉਸ ਕਾਰਜ ਵਿਚ ਉਸਦੀ ਇੱਛਾ ਨ ਦਰਸਾਉਣੀ ਹੋਵੇ। ਜਦੋਂ ਕਰਤੇ ਕੋਲੋਂ ਕੋਈ ਕੰਮ ਗ਼ਲਤੀ ਨਾਲ ਜਾਂ ਅਭੋਲ ਹੀ ਹੋ ਜਾਵੇ ਤਾਂ ਕਰਮਵਾਚੀ ਰੂਪ ਵਰਤਿਆ ਜਾਂਦਾ ਹੈ ਜਿਵੇਂ **ਦੁੱਧ ਡੁਲ੍ਹ ਗਿਆ ; ਮੇਰੀ ਅੱਖ ਲਗ ਗਈ ; ਗੱਡੀ ਨਿਕਲ ਗਈ** ; ਆਦਿ ਵਾਕਾਂ ਵਿਚ। ਪਰੰਤੂ ਵਾਕ ਦੀ ਸੰਰਚਨਾ ਅਨੁਸਾਰ ਹੁਕਮਵਾਚੀ ਵਾਕਾਂ ਵਿਚ ਕਰਤਾ ਦੂਸਰਾ ਪੁਰਖ ਹੀ ਹੁੰਦਾ ਹੈ ਅਤੇ ਉਸਨੂੰ ਕੰਮ ਕਰਨ ਲਈ ਤਾਂ ਕਿਹਾ ਜਾ ਸਕਦਾ ਹੈ, ਪਰ ਇਹ ਆਦੇਸ਼ ਨਹੀਂ ਦਿੱਤਾ ਜਾ

ਸਕਦਾ ਕਿ ਉਹ ਕੋਈ ਕੰਮ ਵਕਤੇ ਦੇ ਹੁਕਮ ਅਨੁਸਾਰ ਕਰੋ, ਪਰ ਕੰਮ ਗ਼ਲਤੀ ਨਾਲ ਜਾਂ ਅਭੋਲ ਹੀ ਹੋਵੇ। ਇਹ ਸਵੈ-ਵਿਰੋਧੀ ਸਥਿਤੀ ਬਣ ਜਾਵੇਗੀ।

(ਹ) ਹੁਕਮਵਾਚੀ ਵਾਕਾਂ ਵਿਚ ਮੂਲ ਕ੍ਰਿਆ ਦੇ ਨਾਲ **ਸਕਣਾ**, **ਚੁਕਣਾ**, ਆਦਿ ਸਹਾਇਕ ਕ੍ਰਿਆਵਾਂ (modal verbs) ਨਹੀਂ ਆ ਸਕਦੀਆਂ ਜਿਵੇਂ :

(9) * ਤੁਸੀਂ ਜਾ ਸਕੋ

(10) * ਤੁਸੀਂ ਖਾਣਾ ਖਾ ਚੁਕੇ

ਆਦਿ ਵਾਕਾਂ ਦੇ ਹੁਕਮਵਾਚੀ ਅਰਥ ਨਹੀਂ ਹੋ ਸਕਦੇ।

(ਕ) ਜੇਕਰ ਪੰਜਾਬੀ ਕ੍ਰਿਆ ਨੂੰ ਅਰਥ ਦੇ ਆਧਾਰ ਤੇ ਕੁਝ ਵਰਗਾਂ ਵਿਚ ਵੰਡੀਏ ਤਾਂ ਇਕ ਵਰਗ ਅਜੇਹਾ ਨਜ਼ਰ ਆਵੇਗਾ, ਜਿਸ ਦਾ ਪ੍ਰਮੁੱਖ ਗੁਣ **+ ਪ੍ਰਕਿਰਿਆ (+ process)** ਹੈ ਜਿਵੇਂ **ਦੌੜ ਸ਼ੁਰੂ ਹੋ ਗਈ** ਵਿਚ ਦੌੜ ਲਾਉਣ ਵਾਲੇ/ਕਰਤੇ ਦਾ ਜ਼ਿਕਰ ਨਹੀਂ ਸਗੋਂ ਦੌੜਨ ਦੀ ਪ੍ਰਕਿਰਿਆ ਹੀ ਦਰਸਾਈ ਗਈ ਹੈ। ਦੂਸਰੇ ਵਰਗ ਦਾ ਪ੍ਰਮੁੱਖ ਲੱਛਣ **+ ਸਥਿਤੀ (+ state)** ਹੈ, ਜਿਵੇਂ **ਦਰਵਾਜ਼ਾ ਖੁਲ੍ਹਾ ਸੀ** ਵਿਚ ਖੋਲ੍ਹਣ ਵਾਲੇ ਦਾ, ਸਮਾਂ, ਜਾਂ ਖੋਲ੍ਹਣ ਦੇ ਢੰਗ ਦਾ ਵਰਣਨ ਨਹੀਂ। ਤੀਸਰੇ ਵਰਗ ਦਾ ਪ੍ਰਮੁੱਖ ਲੱਛਣ **+ ਕਾਰਜ (+ action)** ਹੈ, ਜਿਸ ਵਿਚ ਕਾਰਜ ਤੇ ਉਸਦੇ ਕਰਤੇ ਦਾ ਜ਼ਿਕਰ ਆਉਂਦਾ ਹੈ। ਪਹਿਲੇ ਵਰਗ ਦੀਆਂ ਕ੍ਰਿਆਵਾਂ ਦਾ ਪ੍ਰਤੀਰੂਪ **ਹੋਣਾ** ਅਤੇ ਦੂਸਰੇ ਵਰਗ ਦਾ ਪ੍ਰਤਿਰੂਪ **ਕਰਨਾ** ਆਖਿਆ ਜਾ ਸਕਦਾ ਹੈ। **ਹੋਣਾ** ਵਰਗ ਦੀ ਕ੍ਰਿਆ ਹੁਕਮਵਾਚੀ ਵਾਕਾਂ ਵਿਚ ਨਹੀਂ ਆ ਸਕਦੀ। ਕਿਉਂਕਿ ਸ੍ਰੋਤੇ ਨੂੰ ਕਿਸੇ ਕਾਰਜ ਦਾ ਕਰਤਾ ਹੋਣ ਲਈ ਤਾਂ ਹੁਕਮ ਦਿੱਤਾ ਜਾ ਸਕਦਾ ਹੈ, ਪਰ ਕਿਸੇ ਹੋਣ ਜਾਂ ਵਾਪਰਨ ਵਾਲੀ ਘਟਨਾ ਦਾ ਅਨਿੱਛਤ ਪਾਤਰ ਬਣਨ ਦਾ ਹੁਕਮ ਨਹੀਂ ਦੇ ਸਕਦੇ। ਇਸ ਲਈ ਜਿਹੜੀ ਕ੍ਰਿਆ ਦਾ ਅਰਥ **ਹੋਣਾ** ਜਾਂ **ਵਾਪਰਨਾ** ਦੇ ਅਰਥਾਂ ਵਿਚ ਨਹੀਂ ਕੀਤਾ ਜਾ ਸਕਦਾ, ਉਹ ਹੁਕਮਵਾਚੀ ਵਾਕ ਦਾ ਅੰਗ ਨਹੀਂ ਬਣ ਸਕਦੀ, ਜਿਵੇਂ:

(11) * ਤੈਨੂੰ ਬੁਖ਼ਾਰ ਹੋ ਗਿਆ

(12) * ਤੇਰੀ ਉਂਗਲੀ ਕੱਟੀ ਗਈ

ਆਦਿ ਵਾਕਾਂ ਦੇ ਹੁਕਮਵਾਚੀ ਅਰਥ ਨਹੀਂ ਹੋ ਸਕਦੇ। ਇਨ੍ਹਾਂ ਦੇ ਰੂਪ **ਹੋ ਜਾਵੇ** ਜਾਂ **ਕੱਟੀ ਜਾਵੇ** ਅਸੀਸ/ਬਦਅਸੀਸ ਦੇ ਅਰਥਾਂ ਵਿਚ ਆ ਸਕਦੇ ਹਨ।

(ਖ) ਕੁਝ ਹੋਰ ਕ੍ਰਿਆ ਰੂਪ ਵੀ ਅਜੇਹੇ ਹਨ ਜੋ ਹੁਕਮਵਾਚੀ ਵਾਕਾਂ ਵਿਚ ਨਹੀਂ ਆ ਸਕਦੇ, ਜਿਵੇਂ —

(13) (ੳ) *ਤੁਸੀਂ ਮੈਨੂੰ **ਯਾਦ ਆਓ**

(ਅ) *ਤੂੰ ਆਪਣਾ ਕੰਮ **ਕਰਨਾ ਚਾਹੇਂ**

(ੲ) *ਤੁਹਾਨੂੰ ਮੇਰੀ **ਲੋੜ ਪਵੇ**

(ਸ) *ਤੁਸੀਂ ਉਸਨੂੰ **ਅੱਛੇ ਲਗੋ** ਜਾਂ **ਪਸੰਦ ਆਓ ਜਾਂ ਪਸੰਦ ਕਰੋ**

(ਗ) ਕੁਝ ਅਜੇਹੇ ਵਾਕ-ਪੱਧਰ ਦੇ ਕ੍ਰਿਆ-ਵਿਸ਼ੇਸ਼ਣ (sentence adverbials) ਹਨ, ਜੋ ਹੁਕਮਵਾਚੀ ਵਾਕਾਂ ਦੀ ਬਣਤਰ ਵਿਚ ਢੁਕਵੇਂ ਨਹੀਂ, ਜਿਵੇਂ **ਸ਼ਾਇਦ ਹੀ**, **ਬੜੀ**

* ਜਿਨ੍ਹਾਂ ਵਾਕਾਂ 'ਤੇ ਇਹ ਚਿੰਨ੍ਹ ਲਾਇਆ ਗਿਆ ਹੈ, ਉਹ (hypothetical) ਹਨ; ਉਨ੍ਹਾਂ ਦੀ ਹੋਂਦ ਪੰਜਾਬੀ ਭਾਸ਼ਾ ਵਿੱਚ ਨਹੀਂ।

ਮੁਸ਼ਕਿਲ ਨਾਲ, ਆਦਿ। ਇਨ੍ਹਾਂ ਦੀ ਵਰਤੋਂ ਪ੍ਰਸ਼ਨਵਾਚੀ ਜਾਂ ਬਿਆਨੀਆਂ ਵਾਕਾਂ ਵਿਚ ਹੋ ਸਕਦੀ ਹੈ, ਪਰ ਹੁਕਮਵਾਚੀ ਵਿਚ ਨਹੀਂ।

(ਘ) ਹੁਕਮਵਾਚੀ ਵਾਕ ਦਾ ਸਭ ਤੋਂ ਮਹੱਤ੍ਵਪੂਰਣ ਲੱਛਣ ਇਸ ਦਾ ਨਿੱਜਵਾਚਕ ਮੱਧਮ ਪੁਰਖ ਪੜਨਾਂਵ ਹੈ, ਭਾਵੇਂ ਇਹ ਅਪਰੋਖ ਰੂਪ ਵਿਚ ਹੋਵੇ ਜਾਂ ਪ੍ਰਗਟ ਰੂਪ ਵਿਚ। ਵਿਸ਼ਾ ਭਾਵੇਂ ਅਪਰੋਖ ਹੋਵੇ, ਪਰ ਕ੍ਰਿਆ ਦਾ ਵਚਨ ਤੇ ਪੁਰਖ ਮੱਧਮ ਪੁਰਖ ਨਾਲ ਹੀ ਮੇਲ ਖਾਂਦਾ ਹੈ। ਕ੍ਰਿਆ ਦੇ ਵਚਨ ਦਾ ਨਿਰਣੈ ਅਸਲ ਗਿਣਤੀ ਜਾਂ ਵਕਤੇ ਦੇ ਸਰੋਤੇ ਨਾਲ ਆਦਰ-ਸੂਚਕ ਸੰਬੰਧ ਦੇ ਆਧਾਰ ਤੇ ਕੀਤਾ ਜਾਂਦਾ ਹੈ। ਕ੍ਰਿਆ ਦਾ ਬਹੁ ਵਚਨ ਤਦੇ ਹੀ ਆਵੇਗਾ ਜਦੋਂ ਸਰੋਤਿਆਂ ਦੀ ਗਿਣਤੀ ਇਕ ਤੋਂ ਵੱਧ ਹੋਵੇ, ਜਿਵੇਂ -

(14) ਤੁਸੀਂ ਸਾਰੇ ਜਾ ਕੇ ਆਪਣਾ ਕੰਮ ਕਰੋ

ਦੂਸਰੇ, ਪੰਜਾਬੀ ਵਿਚ ਬਹੁ ਵਚਨ ਦੀ ਵਰਤੋਂ ਆਦਰ ਦਰਸਾਉਣ ਲਈ ਵੀ ਕੀਤੀ ਜਾਂਦੀ ਹੈ, ਵਿਸ਼ਾ ਭਾਵੇਂ ਇਕ ਵਚਨ ਹੀ ਹੋਵੇ, ਜਿਵੇਂ ਖਾਣਾ ਖਾ ਲਵੋ ਦਾ ਹਵਾਲਾ ਇਕ ਤੋਂ ਵੱਧ ਸਰੋਤਿਆਂ ਨੂੰ ਵੀ ਹੋ ਸਕਦਾ ਹੈ ਅਤੇ ਜੇਕਰ ਸਰੋਤਾ ਇਕੱਲਾ ਹੈ ਤਾਂ ਇਹ ਆਦਰ ਭਾਵ ਦਰਸਾਵੇਗਾ।

ਹੁਕਮਵਾਚੀ ਵਾਕ ਦੀ ਬਣਤਰ ਦੇ ਇਨ੍ਹਾਂ ਲੱਛਣਾਂ ਨੂੰ ਵਿਚਾਰਨ ਉਪਰੰਤ ਸੁਆਲ ਪੈਦਾ ਹੁੰਦਾ ਹੈ ਕਿ ਕੀ ਹੁਕਮਵਾਚੀ ਵਾਕ ਦੀ ਕੋਈ ਨਿਸ਼ਚਿਤ ਪਰਿਭਾਸ਼ਾ ਕੀਤੀ ਜਾ ਸਕਦੀ ਹੈ? ਕੀ ਹੁਕਮਵਾਚੀ ਵਾਕਾਂ ਦੀ ਸੰਰਚਨਾ ਨਿਸ਼ਚਿਤ ਕੀਤੀ ਜਾ ਸਕਦੀ ਹੈ, ਜਿਸਦੇ ਆਧਾਰ ਤੇ ਪਾਠਕ ਇਸ ਵਰਗ ਨੂੰ ਸਹਿਜ ਹੀ ਹੋਰ ਵਰਗ ਦੇ ਵਾਕਾਂ ਨਾਲੋਂ ਨਿਖੇੜ ਸਕੇ? ਕੀ ਕੋਈ ਨਿਸ਼ਚਿਤ ਵਰਗੀਕਰਣ ਕੀਤਾ ਜਾ ਸਕਦਾ ਹੈ? ਇਸਦੇ ਉੱਤਰ ਵਿਚ ਅਸੀਂ ਕੁਝ ਹੋਰ ਉਦਾਹਰਣ ਵਾਚਦੇ ਹਾਂ—

(15) ਤੁਸੀਂ ਆਪਣਾ ਨਾਂ ਦੱਸੋ

(16) ਕੀ ਤੁਸੀਂ ਕ੍ਰਿਪਾ ਕਰਕੇ ਅੱਜ ਕਮਰਾ ਖ਼ਾਲ੍ਹੀ ਕਰ ਦਿਓਗੇ?

ਉਦਾਹਰਣ (15) ਦੀ ਬਣਤਰ ਤੌਰ ਤੇ ਹੁਕਮਵਾਚੀ ਵਾਕ ਵਾਲੀ ਹੈ, ਪਰ ਅਸਲ ਵਿਚ ਸਰੋਤੇ ਤੋਂ ਕੁਝ ਸੂਚਨਾ ਪੁੱਛੀ ਜਾ ਰਹੀ ਹੈ, ਜਿਸਦਾ ਪ੍ਰਤਿਕਰਮ ਮੌਖਿਕ ਹੋਣਾ ਹੈ, ਕ੍ਰਿਆਸ਼ੀਲ ਨਹੀਂ। ਇਸ ਨੂੰ ਵਾਕ-ਬੋਧ ਦੇ ਪੱਖੋਂ ਹੇਠ ਲਿਖੇ ਪ੍ਰਸ਼ਨਵਾਚੀ ਵਾਕਾਂ ਨਾਲ ਜੋੜਿਆ ਜਾ ਸਕਦਾ ਹੈ—

(15) (ੳ) ਤੁਹਾਡਾ ਨਾਂ ਕੀ ਏ?

(ਅ) ਕੀ ਤੁਸੀਂ ਆਪਣਾ ਨਾਂ ਦੱਸੋਗੇ?

(ੲ) ਮੈਨੂੰ ਪਹਿਲਾਂ ਇਹ ਦੱਸੋ ਕਿ ਤੁਹਾਡਾ ਨਾਂ ਕੀ ਏ?

ਇਸੇ ਤਰ੍ਹਾਂ ਉਪਰ ਉਦਾਹਰਣ (16) ਦੀ ਸੰਰਚਨਾ ਪ੍ਰਸ਼ਨਵਾਚੀ ਵਾਕ ਵਾਲੀ ਹੈ, ਵਾਕ ਦੇ ਮੁੱਢ ਵਿਚ ਪ੍ਰਸ਼ਨਵਾਚੀ (interrogative particle) ਕੀ ਦੀ ਵਰਤੋਂ ਕੀਤੀ ਗਈ ਹੈ। ਜੇਕਰ ਇਸ ਨੂੰ ਭਾਸ਼ਾ ਵਿਚ ਪ੍ਰਾਪਤ ਵੱਖ ਵੱਖ ਪ੍ਰਸੰਗਾਂ ਵਿਚ ਰੱਖ ਕੇ ਵੇਖੀਏ ਤਾਂ ਅਰਥ ਦੀ ਦ੍ਰਿਸ਼ਟੀ ਤੋਂ ਇਹ ਹੁਕਮਵਾਚੀ ਵਾਕ ਹੈ, ਜਿਸ ਵਿੱਚ ਨਿਮਰਤਾ ਦੀ ਭਾਵਨਾ ਵੀ ਸ਼ਾਮਿਲ ਹੈ। ਪ੍ਰਸੰਗ ਜਾਂ ਅਸਲ ਸਥਿਤੀ ਦੀ ਦ੍ਰਿਸ਼ਟੀ ਤੋਂ ਵਕਤਾ ਸਰੋਤੇ ਤੋਂ ਕੋਈ ਸੂਚਨਾ ਨਹੀਂ ਮੰਗ ਰਿਹਾ, ਉਹ ਮੌਖਿਕ ਪ੍ਰਤਿਕਰਮ ਦੀ ਆਸ ਨਹੀਂ ਰੱਖਦਾ, ਸਗੋਂ ਕ੍ਰਿਆਸ਼ੀਲ ਪ੍ਰਤਿਕਰਮ (**ਕਮਰਾ ਖਾਲ੍ਹੀ ਕਰਨ**) ਦੀ ਆਸ ਰਖਦਾ ਹੈ। ਵਕਤਾ ਕੁਝ ਕਰਨ ਲਈ ਆਦੇਸ਼

ਦੇ ਰਿਹਾ ਹੈ।

ਇਕ ਹੋਰ ਵਰਗ ਸ਼ਰਤੀਆ (conditional) ਵਾਕਾਂ ਦਾ ਹੈ, ਜੋ ਹੁਕਮਵਾਚੀ ਵਾਕਾਂ ਨਾਲੋਂ ਸਹਿਜੇ ਵੱਖਰਿਆਇਆ ਨਹੀਂ ਜਾ ਸਕਦਾ, ਜਿਵੇਂ —

(17) ਨੇਵੀ ਵਿਚ ਭਰਤੀ ਹੋ ਜਾਓ ਤੇ ਦੁਨੀਆ ਵੇਖੋ

ਵਾਕ ਦੀ ਪ੍ਰਸੰਗ ਦੇ ਆਧਾਰ ਤੇ ਹੁਕਮਵਾਚੀ ਤੇ ਸ਼ਰਤੀਆ ਦੋਹਾਂ ਤਰ੍ਹਾਂ ਦੇ ਵਾਕਾਂ ਵਜੋਂ ਵਿਆਖਿਆ ਹੋ ਸਕਦੀ ਹੈ। ਇਹ ਸਤਹੀ ਸੰਰਚਨਾ ਦੇ ਪੱਖੋਂ ਤਾਂ ਸ਼ਰਤੀਆ ਵਾਕ ਲਗਦਾ ਹੈ, ਜਿਸ ਵਿਚ ਜੇ ਦੀ ਵਰਤੋਂ ਅਪਰੋਖ ਰੂਪ ਵਿਚ ਹੈ।

ਇਸੇ ਤਰ੍ਹਾਂ ਸੁਆਲ ਪੈਦਾ ਹੁੰਦਾ ਹੈ ਕਿ ਕੀ ਇੱਛਾ, ਉਮੀਦ, ਸਲਾਹ-ਮਸ਼ਵਰੇ, ਅਸੀਸ ਜਾਂ ਬਦਅਸੀਸ ਆਦਿ ਦੀ ਭਾਵਨਾ ਪ੍ਰਗਟਾਉਣ ਵਾਲੇ ਵਾਕ ਹੁਕਮਵਾਚੀ ਵਰਗ ਵਿਚ ਸ਼ਾਮਿਲ ਕੀਤੇ ਜਾ ਸਕਦੇ ਹਨ? ਪਰ ਅਸੀਂ ਉਪਰ ਇਹ ਕਿਹਾ ਹੈ ਕਿ ਹੁਕਮਵਾਚੀ ਵਾਕ ਵਿਚ <u>ਹੋਣਾ</u> ਵਰਗ ਦੀ ਕ੍ਰਿਆ ਨਹੀਂ ਵਰਤੀ ਜਾ ਸਕਦੀ। ਹੋਣਾ (ਵਾਪਰਨਾ) ਵਿਚ ਘਟਨਾ ਦੇ ਅਜੇਹੇ ਪਾਤਰ ਦੀ ਲੋੜ ਹੁੰਦੀ ਹੈ, ਜੋ ਖ਼ੁਦ ਕ੍ਰਿਆਸ਼ੀਲ ਨਹੀਂ, ਸਗੋਂ ਉਸ ਨਾਲ (ਸ੍ਵੈ-ਇੱਛਾ ਤੋਂ ਵਿਪਰੀਤ) ਘਟਨਾ ਵਾਪਰਦੀ ਹੈ। ਇਸੇ ਤਰ੍ਹਾਂ ਬੋਲਿੰਗਰ (1967, ਪੰਨਾ : 338) ਨੇ ਵੀ ਕਿਹਾ ਹੈ ਕਿ ਤੁਸੀਂ ਸਰੋਤੇ ਨੂੰ ਕਿਸੇ ਅਜੇਹੀ ਘਟਨਾ ਦਾ ਪਾਤਰ ਬਣਨ ਲਈ ਆਦੇਸ਼ ਨਹੀਂ ਦੇ ਸਕਦੇ, ਜੋ ਉਸਦੀ ਇੱਛਾ ਜਾਂ ਵੱਸ ਤੋਂ ਬਾਹਰ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਹੁਕਮਵਾਚੀ ਵਾਕਾਂ ਦੀ ਪਰਿਭਾਸ਼ਾ ਦਾ ਸਭ ਤੋਂ ਜ਼ਰੂਰੀ ਲੱਛਣ "ਹੁਕਮ ਦੀ ਪਾਲਣਾ ਦੀ ਸੰਭਾਵਨਾ" ਹੈ।

ਹੁਕਮਵਾਚੀ ਵਾਕ ਦਾ ਦੂਸਰਾ ਲੱਛਣ ਕ੍ਰਿਆ ਦਾ ਭਵਿੱਖਤ ਰੂਪ ਹੈ, ਜਿਸਦਾ ਸੰਬੰਧ ਹੁਕਮ ਪਾਲਣ ਦੀ ਸੰਭਾਵਨਾ ਨਾਲ ਜੁੜਿਆ ਵੇਖਿਆ ਜਾ ਸਕਦਾ ਹੈ। ਬੀਤ ਚੁੱਕੇ ਜਾਂ ਭੂਤਕਾਲ ਵਿਚ ਤਾਂ ਹੁਕਮ ਦੀ ਪਾਲਣਾ ਨਹੀਂ ਹੋ ਸਕਦੀ—ਜੋ ਸਿਰਫ਼ ਭਵਿਖ ਅਤੇ ਆਮ ਤੌਰ ਤੇ ਨਜ਼ਦੀਕੀ ਭਵਿਖ ਵਿਚ ਹੁੰਦੀ ਹੈ। ਹੁਕਮਵਾਚੀ ਵਾਕ ਤੇ ਭਵਿਖ ਦਾ ਸੰਬੰਧ ਤਾਂ ਉਤੇਜਨਾ ਤੇ ਅਨੁਕ੍ਰਿਆ(stimulus and response) ਦੇ ਪਰਸਪਰ ਸੰਬੰਧਾਂ ਵਿਚ ਲੁਕਿਆ ਹੋਇਆ ਹੈ (ਬੋਲਿੰਗਰ, 1967, ਪੰਨਾ : 343)।

ਹੁਕਮਵਾਚੀ ਵਾਕਾਂ ਦਾ ਸੰਰਚਨਾ ਦੇ ਪੱਖੋਂ ਵੀ ਵਰਗੀਕਰਣ ਕੀਤਾ ਜਾ ਸਕਦਾ ਹੈ। ਇਸ ਦ੍ਰਿਸ਼ਟੀ ਤੋਂ ਹੁਕਮਵਾਚੀ ਵਾਕ ਵਿਚ ਸਭ ਤੋਂ ਪਹਿਲਾ ਸਿਸਟਮ ਆਗਿਆਰਥਕਤਾ ਦਾ ਹੋਵੇਗਾ : ਜਿਸ ਦਾ ਵਿਰੋਧੀ ਜੋੜਾ ਆਗਿਆਰਥਕ ਹੁਕਮਵਾਚੀ (Jussives) ਤੇ ਗ਼ੈਰ-ਆਗਿਆਰਥਕ ਹੁਕਮਵਾਚੀ (Non-jussives) ਵਾਕਾਂ ਦਾ ਹੋਵੇਗਾ।

*ਆਗਿਆਰਥਕਤਾ ਦਾ ਸਿਸਟਮ*

(18) ਤੂੰ ਇਥੋਂ ਚਲਾ ਜਾ

(19) ਆਓ, ਅਸੀਂ ਘਰ ਚਲੀਏ

(20) ਤੇਰਾ ਕੱਖ ਨ ਰਹੇ

(21) ਧੀਏ ! ਰਾਤ ਨੂੰ ਬਾਹਰ ਨਹੀਂ ਜਾਈਦਾ

ਉਪਰੋਕਤ ਉਦਾਹਰਣਾਂ ਵਿਚ ਪਹਿਲੇ ਦੋ ਵਾਕ (18, 19) ਸਿੱਧੇ ਸਰੋਤੇ ਨੂੰ ਸੰਬੋਧਿਤ ਹਨ ਅਤੇ ਵਕਤਾ ਹੁਕਮ ਪਾਲਣਾ ਦੀ ਆਸ ਰੱਖਦਾ ਹੈ, ਜਾਂ ਸਰੋਤੇ ਦਾ

ਪ੍ਰਤਿਕਰਮ ਕ੍ਰਿਆਸ਼ੀਲ ਹੋਣ ਦੀ ਆਸ ਰੱਖੀ ਜਾਂਦੀ ਹੈ, ਸਿਰਫ਼ ਮੌਖਿਕ ਪ੍ਰਤਿਕਰਮ ਦੀ ਨਹੀਂ। ਅਜੇਹੇ ਵਾਕ ਨੂੰ "ਆਗਿਆਰਥਕ ਹੁਕਮਵਾਚੀ" ਵਾਕ ਕਿਹਾ ਜਾ ਸਕਦਾ ਹੈ। ਉਦਾਹਰਣ (20, 21) ਵਿਚ ਸਰੋਤੇ ਨੂੰ ਸਿੱਧਾ ਸੰਬੋਧਨ ਨਹੀਂ ਕੀਤਾ ਗਿਆ, ਨ ਹੀ ਤੁਰੰਤ ਕਿਸੇ ਕ੍ਰਿਆਸ਼ੀਲ ਪ੍ਰਤਿਕਰਮ ਦੀ ਆਸ ਰੱਖੀ ਗਈ ਹੈ। ਅਜੇਹੇ ਵਾਕ, ਪ੍ਰਸੰਗ ਜਾਂ ਅਰਥ ਦੀ ਦ੍ਰਿਸ਼ਟੀ ਤੋਂ ਉਪਦੇਸ਼, ਅਸੀਸ,ਬਦਅਸੀਸ, ਸ਼ੁਭ ਇੱਛਾ ਜਾਂ ਵਰ ਤੇ ਸਰਾਪ ਆਦਿ ਲਈ ਵਰਤੇ ਜਾਂਦੇ ਹਨ। ਸਰੋਤੇ ਨੂੰ ਕਿਸੇ ਤਰ੍ਹਾਂ ਦਾ ਆਦੇਸ਼ ਨਹੀਂ ਦਿੱਤਾ ਜਾਂਦਾ ਅਤੇ ਅਜੇਹੇ ਵਾਕਾਂ ਨੂੰ ਗ਼ੈਰ-ਆਗਿਆਰਥਕ ਕਿਹਾ ਜਾ ਸਕਦਾ ਹੈ। ਇਸ ਤਰ੍ਹਾਂ ਸੰਰਚਨਾ ਦੇ ਪੱਖੋਂ ਪਹਿਲਾ ਸਿਸਟਮ ਆਗਿਆਰਥਕ ਦਾ ਹੈ, ਜਿਸ ਨੂੰ ਚਿਤ੍ਰ ਰਾਹੀਂ ਦਰਸਾਇਆ ਜਾ ਸਕਦਾ ਹੈ :




### ਆਦੇਸ਼ਾਰਥਕਤਾ ਦਾ ਸਿਸਟਮ

ਉਦਾ. (19) ਵਿਚਲੇ ਵਾਕ ਦੇ ਮੁੱਢ ਵਿਚ ਇਕ ਹੋਰ ਕ੍ਰਿਆ ਆਉ ਦੀ ਵਰਤੋਂ ਵੀ ਕੀਤੀ ਗਈ ਹੈ, ਪਰੰਤੂ ਦੂਸਰੇ ਹੁਕਮਵਾਚੀ ਵਾਕਾਂ ਵਿਚ ਕੋਈ ਵਾਧੂ ਕ੍ਰਿਆ ਨਹੀਂ ਹੈ। ਇਸਦਾ ਅਰਥ ਹੈ ਕਿ ਦੂਸਰੇ ਵਾਕਾਂ ਵਿਚ ਵਕਤਾ ਸਰੋਤੇ ਨੂੰ ਆਗਿਆ ਦੇਂਦਾ ਜਾਂ ਬੇਨਤੀ ਕਰਦਾ ਹੈ। ਪਰੰਤੂ, ਇਹ ਕ੍ਰਿਆ ਆਦਰ ਭਾਵਨਾ ਦੀ ਸੂਚਕ ਹੈ, ਜਿਸ ਰਾਹੀਂ ਵਕਤਾ ਆਦੇਸ਼ ਜਾਂ ਹੁਕਮ ਦੀ ਥਾਂ ਸਰੋਤੇ ਨੂੰ ਸੰਕੇਤ ਕਰਦਾ ਜਾਂ ਸੁਝਾਉ ਦੇਂਦਾ ਹੈ। ਅਜੇਹੇ ਵਾਕਾਂ ਵਿਚ ਕ੍ਰਿਆ ਦਾ ਅੰਤ /-ਈਏ/ ਵਾਲਾ ਹੁੰਦਾ ਹੈ ਅਤੇ ਇਸਦਾ ਸੁਮੇਲ ਉੱਤਮ ਪੁਰਖ, ਬਹੁ ਵਚਨ ਨਾਲ ਹੈ, ਜਦੋਂ ਕਿ ਦੂਸਰੇ ਵਰਗ ਦੇ ਹੁਕਮਵਾਚੀ ਵਾਕਾਂ ਵਿਚ ਕ੍ਰਿਆ ਰੂਪ ਦਾ ਸੁਮੇਲ ਮੱਧਮ ਪੁਰਖ ਨਾਲ ਹੁੰਦਾ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਆਗਿਆਰਥਕ ਵਾਕ ਦੀ ਸੰਰਚਨਾ ਵਿਚ ਇਕ ਹੋਰ ਸਿਸਟਮ ਕੰਮ ਕਰਦਾ ਹੈ, ਜਿਥੇ ਵਕਤੇ ਨੇ ਸੰਕੇਤਾਰਥਕ/ਸੁਝਾਉ ਮਾਤਰ ਜਾਂ ਆਦੇਸ਼ਆਰਥਕ ਵਿਚੋਂ ਕਿਸੇ ਇਕ ਰੂਪ ਦੀ ਚੋਣ ਕਰਨੀ ਹੁੰਦੀ ਹੈ। ਇਸ ਸਿਸਟਮ ਨੂੰ ਹੇਠਲੇ ਚਿੱਤ੍ਰ ਰਾਹੀਂ ਦਰਸਾਇਆ ਜਾ ਸਕਦਾ ਹੈ :




### ਵਕਤੇ ਦਾ ਸ਼ਾਮਿਲ ਹੋਣਾ

ਸੰਕੇਤਾਰਥਕ ਜਾਂ ਸੁਝਾਉ ਵਾਲੇ ਵਾਕਾਂ ਵਿਚ ਵਕਤੇ ਨੂੰ ਇਹ ਵੀ ਚੋਣ ਕਰਨੀ ਪੈਂਦੀ ਹੈ ਕਿ ਉਹ ਆਪਣੇ ਆਪ ਨੂੰ ਇਸ ਕਾਰਜ ਵਿਚ ਸ਼ਾਮਿਲ ਕਰਨਾ ਚਾਹੁੰਦਾ ਹੈ ਜਾਂ ਸਿਰਫ਼ ਸਰੋਤੇ ਨੂੰ ਕੁਝ ਕਰਨ ਲਈ ਸੁਝਾਉ ਦੇ ਰਿਹਾ ਹੈ। ਜੇ ਵਕਤਾ ਕਾਰਜ ਵਿਚ ਸੰਮਿਲਿਤ ਹੁੰਦਾ ਹੈ ਤਾਂ ਵਾਕ ਦਾ ਵਿਸ਼ਾ ਉੱਤਮ ਪੁਰਖ, ਬਹੁ ਵਚਨ ਹੋਵੇਗਾ ਅਤੇ ਜੇ ਵਕਤਾ ਸ਼ਾਮਿਲ ਨਹੀਂ, ਤਾਂ ਵਿਸ਼ਾ ਸਿਰਫ਼ ਮਧਮ ਪੁਰਖ ਹੀ ਰਹੇਗਾ। ਇਸ ਹਾਲਤ ਵਿਚ ਕ੍ਰਿਆ ਦਾ ਲਿੰਗ ਤੇ ਵਚਨ

ਰੂਪ ਅਸਲ ਸਥਿਤੀ ਤੇ ਨਿਰਭਰ ਹੋਵੇਗਾ। ਦੋਵੇਂ ਵਰਗ ਦੇ ਹੁਕਮਵਾਚੀ ਵਾਕਾਂ ਵਿਚ ਭਾਵੇਂ ਵਿਸ਼ਾ ਪ੍ਰਗਟ ਰੂਪ ਵਿਚ ਹੋਵੇ ਜਾਂ ਅਪਰੋਖ ਰੂਪ ਵਿਚ — ਕ੍ਰਿਆ ਰੂਪ ਦਾ ਸੁਮੇਲ ਇਸੇ ਨਿਯਮ ਅਨੁਸਾਰ ਹੋਵੇਗਾ। ਇਸ ਤਰ੍ਹਾਂ ਦੇ ਵਾਕਾਂ ਵਿਚ ਵਿਸ਼ੈ ਨੂੰ ਪ੍ਰਗਟ ਕਰਦੇ ਨਿਜਵਾਚਕ ਪੜਨਾਵਾਂ ਦੀ ਚੋਣ ਤੇ ਸੰਮਿਲਿਤ ਹੋਣ ਦੇ ਲੱਛਣ ਨੂੰ ਹੇਠਲੇ ਚਿਤ੍ਰ ਰਾਹੀਂ ਦਰਸਾਇਆ ਜਾ ਸਕਦਾ ਹੈ:

| + ਪਾਤਰ | | |
|---|---|---|
| — ਵਕਤਾ<br>+ ਸਰੋਤਾ | | + ਵਕਤਾ<br>+ ਸਰੋਤਾ |
| ਇਕ<br>ਵਚਨ<br>ਤੂੰ | ਬਹੁ<br>ਵਚਨ<br>ਤੁਸੀਂ | ਅਸਾਂ/ਅਸੀਂ<br>(ਆਪਾਂ) |
| ਵਕਤਾ ਅਸੰਮਿਲਿਤ | | ਵਕਤਾ ਸੰਮਿਲਿਤ |

ਸੰਮਿਲਿਤ ਹੁਕਮਵਾਚੀ ਵਾਕ : ਆਓ! ਆਪਾਂ ਘਰ ਚਲੀਏ

ਅਸੰਮਿਲਿਤ ਹੁਕਮਵਾਚੀ ਵਾਕ : ਛੱਡੋ (ਪਰ੍ਹਾਂ) ਉਸਨੂੰ ਆਪਣਾ ਕੰਮ ਕਰਨ ਦਿਓ

ਅਜੇਹੇ ਵਾਕਾਂ ਦੇ ਮੁਢ ਵਿਚ ਆਉਣ ਵਾਲੀ ਕ੍ਰਿਆ[1] ਦਾ ਆਪਣਾ ਵਿਸ਼ੇਸ਼ ਸੂਚਨਾ ਮੁਲ (information value) ਨਹੀਂ ਹੁੰਦਾ, ਸਗੋਂ ਸਰੋਤੇ ਦਾ ਗੱਲ ਵਲ ਧਿਆਨ ਦਿਵਾਉਣ ਲਈ ਸੰਬੋਧਨੀ ਸ਼ਬਦਾਂ ਵਾਂਗ ਵਰਤੀ ਜਾਂਦੀ ਹੈ। ਪਰ ਇਸਦੀ ਵਰਤੋਂ ਨਾਲ ਅਰਥ ਵਿਚ ਆਦੇਸ਼ ਜਾਂ ਹੁਕਮ ਵਾਲਾ ਅੰਸ਼ ਨਹੀਂ ਰਹਿੰਦਾ। ਇਥੇ ਕ੍ਰਿਆ ਦਾ ਕੇਵਲ ਹੁਕਮਵਾਚੀ ਰੂਪ ਹੀ ਆ ਸਕਦਾ ਹੈ ਅਤੇ ਉਹ ਵੀ ਕ੍ਰਿਆ ਦੇ ਇਕ ਵਿਸ਼ੇਸ਼ ਸੀਮਿਤ ਵਰਗ ਵਿਚੋਂ। ਹਰ ਕ੍ਰਿਆ ਦੀ ਵਾਕ ਦੇ ਮੁੱਢ ਵਿਚ ਵਰਤੋਂ ਨਹੀਂ ਕੀਤੀ ਜਾ ਸਕਦੀ। ਉਦਾਹਰਣ ਵਜੋਂ :

(i) ਆਓ (iv) ਦੇਖੋ

(ii) ਬੈਠੋ (v) ਸੁਣੋ

(iii) ਚਲੋ (vi) ਉਠੋ

ਜਿਨ੍ਹਾਂ ਵਾਕਾਂ ਵਿਚ ਵਕਤਾ ਸ਼ਾਮਿਲ ਨਹੀਂ ਹੁੰਦਾ, ਉਥੇ ਕ੍ਰਿਆ[1] ਦਾ ਸਥਾਨ ਚਲੋ ਜਾ ਛੱਡੋ ਆਦਿ ਕ੍ਰਿਆ ਰੂਪ ਲੈਣਗੇ। ਅਜੇਹੇ ਵਾਕਾਂ ਦੀ ਸੰਰਚਨਾ ਇਸ ਤਰ੍ਹਾਂ ਦੀ ਹੋਵੇਗੀ :

ਕ੍ਰਿ$^1$ + ਵਿ. + (ਕ੍ਰਿ. ਵਿ.) + (ਕ.) + ਕ੍ਰਿ$^2$

ਕ੍ਰਿ$^1$ = ਪਹਿਲੀ ਕ੍ਰਿਆ, ਵਿ. = ਵਿਸ਼ਾ ਕ੍ਰਿ. ਵਿ. = ਕ੍ਰਿਆ–ਵਿਸ਼ੇਸ਼ਣ, ਕ. =ਕਰਮ

ਕ੍ਰਿ$^2$ = ਮੂਲ ਕ੍ਰਿਆ

ਜਿਸ ਵਿਚ ਵਿਸ਼ਾ, ਕ੍ਰਿਆ–ਵਿਸ਼ੇਸ਼ਣ ਤੇ ਕਰਮ ਆਦਿ ਵਾਕ ਦੇ ਇਖ਼ਤਿਆਰੀ (optional) ਤੱਤ ਹਨ।

## ਆਦਰਭਾਵਨਾ ਦਾ ਸਿਸਟਮ

ਆਗਿਆਰਥਕ ਹੁਕਮਵਾਚੀ ਵਾਕਾਂ ਦੀ ਵਰਤੋਂ ਸਮੇਂ ਵਕਤੇ ਨੂੰ ਇਕ ਹੋਰ ਆਦਰ ਭਾਵਨਾ ਦੇ ਸਿਸਟਮ ਵਿੱਚੋਂ ਚੋਣ ਕਰਨੀ ਪੈਂਦੀ ਹੈ, ਜਿਸਦੇ ਦੋ ਤੱਤ ਹਨ : ਆਦਰ ਸਹਿਤ ਤੇ ਆਦਰ ਰਹਿਤ। ਕਿਉਂਕਿ ਵਾਕ ਦੇ ਦੋਵੇਂ ਤੱਤ ਵਿਸ਼ਾ ਤੇ ਕ੍ਰਿਆ ਵਚਨ-ਭੇਦ ਦਰਸਾਉਂਦੇ ਹਨ, ਇਸ ਲਈ ਆਦਰ ਭਾਵਨਾ ਅਨੁਸਾਰ ਦੋਹਾਂ ਦਾ ਰੂਪ ਬਦਲੇਗਾ। ਜੇਕਰ ਇਕੋ ਵਿਅਕਤੀ ਲਈ ਬਹੁਵਚਨ ਪੜਨਾਂਵ ਤੇ ਕ੍ਰਿਆਂ ਰੂਪ ਵਰਤਿਆ ਜਾਵੇ ਤਾਂ ਵਾਕ ਆਦਰ ਸਹਿਤ ਹੋਵੇਗਾ ਅਤੇ ਜੇ ਇਕ ਵਚਨ ਰੂਪ ਵਰਤਿਆ ਜਾਵੇ ਤਾਂ ਆਦਰ ਰਹਿਤ। ਉਂਜ ਤਾਂ ਆਦਰ ਭਾਵਨਾ ਤੇ ਪੜਨਾਂਵ ਦੇ ਬਹੁਵਚਨੀ ਰੂਪਾਂ ਦੇ ਪੂਰੇ ਪੂਰੇ ਅਧਿਐਨ ਲਈ ਵਾਕ ਦੇ ਉਚਾਰਣ, ਪ੍ਰਸੰਗ, ਵਕਤਾ ਤੇ ਸਰੋਤੇ ਦੇ ਪਰਸਪਰ ਸੰਬੰਧ, ਸਮਾਜਕ/ਰਾਜਨੀਤਕ/ ਆਰਥਕ ਰੁਤਧਾ ਅਤੇ ਸਥਿਤੀ, ਇਕ ਦੂਜੇ ਪ੍ਰਤੀ ਵਤੀਰਾ ਆਦਿ ਅਨੇਕਾਂ ਦ੍ਰਿਸ਼ਟੀਕੋਣ ਸਾਹਮਣੇ ਰੱਖਣੇ ਪੈਣਗੇ, ਪਰੰਤੂ ਇਥੇ ਅਸੀਂ ਵਕਤੇ ਤੇ ਸਰੋਤੇ ਦੀ ਸਮਾਜਕ ਜਾਂ ਮਾਨਸਿਕ ਸਥਿਤੀ ਦੇ ਵਿਸਥਾਰ ਵਿਚ ਨਹੀਂ ਜਾ ਸਕਦੇ।

### (ੳ) ਆਦੇਸ਼ਾਰਥਕ ਹੁਕਮਵਾਚੀ ਵਾਕ

ਅਜੇਹੇ ਵਾਕਾਂ ਵਿਚ ਆਦਰ ਦਾ ਸਿਸਟਮ ਇਸ ਤਰ੍ਹਾਂ ਕੰਮ ਕਰਦਾ ਹੈ : ਨਿਜਵਾਚਕ ਪੜਨਾਂਵ ਦਾ ਰੂਪ ਇਕ ਵਚਨ ਤੇ ਕ੍ਰਿਆ ਰੂਪ ਸਥਿਰ ਰਹਿੰਦਾ ਹੈ ਜਾਂ /-ਈਂ/ਅੰਤ ਵਾਲਾ ਹੋਵੇ ਤਾਂ ਵਾਕ ਆਦਰ ਰਹਿਤ ਕਿਹਾ ਜਾ ਸਕਦਾ ਹੈ। ਪਰ ਜੇ ਪੜਨਾਂਵ ਦਾ ਰੂਪ ਬਹੁ ਵਚਨੀ ਹੋਵੇ ਅਤੇ ਕ੍ਰਿਆ ਰੂਪ /-ਓ/ ਅੰਤ ਵਾਲਾ ਬਹੁ ਵਚਨੀ ਰੂਪ ਹੋਵੇ, ਤਾਂ ਵਾਕ ਆਦਰ ਸਹਿਤ ਕਿਹਾ ਜਾ ਸਕਦਾ ਹੈ, ਜਿਵੇਂ —

(22) (ੳ) ਤੂੰ ਚਲਾ ਜਾ

(ਅ) ਤੁਸੀਂ ਚਲੇ ਜਾਓ

(23) (ੳ) ਤੂੰ ਛੇਤੀ ਵਾਪਸ ਆ ਜਾਈਂ।

(ਅ) ਤੁਸੀਂ ਛੇਤੀ ਵਾਪਸ ਆ ਜਾਣਾ

### (ਅ) ਸੰਕੇਤਾਰਥਕ ਹੁਕਮਵਾਚੀ ਵਾਕ

ਅਜੇਹੇ ਹੁਕਮਵਾਚੀ ਵਾਕਾਂ ਵਿਚ ਸਿਰਫ਼ ਪਹਿਲੀ ਕ੍ਰਿਆ ਹੀ ਆਦਰ ਭਾਵਨਾ ਦੀ ਹੋਂਦ ਜਾਂ ਅਣਹੋਂਦ ਵਿਅਕਤ ਕਰਦੀ ਹੈ। ਮੂਲ ਕ੍ਰਿਆ ਦਾ ਰੂਪ ਕਈ ਵਾਰ ਉਹੀ ਰਹਿੰਦਾ ਹੈ, ਕਿਉਂਕਿ ਉਸਦਾ ਪਹਿਲਾਂ ਹੀ ਬਹੁ ਵਚਨੀ ਰੂਪ ਹੁੰਦਾ ਹੈ, ਜਿਵੇਂ —

ਚਲ, ਅਸੀਂ ਘਰ ਚਲੀਏ—ਆਦਰ ਰਹਿਤ

ਚਲੋ, ਅਸੀਂ ਘਰ ਚਲੀਏ—ਆਦਰ ਸਹਿਤ

ਪਰੰਤੂ ਜਿਹੜੇ ਸੰਕੇਤਾਰਥਕ ਵਾਕਾਂ ਵਿਚ ਵਕਤਾ ਆਪਣੇ ਆਪ ਨੂੰ ਕਾਰਜ ਵਿਚ ਸ਼ਾਮਿਲ ਨਹੀਂ ਕਰਦਾ, ਉਥੇ ਦੋਵੇਂ ਕ੍ਰਿਆ ਰੂਪ ਆਦਰ ਭਾਵਨਾ ਦੀ ਹੋਂਦ ਜਾਂ ਅਣਹੋਂਦ ਦਰਸਾਉਂਦੇ ਹਨ। ਮੂਲ ਕ੍ਰਿਆ ਦਾ ਸੁਮੇਲ ਵੀ ਪਹਿਲੀ ਕ੍ਰਿਆ ਤੇ ਵਿਸ਼ੇ ਨਾਲ ਹੋਵੇਗਾ, ਜਿਵੇਂ :

*ਚਲੋ, ਜਾਣ ਦੇ ਉਸਨੂੰ

ਵਰਗੇ ਵਾਕ, ਜਿਥੇ ਦੋਵੇਂ ਕ੍ਰਿਆਵਾਂ ਦਾ ਸੁਮੇਲ ਨਹੀਂ, ਪਰਵਾਨਿਤ ਨਹੀਂ ਹੋਣਗੇ।

ਇਸ ਦੀ ਥਾਂ ਪ੍ਰਵਾਨਿਤ ਵਾਕ : **ਚੱਲ ਜਾਣ ਦੇ** ਜਾਂ **ਚਲੋ ਜਾਣ ਦਿਓ** ਆਦਿ ਹੋ ਸਕਦੇ ਹਨ। ਪੰਜਾਬੀ ਦੇ ਸੁਝਾਉ ਵਾਲੇ ਵਾਕਾਂ ਵਿਚ ਵਕਤੇ ਦੇ ਸੰਮਿਲਿਤ ਹੋਣ ਜਾਂ ਨ ਹੋਣ ਦਾ ਲੱਛਣ ਕਈ ਵਾਰ ਸਪਸ਼ਟ ਨਹੀਂ ਹੁੰਦਾ ਅਤੇ ਭੁਲੇਖਾ ਪਾਉਂਦਾ ਹੈ, ਜਿਸ ਨਾਲ ਸੰਚਾਰ ਵਿਚ ਵਿਘਨ ਪੈ ਸਕਦਾ ਹੈ। ਦੂਸਰੀ ਗੱਲ ਇਹ ਕਿ ਨਿਜਵਾਚਕ ਪੜਨਾਵਾਂ ਦੀ ਵਰਤੋਂ ਤੇ ਆਦਰ ਭਾਵਨਾ ਦਾ ਪ੍ਰਗਟਾਵਾ ਵਕਤੇ ਤੇ ਸਰੋਤੇ ਦੀ ਪਰਸਪਰ ਨੇੜਤਾ ਅਤੇ ਸੰਬੰਧਾਂ ਤੇ ਆਧਾਰਿਤ ਹੁੰਦਾ ਹੈ। ਦੋਸਤੀ ਵਿਚ ਛੋਟਾ ਜਿਹਾ ਕਰਮਚਾਰੀ ਵੀ ਮੰਤਰੀ ਜਾਂ ਅਫ਼ਸਰ ਨੂੰ /ਤੂੰ/ ਨਾਲ ਸੰਬੋਧਨ ਕਰ ਸਕਦਾ ਹੈ। ਹੁਣ ਤੀਕ ਜਿਹੜੇ ਸਿਸਟਮ ਵਿਚਾਰੇ ਗਏ ਹਨ, ਉਨ੍ਹਾਂ ਦਾ ਚਿਤ੍ਰ ਰੂਪ ਇਸ ਪ੍ਰਕਾਰ ਹੋਵੇਗਾ :




### ਬਲ ਦੇਣ ਦਾ ਸਿਸਟਮ

ਪੰਜਾਬੀ ਵਿਚ ਕਿਸੇ ਵੀ ਭਾਸ਼ਾਈ ਇਕਾਈ ਜਾਂ ਵਾਕ-ਤੱਤ ਤੇ ਬਲ ਦੇਣ ਦੀਆਂ ਬਹੁਤ ਸਾਰੀਆਂ ਵਿਧੀਆਂ ਪ੍ਰਾਪਤ ਹਨ ; ਵਕਤਾ ਕਿਸੇ ਵੀ ਵਿਧੀ ਦੀ ਚੋਣ ਕਰ ਸਕਦਾ ਹੈ। ਵਾਕ ਦੇ ਜਿਸ ਅੰਸ਼ ਤੇ ਬਲ ਦੇਣਾ ਹੋਵੇ ਉਸ ਨੂੰ ਬਲ ਸਹਿਤ ਉਚਾਰਿਆ ਜਾ ਸਕਦਾ ਹੈ, ਦੁਹਰਾਇਆ ਜਾ ਸਕਦਾ ਹੈ ਜਾਂ ਉਸਦੀ ਵਾਕ ਦੀ ਸੰਰਚਨਾ ਵਿਚ ਸਥਾਨ ਬਦਲੀ ਕਰਕੇ ਵਾਕ ਦੇ ਮੁੱਢ ਵਿਚ ਲਿਆਂਦਾ ਜਾ ਸਕਦਾ ਹੈ। ਇਨ੍ਹਾਂ ਵਿਧੀਆਂ ਤੋਂ ਇਲਾਵਾ ਇਕ ਹੋਰ ਵਿਧੀ ਬਲ ਦੇਣ ਵਾਲੇ **ਅੱਵੈ** (emphatic particles) ਦੀ ਵੀ ਹੈ। ਇਨ੍ਹਾਂ ਬਲ ਦੇਣ ਦੀਆਂ ਵਿਧੀਆਂ ਬਾਰੇ ਯੋਗ ਪ੍ਰਸੰਗ ਤਾਂ ਬਿਆਨੀਆ ਵਾਕ ਹੈ, ਜਿਥੇ ਹਰ ਵਿਧੀ ਦੀ ਵਰਤੋਂ ਤੇ ਕੋਈ ਬਾਹਰੀ ਰੋਕ ਨਹੀਂ, ਕੇਵਲ ਆਪਣੀ ਸੰਰਚਨਾਤਮਕ ਰੋਕ ਹੀ ਹੁੰਦੀ ਹੈ। ਇਥੇ ਇਹ ਦੱਸਣਾ ਹੀ ਕਾਫ਼ੀ ਹੈ ਕਿ ਬਲ ਬੋਧਕ ਅੱਵੈ ਦੀ ਵਰਤੋਂ ਹੁਕਮਵਾਚੀ ਵਾਕਾਂ ਵਿਚ ਵੀ ਹੋ ਸਕਦੀ ਹੈ, ਜਿਸ ਨਾਲ ਬਲ ਦੇਣ ਦੇ ਸਿਟਮ ਦੀਆਂ ਦੋ ਹੀ ਟਰਮਾਂ ; **ਬਲ ਰਹਿਤ/ਬਲ ਸਹਿਤ** ਬਣਦੀਆਂ ਹਨ। ਜੇਕਰ ਬਲ ਬੋਧਕ ਅੱਵੈ ਦੀ ਵਾਕ ਵਿਚ ਵਰਤੋਂ ਨਹੀਂ ਤਾਂ ਵਾਕ ਬਲ-ਰਹਿਤ ਹੈ ਅਤੇ ਜੇ **ਈ, ਹੀ, ਵੀ, ਜੇ, ਤਾਂ, ਤੇ,** ਆਦਿ ਕੋਈ ਅੱਵੈ ਆਇਆ ਹੋਵੇ ਜਾਂ ਬਲ ਬੋਧਕ ਸ਼ਬਦ **ਜ਼ਰੂਰ, ਅਵੱਸ਼** ਆਦਿ ਵਰਤੇ ਗਏ ਹੋਣ ਤਾਂ ਵਾਕ ਬਲ ਸਹਿਤ ਆਖਿਆ ਜਾ ਸਕਦਾ ਹੈ। ਬਲ ਬੋਧਕ ਅੱਵੈ ਦਾ ਕੋਈ ਸਥਾਨ ਵਾਕ ਵਿਚ ਨਿਸ਼ਚਿਤ ਨਹੀਂ ਹੁੰਦਾ ਅਤੇ ਬਾਕੀ ਵਾਕ ਤੱਤਾਂ ਦੀ ਤੁਲਨਾ ਵਿਚ ਇਹ ਵਧੇਰੇ ਸੁਤੰਤਰ ਹੁੰਦੇ ਹਨ। ਇਸਦਾ ਅਰਥ ਇਹ ਵੀ ਨਹੀਂ ਕਿ ਅੱਵੈ ਨੂੰ ਪੂਰਨ ਸੁਤੰਤਰਤਾ ਹੈ ਅਤੇ ਇਨ੍ਹਾਂ ਦੀ ਵਰਤੋਂ ਤੇ ਕੋਈ ਰੋਕ ਨਹੀਂ। ਜੇ

ਕ੍ਰਿਆ ਤੋਂ ਬਿਨਾ ਹੋਰ ਵਾਕ ਤੱਤ ਪ੍ਰਗਟ ਰੂਪ ਵਿਚ ਆਉਂਦੇ ਹਨ ਤਾਂ ਅੱਵੈ ਦੀ ਵਰਤੋਂ ਨਾਲ ਕਿਸੇ ਇਕਾਈ ਤੇ ਵੀ ਬਲ ਦਿੱਤਾ ਜਾ ਸਕਦਾ ਹੈ, ਜਿਵੇਂ ਇਕ ਵਾਕ **ਤੁਸੀਂ ਘਰ ਤੋਂ ਕਿਤਾਬ ਲੈ ਆਓ** ਵਿਚ ਵੱਖ ਵੱਖ ਬਲ ਬੋਧਕ ਅੱਵੈ ਦੀ ਵਰਤੋਂ ਕਰਕੇ ਵਾਕ ਦੇ ਰੂਪ ਇਸ ਤਰ੍ਹਾਂ ਦਿੱਤੇ ਜਾਣਗੇ :

(24) (ੳ) **ਤੁਸੀਂ ਤਾਂ** ਘਰ ਤੋਂ ਕਿਤਾਬ ਲੈ ਆਓ

(ਅ) ਤੁਸੀਂ ਘਰ ਤੋਂ **ਕਿਤਾਬਾਂ** ਤਾਂ ਲੈ ਆਓ

(ੲ) **ਤੁਸੀਂ ਵੀ** ਘਰ ਤੋਂ ਕਿਤਾਬ ਲੈ ਆਓ

(ਸ) ਤੁਸੀਂ **ਘਰ ਤੋਂ ਈ** ਕਿਤਾਬ ਲੈ ਆਓ

(ਹ) ਤੁਸੀਂ ਘਰ ਤੋਂ **ਕਿਤਾਬ ਈ** ਲੈ ਆਓ

ਇਹ ਅੱਵੈ ਵਾਕ ਦੇ ਮੁੱਢ ਵਿਚ ਨਹੀਂ ਆਉਂਦੇ, ਜਿਸ ਤੱਤ ਤੇ ਬਲ ਦੇਣਾ ਹੋਵੇ ਜਾਂ ਅਰਥ ਸੀਮਿਤ ਕਰਨਾ ਹੋਵੇ, ਉਸਦੇ ਪਿੱਛੇ ਆਉਂਦੇ ਹਨ। ਜੇ ਵਾਕ ਦੇ ਅੰਤ ਵਿਚ ਕ੍ਰਿਆ ਦੀ ਥਾਂ ਕੋਈ ਹੋਰ ਤੱਤ ਆਇਆ ਹੋਵੇ ਤਾਂ ਇਹ ਕ੍ਰਿਆ ਦੇ ਨਾਲ ਜਾਂ ਕ੍ਰਿਆ ਵਾਕਾਂਸ਼ ਦੇ ਵਿਚਕਾਰ ਵੀ ਆ ਸਕਦੇ ਹਨ :

(25) (ੳ) ਤੁਸੀਂ ਜਾਓ **ਈ** ਨ

(ਅ) ਤੂੰ ਰੋਟੀ **ਖਾ ਵੀ ਲੈ**

ਕ੍ਰਿ. ਕ੍ਰਿ.

(ੲ) ਤੂੰ ਛੇਤੀ ਵਾਪਿਸ ਘਰ **ਆ ਈ ਜਾਈਂ**

ਕ੍ਰਿ. ਕ੍ਰਿ.

ਜੇ ਬਲ ਦੇਣ ਲਈ ਬਲ ਬੋਧਕ ਸ਼ਬਦ **ਜ਼ਰੂਰ** ਜਾਂ **ਅਵੱਸ਼** ਦੀ ਵਰਤੋਂ ਹੋਵੇ ਤਾਂ ਇਸ ਨਾਲ ਅੱਵੈ ਈ/ਹੀ ਆ ਸਕਦਾ ਹੈ, ਬਾਕੀ ਦੇ ਅੱਵੈ ਨਹੀਂ :

(26) (ੳ) ਤੁਸੀਂ **ਜ਼ਰੂਰ ਈ** ਜਾਓ

(ਅ) ਚਲੋ ਅਸੀਂ **ਅਵੱਸ਼ ਈ** ਉਸਦੇ ਘਰ ਚਲੀਏ

ਦੂਸਰੇ ਦੋ ਅੱਵੈ **ਵੀ**, **ਤਾਂ** ਵਾਕ ਕਿਸੇ ਤੱਤ ਵਿਸ਼ਾ, ਕਰਮ ਜਾਂ ਪੂਰਕ ਤੇ ਬਲ ਦੇਣ ਲਈ ਵਰਤੇ ਜਾ ਸਕਦੇ ਸਨ, ਪਰ ਇਹ **ਅਵੱਸ਼** ਜਾਂ **ਜ਼ਰੂਰ** ਤੋਂ ਪਹਿਲਾਂ ਆਉਂਦੇ ਹਨ :

(27) (ੳ) ਤੂੰ ਤਾਂ **ਅਵੱਸ਼ ਈ** ਚਲਾ ਜਾਈਂ

(ਅ) ਤੂੰ ਉਸਦੇ ਘਰ ਵੀ **ਜ਼ਰੂਰ** ਜਾਈਂ

ਬਿਆਨੀਆ ਵਾਕ ਵਾਂਗ ਹੁਕਮਵਾਚੀ ਵਾਕ ਵੀ ਹਾਂ-ਮੁਖੀ ਜਾਂ ਨਾਂਹ-ਮੁਖੀ ਹੋ ਸਕਦੇ ਹਨ। ਜਿਸ ਵਾਕ ਵਿਚ ਨ/ਨਹੀਂ ਅੱਵੈ ਦੀ ਵਰਤੋਂ ਕੀਤੀ ਗਈ ਹੋਵੇ ਉਹ ਨਾਂਹ-ਮੁਖੀ ਤੇ ਬਾਕੀ ਦੇ ਸਾਰੇ ਵਾਕ ਹਾਂ-ਮੁਖੀ ਹੋਣਗੇ। ਇਹ ਅੱਵੈ ਆਮ ਤੌਰ ਤੇ ਪੂਰਵ-ਕ੍ਰਿਆ ਸਥਾਨ ਤੇ ਆਉਂਦਾ ਹੈ, ਅਤੇ ਸਮੁੱਚੇ ਵਾਕ ਦਾ ਅਰਥ ਹੀ ਨਾਂਹ-ਮੁਖੀ ਹੋ ਜਾਂਦਾ ਹੈ। ਜੇ ਵਾਕ ਦੇ ਕਿਸੇ ਇਕ ਤੱਤ ਨੂੰ ਨਾਂਹ-ਮੁਖੀ ਕਰਨਾ ਹੋਵੇ ਤਾਂ ਇਸਦੀ ਸਥਾਨ ਬਦਲੀ ਹੋ ਜਾਂਦੀ ਹੈ ਅਤੇ ਇਹ ਉਸੇ ਤੱਤ ਦੇ ਪਿੱਛੇ ਆਉਂਦਾ ਹੈ, ਜਿਸ ਨਾਲ ਵਾਕ ਦੀ ਸਾਧਾਰਨ ਸੁਰ ਲਹਿਰ ਵੀ ਬਦਲ ਜਾਂਦੀ ਹੈ। ਵਾਕ ਵਾਲਾ ਦਬਾਅ (sentence stress) ਉਸੇ ਤੱਤ

ਤੇ ਹੋਵੇਗਾ, ਜਿਹੜੇ ਤੱਤ ਨੂੰ ਨਕਾਰਾਤਮਕ ਬਣਾਉਣਾ ਹੈ :

(28) ਤੂੰ ਨ ਖਾਣਾ ਖਾ ਅੱਜ

(29) ਚਲੋਂ ਅਸੀਂ ਅੱਜ ਨ ਕਲਾਸ ਵਿਚ ਜਾਈਏ

**ਵਿਸ਼ੇ ਦੀ ਅਪਰੋਖਤਾ ਦਾ ਸਿਸਟਮ :**

ਹੁਕਮਵਾਚੀ ਵਾਕ ਦੀ ਸੰਰਚਨਾ ਵਿਚ ਇਕ ਹੋਰ ਸਿਸਟਮ ਵਿਸ਼ੇ ਦੀ ਅਪਰੋਖ ਜਾਂ ਪ੍ਰਗਟ ਰੂਪ ਵਿਚ ਵਰਤੋਂ ਕਰਨਾ ਹੈ। ਅਸੀਂ ਸ਼ੁਰੂ ਵਿਚ ਵੀ ਦੱਸਿਆ ਹੈ ਕਿ ਵਿਸ਼ਾ ਆਮ ਤੌਰ ਤੇ ਪ੍ਰਗਟ ਰੂਪ ਵਿਚ ਨਹੀਂ ਆਉਂਦਾ। ਦੂਸਰੇ ਵਿਸ਼ਾ ਭਾਵੇਂ ਆਵੇ ਜਾਂ ਨ, ਪਰ ਇਹ ਮੱਧਮ ਪੁਰਖ ਨਿਜਵਾਚਕ ਪੜਨਾਂਵ ਹੀ ਹੁੰਦਾ ਹੈ। ਵਿਸ਼ੇ ਬਾਰੇ ਇਹ ਵਿਚਾਰ ਸਾਨੂੰ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਦੇ ਬਹੁਤ ਸਾਰੇ ਪਰੰਪਰਾਗਤ ਵਿਆਕਰਣਾਂ ਵਿਚੋਂ ਵੀ ਮਿਲ ਜਾਂਦਾ ਹੈ ਅਤੇ ਬਹੁਤ ਸਾਰੇ ਆਧੁਨਿਕ ਭਾਸ਼ਾ ਵਿਗਿਆਨੀ ਵੀ ਇਸ ਸਿੱਟੇ ਤੇ ਪੁੱਜੇ ਹਨ। ਬੇਸ਼ੱਕ ਕਿਸੇ ਕਿਸੇ ਸਥਿਤੀ ਵਿਚ ਵਕਤਾ ਦੂਸਰੇ ਸਰੋਤੇ ਨੂੰ ਸੰਬੋਧਨ ਕਰਦਾ, ਜਿਵੇਂ ਕਿਸੇ ਨਾਟਕ ਦੀ ਵਾਰਤਾਲਾਪ ਵਿਚ ਜਾਂ ਕੋਈ ਸੋਚਦਾ ਹੋਇਆ ਆਪਣੇ ਆਪ ਬੋਲ ਰਿਹਾ ਹੋਵੇ। ਪੰਜਾਬੀ ਵਿਚ ਅਜੇਹੀ ਸਥਿਤੀ ਵਿਚ ਵੀ ਮੱਧਮ ਪੁਰਖ ਦੀ ਹੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ :

(30) ਹੱਛਾ ਹੁਣ ਤੂੰ ਆਪਣੇ ਝੂਠ ਤੇ ਮਕਰ ਦੀ ਸਜ਼ਾ ਭੁਗਤ

(31) ਸ਼ਾਬਾਸ਼ ਦੇ ਆਪਣੇ ਪਿਓ ਨੂੰ ਤੇ ਸਿਮਰ ਲੈ ਭੈਅ ਭੰਜਨ ਦਾ ਨਾਂ

ਜਿਥੋਂ ਤੀਕ ਵਕਤਾ ਸੰਮਿਲਿਤ ਸੰਕੇਤਾਰਥਕ ਜਾਂ ਸੁਝਾਉ ਵਾਲੇ ਵਾਕਾਂ ਵਿਚ ਵਰਤੇ ਜਾਂਦੇ ਉੱਤਮ ਪੁਰਖ ਬਹੁ ਵਚਨ ਦਾ ਸੰਬੰਧ ਹੈ ਕਿ ਸਰੋਤਾ ਜਾਂ ਮੱਧਮ ਪੁਰਖ ਵੀ ਇਸ ਵਿਚ ਸ਼ਾਮਿਲ ਹੁੰਦਾ ਹੈ। ਇਸ ਦੀ ਗਵਾਹੀ ਵਾਕ ਦੀ ਮੁਢਲੀ ਕ੍ਰਿਆ ਦੇ ਰੂਪ ਤੋਂ ਮਿਲਦੀ ਹੈ, ਜੋ ਸਦਾ ਮੱਧਮ ਪੁਰਖ ਤੇ ਹੁਕਮਵਾਚੀ ਰੂਪ ਵਿਚ ਹੁੰਦੀ ਹੈ। ਇਹ ਨਿਯਮ ਸਿਰਫ਼ ਪੰਜਾਬੀ, ਹਿੰਦੀ ਆਦਿ ਭਾਸ਼ਾਵਾਂ ਤੇ ਹੀ ਲਾਗੂ ਨਹੀਂ ਹੁੰਦਾ ਸਗੋਂ ਦੁਨੀਆ ਦੀ ਹਰ ਭਾਸ਼ਾ ਦਾ ਵਤੀਰਾ ਇਸੇ ਤਰ੍ਹਾਂ ਦਾ ਹੋਵੇਗਾ ਅਤੇ ਇਸਨੂੰ ਭਾਸ਼ਾ ਦਾ ਸਰਬ-ਵਿਆਪਕ ਨਿਯਮ ਆਖਿਆ ਜਾ ਸਕਦਾ ਹੈ।

**ਸੰਬੋਧਨੀ ਸ਼ਬਦਾਂ ਦੀ ਵਰਤੋਂ :**

ਹੁਕਮਵਾਚੀ ਵਾਕ ਵਿਚ ਜੇਕਰ ਵਿਸ਼ਾ ਪ੍ਰਗਟ ਰੂਪ ਵਿਚ ਆਇਆ ਹੈ ਤਾਂ ਇਹ ਨਿਜਵਾਚਕ ਪੜਨਾਂਵ ਜਾਂ ਸੰਬੋਧਨੀ ਸ਼ਬਦ ਹੋ ਸਕਦਾ ਹੈ। ਕਈ ਭਾਸ਼ਾ ਵਿਗਿਆਨੀ ਤਾਂ ਸੰਬੋਧਨੀ ਤੱਤਾਂ ਨੂੰ ਵੱਖਰੇ ਵਾਕ ਵੀ ਮੰਨ ਲੈਂਦੇ ਹਨ। ਕਈ ਵਾਰ ਸੰਬੋਧਨੀ ਸ਼ਬਦ ਇਕੱਲੇ ਹੀ ਵਿਸ਼ੇ ਦਾ ਸਥਾਨ ਪੂਰਦੇ ਹਨ ਪਰ ਕਈ ਵਾਰ ਪੜਨਾਂਵ ਤੇ ਸੰਬੋਧਨੀ ਸ਼ਬਦ ਇਕੱਠੇ ਆਉਂਦੇ ਹਨ, ਇਸ ਹਾਲਤ ਵਿਚ ਦੋਹਾਂ ਨੂੰ ਅਸੀਂ "ਮਿਸ਼੍ਰਿਤ ਸੰਗਿਆ ਵਾਕਾਂਸ਼" (nominal group-complex) ਆਖ ਸਕਦੇ ਹਾਂ। ਵਾਕ-ਬਣਤਰ ਜਾਂ ਸੰਰਚਨਾ ਦੇ ਪਖੋਂ ਸੰਬੋਧਨੀ ਸ਼ਬਦ ਪੜਨਾਂਵ ਤੋਂ ਪਹਿਲਾਂ ਆਵੇਗਾ, ਜਿਵੇਂ :

(32) (ੳ) ਮੋਹਨ ! ਚਾਹ ਲੈ ਆ

(ਅ) ਮੋਹਨ ! ਤੂੰ ਚਾਹ ਲੈ ਆ

ਫਿਰ ਇਨ੍ਹਾਂ ਦੋਹਾਂ ਵਿਚੋਂ ਕੋਈ ਵੀ ਵਾਕ ਦੇ ਅੰਤ ਤੇ ਆ ਸਕਦਾ ਹੈ, ਜਿਸ ਨੂੰ ਅਸੀਂ

ਖੰਡਿਤ ਸੰਗਿਆ ਵਾਕਾਂਸ਼ ਕਹਿ ਸਕਦੇ ਹਾਂ, ਜਿਵੇਂ :—

(ੲ) ਤੂੰ ਚਾਹ ਲੈ ਆ, ਮੋਹਨ

(ਸ) ਮੋਹਨ! ਚਾਹ ਲੈ ਆ ਤੂੰ

ਹੁਕਮਵਾਚੀ ਵਾਕ ਦੀ ਸੰਰਚਨਾ ਵਿਚ ਜਿਹੜੇ ਜਿਹੜੇ ਸਿਸਟਮ ਕੰਮ ਕਰਦੇ ਹਨ, ਉਨ੍ਹਾਂ ਨੂੰ ਚਿਤ੍ਰ ਰੂਪ ਵਿਚ ਦਰਸਾਇਆ ਜਾ ਸਕਦਾ ਹੈ :



# ਹਵਾਲੇ ਤੇ ਟਿੱਪਣੀਆਂ

1. Berry, Margaret (1975) Structures and Systems, London : Batsford.
2. Bolinger, Dwight L. (1967), "Imperatives in English"in To Honor Roman Jakobson, Vol I, The Hague : Mouton.
3. Halliday, M.A.K. (1967) "Notes on Transitivity and Theme in English", in III parts, Journal of Linguistics, Vol. II. III. and IV (1968).
4. Jagdeva Singh (1975), "Negation in Hindi" in Linguistics, 149, pp. 41-58.
5. Thonre, J P. (1966), "English Imperative Sentence", Journal of Linguistics, Vol II, pp. 69-78.
6. Walia, P.S. (1977), A systemic description of clause patterns in Punjabi, Ph. D. Thesis (unpulished).

# 4

# ਪੰਜਾਬੀ ਵਿਚ ਸੰਬੋਧਨੀ ਢੰਗ

**ਭੂਮਿਕਾ :**

ਜਦੋਂ ਕੋਈ ਵਿਅਕਤੀ ਦੂਸਰੇ ਨੂੰ ਬੁਲਾਉਂਦਾ ਹੈ ਜਾਂ ਉਸ ਨਾਲ ਗੱਲ ਕਰਦਾ ਹੈ ਤਾਂ ਸੰਬੋਧਨੀ ਸ਼ਬਦਾਂ ਦੀ ਚੋਣ ਇਸ ਗੱਲ 'ਤੇ ਨਿਰਭਰ ਹੁੰਦੀ ਹੈ ਕਿ ਬੁਲਾਉਣ ਵਾਲੇ ਤੇ ਬੁਲਾਏ ਜਾਣ ਵਾਲੇ ਸੰਬੋਧਿਤ ਵਿਅਕਤੀ ਦਾ ਆਪਸੀ ਰਿਸ਼ਤਾ ਕਿਹੋ ਜਿਹਾ ਹੈ। ਦੂਸਰੀਆਂ ਭਾਸ਼ਾਵਾਂ (ਵਿਸ਼ੇਸ਼ ਤੌਰ 'ਤੇ ਅੰਗ੍ਰੇਜ਼ੀ) ਦੇ ਮੁਕਾਬਲੇ 'ਤੇ ਪੰਜਾਬੀ ਬੋਲਣ ਵਾਲੇ ਨੂੰ ਅਜੇਹੀ ਚੋਣ ਦੀ ਬੜੀ ਖੁਲ੍ਹ ਪ੍ਰਾਪਤ ਹੈ। ਇਸਦਾ ਕਾਰਨ ਇਹ ਹੈ ਕਿ ਪੰਜਾਬੀ ਵਿਚ ਇਕ ਨਹੀਂ, ਅਨੇਕ ਪ੍ਰਕਾਰ ਦੇ ਸੰਬੋਧਨੀ ਢੰਗ ਮਿਲਦੇ ਹਨ। ਜੇ ਅਸੀਂ ਇਨ੍ਹਾਂ ਸੰਬੋਧਨੀ ਢੰਗਾਂ ਪਿੱਛੇ ਕੰਮ ਕਰਦੇ ਸਮਾਜਕ ਤੇ ਸਭਿਆਚਾਰਕ ਨੇਮ ਲੱਭੀਏ ਤਾਂ ਬੜੇ ਰੌਚਕ ਸਿੱਟੇ ਨਿਕਲਦੇ ਹਨ। ਸੰਬੋਧਨੀ ਸ਼ਬਦਾਂ ਦੀ ਚੋਣ ਬਹੁਤ ਵਾਰੀ ਇਸ ਗੱਲ 'ਤੇ ਨਿਰਭਰ ਹੁੰਦੀ ਹੈ ਕਿ ਬੋਲਣ ਤੇ ਸੁਣਨ ਵਾਲੇ, ਦੋਹਾਂ ਪਾਤਰਾਂ ਦਾ ਆਪਸੀ ਰਿਸ਼ਤਾ ਕਿਹੋ ਜੇਹਾ ਹੈ? ਅਰਥਾਤ ਉਹ ਇਕ ਦੂਸਰੇ ਦੇ ਦੋਸਤ ਹਨ ਕਿ ਰਿਸ਼ਤੇਦਾਰ ਜਾਂ ਸਰਸਰੀ ਤੌਰ 'ਤੇ ਵਾਕਫ਼ ਹਨ? ਫਿਰ, ਦੋਹਾਂ ਦੀ ਉਮਰ ਕਿੰਨੀ ਕੁ ਹੈ ਜਾਂ ਦੋਹਾਂ ਦੀ ਉਮਰ ਵਿਚ ਫ਼ਰਕ ਕਿੰਨਾ ਕੁ ਹੈ? ਇਸੇ ਤਰ੍ਹਾਂ, ਦੋਹਾਂ ਦੇ ਸਮਾਜਕ ਰੁਤਬੇ ਵਿਚ ਕੀ ਅੰਤਰ ਹੈ? ਆਰਥਕ, ਸਮਾਜਕ ਜਾਂ ਦਫ਼ਤਰੀ ਸੰਬੰਧ ਵਿਚ ਕੋਈ ਵੱਡਾ ਛੋਟਾ ਹੈ ਕਿ ਦੋਵੇਂ ਬਰਾਬਰ ਹਨ? ਕੀ ਦੋਹਾਂ ਵਿੱਚੋਂ ਕੋਈ ਇਕ ਦੂਸਰੇ ਦੇ ਅਧੀਨ ਕੰਮ ਤਾਂ ਨਹੀਂ ਕਰਦਾ?

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਸ਼ਾ ਰਾਹੀਂ ਜਿਹੜੇ ਪਰਸਪਰ ਸੰਬੰਧ ਤੇ ਸਮਾਜਕ ਰੁਤਬੇ ਦਰਸਾਏ ਜਾਂਦੇ ਹਨ, ਉਹ ਕੇਵਲ ਭਾਸ਼ਾ ਦੀ ਵਰਤੋਂ ਤੀਕ ਹੀ ਸੀਮਿਤ ਨਹੀਂ ਹੁੰਦੇ, ਸਗੋਂ ਉਹ ਵਾਸਤਵਿਕ ਜੀਵਨ ਵਿਚ ਵੀ ਓਨੇ ਹੀ ਕਾਰਜਸ਼ੀਲ ਤੇ ਮਹੱਤਵਪੂਰਨ ਹੁੰਦੇ ਹਨ, ਜਿੰਨੇ ਕਿ ਭਾਸ਼ਾ ਵਿਚ। ਇਸ ਤਰ੍ਹਾਂ ਦੇ ਸੰਬੋਧਨੀ ਢੰਗ ਸਾਡੀ ਸਮਾਜਕ ਬਣਤਰ ਨੂੰ ਚਿਤ੍ਰਿਤ ਕਰਦੇ ਹਨ ਤੇ ਹਰੇਕ ਨਵੀਂ ਪੀੜ੍ਹੀ ਆਪਣੇ ਆਪ ਨੂੰ ਇਸੇ ਸਮਾਜਕ ਬਣਤਰ ਅਨੁਸਾਰ ਢਾਲਦੀ ਹੈ ਅਤੇ ਆਪਣੇ ਤੋਂ ਪਹਿਲਾਂ ਹੋ ਚੁੱਕੀ ਪੀੜ੍ਹੀ ਤੋਂ ਉਹ ਸਾਰੇ ਸ਼ਬਦ ਅਤੇ ਉਨ੍ਹਾਂ ਦੀ ਯੋਗ ਤੇ ਢੁਕਵੀਂ ਵਰਤੋਂ ਸਿਖਦੀ ਹੈ। ਇਸ ਦੇ ਨਾਲ ਹੀ ਹਰੇਕ ਨਵੀਂ ਪ਼ੀੜ੍ਹੀ ਨੂੰ ਖੁਲ੍ਹ ਪ੍ਰਾਪਤ ਹੈ ਕਿ ਉਹ ਨਵੇਂ ਸ਼ਬਦਾਂ ਦੀ ਭਾਲ ਕਰੇ ; ਇਨ੍ਹਾਂ ਪ੍ਰਾਪਤ ਸ਼ਬਦਾਂ ਨੂੰ ਨਵੇਂ ਅਰਥ ਦੇਵੇ ਤੇ ਸੰਬੋਧਨ ਢੰਗਾਂ ਦੇ ਪ੍ਰਤਿਰੂਪਾਂ ਵਿਚ ਤਬਦੀਲੀ ਕਰ ਲਵੇ। ਪਰੰਤੂ, ਇਹ ਸਭ

ਕੁਝ ਪਿਛਲੇ ਪ੍ਰਬੰਧ ਦੀ ਸੀਮਾ ਦੇ ਅੰਦਰ ਰਹਿ ਕੇ ਹੀ ਕੀਤਾ ਜਾ ਸਕਦਾ ਹੈ। ਇਥੇ ਇਕ ਗੱਲ ਹੋਰ ਚਿਤਾਰ ਲੈਣੀ ਅਜੋਗ ਪ੍ਰਤੀਤ ਨਹੀਂ ਹੁੰਦੀ ਕਿ ਵੱਖ ਵੱਖ ਸਮਾਜਕ ਸਥਿਤੀਆਂ ਵਿਚ ਸਾਡਾ ਨਿੱਤ ਦਾ ਵਤੀਰਾ ਪੂਰੀ ਤਰ੍ਹਾਂ ਰਿਕਾਰਡ ਨਹੀਂ ਕੀਤਾ ਜਾ ਸਕਦਾ, ਕਿਉਂਕਿ ਭਾਸ਼ਾ-ਵਤੀਰੇ ਦੇ ਨਾਲ ਨਾਲ ਕੁਝ ਹੋਰ ਗੱਲਾਂ ਵੀ ਹੁੰਦੀਆਂ ਹਨ, ਜੋ ਭਾਸ਼ਾ-ਖੇਤਰ (language area) ਤੇ ਟੇਪ ਰਿਕਾਰਡਿੰਗ ਦੀ ਪਹੁੰਚ ਤੋਂ ਬਾਹਰ ਰਹਿ ਜਾਂਦੀਆਂ ਹਨ ; ਜਿਵੇਂ 'ਸਤਿ ਸ੍ਰੀ ਅਕਾਲ' ਕਹਿਣ ਲੱਗਿਆਂ ਮੁਸਕ੍ਰਾਉਣਾ, ਦੋਵੇਂ ਹੱਥ ਜੋੜਨੇ, ਝੁਕਣਾ, ਪੈਰਾਂ ਨੂੰ ਹੱਥ ਲਾਉਣਾ ਜਾਂ ਮੱਥੇ 'ਤੇ ਤਿਊੜੀਆਂ ਪਾਉਣਾ ਆਦਿ।

ਇਸ ਅਧਿਐਨ ਰਾਹੀਂ ਅਸੀਂ ਇਹ ਲੱਭਣ ਦਾ ਜਤਨ ਕਰਾਂਗੇ ਕਿ ਕੀ ਸੰਬੋਧਨੀ ਸ਼ਬਦਾਂ ਦੀ ਵਰਤੋਂ ਵਿਚ ਅਤੇ ਸਮਾਜਕ ਢਾਂਚੇ ਦੇ ਵੱਖ ਵੱਖ ਪੱਧਰਾਂ ਵਿਚ ਵੀ ਕੋਈ ਸਿੱਧੀ ਸਾਂਝ ਹੈ? ਇਸ ਅਧਿਐਨ ਰਾਹੀਂ ਅਸੀਂ ਭਾਸ਼ਾ ਵਿਗਿਆਨ ਦਾ ਇਕ ਨਿਯਮ ਦ੍ਰਿੜ੍ਹ ਕਰਾ ਰਹੇ ਹੋਵਾਂਗੇ ਕਿ ਭਾਸ਼ਾ-ਰੂਪ ਵਰਗਾਂ ਜਾਂ ਉਪ-ਵਰਗਾਂ ਵਿਚ ਵੰਡੇ ਹੋਏ ਹੁੰਦੇ ਹਨ ਅਤੇ ਇਹ ਭਾਸ਼ਾ-ਵਰਗ ਅੱਗੋਂ ਸਮਾਜਕ ਵਰਗਾਂ ਜਾਂ ਉਪ-ਵਰਗਾਂ ਨਾਲ ਜੁੜੇ ਹੋਏ ਹੁੰਦੇ ਜਾਂ ਉਨ੍ਹਾਂ ਨਾਲ ਮੇਲ ਖਾਂਦੇ ਹਨ। ਇਹ ਨਿਯਮ ਇਕ-ਦਿਸ਼ਾਈ ਨਹੀਂ ਹੈ, ਕਿਉਂਕਿ ਇਕ ਪਾਸੇ ਭਾਸ਼ਾ-ਰੂਪਾਂ ਦੀ ਬਣਤਰ ਤੇ ਵੱਖ-ਵੱਖ ਸਥਿਤੀਆਂ ਵਿਚ ਇਨ੍ਹਾਂ ਦੀ ਚੋਣ ਸਾਨੂੰ ਵਾਸਤਵਿਕ ਜੀਵਨ ਵਿਚ ਕੰਮ ਕਰਦੀ ਸਮਾਜਕ ਬਣਤਰ ਦਰਸਾਉਂਦੀ ਹੈ, ਦੂਜੇ ਪਾਸੇ ਸਮਾਜਕ ਬਣਤਰ ਦੇ ਅਧਿਐਨ ਨਾਲ ਅਸੀਂ ਦੱਸ ਸਕਦੇ ਹਾਂ ਕਿ ਇਕ ਵਿਅਕਤੀ ਦੂਸਰੇ ਲਈ ਕਿਸੇ ਸਥਿਤੀ ਵਿਚ ਕਿਹੋ ਜੇਹੀ ਭਾਸ਼ਾ ਦੀ ਵਰਤੋਂ ਕਰੇਗਾ। ਅਜੇਹੇ ਅਧਿਐਨ ਲਈ ਚੰਗਾ ਹੋਵੇਗਾ ਜੇ ਭਾਸ਼ਾ-ਰੂਪਾਂ ਦਾ ਵਰਗੀਕਰਣ ਪਹਿਲਾਂ ਕਰ ਲਿਆ ਜਾਵੇ ਅਤੇ ਫਿਰ ਇਨ੍ਹਾਂ ਵਰਗਾਂ ਨੂੰ ਸੰਬੰਧਿਤ ਸਮਾਜਕ ਪ੍ਰਸੰਗ ਨਾਲ ਜੋੜਿਆ ਜਾਵੇ, ਕਿਉਂਕਿ ਭਾਸ਼ਾ-ਰੂਪਾਂ ਦੀ ਸਮਾਜਕ ਪ੍ਰਕ੍ਰਿਆ ਬਾਰੇ ਸਾਨੂੰ ਪਹਿਲਾਂ ਹੀ ਕੁਝ ਗਿਆਨ ਹੈ, ਜੋ ਸਾਨੂੰ ਇਹ ਦੱਸਣ ਲਈ ਜ਼ਰੂਰੀ ਹੈ ਕਿ ਕੋਈ ਸੰਬੋਧਨ ਕਰਤਾ ਕਿਸੇ ਵਿਸ਼ੇਸ਼ ਸੰਬੋਧਨੀ ਸ਼ਬਦ ਦੀ ਚੋਣ ਕਿਉਂ ਕਰਦਾ ਹੈ ਅਤੇ ਹਰ ਸਥਿਤੀ ਵਿਚ ਉਸਦੀ ਇਹ ਚੋਣ ਕਿਵੇਂ ਸਮਾਜਕ ਅਤੇ ਪਰਸਪਰ ਸੰਬੰਧਾਂ ਦੀਆਂ ਵੱਖ-ਵੱਖ ਵਿਮਾਵਾਂ (dimensions) 'ਤੇ ਨਿਰਭਰ ਹੁੰਦੀ ਹੈ।

ਵੱਖ ਵੱਖ ਨਾਂਵਾਂ, ਖ਼ਿਤਾਬਾਂ ਜਾਂ ਹੋਰ ਸੰਬੋਧਨੀ ਢੰਗਾਂ ਦਾ ਅਧਿਐਨ ਇਸ ਲਈ ਵੀ ਮਹੱਤਾ ਰੱਖਦਾ ਹੈ ਕਿ ਕਿਸੇ ਆਦਮੀ ਵੱਲੋਂ ਵਰਤੇ ਗਏ ਸੰਬੋਧਨੀ ਸ਼ਬਦ ਉਸਦੀ ਸਮਾਜਕ ਸਥਿਤੀ, ਉਸਦਾ ਰੁਤਬਾ ਤੇ ਸਮਾਜਕ ਦਰਜਾ ਦਰਸਾਉਂਦੇ ਹਨ, ਵਿਸ਼ੇਸ਼ ਤੌਰ 'ਤੇ ਆਲੇ-ਦੁਆਲੇ ਦੇ ਸਮਾਜਕ-ਪ੍ਰਸੰਗ ਵਿਚ ਅਤੇ ਉਨ੍ਹਾਂ ਲੋਕਾਂ ਦੇ ਸੰਦਰਭ ਵਿਚ, ਜਿਨ੍ਹਾਂ ਨਾਲ ਉਹ ਗੱਲ ਬਾਤ ਕਰ ਰਿਹਾ ਹੁੰਦਾ ਹੈ। ਇਸ ਤਰ੍ਹਾਂ ਇਹ ਸੰਬੋਧਨੀ ਸ਼ਬਦ ਸਾਡੇ ਸਮਾਜਕ ਰਿਸ਼ਤਿਆਂ ਨੂੰ ਬਾਰ ਬਾਰ ਦ੍ਰਿੜਾਉਂਦੇ ਰਹਿੰਦੇ ਹਨ।

ਜਦੋਂ ਕੋਈ ਸੰਬੋਧਨ-ਕਰਤਾ ਸੰਬੋਧਨੀ ਰੂਪ ਦੀ ਚੋਣ ਕਰਦਾ ਹੈ, ਉਸ ਦੀ ਚੋਣ ਦਾ ਆਧਾਰ ਸਮਾਜਕ ਤੱਥ ਹੁੰਦੇ ਹਨ, ਵਿਆਕਰਣਕ ਨਿਯਮ ਨਹੀਂ। ਪਰੰਤੂ ਇਹ ਚੋਣ ਬਿਲਕੁਲ ਸੁਤੰਤਰ ਨਹੀਂ ਹੁੰਦੀ। ਇਹ ਨਹੀਂ ਹੁੰਦਾ ਕਿ ਵਕਤਾ ਸੰਬੋਧਿਤ ਵਿਅਕਤੀ ਲਈ ਜਿਹੜੇ ਮਰਜ਼ੀ ਸ਼ਬਦ ਦੀ ਵਰਤੋਂ ਕਰੇ। ਸਗੋਂ ਉਸਦੀ ਚੋਣ ਸਭ ਤੋਂ ਪਹਿਲਾਂ ਇਸ ਗੱਲ 'ਤੇ ਨਿਰਭਰ ਹੁੰਦੀ ਹੈ ਕਿ ਉਹ ਵਾਰਤਾਲਾਪ ਦੇ ਦੂਸਰੇ ਪਾਤਰ ਬਾਰੇ ਕੀ ਜਾਣਦਾ ਹੈ ਅਤੇ ਵਤੀਰੇ ਦੇ ਪ੍ਰਤਿਮਾਨ ਉਸਨੂੰ ਕਿੱਥੋਂ ਤੀਕ ਖੁਲ੍ਹ ਦੇਂਦੇ ਹਨ। ਸ਼ਬਦਾਂ ਦੀ ਚੋਣ ਕਰਦੇ ਸਮੇਂ ਵਿਆਕਰਣਕ ਨਿਯਮਾਂ ਦਾ ਸਮਾਜ-ਭਾਸ਼ਾ-ਵਿਗਿਆਨਕ ਨਿਯਮਾਂ ਵਿਚ ਕੇਵਲ ਦਰਜੇ ਦਾ ਹੀ ਅੰਤਰ ਹੁੰਦਾ ਹੈ, ਬੁਨਿਆਦੀ ਤੱਤਾਂ ਦਾ ਅੰਤਰ ਨਹੀਂ ਹੁੰਦਾ।

## ਸਾਮਗ੍ਰੀ ਤੇ ਵਿਧੀ

ਸੰਬੋਧਨੀ ਸ਼ਬਦਾਂ ਦੀ ਵਰਤੋਂ ਸੰਬੰਧੀ ਭਾਸ਼ਾ ਵਿਚ ਕਿਹੜੇ ਪ੍ਰਤਿਮਾਨ ਸਥਾਪਿਤ ਹੋ ਚੁੱਕੇ ਹਨ? ਇਸਦੇ ਅਧਿਐਨ ਲਈ ਸਾਨੂੰ ਨਿੱਤ ਵਰਤੀਂਦੀ ਬੋਲੀ ਦੀ ਬਹੁਤ ਸਾਰੀ ਸਾਮਗ੍ਰੀ ਇਕੱਤਰ ਕਰਨੀ ਹੋਵੇਗੀ। ਇਸਦਾ ਵਿਸ਼ੈ-ਖੇਤਰ ਏਨਾ ਵਿਸ਼ਾਲ ਹੈ, ਅਰਥਾਤ ਲੋਕਾਂ ਦੇ ਪਰਸਪਰ ਰਿਸ਼ਤੇ, ਆਪਸੀ ਸੰਬੰਧ ਤੇ ਵਤੀਰੇ ਏਨੀ ਪ੍ਰਕਾਰ ਦੇ ਹਨ ਕਿ ਇਨ੍ਹਾਂ ਵਿਚ ਕਿਸੇ ਪ੍ਰਕਾਰ ਦੀ ਇਕਰੂਪਤਾ (uniformity) ਦਰਸਾਉਣੀ ਕਠਿਨ ਹੈ। ਅਜੇਹੀ ਹਾਲਤ ਵਿਚ ਇਕ ਪਾਸੇ ਤਾਂ ਵਿਸ਼ਾਲ ਸਾਮਗ੍ਰੀ ਹੁੰਦੀ ਹੈ। (ਜਿਸਦਾ ਵਿਸ਼ਲੇਸ਼ਣ ਤੇ ਅਧਿਐਨ ਕੀਤਾ ਜਾਣਾ ਹੈ), ਦੂਸਰੇ ਪਾਸੇ ਭਾਸ਼ਾ-ਵਿਗਿਆਨੀ ਦੀ ਬੋਲੀ ਪ੍ਰਤਿ ਆਪਣੀ ਸੰਵੇਦਨਾ ਹੁੰਦੀ ਹੈ, ਜੋ ਕਿਸੇ ਪ੍ਰਬੰਧ ਵਿਚ ਬੱਝੀ ਨਹੀਂ ਹੁੰਦੀ। ਇਹ ਆਪਣੇ ਆਲੇ-ਦੁਆਲੇ ਦੇ ਲੋਕਾਂ ਦੀ ਬੋਲੀ ਸੁਣ ਸੁਣ ਕੇ ਵਿਕਸਿਤ ਹੋਈ ਹੁੰਦੀ ਹੈ। ਇਹ ਅੰਤਰ-ਸੂਝ ਹਰ ਗੱਲ ਦਾ ਸੌਖਾ ਹੱਲ ਦੱਸਦੀ ਹੈ। ਫਲਸਰੂਪ, ਭਾਸ਼ਾ-ਵਿਗਿਆਨੀ ਦਾ ਝੁਕਾਅ ਏਧਰ ਹੁੰਦਾ ਹੈ। ਇਸ ਲਈ ਇਕ ਪਾਸੇ ਪ੍ਰਬੰਧ ਅਧੀਨ ਇਕੱਤਰ ਕੀਤੀ ਗਈ ਸਾਮਗ੍ਰੀ ਤੇ ਦੂਸਰੇ ਪਾਸੇ ਭਾਸ਼ਾ-ਵਿਗਿਆਨੀ ਦੀ ਭਾਸ਼ਾ ਪ੍ਰਤੀ ਸੰਵੇਦਨਸ਼ੀਲਤਾ ਤੇ ਉਸ ਪ੍ਰੇਖਣ ਵਿਚ ਸੁਮੇਲ ਪੈਦਾ ਕਰਨਾ ਜ਼ਰੂਰੀ ਹੈ।

ਇਹ ਖੋਜ-ਪੱਤਰ ਸਮਾਜ-ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਇਕ ਮੁੱਢਲਾ ਤੇ ਵਿਅਕਤੀਗਤ ਜਤਨ ਹੈ। ਇਸ ਲਈ ਸੀਮਿਤ ਸਾਮਗ੍ਰੀ ਨਾਲ ਕੰਮ ਕਰਨਾ ਪੈ ਰਿਹਾ ਹੈ। ਅਸੀਂ ਪੰਜਾਬੀ ਦੇ ਨਾਟਕਾਂ ਵਿੱਚੋਂ ਸਾਮਗ੍ਰੀ ਲੈ ਸਕਦੇ ਹਾਂ, ਕਿਉਂਕਿ ਨਾਟਕ ਹੀ ਸਾਹਿਤ ਦਾ ਅਜੇਹਾ ਰੂਪ ਹਨ, ਜਿਥੇ ਪਾਤਰਾਂ ਦੀ ਆਪਸੀ ਵਾਰਤਾਲਾਪ ਦਿੱਤੀ ਹੁੰਦੀ ਹੈ। ਨਾਟਕ ਦੇ ਪਾਤਰਾਂ ਦੀ ਵਾਰਤਾਲਾਪ ਨਹੀਂ ਹੁੰਦੀ। ਇਸ ਦਾ ਮੂਲਾਧਾਰ ਨਾਟਕਕਾਰ ਦਾ ਆਪਣਾ ਤਜਰਬਾ, ਪ੍ਰੇਖਣ ਤੇ ਸੂਝ ਹੁੰਦੀ ਹੈ। ਉਹ ਕਿਸੇ ਪਾਤਰ ਤੋਂ ਕਿਹੋ ਜੇਹੀ ਵਾਰਤਾਲਾਪ ਕਹਾਉਂਦਾ ਹੈ, ਇਹ ਗੱਲ ਅੰਤਿਮ ਰੂਪ ਵਿਚ ਉਸ ਦੀ ਸੰਵੇਦਨਸ਼ੀਲਤਾ ਉਪਰ ਨਿਰਭਰ ਹੁੰਦੀ ਹੈ। ਇਸ ਲਈ ਇਸ ਖੋਜ-ਪੱਤਰ ਵਿਚ ਅਸੀਂ ਉਦਾਹਰਣ ਵਜੋਂ ਆਈ. ਸੀ. ਨੰਦਾ, ਬਲਵੰਤ ਗਾਰਗੀ ਤੇ ਡਾ. ਹਰਚਰਨ ਸਿੰਘ ਦੇ ਨਾਟਕਾਂ ਵਿੱਚੋਂ ਹੀ ਸਾਮਗ੍ਰੀ ਲਵਾਂਗੇ।

## ਸੰਬੋਧਨੀ ਸ਼ਬਦਾਂ ਦੇ ਪੈਟਰਨ

ਪੰਜਾਬੀ ਵਿਚ ਵਰਤੇ ਜਾਂਦੇ ਸੰਬੋਧਨੀ ਸ਼ਬਦ ਸਮਾਜ-ਵਿਗਿਆਨਕ ਦ੍ਰਿਸ਼ਟੀ ਤੋਂ ਵੱਖ ਵੱਖ ਪੱਧਰਾਂ 'ਤੇ ਰੱਖ ਕੇ ਵੇਖੇ ਜਾ ਸਕਦੇ ਹਨ। ਸਾਡੀ ਸਭ ਤੋਂ ਪਹਿਲੀ ਪੱਧਰ ਜਾਂ ਵਿਮਾ ਸ਼ਹਿਰੀ ਜਾਂ ਪੇਂਡੂ ਬੋਲੀ ਹੋ ਸਕਦੀ ਹੈ। ਸ਼ਹਿਰਾਂ ਵਿਚ ਵਰਤੀ ਜਾਂਦੀ ਬੋਲੀ ਉੱਤੇ ਸ਼ਹਿਰੀਕਰਣ, ਉਦਯੋਗੀਕਰਣ ਤੇ ਪੱਛਮੀ ਵਿਦਿਆ ਦਾ ਪ੍ਰਭਾਵ ਸਪਸ਼ਟ ਹੈ। ਸ਼ਹਿਰੀ ਬੋਲੀ ਵਿਚ ਸੰਬੋਧਨੀ ਸ਼ਬਦ ਨਾਲ/ਸਾਹਿਬ/ਜਾਂ/ਜੀ/ਆਦਿ ਜ਼ਰੂਰ ਲਾਇਆ ਜਾਂਦਾ ਹੈ। ਇਸੇ ਤਰ੍ਹਾਂ ਅੰਗ੍ਰੇਜ਼ੀ ਪ੍ਰਭਾਵ ਅਧੀਨ/ਮਿਸਿਜ਼/ਦੀ ਵਰਤੋਂ ਵੀ ਆਮ ਹੈ। ਨੰਦੇ ਦੇ ਇਕ ਨਾਟਕ (ਸੋਸ਼ਲ ਸਰਕਲ) ਵਿਚ ਪਾਤਰ ਇਕ ਦੂਸਰੇ ਨੂੰ "ਕੈਕਰ ਸਾਹਿਬ", "ਕੈਕਰ ਜੀ", "ਮਿਸਿਜ਼ ਕਮਲਾ ਜੀ", "ਪੁਰੀ ਸਾਹਿਬ", "ਰਾਇ ਸਾਹਿਬ", "ਮਿਸਿਜ਼ ਪੁਰੀ", "ਮਿਸਿਜ਼ ਵੋਹਰਾ", ਆਦਿ ਨਾਲ ਸੰਬੋਧਨ ਕਰਦੇ ਹਨ। ਇਹ ਪੱਛਮੀ ਸਭਿਆਚਾਰ ਦੇ ਪ੍ਰਭਾਵ ਕਾਰਨ ਹੈ। ਇਸ ਦੇ ਉਲਟ ਪਿੰਡਾਂ ਵਿਚ ਵਧੇਰੇ ਕਰਕੇ ਇੱਕੋ ਉਮਰ ਦੇ ਲੋਕ ਜਾਂ ਵੱਡੀ ਉਮਰ ਦਾ ਆਦਮੀ (ਆਪਣੇ ਤੋਂ ਛੋਟੀ ਉਮਰ ਦੇ ਆਦਮੀ ਨੂੰ) "ਨੱਥਾਂ ਸਿਹਾਂ" ਆਦਿ ਕਹਿ ਕੇ ਬੁਲਾਉਂਦੇ ਹਨ। ਕਹਿਣ ਦਾ ਭਾਵ ਇਹ ਕਿ ਸੰਬੋਧਨੀ ਸ਼ਬਦਾਂ ਦੀ ਵਰਤੋਂ ਪੇਂਡੂ, ਸ਼ਹਿਰੀ, ਪੜ੍ਹੇ ਲਿਖੇ ਤੇ ਅਨਪੜ੍ਹ ਦੀ ਪੱਧਰ 'ਤੇ ਵੰਡੀ ਜਾ ਸਕਦੀ ਹੈ :

ਪੰਜਾਬੀ ਵਿਚ ਸੰਬੋਧਨੀ ਸ਼ਬਦ { ਪੇਂਡੂ ਬੋਲੀ / ਸ਼ਹਿਰੀ ਬੋਲੀ

ਪੇਂਡੂ ਬੋਲੀ ਤੇ ਸ਼ਹਿਰੀ ਬੋਲੀ ਵਿਚ ਵਰਤੇ ਜਾਂਦੇ ਸੰਬੋਧਨੀ ਸ਼ਬਦ ਅੱਗੋਂ ਵਾਰਤਾਲਾਪ ਦੇ ਪਾਤਰਾਂ ਦੀ ਉਮਰ, ਪਰਸਪਰ, ਰਿਸ਼ਤੇ, ਨਿਕਟਤਾ ਜਾਂ ਸਾਂਝ ਦੀ ਸੀਮਾਂ ਆਦਿ ਮਾਨਸਿਕ ਤੇ ਸਮਾਜਕ ਵਿਮਾਵਾਂ 'ਤੇ ਰਖ ਕੇ ਵੰਡੇ ਜਾ ਸਕਦੇ ਹਨ। ਸ਼ਹਿਰੀ ਬੱਚੇ ਅੰਗ੍ਰੇਜ਼ੀ ਦੇ ਪ੍ਰਭਾਵ ਅਧੀਨ ਵੱਡੀ ਉਮਰ ਦੇ ਗਵਾਂਢੀਆਂ, ਆਪਣੇ ਮਾਤਾ-ਪਿਤਾ ਦੇ ਦੋਸਤਾਂ/ ਸਹੇਲੀਆਂ ਨੂੰ ਅਤੇ ਆਪਣੇ ਅਧਿਆਪਕਾਂ ਨੂੰ ਵੀ/ਆਂਟੀ/,/ਅੰਕਲ/ਕਹਿ ਕੇ ਬੁਲਾਉਂਦੇ ਹਨ। ਇਥੋਂ ਤਕ ਕਿ ਬਹੁਤੇ ਬੱਚੇ ਤਾਂ ਜਿਸ ਕਿਸੇ ਨੂੰ ਪਹਿਲੀ ਵਾਰ ਵੀ ਮਿਲਦੇ ਹਨ/ ਆਂਟੀ/ਜਾਂ/ਅੰਕਲ/ਕਹਿ ਦੇਂਦੇ ਹਨ। ਇਸਦੇ ਉਲਟ ਸਾਰੇ ਪੇਂਡੂ, ਸਮਾਜ ਵਿਚ ਰਿਸ਼ਤਾ ਹੋਵੇ ਜਾਂ ਨਾ ਹੋਵੇ, ਰਿਸ਼ਤੇਦਾਰੀ ਵਾਲੀ ਸ਼ਬਦਾਵਲੀ ਵਰਤੀ ਜਾਂਦੀ ਹੈ, ਪਰ ਉਹ ਨਿਰੋਲ ਪੰਜਾਬੀ ਦੀ ਹੁੰਦੀ ਹੈ, ਜਿਵੇਂ ਨੰਦੇ ਦੇ ਨਾਟਕਾਂ ਵਿਚ ਸਾਨੂੰ ਬਹੁਤ ਸਾਰੇ ਪਾਤਰ "ਤਾਈ, ਬੇਬੇ, ਭੈਣ" ਆਦਿ ਕਹਿੰਦੇ ਮਿਲ ਜਾਂਦੇ ਹਨ। ਇਸੇ ਤਰ੍ਹਾਂ ਪਿੰਡਾਂ ਵਿਚ ਸੰਬੋਧਨੀ ਸ਼ਬਦ ਅਜੇਹੇ ਵੀ ਵਰਤੇ ਜਾਂਦੇ ਹਨ, ਜਿਨ੍ਹਾਂ ਦੀ ਵਰਤੋਂ ਨੂੰ ਭਾਸ਼ਾ-ਵਿਗਿਆਨ ਵਿਚ (teknonymous usages) ਕਿਹਾ ਜਾਂਦਾ ਹੈ। ਅਰਥਾਤ ਪਿੰਡ ਦੇ ਕਿਸੇ ਬਜ਼ੁਰਗ ਆਦਮੀ ਜਾਂ ਤੀਵੀਂ ਨੂੰ ਉਸ ਦੇ ਸਭ ਤੋਂ ਵੱਡੇ ਬੱਚੇ ਦੇ ਨਾਂ 'ਤੇ ਬੁਲਾਇਆ ਜਾਂਦਾ ਹੈ। ਜੇਕਰ ਵੱਡੀ ਧੀ ਹੋਵੇ ਤੇ ਉਸ ਤੋਂ ਛੋਟਾ ਪੁੱਤਰ ਹੋਵੇ ਤਾਂ ਮਾਪਿਆਂ ਨੂੰ ਮੁੰਡੇ ਦੇ ਨਾਂ ਤੋਂ ਹੀ ਸੱਦਿਆ ਜਾਂਦਾ ਹੈ। ਜਿਵੇਂ —

ਨੱਥੂ ਦੀ ਮਾਂ (ਕਾਕੇ ਦੀ ਮਾਂ)

ਰੁਲਦੂ ਦੇ ਲਾਲਾ

ਫੱਤੂ ਦੇ ਬਾਪੂ

ਇਸੇ ਤਰ੍ਹਾਂ, ਇਸ ਵਰਤੋਂ ਦੇ ਸਮਾਨੰਤਰ ਹੀ ਸਾਨੂੰ ਪਿੰਡਾਂ ਵਿਚ ਪੈਤ੍ਰਿਕ ਵਰਤੋਂ (patronymic usage) ਮਿਲ ਜਾਵੇਗੀ, ਅਰਥਾਤ ਜਵਾਨ ਮੁੰਡੇ ਜਾਂ ਕੁੜੀ ਨੂੰ ਉਸ ਦੇ ਪਿਤਾ ਜਾਂ ਮਾਂ ਦੇ ਨਾਂ ਨਾਲ ਬੁਲਾਇਆ ਜਾਂਦਾ ਹੈ, ਜਿਵੇਂ —

ਬਚਨ ਸਿੰਘ ਦੇ ਪੁੱਤਰ!

ਆ ਬਈ ਪਾਂਧੇ ਦਿਆਂ ਪੁੱਤਰਾ!

ਇਨ੍ਹਾਂ ਰੂਪਾਂ ਅਤੇ ਇਨ੍ਹਾਂ ਦੀ ਵਰਤੋਂ ਬਾਰੇ ਵਿਸਥਾਰ ਵਿਚ ਅੱਗੇ ਜਾ ਕੇ ਵਿਚਾਰ ਕੀਤਾ ਜਾਵੇਗਾ। ਪਰ ਇਥੇ ਇਨ੍ਹਾਂ ਬਾਰੇ ਏਨਾ ਕੁ ਦੱਸ ਦੇਣਾ ਹੀ ਯੋਗ ਹੈ ਕਿ ਅਜੇਹੇ ਸੰਬੋਧਨੀ ਰੂਪ ਸ਼ਹਿਰਾਂ ਵਿਚ ਤੇ ਵਿਸ਼ੇਸ਼ ਤੌਰ 'ਤੇ ਪੜ੍ਹੇ ਲਿਖੇ (ਸਭਿਆ ਸਮਝੇ ਜਾਣ ਵਾਲੇ) ਵਰਗਾਂ ਵਿਚ ਨਹੀਂ ਵਰਤੇ ਜਾਂਦੇ ਅਤੇ ਅਜੇਹੇ ਰੂਪਾਂ ਦੀ ਵਰਤੋਂ ਕਰਨ ਵਾਲੇ ਨੂੰ ਪੇਂਡੂ, ਗੰਵਾਰ ਜਾਂ ਜਟਕੀ ਬੋਲੀ ਬੋਲਣ ਵਾਲਾ ਸਮਝਿਆ ਜਾਂਦਾ ਹੈ।

ਸੰਬੋਧਨੀ ਰੂਪਾਂ ਬਾਰੇ ਇਹ ਬੜੀ ਆਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਇਹ ਪੇਂਡੂ ਹਨ ਜਾਂ ਸ਼ਹਿਰੀ। ਪਰ ਪੇਂਡੂ ਅਤੇ ਸ਼ਹਿਰੀ ਰੂਪਾਂ ਵਿਚਕਾਰ ਕੋਈ ਸਿੱਧੀ ਰੇਖਾ ਨਹੀਂ ਖਿੱਚੀ ਜਾ ਸਕਦੀ। ਕਈ ਸੰਬੋਧਨੀ ਸ਼ਬਦ ਸ਼ਹਿਰਾਂ ਤੇ ਪਿੰਡਾਂ ਦੋਹਾਂ ਵਿਚ ਵਰਤੇ ਜਾਂਦੇ ਹਨ, ਅਰਥਾਤ ਦੋਹਾਂ ਤਰ੍ਹਾਂ ਦੇ ਭਾਸ਼ਾ-ਰੂਪਾਂ ਵਿਚ ਸਮੁੱਚੇ ਤੌਰ 'ਤੇ ਅੱਜ ਤੀਕ ਕੋਈ ਬੱਝਵਾਂ ਪੈਟਰਨ ਪੂਰੀ ਤਰ੍ਹਾਂ ਸਥਾਪਿਤ ਨਹੀਂ ਹੋ ਸਕਿਆ।

ਇਸਦਾ ਦੂਸਰਾ ਤੇ ਵੱਡਾ ਕਾਰਨ ਵਿਆਕਰਣਕ ਨਿਯਮਾਂ ਤੇ ਸਮਾਜ-ਭਾਸ਼ਾ-ਵਿਗਿਆਨਕ ਨਿਯਮਾਂ (sociolinguistic rules) ਵਿਚਲਾ ਮੂਲ ਅੰਤਰ ਵੀ ਹੈ। ਕਿਸੇ ਵੀ ਭਾਸ਼ਾ ਦੇ ਵਿਆਕਰਣਕ ਨਿਯਮ ਇਹ ਤਾਂ ਦੱਸ ਸਕਦੇ ਹਨ ਕਿ ਉਸ ਭਾਸ਼ਾ ਵਿਚ ਵੱਖ ਵੱਖ ਪੱਧਰਾਂ 'ਤੇ ਕਿਹੜੀਆਂ ਕਿਹੜੀਆਂ ਭਾਸ਼ਾ-ਇਕਾਈਆਂ ਸੰਭਵ ਹਨ, ਪਰ ਇਨ੍ਹਾਂ ਭਾਸ਼ਾ ਇਕਾਈਆਂ ਦੀ ਵਿਵਹਾਰਕ ਪੱਧਰ ਉੱਤੇ ਵਰਤੋਂ ਬਾਰੇ, ਕੁਝ ਨਹੀਂ ਦੱਸ ਸਕਦੇ। ਬੋਲੀ ਦੀ ਵਿਆਕਰਣਕ ਵੰਡ ਤੇ ਅਧਿਐਨ ਵਿਚ ਵੀ ਇਹ ਨਿਯਮ ਸਹਾਈ ਹੋ ਸਕਦੇ ਹਨ ਅਤੇ ਇਹ ਦੱਸਣ ਵਿਚ ਵੀ ਸਹਾਈ ਹੋ ਸਕਦੇ ਹਨ ਕਿ ਭਾਸ਼ਾ ਦਾ ਕੋਈ ਵਾਕ ਵਿਆਕਰਣਕ ਤੌਰ 'ਤੇ ਸ਼ੁੱਧ ਹੈ ਕਿ ਅਸ਼ੁੱਧ। ਪਰ ਸਮਾਜ-ਭਾਸ਼ਾ ਵਿਗਿਆਨਕ ਨਿਯਮ ਇਹ ਦੱਸਦੇ ਹਨ ਕਿ ਕਿਸੇ ਵਿਸ਼ੇਸ਼ ਸਥਿਤੀ ਵਿਚ ਕੋਈ ਵਾਕ ਢੁੱਕਵਾਂ ਹੈ ਜਾਂ ਨਹੀਂ, ਇਸ ਤੋਂ ਵੱਧ ਉਹ ਇਹ ਦੱਸਦੇ ਹਨ ਕਿ ਕਿਸੇ ਸਥਿਤੀ ਵਿਚ ਵਕਤੇ ਨੇ ਜਿਹੜਾ ਵਾਕ ਵਰਤਿਆ ਹੈ, ਉਹ ਉਸਨੂੰ ਕਿਵੇਂ ਸਮਾਜਕ ਸਥਿਤੀ ਵਿਚ ਜੋੜਦਾ ਹੈ? ਇਹ ਨਿਯਮ ਪੂਰੀ ਤਰ੍ਹਾਂ ਪੇਸ਼ੀਨਗੋਈ ਨਹੀਂ ਕਰ ਸਕਦੇ। ਪਰ ਇਸ ਦਾ ਅਰਥ ਇਹ ਨਹੀਂ ਕਿ ਸਮਾਜ-ਭਾਸ਼ਾ-ਵਿਗਿਆਨਕ ਨਿਯਮ ਕਮਜ਼ੋਰ ਹੁੰਦੇ ਹਨ। ਸਮਾਜ-ਭਾਸ਼ਾ-ਵਿਗਿਆਨਕ ਨਿਯਮ ਅਜੇਹੀਆਂ ਕੁਝ ਹਾਲਤਾਂ ਜਾਂ ਸਥਿਤੀਆਂ ਤਾਂ ਨਿਸ਼ਚਿਤ ਕਰਦੇ ਹਨ ਕਿ ਵਖ ਵਖ ਭਾਸ਼ਾਈ ਰੂਪਾਂ ਦੀਆਂ ਸੰਭਾਵਨਾਵਾਂ ਵਿੱਚੋਂ ਕਿਹੜਾ ਰੂਪ ਵਧੇਰੇ ਢੁੱਕਵਾਂ ਹੈ। ਉਪਰੋਕਤ ਸਿੱਧਾਂਤਕ ਵਿਚਾਰ ਤੋਂ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਸੰਬੋਧਨੀ ਸ਼ਬਦਾਂ ਸੰਬੰਧੀ ਇਸ ਖੋਜ-ਪੱਤਰ ਵਿਚ ਜਿਹੜੇ ਨਿਯਮ ਦੱਸੇ ਜਾਣਗੇ, ਉਨ੍ਹਾਂ ਦਾ ਸੁਭਾਅ ਕਿਸ ਤਰ੍ਹਾਂ ਦਾ ਹੋਵੇਗਾ? ਸੰਬੋਧਨੀ ਸ਼ਬਦਾਂ ਜਾਂ ਰੂਪਾਂ ਦੇ ਨਿਯਮ ਵੇਖ ਕੇ ਅਸੀਂ ਇਹ ਦੱਸ ਸਕਦੇ ਹਾਂ ਕਿ ਇਥੇ ਵਕਤੇ ਦਾ ਸੰਬੋਧਿਤ ਵਿਅਕਤੀ ਨਾਲ ਕੀ ਸੰਬੰਧ ਹੈ? ਦੋਹਾਂ ਦਾ ਤੁਲਨਾਤਮਕ ਸਮਾਜਕ ਰੁਤਬਾ ਕਿਸ ਤਰ੍ਹਾਂ ਦਾ ਹੈ? ਪੜ੍ਹੇ ਲਿਖੇ ਹਨ ਜਾਂ ਨਹੀਂ? ਸਮਾਜ ਦੇ ਕਿਹੜੇ ਵਰਗ ਨਾਲ ਸੰਬੰਧਿਤ ਹਨ? ਅਤੇ ਉਨ੍ਹਾਂ ਦਾ ਇਕ ਦੂਜੇ ਪ੍ਰਤੀ ਵਤੀਰਾ ਕਿਹੋ ਜੇਹਾ ਹੈ।

## ਸਾਕੇਦਾਰੀ ਸ਼ਬਦਾਵਲੀ

ਰੂਪ ਅਤੇ ਅਰਥ ਦੀ ਦ੍ਰਿਸ਼ਟੀ ਤੋਂ ਸੰਬੋਧਨੀ-ਸ਼ਬਦਾਂ ਦਾ ਅਧਿਐਨ ਕਰਨ ਲਈ ਅਸੀਂ ਸਭ ਤੋਂ ਪਹਿਲਾਂ ਉਹ ਰੂਪ ਲਵਾਂਗੇ, ਜੋ ਸਭ ਤੋਂ ਵੱਧ ਵਰਤਿਆ ਜਾਂਦਾ ਹੈ ਅਤੇ ਜੋ ਪੰਜਾਬੀ ਬੋਲੀ ਦਾ ਇਕ ਅਜੇਹਾ ਲੱਛਣ ਪੇਸ਼ ਕਰਦਾ ਹੈ, ਜੋ ਇਸਨੂੰ ਹੋਰਨਾਂ ਬੋਲੀਆਂ ਤੋਂ ਵਖਰਿਆਉਂਦਾ ਹੈ। ਇਹ ਰੂਪ ਹੈ ਪੰਜਾਬੀ ਵਿਚ ਵਰਤੀ ਜਾਣ ਵਾਲੀ ਰਿਸ਼ਤੇਦਾਰੀ ਸ਼ਬਦਾਵਲੀ (kinship terms)। ਪੰਜਾਬੀ ਵਿਚ ਇਹ ਸ਼ਬਦਾਵਲੀ ਇੰਨੀ ਵਿਸ਼ਾਲ ਹੈ ਕਿ ਸਾਨੂੰ ਹਰ ਤਰ੍ਹਾਂ ਦਾ ਰਿਸ਼ਤਾ ਪ੍ਰਗਟਾਉਣ ਲਈ ਸ਼ਬਦ ਮਿਲ ਜਾਂਦਾ ਹੈ। ਅੰਗ੍ਰੇਜ਼ੀ ਨਾਲ ਇਸਦੀ ਤੁਲਨਾ ਕੀਤਿਆਂ ਇਸਦੀ ਵਿਸ਼ਾਲਤਾ ਦਾ ਅਹਿਸਾਸ ਹੋਰ ਵੀ ਤੀਬਰ ਹੋ ਜਾਂਦਾ ਹੈ। ਅੰਗ੍ਰੇਜ਼ੀ ਵਿੱਚ (uncle, auntie) ਦੋ ਸ਼ਬਦਾਂ ਨਾਲ ਹੀ ਬਹੁਤਾ ਕੰਮ ਚਲਾ ਲਿਆ ਜਾਂਦਾ ਹੈ। ਇਥੇ ਇਸ ਸ਼ਬਦਾਵਲੀ ਦੇ ਕੇਵਲ ਉਨ੍ਹਾਂ ਰੂਪਾਂ ਦਾ ਅਧਿਐਨ ਕੀਤਾ ਜਾਵੇਗਾ, ਜਿਹੜੇ ਅਸਲ ਵਿਚ ਵਰਤੋਂ ਵਿਚ ਆਉਂਦੇ ਹਨ।

ਸਾਕੇਦਾਰੀ ਸ਼ਬਦਾਵਲੀ ਵਿਸ਼ੇਸ਼ ਤੌਰ 'ਤੇ ਪਿੰਡਾਂ ਦੀ ਬੋਲੀ ਵਿਚ ਤਾਂ ਬਹੁਤ ਵਰਤੀ ਜਾਂਦੀ ਹੈ। ਸ਼ਹਿਰਾਂ ਵਿਚ ਤਾਂ ਪੱਛਮੀ ਵਿਦਿਆ ਤੇ ਸਭਿਆਚਾਰ ਦਾ ਅਸਰ ਪੈਣ ਕਰਕੇ ਬੱਚੇ ਆਮ ਤੌਰ 'ਤੇ ਗਵਾਂਢੀਆਂ ਲਈ ਵੀ "ਅੰਕਲ ਤੇ ਆਂਟੀ" ਸ਼ਬਦ ਵਰਤ ਲੈਂਦੇ ਹਨ। ਇਸੇ ਤਰ੍ਹਾਂ ਆਪਣੇ ਮਾਤਾ-ਪਿਤਾ ਦੇ ਦੋਸਤਾਂ ਅਤੇ ਆਪਣੇ ਸਾਥੀਆਂ ਸੰਗੀਆਂ ਦੇ ਮਾਤਾ ਪਿਤਾ ਲਈ ਵੀ ਸ਼ਹਿਰ ਦੇ ਬੱਚੇ ਇਹੋ ਸ਼ਬਦ ਵਰਤ ਲੈਂਦੇ ਹਨ। ਇਸ ਤੋਂ ਵੀ ਵਧੇਰੇ

ਪ੍ਰਭਾਵ ਵਾਲੇ ਤੇ ਘੱਟ ਸੰਗਾਊ ਬੱਚੇ ਤਾਂ ਬੱਸ ਜਾਂ ਗੱਡੀ ਵਿੱਚ, ਜਿਸਨੂੰ ਪਹਿਲੀ ਵਾਰੀ ਮਿਲਦੇ ਹਨ, ਉਸ ਲਈ ਵੀ ਸਾਕੇਦਾਰੀ ਦੀ ਇਹ ਸ਼ਬਦਾਵਲੀ ਵਰਤਣ ਤੋਂ ਸੰਕੋਚ ਨਹੀਂ ਕਰਦੇ। ਇਸੇ ਤਰ੍ਹਾਂ ਇੱਕੋ ਉਮਰ ਦੇ ਹੋਣ ਦੀ ਹਾਲਤ ਵਿਚ ਪੁਰਾਣੇ ਵਾਕਿਫ, ਗੁਆਂਢੀ ਜਾਂ ਇੱਕੋ ਦਫ਼ਤਰ ਵਿਚ ਤੇ ਲਗਪਗ ਇੱਕੋ ਜੇਹੇ ਰੁਤਬੇ 'ਤੇ ਕੰਮ ਕਰਨ ਵਾਲੇ ਦੋ ਦੋਸਤ "ਬਰਾਦਰ" ਸ਼ਬਦ ਵੀ ਵਰਤ ਲੈਂਦੇ ਹਨ, ਪਰ ਇਹ ਵਰਤੋਂ ਬਹੁਤ ਘੱਟ ਮਿਲਦੀ ਹੈ। ਇਸ ਦੀ ਥਾਂ 'ਤੇ ਵਧੇਰੇ ਕਰਕੇ ਗੂੜ੍ਹੀ ਨੇੜਤਾ ਦੀ ਹਾਲਤ ਵਿਚ ਦੋ ਮਰਦ ਆਪੋ ਵਿਚ/ਭਾਈ ਸਾਹਿਬ/ਤੇ ਵਧੇਰੇ ਨੇੜਤਾ ਦਰਸਾਉਣ ਲਈ/ਭਾਈ ਜਾਨ/ਰੂਪ ਵੀ ਵਰਤਦੇ ਹਨ। ਅਜੇਹੀ ਨੇੜਤਾ ਵਿਚ ਇਕ ਦੂਸਰੇ ਦੀਆਂ ਔਰਤਾਂ ਲਈ (ਔਰਤਾਂ ਆਪੋ ਵਿਚ ਇਕ ਦੂਸਰੇ ਲਈ)/ ਭੈਣ ਜੀ/ਸ਼ਬਦ ਦੀ ਵਰਤੋਂ ਕਰਦੀਆਂ ਹਨ। ਪਰੰਤੂ ਸਮਾਜਕ ਸਥਿਤੀ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਵਾਰਤਾਲਾਪ ਦੇ ਪਾਤਰ ਵਾਸਤਵ ਵਿਚ ਇਕ ਦੂਸਰੇ ਦੇ ਰਿਸ਼ਤੇਦਾਰ ਨਹੀਂ ਹਨ। ਇਸ ਨੂੰ ਪਰਿਭਾਸ਼ਕ ਸ਼ਬਦਾਵਲੀ ਵਿਚ ਅਰਥਾਂ ਦਾ ਫੈਲਾਉ ਕਿਹਾ ਜਾਂਦਾ ਹੈ। ਅਸੀਂ ਅਜੇਹੀ ਸ਼ਬਦਾਵਲੀ ਦਾ ਅਧਿਐਨ ਕਰਨ ਲਈ ਸਭ ਤੋਂ ਪਹਿਲਾਂ ਇਸੇ ਆਧਾਰ'ਤੇ ਵੰਡ ਕਰ ਸਕਦੇ ਹਾਂ :

ਸਾਕੇਦਾਰੀ ਸ਼ਬਦਾਵਲੀ →
- ਅਸਲ ਰਿਸ਼ਤੇਦਾਰੀ
- ਬਹੁ ਅਰਥਕਤਾ
- ਅਨੇਕਾਥਕਤਾ

ਇਸਦੇ ਨਾਲ ਹੀ ਇਸ ਸ਼ਦਾਵਲੀ ਦੀ ਵੰਡ ਇਕ ਹੋਰ ਪੱਧਰ 'ਤੇ ਵੀ ਕੀਤੀ ਜਾ ਸਕਦੀ ਹੈ! ਇਹ ਹੈ ਉਮਰ ਦੀ ਪੱਧਰ। ਇਹ ਸ਼ਬਦਾਵਲੀ ਉਮਰ ਦੀ ਪੱਧਰ ਦੇਂ ਆਧਾਰ 'ਤੇ ਅੱਗੋਂ ਤਿੰਨ ਉਪ-ਵਰਗਾਂ ਵਿਚ ਵੰਡੀ ਜਾ ਸਕਦੀ ਹੈ —

ਸਾਕੇਦਾਰੀ ਸ਼ਬਦਾਵਲੀ →
- ਉਪਰਲੀ ਪੀੜ੍ਹੀ
- ਹਾਣੀ
- ਹੇਠਲੀ ਪੀੜ੍ਹੀ

ਕਿਉਂਕਿ ਵਾਰਤਾਲਾਪ ਦੇ ਪਾਤਰਾਂ ਵਿਚ ਚੌਹਾਂ ਪੱਧਰਾਂ 'ਤੇ ਚੋਣ ਇੱਕੋ ਸਮੇਂ ਕਰਨੀ ਹੁੰਦੀ ਹੈ, ਇਸ ਲਈ ਅਸੀਂ ਦੋਹਾਂ ਰੇਖਾ ਚਿਤ੍ਰਾਂ ਨੂੰ ਰਲਾ ਕੇ ਰੇਖਾ ਚਿੱਤਰ ਨੰ. 3 ਦੇ ਰੂਪ ਵਿਚ ਪੇਸ਼ ਕਰ ਸਕਦੇ ਹਾਂ —




## ਸਾਕੇਦਾਰੀ ਸ਼ਬਦਾਵਲੀ ਦੀ ਅਨੇਕਾਰਥਕ ਵਰਤੋਂ

ਅਜੇਹੀ ਸ਼ਬਦਾਵਲੀ ਦੀ ਅਨੇਕਾਰਥਕ ਵਰਤੋਂ ਦਾ ਅਰਥ ਇਹ ਹੈ ਕਿ ਸ਼ਬਦ ਨਾਲ ਸੀਮਿਤ ਵਰਗ ਵਿਚ ਤੁਸੀਂ ਕਿਸੇ ਅਜੇਹੇ ਵਿਅਕਤੀ ਨੂੰ ਸ਼ਾਮਿਲ ਕਰਦੇ ਹੋ, ਜੋ ਵਾਸਤਵ ਵਿਚ ਉਸ ਵਰਗ ਦਾ ਮੈਂਬਰ ਨਹੀਂ। ਜਿਵੇਂ/ਚਾਚੇ/ ਦਾ ਅਰਥ ਹੈ 'ਪਿਤਾ ਦਾ ਛੋਟਾ ਭਾਈ'। "ਮਾਮੇ" ਦਾ ਅਰਥ ਹੈ 'ਮਾਤਾ ਦਾ ਭਾਈ'। ਇਸ ਤਰ੍ਹਾਂ ਚਾਚਾ ਤੇ ਮਾਮਾ ਦੋਵੇਂ ਸਿੱਧੇ ਤੌਰ 'ਤੇ ਪੀੜ੍ਹੀ ਰਾਹੀਂ ਜਾਂ ਵਿਆਹ-ਸ਼ਾਦੀ ਰਾਹੀਂ ਰਿਸ਼ਤੇਦਾਰ ਬਣਦੇ ਹਨ, ਜਿਵੇਂ 'ਮਾਮੀ' ਜਾਂ 'ਮਾਸੜ', 'ਚਾਚੀ' ਜੋ ਕਿ ਸਿੱਧੇ ਸੰਬੰਧੀ ਨਾਲ ਵਿਆਹ ਹੋਣ 'ਤੇ ਤੁਹਾਡੇ ਰਿਸ਼ਤੇਦਾਰ ਬਣਦੇ ਹਨ। ਪਰ ਜਦੋਂ ਅਸੀਂ ਸ਼ਬਦ ਨੂੰ ਖੁਲ੍ਹੇ ਅਰਥਾਂ ਵਿਚ ਵਰਤਦੇ ਹਾਂ (polysemic usage) ਤਾਂ ਕੁਝ ਅਜੇਹੇ ਵਿਅਕਤੀਆਂ ਨੂੰ ਸ਼ਾਮਿਲ ਕਰ ਲੈਂਦੇ ਹਾਂ, ਜੋ ਵਾਸਤਵ ਵਿਚ ਰਿਸ਼ਤੇਦਾਰ ਨਹੀਂ ਹੁੰਦੇ। ਇਨ੍ਹਾਂ ਅਰਥਾਂ ਵਿਚ ਸ਼ਬਦ ਦਾ ਅਸਲ ਅਰਥ ਕਮਜ਼ੋਰ ਹੋ ਜਾਂਦਾ ਹੈ। ਸ਼ਬਦ ਦੀ ਵਰਤੋਂ ਨਾਲ ਜੁੜੀਆਂ ਸ਼ਰਤਾਂ ਵਿੱਚੋਂ ਕੋਈ ਇਕ ਜਾਂ ਕੁਝ ਸ਼ਰਤਾਂ ਛੱਡੀਆਂ ਜਾਂਦੀਆਂ ਹਨ। ਖੁਲ੍ਹੇ ਅਰਥਾਂ ਵਿਚ/ਚਾਚੇ/ਜਾਂ/ਮਾਮੇ/ਦੀ ਵਰਤੋਂ ਦਾ ਅਰਥ ਹੈ ਕਿ ਵਕਤੇ ਦੇ ਮਾਤਾ-ਪਿਤਾ ਨਾਲ ਉਸਦਾ ਬੰਸਾਵਲੀ ਵੱਲੋਂ ਜਾਂ ਵਿਆਹ ਰਾਹੀਂ ਕੋਈ ਰਿਸ਼ਤਾ ਸਥਾਪਿਤ ਨਹੀਂ। ਇਹ ਤਾਂ ਇਕ ਤਰ੍ਹਾਂ ਨਾਲ ਦੋਹਾਂ ਪਾਤਰਾਂ ਵਿਚਕਾਰ ਨੇੜਤਾ ਦਰਸਾਉਣ ਦਾ ਸਾਧਨ ਹੈ। ਇਸਦਾ ਅਰਥ ਹੈ ਕਿ ਉਨ੍ਹਾਂ ਦੀ ਨੇੜਤਾ ਉਸੇ ਪ੍ਰਕਾਰ ਦੀ ਹੈ, ਜਿਸ ਤਰ੍ਹਾਂ ਦੀ ਦੋ ਸੰਬੰਧੀਆਂ (ਚਾਚਾ-ਭਤੀਜਾ ਜਾਂ ਮਾਮਾ-ਭਾਣਜਾ) ਵਿਚ ਹੁੰਦੀ ਹੈ। ਅਜੇਹੀ ਸ਼ਬਦਾਵਲੀ ਦਾ ਅਰਥ ਹੈ ਕਿ ਸੰਬੋਧਨ-ਕਰਤਾ ਦਾ ਸੰਬੋਧਿਤ ਵਿਅਕਤੀ ਨਾਲ ਉਹੋ ਜੇਹਾ ਸੰਬੰਧ ਹੈ, ਜੇਹੋ ਜੇਹਾ ਆਪਣੇ/ਚਾਚੇ/ਨਾਲ ਜਾਂ ਉਹ ਸੰਬੋਧਿਤ ਵਿਅਕਤੀ ਦਾ ਵਤੀਰਾ ਉਸੇ ਤਰ੍ਹਾਂ ਦਾ ਚਾਹੁੰਦਾ ਹੈ, ਜਿਵੇਂ/ਚਾਚੇ/ਦਾ ਇਕ ਭਤੀਜੇ ਨਾਲ ਹੁੰਦਾ ਹੈ।

ਇਸ ਤੋਂ ਪਹਿਲਾਂ ਕਿ ਅਸੀਂ ਰਿਸ਼ਤੇਦਾਰੀ-ਸ਼ਬਦਾਵਲੀ ਦੀ ਅਨੇਕਾਰਥਕ ਵਰਤੋਂ ਉਪਰ ਵਿਚਾਰ ਕਿਸੇ ਵਿਸਥਾਰ ਵਿਚ ਜਾ ਕੇ ਕਰੀਏ, ਸ਼ਬਦਾਂ ਦੀ ਅਨੇਕਾਰਥਕ ਤੇ ਅਲੰਕਾਰਕ (metaphoric) ਵਰਤੋਂ ਵਿਚ ਫ਼ਰਕ ਸਪਸ਼ਟ ਕਰ ਦੇਣਾ ਉਚਿਤ ਜਾਪਦਾ ਹੈ। ਅਨੇਕਾਰਥਕ ਵਰਤੋਂ ਸਮੇਂ ਸ਼ਬਦ ਦੇ ਪਰਿਭਾਸ਼ਕ ਲੱਛਣਾਂ ਵਿੱਚੋਂ ਕੋਈ ਵੀ ਮੁੱਢਲਾ

ਨਵਾਂ ਲੱਛਣ ਸ਼ਾਮਿਲ ਨਹੀਂ ਕੀਤਾ ਜਾਂਦਾ। ਅਰਥਾਤ ਸ਼ਬਦ ਦੇ ਪਰਿਭਾਸ਼ਕ ਲੱਛਣ ਵਧਾਏ ਨਹੀਂ ਜਾਂਦੇ, ਸਗੋਂ ਉਨ੍ਹਾਂ ਵਿੱਚੋਂ ਇਕ ਅੱਧ ਲੱਛਣ ਛੱਡ ਦਿੱਤਾ ਜਾਂਦਾ ਹੈ। ਅਲੰਕਾਰਕ ਵਰਤੋਂ ਸਮੇਂ ਸ਼ਬਦ ਦੇ ਅਸਲ ਅਰਥ ਦਰਸਾਉਣ ਵਾਲਾ ਪਰਿਭਾਸ਼ਕ ਲੱਛਣ ਛੱਡ ਕੇ ਉਸਦੀ ਥਾਂ ਸੁਝਾਊ ਅਰਥਾਂ ਵਾਲਾ ਕੋਈ ਨਵਾਂ ਲੱਛਣ ਸ਼ਬਦ ਦਾ ਆਧਾਰ ਬਣਾਇਆ ਜਾਂਦਾ ਹੈ, ਜਿਵੇਂ ਪੰਜਾਬੀ ਵਿਚ/ਗਊ ਮਾਤਾ/,/ਧਰਤੀ ਮਾਤਾ/ ਜਾਂ /ਚੰਨ ਮਾਮਾ/, ਆਮ ਵਰਤੇ ਜਾਂਦੇ ਹਨ। ਅਸਲ ਵਿਚ /ਮਾਂ/ ਦਾ ਅਰਥ "ਜਨਮ ਦੇਣ ਵਾਲੀ" ਤੋਂ ਹੈ। ਧਰਤੀ 'ਤੇ ਵੀ ਸਾਡੀ ਨਿਰਭਰਤਾ ਉਨੀ ਕੁ ਹੀ ਹੁੰਦੀ ਹੈ। ਇਸ ਲਈ ਅਸੀਂ ਸ਼ਰਧਾ ਵਜੋਂ /ਮਾਤਾ/ ਦੀ ਅਲੰਕਾਰਕ ਵਰਤੋਂ ਕਰ ਲੈਂਦੇ ਹਾਂ ਅਤੇ ਜਾਪਦਾ ਹੈ ਕਿ ਇਸ ਤਰ੍ਹਾਂ ਦੀ ਵਰਤੋਂ ਦੁਨੀਆਂ ਦੀ ਲਗਪਗ ਹਰ ਬੋਲੀ ਵਿਚ ਹੁੰਦੀ ਹੈ।

ਇਥੇ ਇਹ ਵੀ ਸਪੱਸ਼ਟ ਕੀਤਾ ਜਾਣਾ ਜ਼ਰੂਰੀ ਹੈ ਕਿ ਸਾਕੇਦਾਰੀ ਸ਼ਬਦਾਵਲੀ ਸੀਮਿਤ ਭਾਸ਼ਾ (restricted code) ਦਾ ਅੰਗ ਨਹੀਂ ਹੁੰਦੀ। ਵਾਰਤਾਲਾਪ ਦੇ ਜਿਹੜੇ ਯੁਗਲ (dyads) ਸਮਾਜ ਵਿਚ ਬਣਦੇ ਹਨ, ਉਹ ਕੇਵਲ ਉਨ੍ਹਾਂ ਦੇ ਇਕ ਦੂਜੇ ਪ੍ਰਤਿ ਵਤੀਰੇ ਦਾ ਹੀ ਮੂਰਤੀਕਰਣ ਹੁੰਦਾ ਹੈ। ਉਦਾਹਰਣ ਵਜੋਂ ਪਹਿਲਾਂ ਘਰ ਵਿਚ ਬੱਚੇ ਕਿਸੇ ਨੂੰ ਚਾਚਾ/ ਜਾਂ/ਮਾਮਾ/ ਕਹਿਣਾ ਆਰੰਭ ਕਰ ਦਿੰਦੇ ਹਨ, ਫਿਰ ਗੁਆਂਢ ਦੇ ਬੱਚੇ, ਉਸ ਮਹੱਲੇ ਜਾਂ ਪੱਤੀ ਦੇ ਸਭ ਬੱਚੇ ਤੇ ਫਿਰ ਸਾਰੇ ਪਿੰਡ ਦੇ ਬੱਚੇ ਵੀ ਉਸ ਨੂੰ /ਚਾਚਾ/ਜਾਂ/ਮਾਮਾ/ ਕਹਿ ਕੇ ਸੱਦਦੇ ਹਨ। ਇਸੇ ਤਰ੍ਹਾਂ ਵਿਸ਼ੇਸ਼ ਤੌਰ 'ਤੇ ਹੋ ਜਾਂਦਾ ਹੈ ਜੇ ਉਹ ਘਰ ਜਾਂ ਪਿੰਡ ਵਿਚ ਵੱਡਾ ਮੰਨਿਆ ਜਾਂਦਾ ਹੋਵੇ, ਜੇ ਉਹ ਬੱਚਿਆਂ ਵਿਚ ਤੇ ਆਮ ਲੋਕਾਂ ਵਿਚ ਹਰਮਨ ਪਿਆਰਾ ਹੋਵੇ। ਜਾਂ ਕਈ ਵਾਰ ਇਹ ਉਸਦੀ ਅੱਲ ਪੈ ਜਾਂਦੀ ਹੈ।

ਰੇਖਾ ਚਿੱਤਰ ਨੰ. 3 ਅਨੁਸਾਰ ਜੇ ਅਸੀਂ 'ਓ' ਤੇ 'ਸ' ਤੱਤ ਨੂੰ ਮਿਲਾ ਕੇ ਵੇਖੀਏ ਤਾਂ ਇਸ ਪ੍ਰਕਾਰ ਦੀ ਸਾਕੇਦਾਰੀ ਸ਼ਬਦਾਵਲੀ ਵਰਤੋਂ ਵਿਚ ਮਿਲੇਗੀ :

ਪੁਲਿੰਗ* : ਭਾਈ ± ਸਾਹਿਬ (± ਜਾਨ)

ਵੀਰ ± ਜੀ

ਭਾਊ/ਭਾਅ

ਬਾਈ ± ਜੀ (± ਸਿਆਂ)

ਭਾਪਾ ± ਜੀ

ਇਸਤ੍ਰੀ ਲਿੰਗ : ਭੈਣ ± ਜੀ

ਭਾਬੀ / ਭਰਜਾਈ ± ਜੀ

ਉਦਾਹਰਣ : ਵੀਰਾ ਤੂੰ ਕਦੇ ਆ ਜਾਨੈਂ ਤਾਂ ਚਾਨਣਾ ਹੋ ਜਾਂਦੈ। ਮੈਨੂੰ ਤਾਂ ਅਜਮੇਰ ਨਾਲੋਂ ਵੱਧ ਪਿਆਰ ਆਉਂਦਾ ਏ ਤੇਰਾ। (ਗਾਰਗੀ, 1971, ਪੰ, 25)

ਬਸੰਤੋ : ਤੂੰ (ਹਮਦਰਦੀ ਨਾਲ ਮੇਲੋ ਨੂੰ ਬਾਂਹ ਪਾ ਕੇ) ਨਾ, ਨਾ, **ਮੇਰੀ ਭੈਣ** ਏਦਾਂ ਨਹੀਂ ਰੋਈਦਾ। ਚੁੱਪ। (ਨੰਦਾ, ਪੰ. 335)

(ਨੋਟ : ਮੇਲੋ ਤੇ ਬਸੰਤੋ ਸਕੀਆਂ ਭੈਣਾਂ ਨਹੀਂ ਸਗੋਂ ਸਹੇਲੀਆਂ ਹਨ)

---

* ਉਪਰੋਕਤ ਪੁਲਿੰਗ ਵਾਓ (ਓ + ਸ) ਉਦਾਹਰਣਾਂ ਵਿਚ ਬਹੁਤ ਸਾਰੇ ਤਾਂ ਉਪਭਾਖਾਈ ਭੇਦ ਹੋਣ ਕਰਕੇ ਵਖ ਵਖ ਇਲਾਕਿਆਂ ਵਿਚ ਵਰਤੇ ਜਾਂਦੇ ਹਨ।

ਇਸੇ ਤਰ੍ਹਾਂ ਜੇਕਰ ਅਸੀਂ ਸਮਾਜਕ ਸਥਿਤੀ ਦੇ ਤੱਤ (ਅ) ਤੇ (ੲ) ਨੂੰ ਮਿਲਾਈਏ ਤਾਂ ਸਾਨੂੰ ਵਰਤੋਂ ਵਿਚ ਆਉਣ ਵਾਲੇ ਇਹ ਸੰਬੋਧਨੀ ਸ਼ਬਦ ਮਿਲਣਗੇ :

ਚਾਚਾ ± ਜੀ ਪਿੰਡਾਂ ਵਿਚ—ਬੇਬੇ

ਮਾਮਾ ± ਜੀ

ਤਾਈ ± ਤਾਇਆ

## ਨਾਟਕਾਂ ਵਿੱਚੋਂ ਉਦਾਹਰਣ

ਬਲਦੇਵ : **ਹਾਂ ਤਾਈ**, ਹੁਣ ਤਾਂ ਬੈਂਕ ਵਿਚ ਪੱਕੀ ਨੌਕਰੀ ਤੇ ਆਂ

(ਗਾਰਗੀ 1971, ਪੰਨਾ, 21)

(ਨੋਟ : ਪਾਤਰ ਬਲਦੇਵ ਨਾਟਕ ਦੇ ਮੁੱਖ ਪਾਤਰ 'ਬੇਬੇ' ਦੇ ਮੁੰਡੇ ਦਾ ਦੋਸਤ ਹੈ।

... ...

ਨੈਣ : **ਤੇ ਬੇਬੇ** ਤੁਸੀਂ ਮੇਲੋ ਦਾ ਵਿਆਹ ਕਿਉਂ ਨਹੀਂ ਕਰਦੇ?

ਨੈਣ : **ਬੇਬੇ** ਗੱਲ ਹੋਰ ਏ। ਹੁਣ ਤੇਰੇ ਕੋਲੋਂ ਕੀ ਲੁਕਾ ਏ?

(ਨੰਦਾ ਪੰ. 327)

(ਨੋਟ : ਇਥੇ ਪਿੰਡ ਦੀ ਨੈਣ ਔਰਤ ਨੂੰ 'ਬੇਬੇ' ਕਹਿੰਦੀ ਹੈ)

ਜੇਕਰ ਅਸੀਂ ਰੇਖਾ ਚਿੱਤਰ ਦੇ ਤੱਤ (ਅ) ਤੇ (ਹ) ਨੂੰ ਮਿਲਾਈਏ ਤਾਂ ਸਾਡੇ ਸਾਮ੍ਹਣੇ ਅਜੇਹੇ ਸੰਬੋਧਨੀ ਸ਼ਬਦ ਆਉਣਗੇ, ਜੋ ਬਜ਼ੁਰਗ ਲੋਕ ਆਪਣੇ ਤੋਂ ਹੇਠਲੀ ਪੀੜ੍ਹੀ ਲਈ ਅਸਲ ਰਿਸ਼ਤੇਦਾਰੀ ਦੀ ਥਾਂ ਅਨੇਕਾਰਥਕ ਰੂਪ ਵਿਚ ਵਰਤਦੇ ਹਨ। ਇਸ ਵਰਗ ਵਿਚ ਸਭ ਤੋਂ ਵੱਧ ਵਰਤੋਂ ਵਿਚ ਆਉਣ ਵਾਲੇ ਸ਼ਬਦ/ਪੁੱਤਰ/ਜਾਂ/ਧੀ/ ਹਨ। ਹਵਾਲੇ ਦੇ ਤੌਰ 'ਤੇ ਵਾਰਤਾਲਾਪ ਵਿਚ ਸ਼ਬਦ/ਭਤੀਜਾ/ਭਾਣਜਾ/ ਜਾਂ ਇਨ੍ਹਾਂ ਦੇ ਇਸਤ੍ਰੀ ਲਿੰਗ ਰੂਪ ਵੀ ਵਰਤੇ ਜਾਂਦੇ ਹਨ, ਪਰ ਸਿੱਧੇ ਸੰਬੋਧਨ ਲਈ ਇਹ ਸ਼ਬਦ ਬਹੁਤ ਘੱਟ ਵਰਤੋਂ ਵਿਚ ਆਉਂਦੇ ਹਨ। ਕੇਵਲ ਪਿੰਡਾਂ ਵਿਚ ਹੀ ਕੋਈ ਕੋਈ ਬਜ਼ੁਰਗ ਕਿਸੇ ਜਵਾਨ ਮੁੰਡੇ ਨਾਲ ਬਹੁਤੀ ਨੇੜਤਾ ਤੇ ਪ੍ਰੇਮ ਭਾਵ ਦਰਸਾਉਣ ਲਈ ਕਹਿ ਦਿੰਦਾ ਹੈ ਕਿ "ਆ ਬਈ ਭਤੀਜੇ ! ਕਿਧਰੋਂ ਆਇਆ ਏਂ?"

ਸਾਕੇਦਾਰੀ ਸ਼ਬਦਾਵਲੀ ਦੀ ਅਨੇਕਾਰਥਕ ਵਰਤੋਂ ਬਾਰੇ ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ ਸ਼ਬਦ/ਚਾਚਾ/ਤਾਇਆ/ ਜਾਂ /ਮਾਮਾ/, ਆਦਿ ਅਸੰਬੰਧਿਤ ਵਿਅਕਤੀਆਂ ਲਈ ਨੇੜਤਾ ਦਰਸਾਉਣ ਲਈ ਵਰਤੇ ਜਾਂਦੇ ਹਨ।

## ਅਸਲ ਸਾਕੇਦਾਰੀ

ਰੇਖਾ ਚਿੱਤਰ ਨੰ. 3 ਦੇ ਤੱਤ (ੳ) ਜੇਕਰ ਤੁਸੀਂ ਦੂਸਰੇ ਤੱਤਾਂ (ੲ), (ਸ) ਤੇ (ਹ) ਨਾਲ ਮਿਲਾਈਏ ਤਾਂ ਇਸ ਸ਼ਬਦਾਵਲੀ ਦੀ ਵਰਤੋਂ ਦੇ ਪੱਖੋਂ ਹੇਠ ਲਿਖੇ ਤਿੰਨ ਵਰਗ ਮਿਲਣਗੇ :

(ੳ + ੲ) ਉਪਰਲੀ ਪੀੜ੍ਹੀ ਦੇ ਲੋਕਾਂ ਲਈ ਵਰਤੇ ਜਾਂਦੇ ਸੰਬੋਧਨੀ ਸ਼ਬਦ

(ੳ + ਸ) ਆਪਣੇ ਹਾਣ ਦੀ ਪੀੜ੍ਹੀ ਲਈ ਵਰਤੇ ਜਾਂਦੇ ਸੰਬੋਧਨੀ ਸ਼ਬਦ

(ੳ + ਹ) ਹੇਠਲੀ ਪੀੜ੍ਹੀ ਲਈ ਵਰਤੇ ਜਾਂਦੇ ਸੰਬੋਧਨੀ ਸ਼ਬਦ

ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬੀ ਵਿਚ ਪ੍ਰਾਪਤ ਸ਼ਬਦਾਵਲੀ ਬਹੁਤ ਵਿਸ਼ਾਲ ਹੈ ਅਤੇ ਬੜੀ ਦੂਰ ਤੀਕ ਦਾ ਰਿਸ਼ਤਾ ਦਰਸਾਉਣ ਲਈ ਇੱਕੋ ਸ਼ਬਦ ਜਾਂ ਸਮਾਸ ਮਿਲ ਜਾਂਦਾ ਹੈ। ਦੂਰ ਦੇ ਰਿਸ਼ਤੇ ਵਾਲੇ ਸ਼ਬਦ ਵਾਰਤਾਲਾਪ ਦੌਰਾਨ ਹਵਾਲੇ ਲਈ ਤਾਂ ਵਰਤੇ ਜਾਂਦੇ ਹਨ, ਪਰ ਸੰਬੋਧਨ ਦੇ ਕਾਰਜ ਲਈ ਜਾਂ ਤਾਂ ਇਨ੍ਹਾਂ ਦੀ ਬਿਲਕੁਲ ਵਰਤੋਂ ਹੀ ਨਹੀਂ ਕੀਤੀ ਜਾਂਦੀ ਜਾਂ ਇਨ੍ਹਾਂ ਦਾ ਪਰਿਵਰਤਨ ਮਿਲਦੇ ਜੁਲਦੇ ਉਸੇ ਲਾਈਨ ਵਿਚ ਆਉਣ ਵਾਲੇ ਨਜ਼ਦੀਕੀ ਰਿਸ਼ਤੇਦਾਰੀ ਦੇ ਸ਼ਬਦਾਂ ਨਾਲ ਕਰ ਲਿਆ ਜਾਂਦਾ ਹੈ। ਸਾਡੇ ਸਭਿਆਚਾਰ ਵਿਚ ਸੱਸ-ਸਹੁਰੇ ਨੂੰ ਮਾਤਾ-ਪਿਤਾ ਸਮਾਨ ਸਮਝਿਆ ਜਾਂਦਾ ਹੈ ਅਤੇ ਵਿਆਹ ਦੀ ਰਸਮ ਵਿਚ ਇਹੋ ਸਿਖਿਆ ਲਾੜੀ ਨੂੰ ਬਾਰ ਬਾਰ ਦਿੱਤੀ ਜਾਂਦੀ ਹੈ। ਇਸ ਲਈ ਸੰਬੋਧਨ ਸਮੇਂ ਇਹ ਸ਼ਬਦ ਬਦਲ ਕੇ ਪੇਂਡੂ ਜਾਂ ਸ਼ਹਿਰੀ ਸਥਿਤੀ ਅਨੁਸਾਰ 'ਸੱਸ' ਲਈ/ਬੀਬੀ ਜੀ, ਬੇਬੇ ਜੀ, ਮਾਂ ਜੀ/ਆਦਿ ਤੋਂ ਅਤੇ 'ਸਹੁਰੇ' ਲਈ/ਬਾਪੂ, ਪਿਤਾ ਜੀ, ਜਾਂ ਪਾਪਾ ਜੀ, ਦਾਰ ਜੀ/ਆਦਿ ਕਰ ਲਿਆ ਜਾਂਦਾ ਹੈ। ਨੰਦੇ ਦੇ ਨਾਟਕ 'ਸੁਭੱਦਰਾ' ਵਿਚ ਨਾਇਕਾ ਆਪਣੀ ਸੱਸ 'ਕੌੜੀ' ਲਈ ਸ਼ਬਦ/ਮਾਂ ਜੀ/ਹੀ ਵਰਤਦੀ ਹੈ।

ਰਿਸ਼ਤੇਦਾਰੀ ਸ਼ਬਦਾਵਲੀ ਦੀ ਵੰਡ ਅਸੀਂ ਸ਼ਹਿਰੀ ਤੇ ਪੇਂਡੂ ਪੱਧਰ 'ਤੇ ਰੱਖ ਕੇ ਅੱਗੋਂ ਹੋਰ ਉਪਵਰਗਾਂ ਵਿਚ ਵੰਡ ਸਕਦੇ ਹਾਂ, ਜਿਵੇਂ ਸ਼ਹਿਰਾਂ ਵਿਚ ਮਾਤਾ-ਪਿਤਾ ਲਈ ਹੇਠ ਲਿਖੇ ਸ਼ਬਦ ਵਰਤੇ ਜਾਣਗੇ ਅਤੇ ਨਾਲ 'ਜੀ' ਪਿਛੇਤਰ ਜ਼ਰੂਰ ਲਿਖਿਆ ਹੋਵੇਗਾ।

ਮਾਂ : ਮਾਤਾ ਜੀ, ਮਾਂ ਜੀ, ਬੀਬੀ ਜੀ, ਬੀਜੀ, ਭਾਬੀ ਜੀ, ਝਾਈ ਜੀ।

ਪਿਉ : ਪਿਤਾ ਜੀ, ਭਾਪਾ ਜੀ, ਪਾਪਾ ਜੀ, ਦਾਰ ਜੀ, ਬਾਊ ਜੀ, ਲਾਲਾ ਜੀ।

ਪਰੰਤੂ ਇਸਦੇ ਉਲਟ ਪਿੰਡਾਂ ਦੀ ਬੋਲੀ ਵਿਚ ਜ਼ਰੂਰੀ ਨਹੀਂ ਕਿ /ਜੀ/ ਦੀ ਵਰਤੋਂ ਕੀਤੀ ਜਾਵੇ, ਸਗੋਂ ਕਈ ਵਾਰ ਤਾਂ ਉਸ ਤੋਂ ਪਹਿਲਾਂ ਸੰਬੰਧਕੀ ਰੂਪ /ਓਏ/ ਵੀ ਲਾ ਦੇਂਦੇ ਹਨ :

ਭਗਵਾਨ : **ਓਏ ਬਾਪੂ** ਤੇ ਫੇਰ ਕੀ ਹੋ ਗਿਆ? (ਨੰਦਾ ਪੰ : 485)

ਅਸਲ ਰਿਸ਼ਤੇਦਾਰੀ ਹੁੰਦੇ ਹੋਏ ਵੀ ਆਮ ਤੌਰ 'ਤੇ ਸੰਬੰਧਵਾਚਕ ਪੜਨਾਂਉਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਸੰਬੰਧਵਾਚਕ ਪੜਨਾਂਉਂ ਦੀ ਵਰਤੋਂ ਸੰਬੋਧਨ ਕਰਤਾ ਦੇ ਸੰਬੋਧਿਤ ਵਿਅਕਤੀ ਪ੍ਰਤਿ ਵਤੀਰੇ ਵਿਚ ਤਬਦੀਲੀ ਦੀ ਸੂਚਕ ਹੋ ਸਕਦੀ ਹੈ। ਸੰਬੰਧਵਾਚਕ ਪੜਨਾਂਉਂ ਉਦੋਂ ਹੀ ਵਰਤਿਆ ਜਾਂਦਾ ਹੈ, ਜਦੋਂ ਕਿਸੇ ਨੂੰ ਵਧੇਰੇ ਨਿੱਘ, ਪਿਆਰ, ਨੇੜਤਾ ਦੇ ਭਾਵ ਦਰਸਾਉਣੇ ਹੋਣ, ਜਾਂ ਕਿਸੇ ਨੂੰ ਵਿਸ਼ੇਸ਼ ਕੰਮ ਲਈ ਮਨਾਉਣਾ ਹੋਵੇ :

**ਪਿਆਰ**

ਨਿਰਮਲਾ : ...... ਹਾਏ **ਮੇਰੀ ਨਿੱਕੀ ਜੇਹੀ ਜਾਨ**! **ਮੇਰਾ ਚੰਨ**! **ਮੇਰਾ ਲੱਡੂ**! ... **ਮੇਰਾ ਗੁੱਡੂ**! (ਗਾਰਗੀ 1970 : ਪੰ. 130)

ਨਿਰਮਲਾ : **ਮੇਰਾ ਲਾਲ**! **ਮੇਰਾ ਨਿੱਕਾ ਸ਼ੇਰ**। (ਗਾਰਗੀ, 1970 : ਪੰ. 133)

**ਸਮਝਾਉਣਾ ਤੇ ਮਨਾਉਣਾ ਆਦਿ**

ਖੋਸਲਾ : ਜੇ ਤੂੰ ਕੋਈ ਚੰਗਾ ਜੇਹਾ ਗੀਤ ਸੁਣਾਇਆ ਤਾਂ ਇਹ ਤੈਨੂੰ ਫਿਲਮ ਵਿਚ ਪਾਰਟ ਦੇਣਗੇ। ਸ਼ਾਬਾਸ਼! ਸੁਣਾ ਮੇਰੀ ਬੀਬੀ ਰਾਣੀ ਧੀ। (ਗਾਰਗੀ, 1970, ਪੰਨਾ 156)

ਪ੍ਰੇਮੀ : ਕਿਉਂ ਮੇਰੀ ਬੀਬੀ ਧੀ, ਜਾਣਾ ਕਿਉਂ ਨਹੀਂ ਸੀ? ਜਾਓ ਜਾਓ ਆਪਣੇ ਘਰ।

(ਨੰਦਾ ਪੰ. 122)

ਪ੍ਰੇਮੀ : ਸੁਭੱਦਰਾ, ਸੁਭੱਦਰਾ, ਨੀ ਮੇਰੀਏ ਧੀਏ, ਨੀ ਮੇਰੀ ਧੀ ਮਰ ਗਈ।

ਜਾਗ, ਜਾਗ ਮੇਰੀ ਲਾਡਲੀ ਧੀ, ਉਹ, ਹਾਏ ਉਠ ਕੇ ਮੈਨੂੰ ਜੱਫੀ ਪਾ।

(ਨੰਦਾ ਪੰ. 127)

ਬੇਬੇ : ਖਾ ਲੈ, ਖਾ ਲੈ, ਮੇਰਾ ਪੁੱਤਰ! ਠੰਡ ਪੈ ਜਾਂਦੀ ਏ, ਨਾਲੇ ਡਮਾਕ ਤਰ ਰਹਿੰਦਾ ਏ।

(ਨੰਦਾ ਪੰ. 460)

## (ੳ) ਬੱਚੇ ਦੇ ਨਾਂ ਨਾਲ

ਰਿਸ਼ਤੇਦਾਰੀ ਸ਼ਬਦਾਵਲੀ ਦੇ ਦੋ ਸ਼ਬਦ/ਮਾਂ/ਤੇ/ਪਿਓ/ਇਕ ਹੋਰ ਢੰਗ ਨਾਲ ਵੀ ਸੰਬੋਧਨ ਲਈ ਵਰਤੇ ਜਾਂਦੇ ਹਨ, ਜਿਨ੍ਹਾਂ ਨੂੰ ਪਹਿਲਾਂ ਕੀਤੇ ਗਏ ਸੰਕੇਤ ਅਨੁਸਾਰ ਪ੍ਰਤਿ-ਪੈਤ੍ਰਿਕ ਵਰਤੋਂ ਕਿਹਾ ਜਾ ਸਕਦਾ ਹੈ, ਅਰਥਾਤ ਕਿਸੇ ਆਦਮੀ ਜਾਂ ਤੀਵੀਂ ਨੂੰ ਉਸਦੇ ਸਭ ਤੋਂ ਵੱਡੇ ਬੱਚੇ ਦੇ ਨਾਂ ਨਾਲ ਜੋੜ ਕੇ ਜਿਵੇਂ 'ਬਚਨੇ ਦੇ ਬਾਪੂ' ਜਾਂ 'ਸੁਰਜੀਤ ਦੀ ਬੇਬੇ', ਆਦਿ। ਜੇਕਰ ਵੱਡਾ ਬੱਚਾ ਕੁੜੀ ਹੋਵੇ ਤੇ ਉਸ ਤੋਂ ਅਗਲਾ ਮੁੰਡਾ, ਤਾਂ ਪਹਿਲੇ ਬੱਚੇ ਨੂੰ ਛੱਡ ਕੇ ਸੰਬੋਧਨੀ ਸ਼ਬਦ ਮੁੰਡੇ ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਅਜੇਹੇ ਸੰਬੋਧਨੀ ਢੰਗ ਦੀ ਵਰਤੋਂ ਪੇਂਡੂ ਬੋਲੀ ਦਾ ਵਿਸ਼ੇਸ਼ ਅੰਗ ਹੈ ਅਤੇ ਸ਼ਹਿਰਾਂ ਵਿਚ ਇਸਦੀ ਵਰਤੋਂ ਨਹੀਂ ਕੀਤੀ ਜਾਂਦੀ। ਜੇਕਰ ਵਾਰਤਾਲਾਪ ਦੇ ਪਾਤਰ ਪਤੀ-ਪਤਨੀ ਹੋਣ ਤਾਂ ਇਹ ਆਮ ਵਰਤੋਂ ਵਿਚ ਆਉਂਦੇ ਹਨ। ਇਸਦਾ ਇਕ ਕਾਰਨ ਤਾਂ ਇਹ ਹੈ ਕਿ ਸਾਡੇ ਰਸਮੋ-ਰਿਵਾਜਾਂ ਅਨੁਸਾਰ ਪਤਨੀ ਆਪਣੇ ਪਤੀ ਦਾ ਨਾਂ ਨਹੀਂ ਲੈਂਦੀ।

**ਉਦਾਹਰਣ :**

1) ਕੌਰਾਂ : ਮੇਲੋ ਦੇ ਭਾਈਆ, ਮੈਂ ਤੈਨੂੰ ਹਜ਼ਾਰ ਵਾਰੀ ਕੁੜੀ ਵੱਲੋਂ ਆਖਿਆ ਏ

(ਨੰਦਾ, ਪੰ. 321)

ਹੁਸ਼ਿਆਰ ਚੰਦ : ਮੇਲੋ ਦੀ ਮਾਂ, (ਕੋਠੜੀ ਤੇ ਅੰਦਰ ਝਾਕਦਾ ਹੈ) ਮੇਲੋ ਦੀ ਮਾਂ ਬਾਹਰ ਚਲੀ ਗਈ ਹੋਣੀ ਏ। (ਨੰਦਾ, ਪੰ. 336)

2) ਭੋਲੀ : ਗੁਰਾਂ ਦੇ ਬਾਪੂ, ਏਡੀ ਡੇਰ ਲਾ ਦਿੱਤੀ ਜੇ (ਨੰਦਾ, ਪੰ. 381)

3) ਗੁਲਾਬ : (ਕੁਝ ਨਰਮੀ ਨਾਲ) ਮੁਰਾਦ ਦੀ ਮਾਂ ਇਹ ਨਾਤਾ ਹੋ ਜਾਣ ਦੇ।

ਖੈਰਾਂ : ਮੁਰਾਦ ਦੇ ਲਾਲਾ, ਐਵੇਂ ਨ ਵਧਾ ਵਧਾ ਕੇ ਗੱਲਾਂ ਬਣਾ।

(ਨੰਦਾ, ਪੰ. 584)

4) ਵਸਾਵਾ ਸਿੰਘ : ਨਰੈਣੇ ਦੀ ਬੇਬੇ! ਮੈਂ ਪਰੇ ਜਾ ਕੇ ਜੋਤਾ ਲਾਈ ਆਵਾਂ।

ਬੇਬੇ : ਨਰੈਣੇ ਦੇ ਬਾਪੂ! ਇਕ ਦੋ ਦਿਨ ਠਹਿਰ ਜਾ, ਕਿਤੇ ਪਛਾੜ ਨ ਲਗ ਜਾਏ, ਪਛਾੜ ਬੁਰੀ ਹੁੰਦੀ ਏ। (ਨੰਦਾ, ਪੰ. 451)

**(ਅ)** ਜਿਵੇਂ ਬਜ਼ੁਰਗ ਆਦਮੀਆਂ ਜਾਂ ਔਰਤਾਂ ਨੂੰ ਉਨ੍ਹਾਂ ਦੇ ਬੱਚੇ ਦੇ ਨਾਂ ਨਾਲ ਬੁਲਾਇਆ ਜਾਂਦਾ ਹੈ, ਇਸੇ ਤਰ੍ਹਾਂ ਇਸਦੇ ਸਮਾਨੰਤਰ ਇਕ ਹੋਰ ਵੀ ਸੰਬੋਧਨੀ ਢੰਗ ਹੁੰਦਾ

ਹੈ। ਬੱਚਿਆਂ ਨੂੰ ਜਾਂ ਇਥੋਂ ਤੀਕ ਕਿ ਜਵਾਨ ਮੁੰਡੇ-ਕੁੜੀਆਂ ਨੂੰ ਉਨ੍ਹਾਂ ਦੇ ਮਾਂ ਪਿਓ ਦੇ ਨਾਂ ਨਾਲ ਬੁਲਾਇਆ ਜਾਂਦਾ ਹੈ, ਜਿਵੇਂ/**ਬਸੰਤ ਸਿੰਘ ਦੇ ਪੁੱਤਰਾ**/ਜਾਂ/**ਸ਼ਕੁੰਤਲਾ ਦੀ ਧੀਏ**/ ਆਦਿ। ਪਰ ਅਜਿਹੇ ਸੰਬੋਧਨੀ ਰੂਪ ਸ਼ਹਿਰੀ ਸਮਾਜ ਵਿਚ ਨਹੀਂ ਵਰਤੇ ਜਾਂਦੇ। ਇਸ ਨਾਲ ਸੰਬੋਧਨ-ਕਰਤਾ ਸੰਬੰਧਿਤ ਵਿਅਕਤੀ ਦੇ ਪਿਤਾ ਜਾਂ ਮਾਤਾ ਨਾਲ ਆਪਣੀ ਨੇੜਤਾ ਦਾ ਤੇ ਹਮ-ਉਮਰ ਹੋਣ ਦਾ ਇਹਸਾਸ ਵੀ ਕਰਵਾਉਣਾ ਚਾਹੁੰਦਾ ਹੈ।

## ਉਪਨਾਵਾਂ ਦੀ ਵਰਤੋਂ

ਸਾਡੇ ਅਜੋਕੇ ਸਭਿਆਚਾਰ ਵਿਚ ਸੰਬੋਧਨ ਕਰਨ ਦਾ ਸਭ ਤੋਂ ਵੱਧ ਪ੍ਰਚਲਿਤ ਰੂਪ ਉਪ ਨਾਂ ਦੀ ਵਰਤੋਂ ਹੈ। ਇਹ ਉਪ ਨਾਂ, ਵਿਸ਼ੇਸ਼ ਤੌਰ'ਤੇ ਸ਼ਹਿਰੀ ਸਥਿਤੀ ਵਿਚ ਸ਼ਕਤੀ ਦੀ ਸਮਰੂਪਤਾ ਜਾਂ ਅਸਮਰੂਪਤਾ ਨੂੰ ਪੂਰੀ ਤਰ੍ਹਾਂ ਵਿਅਕਤ ਨਹੀਂ ਕਰਦੇ। ਉਦਾਹਰਣ ਵਜੋਂ, ਜਦੋਂ ਇਕ ਵਿਅਕਤੀ ਦੂਸਰੇ ਨੂੰ ਉਸਦੀ ਜਾਤ ਜਾਂ ਗੋਤ 'ਤੇ ਆਧਾਰਿਤ ਜਾਂ ਉਸਦੇ ਕਿੱਤੇ ਤੇ ਆਧਾਰਿਤ ਉਪ ਨਾਂ ਲੈ ਕੇ ਬੁਲਾਉਂਦਾ ਹੈ, ਜਿਵੇਂ/ਬੇਦੀ ਸਾਹਿਬ/ਜਾਂ/ਪ੍ਰੋਫੈਸਰ ਸਾਹਿਬ/ਤਾਂ ਇਸ ਤੋਂ ਇਹ ਸਪਸ਼ਟ ਨਹੀਂ ਹੁੰਦਾ ਕਿ ਸੰਬੋਧਨ ਕਰਤਾ ਦਾ ਸਮਾਜਕ ਰੁਤਬਾ ਸੰਬੋਧਿਤ ਵਿਅਕਤੀ ਤੋਂ ਨੀਵਾਂ ਹੈ ਜਾਂ ਉੱਚਾ। ਪੰਜਾਬੀ ਵਿਚ ਵਰਤੇ ਜਾਂਦੇ ਅਜਿਹੇ ਉਪਨਾਵਾਂ ਦਾ ਵਰਗੀਕਰਣ ਹੇਠਾਂ ਚਿੱਤਰ ਵਿਚ ਦਰਸਾਇਆ ਗਿਆ ਹੈ ਅਤੇ ਅੱਗੇ ਇਕ ਇਕ ਵਰਗ ਦੀ ਵਰਤੋਂ ਬਾਰੇ ਵਿਚਾਰ ਕੀਤਾ ਗਿਆ ਹੈ :

**ਜਾਤ/ਗੋਤ ਆਧਾਰਿਤ**

ਉਪ ਨਾਂ —┬ ਤਖੱਲੁਸ
　　　　└ ਇਲਾਕੇ ਦੇ ਨਾਂ 'ਤੇ — ┬ ਪਿੰਡ ਦੇ ਨਾਂ 'ਤੇ
　　　　　　　　　　　　　└ ਇਲਾਕੇ ਦੇ ਨਾਂ 'ਤੇ

## ਜਾਤ ਤੇ ਆਧਾਰਿਤ ਉਪ-ਨਾਵਾਂ ਦੀ ਵਰਤੋਂ

ਕਿਸੇ ਆਦਮੀ ਨੂੰ ਸੰਬੋਧਨ ਕਰਨ ਲਈ ਸਭ ਤੋਂ ਵੱਧ ਵਰਤੋਂ ਵਿਚ ਆਉਣ ਵਾਲਾ ਢੰਗ ਉਸ ਨੂੰ ਜਾਤ ਜਾਂ ਗੋਤ 'ਤੇ ਆਧਾਰਿਤ ਉਪ-ਨਾਂ ਨਾਲ ਬੁਲਾਉਣਾ ਹੈ। ਇਥੇ ਸਾਨੂੰ ਇਸ ਗੱਲ ਦੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ ਕਿ ਪੁਰਾਤਨ ਪਰੰਪਰਾ ਅਨੁਸਾਰ ਸਾਡਾ ਸਮਾਜ ਪਹਿਲਾਂ ਚਾਰ ਵਰਣਾਂ ਵਿਚ ਵੰਡਿਆ ਹੋਇਆ ਸੀ ਅਤੇ ਅਜੋਕਾ ਸਮਾਜ ਅਗੋਂ ਅਨੇਕਾਂ ਜਾਤਾਂ ਤੇ ਗੋਤਾਂ ਵਿਚ ਵੰਡਿਆ ਹੋਇਆ ਹੈ। ਆਮ ਤੌਰ 'ਤੇ ਪਿੰਡਾਂ ਵਿਚ ਵੀ ਜਾਤ ਜਾਂ ਗੋਤ; ਉਪ ਨਾਂ ਦੇ ਤੌਰ 'ਤੇ ਵਰਤੀ ਜਾਂਦੀ ਹੈ। ਗਵਾਂਢੀਆਂ, ਮਿਤ੍ਰਾਂ, ਰਿਸ਼ਤੇਦਾਰਾਂ ਜਾਂ ਵਾਕਿਫ਼ਾਂ ਵਿਚ ਇਹ ਉਪ ਨਾਂ ਹੀ ਪ੍ਰਚਲਿਤ ਹੋ ਜਾਂਦਾ ਹੈ ਅਤੇ ਬਹੁਤ ਸਾਰੇ ਲੋਕਾਂ ਨੂੰ ਇਸੇ ਉਪ ਨਾਂ ਨਾਲ ਬੁਲਾਇਆ ਜਾਂਦਾ ਹੈ। ਸਤਿਕਾਰ ਵਜੋਂ ਉਸ ਨਾਂ ਦੇ ਨਾਲ /ਸਾਹਿਬ/ ਲਾ ਦਿੱਤਾ ਜਾਂਦਾ ਹੈ। ਵਿਸ਼ੇਸ਼ ਤੌਰ 'ਤੇ ਸ਼ਹਿਰੀ ਮੱਧ-ਵਰਗੀ ਜਾਂ ਉਪਰਲੀ ਸ਼੍ਰੇਣੀ ਵਿਚ ਆਮ ਤੌਰ ਤੇ ਬਹੁਤੀ ਨੇੜਤਾ ਨਹੀਂ ਦਰਸਾਈ ਜਾਂਦੀ। ਇਸ ਲਈ ਜਾਤੀ ਉਪ ਨਾਂ ਨਾਲ /ਸਾਹਿਬ/ ਦੀ ਵਰਤੋਂ ਕੀਤੀ ਜਾਂਦੀ ਹੈ। ਉਦਾਹਰਣ ਵਜੋਂ, ਆਈ.ਸੀ.ਨੰਦਾ ਦੇ ਨਾਟਕ 'ਸੋਸ਼ਲ-ਸਰਕਲ' ਵਿਚ ਪਾਤਰ ਇਕ ਦੂਜੇ ਨੂੰ /ਪਾਰੀ ਸਾਹਿਬ, ਕੈਕਰ ਸਾਹਿਬ, ਵੋਹਰਾ ਸਾਹਿਬ/ ਆਦਿ ਕਹਿ ਕੇ ਸੰਬੋਧਨ ਕਰਦੇ ਹਨ। ਅਜੇਹੇ ਉਪ-ਨਾਂ ਨਾਲ (ਆਮ ਤੌਰ 'ਤੇ) /ਜੀ/ ਦੀ ਵਰਤੋਂ ਨਹੀਂ ਕੀਤੀ ਜਾਂਦੀ। ਜਾਤ 'ਤੇ ਆਧਾਰਤ ਉਪਨਾਵਾਂ ਦੀ ਵਰਤੋਂ ਸ਼ਹਿਰੀਕਰਣ ਦੀ ਪ੍ਰਕ੍ਰਿਆ ਦਾ ਵਿਸ਼ੇਸ਼ ਲੱਛਣ ਹੈ। ਜੇਕਰ ਪੰਜਾਬ

ਦੀ ਵੱਸੋਂ ਦਾ ਅਧਿਐਨ ਕਰੀਏ ਤਾਂ ਪਤਾ ਲੱਗੇਗਾ ਕਿ ਆਮ ਤੌਰ 'ਤੇ ਇਕ ਇਲਾਕੇ ਵਿਚ ਕਈ ਕਈ ਪਿੰਡ ਇੱਕੋ ਜਾਤ ਨਾਲ ਸੰਬੰਧਿਤ ਵਰਗ ਦੇ ਹੁੰਦੇ ਸਨ, ਜਿਵੇਂ ਹੁਣ ਵੀ ਸਰਹਾਲੀ ਦੇ ਆਲੇ ਦੁਆਲੇ 25 ਕੁ ਪਿੰਡ /ਸੰਧੂ/ਜੱਟਾਂ ਦੇ, ਲੁਧਿਆਣੇ ਦੇ ਆਲੇ ਦੁਆਲੇ ਗਰੇਵਾਲ ਅਤੇ ਤਰਨ ਤਾਰਨ ਦੇ ਲਾਗੇ ਖੈਹਰੇ ਜੱਟ ਵੱਸੇ ਹੋਏ ਸਨ। ਜਿਸ ਪਿੰਡ ਵਿਚ ਲਗਪਗ ਸਾਰੇ ਘਰ ਇੱਕੋ ਜਾਤ ਨਾਲ ਸੰਬੰਧਿਤ ਹਨ ਜਾਂ ਜਾਤ-ਆਧਾਰਿਤ ਉਪ-ਨਾਂ ਇਕ ਆਦਮੀ ਨੂੰ ਦੂਸਰੇ ਤੋਂ ਵਖਰਿਆਉਂਦਾ ਨਹੀਂ। ਪਰ ਸ਼ਹਿਰਾਂ ਵਿਚ ਕਿਉਂਕਿ ਵੱਖ ਵੱਖ ਇਲਾਕਿਆਂ ਤੋਂ ਵੱਖ ਵੱਖ ਜਾਤਾਂ ਦੇ ਲੋਕ ਆ ਕੇ ਵੱਸੇ ਹੁੰਦੇ ਹਨ ਅਤੇ ਸਮਾਜਕ ਪ੍ਰਕ੍ਰਿਆ ਵਿਚ ਭਾਗ ਲੈਂਦੇ ਹਨ-ਇਸ ਲਈ ਉਨ੍ਹਾਂ ਦੇ ਇਸ ਤਰ੍ਹਾਂ ਦੇ ਉਪ-ਨਾਂ ਇਕ ਦੂਜੇ ਤੋਂ ਵਖਰਿਆਉਂਦੇ ਵੀ ਹਨ ਤੇ ਸੰਬੋਧਨ ਨੂੰ ਸਪੱਸ਼ਟ ਕਰਨ ਵਿਚ ਸਹਾਈ ਹੁੰਦੇ ਹਨ।

ਪੱਛਮੀ-ਵਿਦਿਆ ਤੇ ਸਭਿਆਚਾਰ ਦੇ ਪ੍ਰਭਾਵ ਕਾਰਨ ਸ਼ਹਿਰੀ ਬੋਲੀ ਵਿਚ ਇਸਤ੍ਰੀਆਂ ਨੂੰ ਸੰਬੋਧਨ ਕਰਨ ਲਈ, ਖ਼ਾਸ ਤੌਰ 'ਤੇ ਉੱਚ-ਵਰਗਾਂ ਵਿਚ ਉਨ੍ਹਾਂ ਦੇ ਜਾਤ-ਉਪ-ਨਾਂ ਨਾਲ 'ਮਿਸ' ਜਾਂ 'ਮਿਸਿਜ਼' ਲਾ ਦਿੱਤਾ ਜਾਂਦਾ ਹੈ, ਜਿਵੇਂ :

ਵੋਹਰਾ : **ਮਿਸਿਜ਼ ਪਾਰੀ**, ਨਹੀਂ, ਪਦਮਾ ਜੀ, ਤੁਸੀਂ ਲਓ ਨ ਪਹਿਲੇ।

ਸਰਬ ਦਿਆਲ : **ਮਿਸਿਜ਼ ਵੋਹਰਾ**, ਤੁਸੀਂ ਏਧਰ ਆਓ ਨ।

ਹਵਾਲੇ ਵਜੋਂ ਵੀ ਇਸੇ ਤਰ੍ਹਾਂ ਵਰਤੋਂ ਹੁੰਦੀ ਹੈ :

ਪਾਰੀ : ਭਾਈ **ਮਿਸਿਜ਼ ਕੈਕਰ** ਤੋਂ ਮੈਨੂੰ ਮਿਸਟਰ ਕੈਕਰ ਯਾਦ ਆ ਗਿਆ ਹੈ।

(ਨੰਦਾ, ਪੰ. 272-73)

ਵਾਰਤਾਲਾਪ ਦੇ ਪਾਤਰ ਇਕ ਦੂਜੇ ਨੂੰ ਜਾਤ ਉਪ-ਨਾਂ ਨਾਲ ਸੰਬੋਧਨ ਕਰਦੇ ਹਨ ਤਾਂ ਉਨ੍ਹਾਂ ਦੇ ਪਰਸਪਰ ਸਮਾਜਕ ਦਰਜੇ ਦੀ ਸਮਰੂਪਤਾ ਸਪੱਸ਼ਟ ਨਹੀਂ ਹੁੰਦੀ। ਸ਼ਹਿਰਾਂ ਵਿਚ ਪਰਸਪਰ ਸਮਾਜਕ ਦਰਜੇ ਜਾਂ ਰੁਤਬੇ ਪੇਂਡੂ ਸਮਾਜ ਵਾਂਗ ਪੂਰੀ ਤਰ੍ਹਾਂ ਸਥਾਪਿਤ ਨਹੀਂ ਹੁੰਦੇ। ਦੂਸਰੇ, ਸਮਾਜਕ ਵਰਗੀਕਰਣ ਵਿਚ ਗਤੀਸ਼ੀਲ ਪਰਿਵਰਤਨ ਕਾਰਨ ਸਮਾਜਕ ਸੰਬੰਧ ਤਰਲ ਹਾਲਤ ਵਿੰਚ ਹੀ ਰਹਿੰਦੇ ਹਨ ਅਤੇ ਉਨ੍ਹਾਂ ਦੇ ਨਾਲ ਨਾਲ ਪਰਸਪਰ ਸੰਬੋਧਨੀ ਸ਼ਬਦ ਵੀ ਬਦਲਦੇ ਰਹਿੰਦੇ ਹਨ। ਜਦੋਂ ਕੋਈ ਹੇਠਲੇ ਵਰਗ ਦਾ ਆਦਮੀ ਨਿੱਜੀ ਜਤਨ ਨਾਲ ਸਮਾਜਕ ਜਾਂ ਆਰਥਿਕ ਸ਼ਕਤੀ ਪ੍ਰਾਪਤ ਕਰ ਲਵੇ ਤਾਂ ਆਲੇ ਦੁਆਲੇ ਦੇ ਲੋਕ ਉਸ ਪ੍ਰਤਿ ਆਪਣਾ ਵਤੀਰਾ ਤੇ ਬੋਲਣ ਢੰਗ ਵੀ ਬਦਲ ਲੈਂਦੇ ਹਨ, ਜਿਵੇਂ ਹੇਠ ਲਿਖੀ ਕਹਾਵਤ ਤੋਂ ਸਪੱਸ਼ਟ ਹੁੰਦਾ ਹੈ :

ਇਸ ਮਾਇਆ ਕੇ ਤੀਨ ਨਾਮ

ਪਰਸੂ, ਪਰਸਾ, ਪਰਸਰਾਮ।

## ਇਲਾਕੇ ਦੇ ਨਾਂ 'ਤੇ ਆਧਾਰਿਤ ਉਪ-ਨਾਂ

ਕੁਝ ਲੋਕ ਆਪਣੇ ਨਾਂ ਦੇ ਨਾਲ ਆਪਣੇ ਇਲਾਕੇ ਦੇ ਨਾਂ 'ਤੇ ਆਧਾਰਿਤ ਉਪ-ਨਾਂ ਜੋੜ ਲੈਂਦੇ ਹਨ, ਜਾਂ ਉਹ ਉਨ੍ਹਾਂ ਦੀਆਂ ਆਪਣੀਆਂ ਸਮਾਜਕ ਜਾਂ ਰਾਜਨੀਤਕ ਪ੍ਰਾਪਤੀਆਂ ਦੇ ਨਾਲ ਨਾਲ ਹੌਲੀ ਹੌਲੀ ਮਸ਼ਹੂਰ ਹੋ ਜਾਂਦਾ ਹੈ। ਅਜੇਹਾ ਉਪ-ਨਾਂ ਇਕ ਤਰ੍ਹਾਂ ਇਹ ਦਰਸਾਉਂਦਾ ਹੈ ਕਿ ਉਹ ਵਿਅਕਤੀ ਉਸ ਇਲਾਕੇ ਦੀ ਪ੍ਰਤਿਨਿਧਤਾ ਕਰਦਾ ਹੈ, ਜਿਵੇਂ ਪੰਜਾਬ ਦੇ ਇਕ ਭੂਤ ਪੂਰਵ ਮੁੱਖ ਮੰਤਰੀ ਸ. ਪਰਤਾਪ ਸਿੰਘ ਕੈਰੋਂ, ਅਕਾਲੀ ਨੇਤਾ ਸ.

ਊਧਮ ਸਿੰਘ ਨਾਗੋਕੇ, ਸ. ਮੋਹਨ ਸਿੰਘ ਨਾਗੋਕੇ। ਵੇਖਣ ਵਾਲੀ ਗੱਲ ਇਹ ਹੈ ਕਿ ਉਸ ਇਲਾਕੇ ਜਾਂ ਪਿੰਡ ਵਿਚ ਰਹਿਣ ਵਾਲਾ ਹਰ ਵਿਅਕਤੀ ਹੀ "ਕੈਰੋਂ" ਅਖਵਾ ਸਕਦਾ ਹੈ। ਇਸੇ ਤਰ੍ਹਾਂ ਅੰਬਾਲੇ ਵਿਚ ਰਹਿਣ ਵਾਲਾ ਵਿਅਕਤੀ "ਅੰਬਾਵਲੀ" ਤੇ ਬਟਾਲੇ ਵਿਚ ਰਹਿਣ ਵਾਲਾ ਹਰ ਵਿਅਕਤੀ "ਬਟਾਲਵੀ" ਅਖਵਾ ਸਕਦਾ ਹੈ। ਫਿਰ ਉਸ ਪਿੰਡ ਵਿਚ ਇਕ ਸੰਬੋਧਿਤ ਵਿਅਕਤੀ ਨੂੰ ਬਾਕੀਆਂ ਤੋਂ ਕਿਵੇਂ ਵਖਰਿਆਇਆ ਜਾਵੇਗਾ। ਇਸ ਲਈ ਅਜਿਹੇ ਉਪ-ਨਾਂ ਕੇਵਲ ਅਜੇਹੇ ਲੋਕਾਂ ਲਈ ਵਰਤੋਂ ਵਿਚ ਆਉਂਦੇ ਹਨ, ਜਿਹੜੇ ਆਪਣੀਆਂ ਪ੍ਰਾਪਤੀਆਂ ਕਾਰਨ ਬਹੁਤ ਮਸ਼ਹੂਰ ਹੋ ਜਾਂਦੇ ਹਨ ਜਾਂ ਪ੍ਰਤਿਨਿਧ ਸਮਝੇ ਜਾਂਦੇ ਹਨ। ਅੱਗੋਂ ਇਹ ਉਪ-ਨਾਂ ਹੋਰ ਦੋ ਉਪ ਵਰਗਾਂ ਵਿਚ ਵੰਡੇ ਜਾ ਸਕਦੇ ਹਨ। ਬਹੁਤੇ ਲੋਕਾਂ ਦੇ ਉਪ-ਨਾਂ ਆਪਣੇ ਪਿੰਡ ਜਾਂ ਸ਼ਹਿਰ ਦੇ ਨਾਂ 'ਤੇ ਹੀ ਆਧਾਰਿਤ ਹੁੰਦੇ ਹਨ, ਜਿਵੇਂ ਸ਼ਿਵ ਕੁਮਾਰ ਬਟਾਲਵੀ, ਅਮਰ ਸਿੰਘ ਅੰਬਾਲਵੀ, ਤਾਲਿਬ ਜਲੰਧਰੀ, ਸਾਹਿਰ ਲੁਧਿਆਣਵੀ, ਜੀਰਵੀ, ਖੰਨਵੀ ਆਦਿ। ਪਰ ਕੁਝ ਲੋਕਾਂ ਦੇ ਉਪ-ਨਾਂ ਪਿੰਡ ਨਾਲੋਂ ਪੂਰੇ ਇਲਾਕੇ ਦੇ ਨਾਂ 'ਤੇ ਆਧਾਰਿਤ ਹੁੰਦੇ ਹਨ, ਜਿਵੇਂ ਮਝੈਲ, ਦੁਆਬੀਆ, ਮਲਵਈ, ਸਰਹੱਦੀ ਆਦਿ।

## ਹੋਰ ਤਖੱਲੁਸ

ਇਲਾਕੇ ਜਾਂ ਪਿੰਡ ਦੇ ਨਾਂ ਤੋਂ ਬਿਨਾਂ ਜਿਹੜੇ ਲੋਕ ਸਾਹਿਤਕ ਰੁਚੀਆਂ ਰੱਖਦੇ ਹਨ ਜਾਂ ਆਪ ਸਾਹਿਤਕ ਸਿਰਜਨਾ ਕਰਦੇ ਹਨ, ਉਹ ਆਪਣੇ ਨਾਂ ਨਾਲ ਕੋਈ ਨ ਕੋਈ ਹੋਰ ਉਪ-ਨਾਂ ਜੋੜ ਲੈਂਦੇ ਹਨ, ਜਿਸ ਨੂੰ /ਤਖੱਲੁਸ/ਕਿਹਾ ਜਾਂਦਾ ਹੈ। ਇਹ ਤਖੱਲੁਸ ਉਨ੍ਹਾਂ ਦੇ ਸਾਹਿਤਕ ਝੁਕਾਅ ਦੇ ਨਾਲ ਨਾਲ ਕਈ ਵਾਰ ਸੁਭਾਅ ਨੂੰ ਵੀ ਪ੍ਰਗਟਾਉਂਦਾ ਹੈ, ਜਿਵੇਂ ਸੋਹਨ ਸਿੰਘ ਜੋਸ਼, ਗੁਰਨਾਮ ਸਿੰਘ ਤੀਰ, ਜ਼ਖ਼ਮੀ, ਮਸਤਾਨਾ, ਯੁਮਨ, ਆਵਾਰਾ, ਬਾਗੀ, ਘਾਇਲ, ਫੱਟੜ ਆਦਿ।

ਉੱਪਰ ਦਿੱਤੇ ਗਏ ਸਭ ਉਪ-ਨਾਂ ਆਮ ਤੌਰ 'ਤੇ ਨਾਂ ਦੇ ਨਾਲ ਹੀ ਲਿਖੇ ਜਾਂਦੇ ਹਨ ਅਤੇ ਨਾਂ ਦੀ ਬਣਤਰ ਹੇਠ ਲਿਖੇ ਅਨੁਸਾਰ ਹੁੰਦੀ ਹੈ :

| **ਨਾਂ** | + | **ਪਿਛੇਤਰ** | + | **ਉਪ-ਨਾਂ** |
|---|---|---|---|---|
| ਸੁਰਜੀਤ | + | ਸਿੰਘ | + | ਜ਼ਖ਼ਮੀ |
| ਗੁਰਨਾਮ | + | ਸਿੰਘ | + | ਤੀਰ |
| ਬਰਕਤ | + | ਰਾਮ | + | ਯੁਮਨ |

## ਖ਼ਿਤਾਬ 'ਤੇ ਆਧਾਰਿਤ ਸੰਬੋਧਨੀ ਰੂਪ

ਖ਼ਿਤਾਬ 'ਤੇ ਆਧਾਰਿਤ ਸੰਬੋਧਨੀ ਰੂਪ ਅੱਗੋਂ ਹੋਰ ਉਪ ਵਰਗਾਂ ਵਿਚ ਵੰਡੇ ਜਾ ਸਕਦੇ ਹਨ ਅਤੇ ਇਹ ਵੰਡ ਹੇਠਾਂ ਦਿੱਤੇ ਚਿੱਤਰ ਵਿਚ ਵੇਖੀ ਜਾ ਸਕਦੀ ਹੈ :

- ਖ਼ਿਤਾਬ
  - ਕਿੱਤਾ ਆਧਾਰਿਤ
  - ਸਾਧਾਰਣ ਵਰਤੋਂ
    - ਧਰਮ ਸੰਕੇਤਕ
    - ਧਰਮ ਸੰਕੇਤ
    - ਵਿਸ਼ੇਸ਼ ਖ਼ਿਤਾਬ

## ਕਿੱਤਾ-ਆਧਾਰਿਤ ਸੰਬੋਧਨੀ ਸ਼ਬਦ

ਪਿੰਡਾਂ ਵਿਚ ਸਮਾਜ ਵਧੇਰੇ ਸਥਾਈ ਹੋਣ ਕਰਕੇ ਬਹੁਤੇ ਲੋਕ ਇਕ ਦੂਜੇ ਦਾ ਜਾਤੀ ਨਾਂ ਜਾਣਦੇ ਹੁੰਦੇ ਹਨ। ਇਸ ਲਈ ਉਹ ਜਾਤੀ ਨਾਂ ਨਾਲ ਹੀ ਬੁਲਾਉਂਦੇ ਹਨ। ਦੂਸਰੇ, ਪਿੰਡ ਵਾਲੇ ਸਾਰੇ ਹੀ ਖੇਤੀ ਦੇ ਕੰਮ ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਲੱਗੇ ਹੁੰਦੇ ਹਨ, ਇਸ ਲਈ ਕਿੱਤੇ ਦੇ ਆਧਾਰ 'ਤੇ ਇਕ ਦੂਜੇ ਤੋਂ ਵਖਰਿਆਏ ਨਹੀਂ ਜਾ ਸਕਦੇ। ਕੇਵਲ ਉਨ੍ਹਾਂ ਲੋਕਾਂ ਨੂੰ ਕਿੱਤਾ-ਆਧਾਰਿਤ ਉਪ-ਨਾਂ ਨਾਲ ਬੁਲਾਇਆ ਜਾਂਦਾ ਹੈ, ਜੋ ਫ਼ੌਜ ਜਾਂ ਪੁਲਸ ਵਿਚ ਨੌਕਰੀ ਕਰਦੇ ਹਨ। ਇਸ ਲਈ ਕਿੱਤਾ-ਆਧਾਰਿਤ ਸੰਬੋਧਨੀ ਸ਼ਬਦ ਸ਼ਹਿਰੀ ਬੋਲੀ ਦਾ ਇਕ ਵਿਸ਼ੇਸ਼ ਲੱਛਣ ਹੈ। ਪਰ ਸ਼ਹਿਰਾਂ ਵਿਚ ਵੀ ਅਜੇਹੀਆਂ ਸੰਸਥਾਵਾਂ ਵਿਚ ਜਿਥੇ ਸਭ ਇੱਕੋ ਕਿੱਤਾ ਕਰਦੇ ਹਨ, ਜਿਵੇਂ ਹਸਪਤਾਲ ਵਿਚ ਡਾਕਟਰ ਜਾਂ ਕਾਲਜ ਵਿਚ ਪ੍ਰੋਫ਼ੈਸਰ, ਉਥੇ ਕਿੱਤੇ ਨਾਲ ਪਹਿਲਾ ਨਾਂ ਲਾ ਕੇ ਹੀ ਸੰਬੋਧਨ ਕੀਤਾ ਜਾਂਦਾ ਹੈ।

ਸ਼ਹਿਰੀ ਸਥਿਤੀ ਵਿਚ ਸਮਾਜਕ ਪ੍ਰਕ੍ਰਿਆਵਾਂ ਕਿੱਤਾ ਆਧਾਰਿਤ ਹੀ ਹੁੰਦੀਆਂ ਹਨ। ਇਸ ਲਈ ਬਹੁਤੇ ਲੋਕਾਂ ਨੂੰ ਉਨ੍ਹਾਂ ਦੇ ਕਿੱਤੇ ਦੇ ਉਪ-ਨਾਂ (ਜਾਂ ਕਿੱਤੇ ਵਿਚ ਪ੍ਰਾਪਤ ਅਹੁਦੇ) ਨਾਲ ਹੀ ਸੰਬੋਧਿਤ ਕੀਤਾ ਜਾਂਦਾ ਹੈ। ਜਦੋਂ ਇਕ ਡਾਕਟਰ ਦੂਸਰੇ ਡਾਕਟਰ ਨੂੰ ਜਾਂ ਪ੍ਰੋਫ਼ੈਸਰ ਦੂਸਰੇ ਪ੍ਰੋਫ਼ੈਸਰ ਨੂੰ ਸੰਬੋਧਨ ਕਰਦਾ ਹੈ ਤਾਂ ਉਹ ਪਹਿਲਾਂ ਜਾਤੀ ਨਾਂ (ਜਾਤ ਆਧਾਰਿਤ ਉਪ-ਨਾਂ) ਲਾ ਲੈਂਦੇ ਹਨ, ਪਰ ਬਹੁਤੀ ਵਾਰ ਸੰਬੰਧ ਹੇਠ ਲਿਖੇ ਪ੍ਰਕਾਰ ਦੇ ਹੁੰਦੇ ਹਨ :

| | | |
|---|---|---|
| ਡਾਕਟਰ | ਪ੍ਰੋਫ਼ੈਸਰ | ਦੁਕਾਨਦਾਰ |
| ↓ | ↓ | ↓ |
| ਮਰੀਜ਼ | ਵਿਦਿਆਰਥੀ | ਗਾਹਕ |

### ਉਦਾਹਰਣ

ਆਦਮੀ : ਹਾਂ **ਡਾਕਟਰ ਸਾਹਿਬ**, ਇਹ ਮੇਰਾ ਅੱਠਵਾਂ ਫੇਰਾ ਏ

(ਗਾਰਗੀ 1970, ਪੰਨਾ 73)

ਰਾਇ ਸਾਹਿਬ : **ਇਸੰਪੈਕਟਰ ਸਾਹਿਬ**, ਤੁਸੀਂ ਜਾਣਦੇ ਓ ਗਵਰਮੈਂਟ ਵਿਚ ਮੇਰੀ ਕਿੰਨੀ ਇੱਜ਼ਤ ਏ। (ਨੰਦਾ, ਪੰਨਾ 438)

ਇਸੇ ਤਰ੍ਹਾਂ ਹੇਠਲੀ ਪੱਧਰ ਦੇ ਲੋਕਾਂ ਨੂੰ ਵੀ ਕਿੱਤੇ ਨਾਲ ਹੀ ਸੰਬੋਧਤ ਕੀਤਾ ਜਾਂਦਾ ਹੈ: ਜਿਵੇਂ ਧੋਬੀ, ਨਾਈ, ਮੋਚੀ ਆਦਿ। ਦਰਜੀ ਨੂੰ /ਮਾਸਟਰ ਜੀ/, ਮਿਸਤਰੀ ਨੂੰ /ਉਸਤਾਦ/ ਜਾਂ /ਮਿਸਤਰੀ ਜੀ/ ਆਦਿ ਸੰਬੋਧਨ ਕਰਕੇ ਉਹਲਾ ਵੀ ਬਣਾਇਆ ਜਾਂਦਾ ਹੈ।

## ਧਰਮ ਆਧਾਰਿਤ

ਸੰਬੋਧਨ ਲਈ ਕੁਝ ਸ਼ਬਦ ਅਜੇਹੇ ਹਨ, ਜੋ ਕਿ ਅਜੇਹੀ ਸਥਿਤੀ ਵਿਚ ਆਮ ਵਰਤੋਂ ਵਿਚ ਆਉਂਦੇ ਹਨ, ਜਦੋਂ ਵਾਰਤਾਲਾਪ ਦੇ ਪਾਤਰ ਇਕ ਦੂਜੇ ਤੋਂ ਵਾਕਿਫ਼ ਨਹੀਂ ਹੁੰਦੇ ਅਤੇ ਲਗਪਗ ਅਜਨਬੀ ਲੋਕ ਹੀ ਇਕ ਦੂਜੇ ਲਈ ਵਰਤਦੇ ਹਨ। ਪਰ ਕਈ ਵਾਰ ਵਾਕਫ਼ੀਅਤ ਵਾਲੇ ਲੋਕ ਵੀ ਵਤੀਰੇ ਵਿਚ ਦੂਰੀ-ਦਰਸਾਉਣ ਲਈ ਵਰਤ ਸਕਦੇ ਹਨ। ਅਜੇਹੇ ਸੰਬੋਧਨੀ ਸ਼ਬਦ ਇਕ ਤਰ੍ਹਾਂ ਨਾਲ ਸੰਬੋਧਿਤ ਵਿਅਕਤੀ ਦੇ ਧਰਮ 'ਤੇ ਆਧਾਰਿਤ ਹੁੰਦੇ ਹਨ, ਜਿਵੇਂ ਸਿੱਖਾਂ ਲਈ "ਸਰਦਾਰ ਜੀ, ਜਾਂ ਸਰਦਾਰ ਸਾਹਿਬ" ਹਿੰਦੂਆਂ ਲਈ "ਪੰਡਿਤ ਜੀ, ਸ਼ਾਹ ਜੀ, ਲਾਲਾ ਜੀ।" ਅੱਗੋਂ ਵਿਸ਼ੇਸ਼ ਤੌਰ 'ਤੇ ਬ੍ਰਾਹਮਣਾਂ ਲਈ 'ਸਵਾਮੀ

ਜੀ', ਪਿੰਡ ਦੇ ਸਰਦਾਰਾਂ, ਰਾਜਪੂਤਾਂ ਆਦਿ ਲਈ "ਚੌਧਰੀ ਜੀ" ਵੀ ਵਰਤਿਆ ਜਾਂਦਾ ਹੈ। ਕਿਉਂਕਿ ਸਾਡਾ ਸਾਰਾ ਸਮਾਜ ਧਰਮਾਂ ਵਿਚ ਅਤੇ ਅੱਗੋਂ ਵੱਖ ਵੱਖ ਜਾਤਾਂ ਤੇ ਗੋਤਾਂ ਵਿਚ ਵੰਡਿਆ ਹੋਇਆ ਹੈ, ਇਸ ਲਈ ਅਜੇਹੇ ਸੰਬੋਧਨੀ ਸ਼ਬਦਾਂ ਦੀ ਵਰਤੋਂ ਵੀ ਆਮ ਮਿਲਦੀ ਹੈ।

## ਵਿਸ਼ੇਸ਼ ਖ਼ਿਤਾਬ

ਆਜ਼ਾਦੀ ਤੋਂ ਪਹਿਲਾਂ ਅੰਗ੍ਰੇਜ਼ੀ ਸਾਮਰਾਜ ਦੇ ਸਮੇਂ ਵਿਚ ਕੁਝ ਲੋਕਾਂ ਨੂੰ ਸਰਕਾਰ ਦੀ ਸੇਵਾ ਬਦਲੇ ਕੁਝ ਵਿਸ਼ੇਸ਼ ਖ਼ਿਤਾਬ ਮਿਲੇ ਹੁੰਦੇ ਸਨ ਅਤੇ ਉਨ੍ਹਾਂ ਨੂੰ ਜਾਂ ਤਾਂ ਖ਼ਿਤਾਬ ਵਾਲੇ ਸ਼ਬਦ ਨਾਲ ਹੀ ਸੰਬੋਧਨ ਕੀਤਾ ਜਾਂਦਾ ਸੀ ਜਾਂ ਫਿਰ ਇਹ ਖ਼ਿਤਾਬ ਉਨ੍ਹਾਂ ਦੇ ਪੂਰੇ ਨਾਂ ਤੋਂ ਪਹਿਲਾਂ ਲਾਇਆ ਜਾਂਦਾ ਸੀ, ਜਿਵੇਂ ਰਾਇ ਬਹਾਦਰ, ਰਾਏ ਸਾਹਿਬ ... ...

ਇੰਸਪੈਕਟਰ : ਨਹੀਂ, ਨਹੀਂ **ਰਾਇ ਸਾਹਿਬ**, ਚਾਏ ਬਣਾਉਣ ਦੀ ਤਕਲੀਫ ਨ ਦਿਓ ਰਾਣੀ ਜੀ ਨੂੰ।

(ਨੰਦਾ ਪੰ. 429)

ਹੁਣ ਤੀਕ ਭਾਸ਼ਾ ਵਿਗਿਆਨੀਆਂ ਦਾ ਜਤਨ ਰਿਹਾ ਹੈ ਕਿ ਭਾਸ਼ਾ ਦੇ ਵਿਸ਼ਲੇਸ਼ਣ ਤੇ ਅਧਿਐਨ ਉਪਰੰਤ ਇਸ ਨੂੰ ਸਪਸ਼ਟ ਤੇ ਸਿੱਧੇ ਸਾਦੇ ਪੈਟਰਨ ਵਿਚ ਪੇਸ਼ ਕੀਤਾ ਜਾਵੇ। ਦੂਸਰੇ, ਭਾਸ਼ਾ ਨੂੰ ਕੇਵਲ ਇਕ ਸੰਚਾਰ-ਸਾਧਨ (means of communication) ਸਮਝਿਆ ਗਿਆ ਹੈ, ਜਿਸ ਕਾਰਨ ਸਾਡੀ ਬਹੁਤ ਜਟਿਲ ਸੰਚਾਰ-ਪ੍ਰਕ੍ਰਿਆ ਦੇ ਕਈ ਸੰਸਥਾਇਕ ਪੱਖ ਅੱਖੋਂ ਉਹਲੇ ਰਹਿ ਗਏ ਹਨ। ਉਦਾਹਰਣ ਵਜੋਂ ਸਾਡੇ ਨਿੱਤ ਦੇ ਸਾਧਾਰਣ ਭਾਸ਼ਾਈ ਵਤੀਰੇ ਵਿਚ ਕਿਸ ਤਰ੍ਹਾਂ ਸਮਾਜਕ ਸੰਬੰਧਾਂ ਜਾਂ ਪ੍ਰਤਿਬੰਧਾਂ ਦਾ ਜਾਲ ਉਣਿਆ ਹੁੰਦਾ ਹੈ। ਇਨ੍ਹਾਂ ਸਮਾਜਕ ਸੰਬੰਧਾਂ ਨੂੰ ਦਰਸਾਉਣ ਦੇ ਨਾਲ ਨਾਲ ਮਨੁੱਖ ਦੀ ਭਾਸ਼ਾਈ ਰਚਨਾਤਮਕ ਸਮਰੱਥਾ ਸਥਿਤੀ, ਵਿਸ਼ੈ ਦੇ ਅਨੁਸਾਰ ਇਕ ਸੰਤੁਲਣ ਪੈਦਾ ਕਰਦੀ ਹੈ। ਕੇਵਲ ਅਰਥ-ਸੰਚਾਰ ਤੋਂ ਇਲਾਵਾ ਭਾਸ਼ਾ ਬਹੁਤ ਹੱਦ ਤੀਕ ਵਿਅਕਤੀ ਦੇ ਇਹਸਾਸ, ਇੱਛਾਵਾਂ ਆਦਿ ਪ੍ਰਗਟਾਉਣ ਦਾ ਸਾਧਨ ਵੀ ਬਣਦੀ ਹੈ। ਹਰ ਸਥਿਤੀ ਤੋਂ ਲੈ ਕੇ ਸਮੁੱਚੀ ਸਮਾਜਕ ਪ੍ਰਕ੍ਰਿਆ ਵਿਚ ਵਿਅਕਤੀ ਦਾ ਸਥਾਨ ਨਿਸ਼ਚਿਤ ਕਰਨਾ ਤੇ ਦਰਸਾਉਣਾ ਵੀ ਭਾਸ਼ਾ ਦਾ ਮਹੱਤਵਪੂਰਨ ਕਾਰਜ ਹੈ। ਇਹ ਸਭ ਕੁਝ ਹੁਣ ਤੀਕ ਅਪਣਾਈਆਂ ਗਈਆਂ ਭਾਸ਼ਾਈ ਵਿਸ਼ਲੇਸ਼ਣ ਵਿਧੀਆਂ ਦੀ ਪਕੜ ਤੋਂ ਬਾਹਰ ਰਹਿ ਗਿਆ ਹੈ, ਪਰੰਤੂ ਆਧੁਨਿਕ ਸਮਾਜ-ਭਾਸ਼ਾ-ਵਿਗਿਆਨ ਵਿਚ ਨਿਰੋਲ ਵਿਆਕਰਣਕ ਨਿਯਮਾਂ ਦੇ ਨਾਲ ਨਾਲ ਵੱਖ ਵੱਖ ਵਾਰਤਾਲਾਪ ਸਥਿਤੀਆਂ, ਵਾਰਤਾਲਾਪ ਪਾਤਰਾਂ ਦੇ ਸਮਾਜਕ ਰੁਤਬੇ, ਪਰਸਪਰ ਸੰਬੰਧਾਂ, ਵਿਸ਼ੈ ਅਨੁਕੂਲ ਭਾਸ਼ਾਈ ਚੋਣ, ਆਦਿ 'ਤੇ ਵੀ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ। ਇਹ ਅਤੇ ਹੋਰ ਅਨੇਕਾਂ ਸਮਾਜਕ-ਤੱਥ ਸਾਡੇ ਭਾਸ਼ਾਈ ਵਤੀਰੇ ਵਿਚ ਇਕ ਤਰਲਤਾ ਪੈਦਾ ਕਰਦੇ ਹਨ, ਜਿਸ ਕਾਰਣ ਸਾਡਾ ਵਤੀਰਾ ਹਰ ਸਥਿਤੀ ਦੇ ਅਨੁਕੂਲ ਹੋ ਜਾਂਦਾ ਹੈ, ਜਿਸ ਨੂੰ ਅਨੁਕੂਲਣ ਪ੍ਰਕ੍ਰਿਆ ਕਿਹਾ ਜਾ ਸਕਦਾ ਹੈ। ਇਸ ਖੋਜ-ਪੱਤਰ ਵਿਚ ਵੀ ਇਹ ਹੀ ਦਰਸਾਉਣ ਦਾ ਜਤਨ ਕੀਤਾ ਗਿਆ ਹੈ ਕਿ ਕਿਵੇਂ ਵਕਤੇ ਤੇ ਸੰਬੋਧਿਤ ਵਿਅਕਤੀ ਨਾਲ ਜੁੜੇ ਹੋਏ ਅਨੇਕਾਂ ਸਮਾਜਕ ਤੱਥ ਸੰਬੋਧਨੀ ਸ਼ਬਦ ਦੀ ਚੋਣ ਵਿਚ ਰੋਲ ਅਦਾ ਕਰਦੇ ਹਨ।

## ਪੰਜਾਬੀ ਵਿਚ ਸੰਬੋਧਨੀ ਢੰਗ



- ਸੰਬੋਧਨੀ ਸ਼ਬਦ →
  - ਕਿੱਤਾ ਆਧਾਰਿਤ ਨਾਂ →
    - ਕਿੱਤਾ + ਉਪ-ਨਾਂ
    - ਕਿੱਤਾ
  - ਧਰਮ ਜਾਂ ਫ਼ਿਰਕਾ ਆਧਾਰਿਤ
  - ਅਚਿੰਨ੍ਹਿਤ (unmarked)
- ਅੱਲ →
  - ਪਰਿਵਾਰਕ ਅੱਲ ਜਾਂ ਵਸਫ਼
  - ਨਿੱਜੀ ਵਸਫ →
    - ਬੋਲੀ ਆਧਾਰਿਤ ਅੱਲ
    - ਸਰੀਰਕ ਬਣਤਰ ਆਧਾਰਿਤ ਅੱਲ
- ਸੰਬੋਧਕੀ ਰੂਪ →
  - ਲਿੰਗ →
    - ਇਸਤ੍ਰੀ ਲਿੰਗ
    - ਪੁਲਿੰਗ
  - ਸਮਾਜਕ ਨੇੜਤਾ →
    - ਨੇੜਤਾ ਜਾਂ ਪਿਆਰ ਵਾਲੇ
    - ਅਚਿੰਨ੍ਹਿਤ
    - ਸਤਿਕਾਰ ਹੀਣ
- ਗਾਲ੍ਹਾਂ →
  - →
    - ਅਸ਼ਲੀਲ
    - ਸ਼ਲੀਲ
  - →
    - ਨੇੜਤਾ ਜਾਂ ਪਿਆਰ ਨਾਲ
    - ਬੇਇਜ਼ਤੀ ਨਾਲ

# ਸਹਾਇਕ ਪੁਸਤਕ ਸੂਚੀ

Brown, Roger w. and Marguerite Ford, "Address in American English", in Dell Hymes, Language in Culture and Society, P. P. 234-44, Harper nad Row ; New York, 1966.

Ervin Tripp, S. M. "Sociolinguistic Rules of Address" in J.B. Pride and J. Holmes, Eds. Sociolinguistics, Penguin Books, U.K., 1972.

Evans - Pritchard, E.E., "Nuer Modes of Address" in Dell Hymes, PP. 21-27.

Khubchandani, Lchman M. "Second person Pronouns in Hindi and Urdu". paper presented at the workshop on Social Stratification and Language behaviour, I.I.A.S.Simla, May1973, (Unpublished).

Winter, Werner, "Some Wide spread Indo-European Titles", in George Cardona, Henry M. Hoenings walf and Alfred Senn (Eds.) Indo-European and Indo-Europeans, University of Pennsylvania Press : philadelphia, 1970.

# 5

## ਕੋਡ ਪਰਿਵਰਤਨ : ਪੰਜਾਬੀ ਵਿਚ ਹਿੰਦੀ, ਅੰਗ੍ਰੇਜ਼ੀ ਦੀ ਵਰਤੋਂ

ਇਸ ਵਿਚ ਕੋਈ ਸ਼ਕ ਨਹੀਂ ਕਿ ਅਜੋਕੇ ਯੁਗ ਦੇ ਵਿਸ਼ੇਸ਼ ਤੌਰ ਤੇ ਉਦਯੋਗਿਕ ਅਤੇ ਸ਼ਹਿਰੀ ਸਭਿਆਚਾਰ ਅਤੇ ਇਸ ਅਤਿ ਜਟਿਲ ਅਤੇ ਸੰਸਥਾਗਤ ਸਮਾਜ ਵਿਚ ਹਰੇਕ ਵਿਅਕਤੀ ਅਨੇਕਾਂ ਬਹੁ-ਵਿਮਾਈ (multidimensional) ਅਤੇ ਅੰਤਰ ਸੰਬੰਧਿਤ ਰੋਲ ਅਦਾ ਕਰਦਾ ਹੈ। ਇਨ੍ਹਾਂ ਰੋਲਾਂ ਦੀ ਅਦਾਇਗੀ ਲਈ ਉਹ ਸਥਿਤੀ ਤੇ ਵਿਸ਼ੈ ਅਨੁਕੂਲ ਬੋਲੀ ਦੇ ਵਿਸ਼ੇਸ਼ ਰੂਪਾਂ ਦੀ ਚੋਣ ਵੀ ਨਾਲੋ ਨਾਲ ਕਰਦਾ ਹੈ, ਅਤੇ ਜਦੋਂ ਇਹ ਚੋਣ ਗ਼ਲਤ ਹੋ ਜਾਂਦੀ ਹੈ ਜਾਂ ਸੁਣਨ ਵਾਲੇ ਉਤੇ ਪ੍ਰਭਾਵ ਆਸ ਤੋਂ ਉਲਟ ਪੈਂਦਾ ਦਿਸਦਾ ਹੈ, ਤਾਂ ਤੁਸੀਂ ਉਸਨੂੰ ਆਮ ਕਹਿੰਦੇ ਸੁਣਿਆ ਹੋਵੇਗਾ : "ਮੇਰਾ ਮਤਲਬ ਇਹ ਨਹੀਂ ਸੀ!" "ਤੁਸੀਂ ਮੇਰੀ ਗੱਲ ਦਾ ਹੋਰ ਹੀ ਮਤਲਬ ਕੱਢ ਲਿਆ ਏ!" "ਤੁਸੀਂ ਮੇਰਾ ਮਤਲਬ ਨਹੀਂ ਸਮਝੇ!'... ਆਦਿ। ਸਾਰੇ ਦਿਨ ਦੇ ਕਾਰ-ਵਿਹਾਰ ਵਿਚ ਉਸ ਵਿਅਕਤੀ ਦਾ ਜਿੰਨੇ ਵੱਖ-ਵੱਖ ਲੋਕਾਂ ਨਾਲ ਵਾਹ ਪੈਂਦਾ ਹੈ-ਸਥਿਤੀ ਵਿਚ ਜਿਸ ਤਰ੍ਹਾਂ ਉਸਦਾ ਰੋਲ ਮੰਗ ਕਰਦਾ ਹੈ - ਉਹ ਆਪਣੀ ਬੋਲੀ ਦੇ ਗੇਅਰ ਬਦਲਦਾ ਰਹਿੰਦਾ ਹੈ। ਇਸੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਹਰੇਕ ਵਿਅਕਤੀ ਆਪਣਾ ਸਭਿਆਚਾਰ ਆਪਣੇ ਨਾਲ ਲਈ ਫਿਰਦਾ ਹੈ। ਜਿਥੇ ਵੀ ਉਹ ਜਾਂਦਾ ਹੈ ਉਸਦੀ ਸਮਾਜਕ ਵਾਸਤਵਿਕਤਾ ਉਸਦੇ ਨਾਲ ਜਾਂਦੀ ਹੈ। ਸਮਾਜ ਵਿਚ ਨਿਸ਼ਚਿਤ ਦਰਜਾ ਉਸਦੇ ਨਾਲ ਹੀ ਰਹਿੰਦਾ ਹੈ। (J.R. Firth, 1964 p. 93) ਫਰਥ ਦਾ ਕਹਿਣਾ ਹੈ ਕਿ ਅਸੀਂ ਸਭ ਲੋਕ ਆਪਣੇ ਰੋਲ-ਸੈੱਟ ਆਪਣੇ ਨਾਲ ਲਈ ਫਿਰਦੇ ਹਾਂ (ਜਦੋਂ ਅਸੀਂ ਸਮਾਜ ਵਿਚ ਵਿਚਰਦੇ ਹਾਂ)। ਜਦੋਂ ਤੀਕ ਭਾਸ਼ਾ ਵਰਗ ਦਾ ਕੋਈ ਮੈਂਬਰ ਬਾਲਗ ਹੁੰਦਾ ਹੈ ਉਦੋਂ ਤੀਕ ਉਸ ਸੈੱਟ ਤੇ ਭਾਸ਼ਾ ਦੀ ਬਹੁਤ ਸਾਰੀ ਰਿਕਾਰਡਿੰਗ ਉਸਦੇ ਜ਼ਿਹਨ ਤੇ ਹੁੰਦੀ ਹੈ, ਅਤੇ ਉਹ ਵੱਖ ਵੱਖ ਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਝਟ ਢਾਲ ਲੈਂਦਾ ਹੈ ਅਤੇ ਇਸ ਸਬੰਧੀ ਉਸਦਾ ਵਤੀਰਾ ਬੜਾ ਚੋਣਮਈ ਹੁੰਦਾ ਹੈ। ਇਸ ਸੰਦਰਭ ਵਿਚ ਸਵਾਲ ਵਿਅਕਤੀ ਦੀ ਵਿਆਕਰਣਕ ਸਮਰਥਾ (grammatical competence) ਦਾ ਨਹੀਂ, ਸਗੋਂ ਸਮੁੱਚੀ ਸੰਚਾਰਕ ਸਮਰਥਾ (communicative competence) ਦਾ ਹੁੰਦਾ ਹੈ। ਸੰਚਾਰਕ ਸਮਰਥਾ ਦਾ ਅਰਥ ਹੈ : "ਬਦਲੀ ਹੋਈ ਸਥਿਤੀ ਅਨੁਸਾਰ ਯੋਗ ਅਤੇ ਢੁਕਵੀਂ ਭਾਸ਼ਾ ਦੀ ਵਰਤੋਂ। ਇਸ ਤੋਂ ਭਾਵ ਵਿਆਕਰਣਕ ਸ਼ੁੱਧਤਾ ਜਾਂ ਠੇਠਤਾ ਨਹੀਂ।" ਇਸ ਵਿਚ ਇਹ ਵੀ ਵੇਖਣ ਵਾਲੀ ਗੱਲ ਹੈ ਕਿ ਕੀ ਤੁਸੀਂ ਸ੍ਰੋਤੇ ਜਾਂ ਸੰਬੰਧਿਤ ਵਿਅਕਤੀਆਂ ਨਾਲ ਆਪਣੇ ਰਿਸ਼ਤੇ ਦੀ ਨੇੜਤਾ ਨੂੰ ਮਾਪ ਕੇ, ਸਹੀ ਢੰਗ ਨਾਲ ਓਪਰੇਪਣ ਜਾਂ ਨੇੜਤਾ ਦੀ ਸਕੇਲ ਤੇ ਉਪਰ ਨੀਚੇ ਸੰਮਜਨ (adjustment) ਕਰ ਸਕਦੇ ਹੋ। ਹਰ ਇਕ ਰੋਗ-

ਵਿਮੁਕਤ, ਸਾਧਾਰਣ ਤੇ ਸਮਝਦਾਰ ਆਦਮੀ ਕੋਲ ਭਾਸ਼ਾ ਦਾ ਅਜੇਹਾ ਭੰਡਾਰ ਹੁੰਦਾ ਹੈ, ਜਿਸ ਵਿਚੋਂ ਸਥਿਤੀ ਦੀ ਲੋੜ ਅਨੁਸਾਰ ਉਹ ਸਹੀ ਸ਼ਬਦਾਂ ਤੇ ਸ਼ੈਲੀ ਦੀ ਚੋਣ ਕਰ ਸਕਦਾ ਹੈ। ਸ਼ਬਦਾਂ, ਟੋਨ ਜਾਂ ਸਮੁਚੀ ਸ਼ੈਲੀ ਦੀ ਚੋਣ ਵਾਰਤਾਲਾਪ/ਵਿਚਾਰ-ਵਟਾਂਦਰੇ ਦੇ ਵਿਸ਼ੈ (topic) ਅਤੇ ਅੰਤਰ-ਸੰਬੰਧਿਤ ਸਮਾਜਕ-ਸਭਿਆਚਾਰਕ (socio-cultural) ਰਿਸ਼ਤਿਆਂ ਤੇ ਨਿਰਭਰ ਹੁੰਦੀ ਹੈ। ਸਾਡੇ ਵਿਚੋਂ ਲਗਪਗ ਹਰੇਕ ਵਿਅਕਤੀ ਬੋਲੀ ਦੇ ਕਈ ਜਟਿਲ ਪ੍ਰਬੰਧਾਂ ਤੇ ਕਾਬੂ ਰਖਦਾ ਹੈ। ਇਥੇ ਸਿਧਾਂਤਕ ਦ੍ਰਿਸ਼ਟੀ ਤੋਂ ਇਹ ਗੱਲ ਫਿਰ ਸਪੱਸ਼ਟ ਕਰ ਦੇਣੀ ਲਾਭਕਾਰੀ ਹੋਵੇਗੀ ਕਿ ਭਾਸ਼ਾਈ ਸਮਰਥਾ (linguistic competence) ਦਾ ਅਰਥ ਕੇਵਲ ਸੰਚਾਰਕ ਸਮਰਥਾ ਨਹੀਂ। ਇਸਦੇ ਉਲਟ, ਸੰਚਾਰਕ ਸਮਰਥਾ ਵਿਚ ਭਾਸ਼ਾਈ ਸਮਰਥਾ ਸ਼ਾਮਿਲ ਸਮਝੀ ਜਾਂਦੀ ਹੈ, ਕਿਉਂਕਿ ਸੰਚਾਰਕ ਸਮਰਥਾ ਦਾ ਅਰਥ ਹੈ –

ਭਾਸ਼ਾਈ ਸਮਰਥਾ + ਸਥਿਤੀ + ਵਿਸ਼ੇ ਅਨੁਕੂਲਤਾ

ਭਾਸ਼ਾਈ ਸਮਰਥਾ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ : ਇਹ ਇਕ ਬਾਲਗ ਵਿਅਕਤੀ ਦੀ ਭਾਸ਼ਾ-ਸੰਬੰਧੀ ਉਹ ਸਮਰਥਾ ਹੈ ਜਿਹੜੀ ਉਸ ਦੇ ਅਮੂਰਤ, ਸੰਦਰਭ-ਵਿਮੁਕਤ ਤੇ ਨਿਯਮ ਅਧੀਨ ਚਲਣ ਵਾਲੇ ਭਾਸ਼ਾਈ ਵਤੀਰੇ ਰਾਹੀਂ ਪ੍ਰਤਿਪਾਦਿਤ ਹੁੰਦੀ ਹੈ। ਪਰੰਤੂ, ਸੰਚਾਰਕ ਸਮਰਥਾ ਤਾਂ ਸੰਦਰਭ-ਅਧੀਨ ਵਿਸ਼ੈ-ਅਨੁਕੂਲ ਭਾਸ਼ਾਈ ਸਮਰਥਾ ਦਾ ਬਾਹਰੀਕਰਣ (externalization) ਹੁੰਦਾ ਹੈ, ਅਰਥਾਤ ਜਦੋਂ ਅਸੀਂ ਆਪਣੀ ਅਮੂਰਤ ਭਾਸ਼ਾਈ ਸਮਰਥਾ ਨੂੰ ਕਿਸੇ ਵਿਸ਼ੇਸ਼ ਸਥਿਤੀ ਤੇ ਸੰਦਰਭ ਅਨੁਸਾਰ ਢਾਲ ਕੇ ਵਰਤੋਂ ਵਿਚ ਲਿਆਉਂਦੇ ਹਾਂ ਤਾਂ ਉਹ ਭਾਸ਼ਾਈ ਵਤੀਰੇ ਨੂੰ ਵਿਅਕਤੀ ਦੀ ਸੰਚਾਰਕ ਸਮਰਥਾ ਕਿਹਾ ਜਾਂਦਾ ਹੈ। ਕਈ ਅਜੋਕੇ ਸਮਾਜ-ਭਾਸ਼ਾ ਵਿਗਿਆਨੀਆਂ ਦਾ ਮਤ ਹੈ ਕਿ ਵਿਅਕਤੀ ਦੀ ਵੱਖ ਵੱਖ ਸਮਾਜਕ ਸਥਿਤੀਆਂ ਵਿਚ ਠੀਕ ਭਾਸ਼ਾ ਵਰਤ ਸਕਣ ਦੀ ਯੋਗਤਾ ਵੀ ਉਸਦੀ ਸਮੁੱਚੀ 'ਭਾਸ਼ਾਈ ਸਮਰਥਾ' ਦਾ ਉੱਨਾ ਹੀ ਭਾਗ ਹੈ, ਜਿੰਨਾ ਕਿ ਵਿਆਕਰਣਕ ਤੌਰ ਤੇ ਸ਼ੁਧ ਵਾਕਾਂ ਦੀ ਵਰਤੋਂ ਕਰਨਾ। ਅਸਲ ਵਿਚ ਅਸੀਂ ਵੱਖ ਵੱਖ ਸਮਾਜਕ ਰੋਲ ਅਦਾ ਕਰਦਿਆਂ ਜਿਹੜੇ ਭਾਸ਼ਾ ਰੂਪ ਵਰਤਦੇ ਹਾਂ, ਉਨ੍ਹਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਉਹ ਭਾਸ਼ਾਈ ਭੰਡਾਰ ਵਿਚੋਂ ਵਿਅਕਤੀਆਂ ਦੀਆਂ ਹਰ ਪੜਾਅ ਤੇ ਵਿਆਕਰਣਕ ਨਿਯਮਾਂ ਅਧੀਨ ਕੀਤੀਆਂ ਉਨ੍ਹਾਂ ਸ਼ਬਦ-ਚੋਣਾਂ ਦਾ ਰਲਗਡ ਹੁੰਦਾ ਹੈ, ਜਿਹੜੀਆਂ ਵਿਆਕਰਣ ਤੋਂ ਇਲਾਵਾ ਸਥਿਤੀ ਅਤੇ ਸਭਿਆਚਾਰ ਤੇ ਵੀ ਨਿਰਭਰਤਾ ਰਖਦੀਆਂ ਹਨ।

ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ, ਸ਼ਬਦ-ਚੋਣ, ਸਮੁਚੀ ਸ਼ੈਲੀ ਦੀ ਚੋਣ-ਸਥਿਤੀ ਤੇ ਨਿਰਭਰ ਹੁੰਦੀ ਹੈ। ਇਸ ਲਈ, ਸਥਿਤੀ ਵਿਚ ਆਈ ਕੋਈ ਵੀ ਤਬਦੀਲੀ ਮੰਗ ਕਰਦੀ ਹੈ ਕਿ ਭਾਸ਼ਾ ਦਾ ਰੂਪ ਵੀ ਬਦਲਿਆ ਜਾਵੇ। ਇਸ ਸਮਾਜਕ ਭਾਸ਼ਾਈ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਸਮਝਣ ਲਈ ਸਾਨੂੰ ਆਪਣੇ ਸਮਾਜ ਵਿਚਲੇ ਰੋਲ-ਸੰਬੰਧਾਂ, ਅੰਤਰ-ਪ੍ਰਕਿਰਿਆ ਪ੍ਰਤਿਰੂਪਾਂ (types) ਅਤੇ ਸਥਿਤੀ ਆਧਾਰਿਤ ਖੇਤਰਾਂ ਦਾ ਵਿਸ਼ਲੇਸ਼ਣ ਕਰਨਾ ਹੋਵੇਗਾ। ਇਨ੍ਹਾਂ ਦਾ ਵਿਸ਼ਲੇਸ਼ਣ ਹੇਠ ਲਿਖੇ ਤੱਤਾਂ ਅਤੇ ਉਨ੍ਹਾਂ ਦੇ ਪਰਸਪਰ ਸੰਬੰਧਾਂ ਦੀ ਦ੍ਰਿਸ਼ਟੀ ਤੋਂ ਕੀਤਾ ਜਾ ਸਕਦਾ ਹੈ :

(ੳ) ਵਾਰਤਾਲਾਪ ਵਿਚ ਭਾਗ ਲੈਣ ਵਾਲੇ ਵਿਅਕਤੀ (participants) ਉਨ੍ਹਾਂ ਦਾ ਸਮਾਜ-ਮਨੋਵਿਗਿਆਨਕ ਵਤੀਰਾ ਅਤੇ ਪਰਸਪਰ ਸਮਾਜਕ ਰੁਤਬਾ ਜਾਂ (ਵਕਤਾ ਤੇ ਸੰਬੰਧਿਤ ਵਿਅਕਤੀ)

(ਅ) ਸਮਾਜਕ ਤਥਾ ਸਭਿਆਚਾਰਕ ਪਰਿਸਥਿਤੀ—ਇਸਤੇ ਵਿਲੱਖਣ ਲੱਛਣ। (socio-cultural setting)

(ੲ) ਵਾਰਤਾਲਾਪ ਦਾ ਵਿਸ਼ਾ

ਵਿਲੀਅਮ ਮੈਕੇ (W.F. Mackay, 1969, p 569) ਅਨੁਸਾਰ ਭਾਸ਼ਾ ਰੂਪ ਪਰਿਵਰਤਨ ਦੇ ਤਿੰਨ ਮੁਖ ਕਾਰਣ ਹਨ : ਵਿਸ਼ਾ, ਵਿਅਕਤੀ ਤੇ ਤਨਾਅ (topic, person & tension)।

"ਉਸੇ ਵਿਅਕਤੀ ਦੀ ਗੱਲਬਾਤ ਵਿਚ ਆ ਰਹੇ ਪਰਿਵਰਤਨਾਂ ਦੀ ਗਤੀ ਅਤੇ ਤੱਤਾਂ ਦੀ ਨਿਸਬਤ ਬਦਲ ਸਕਦੀ ਹੈ ਜਿਸਦੀ ਨਿਰਭਰਤਾ ਇਸ ਗੱਲ ਤੇ ਹੈ ਕਿ ਵਕਤਾ ਕਿਸ ਵਿਸ਼ੇ ਤੇ ਗੱਲ ਕਰ ਰਿਹਾ ਹੈ, ਉਹ ਕਿਸ ਨਾਲ ਗੱਲ ਕਰ ਰਿਹਾ ਹੈ; ਅਤੇ ਜਿਸ ਸਥਿਤੀ ਵਿਚ ਉਹ ਗੱਲ ਕਰ ਰਿਹਾ ਹੈ, ਉਸ ਵਿਚ ਕਿੰਨਾ ਕੁ ਸਮਾਜਕ ਤੇ ਮਾਨਸਿਕ ਤਨਾਉ ਹੈ।"

ਭਾਸ਼ਾ ਵਿਗਿਆਨਕ 'ਸਥਿਤੀ' ਦੀ ਪਰਿਭਾਸ਼ਾ ਅਸੀਂ ਆਪਣੇ ਅਰਥਾਂ ਵਿਚ ਇਸ ਤਰ੍ਹਾਂ ਕਰਾਂਗੇ :

"ਇਹ ਉਹ ਸਥਿਤੀ ਹੈ ਜਿਸ ਵਿਚ ਦੋ (ਜਾਂ ਵੱਧ) ਵਿਅਕਤੀ ਕਿਸੇ ਵਿਸ਼ੇਸ਼ ਆਧਾਰ ਤੇ ਇਕ ਦੂਜੇ ਨਾਲ ਸੰਬੰਧਿਤ ਹੋਣ ਅਤੇ ਕਿਸੇ ਵਿਲੱਖਣ ਸਮਾਜਕ ਸੰਦਰਭ ਵਿਚ ਕਿਸੇ ਵਿਸ਼ੇਸ਼ ਵਿਸ਼ੇ ਤੇ ਵਾਰਤਾਲਾਪ ਕਰ ਰਹੇ ਹੋਣ।"

ਇਸ ਤਰ੍ਹਾਂ ਦੇ ਸਮਾਜਕ ਪ੍ਰਬੰਧ ਜਾਂ ਸਮਾਜਕ ਵਰਗ ਦੇ ਦ੍ਰਿਸ਼ਟੀਕੋਣ ਤੋਂ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਅਧਿਆਪਕ ਜਦੋਂ ਚਾਹ-ਪਾਰਟੀ ਜਾਂ ਖਾਣੇ ਤੇ ਇਕੱਠੇ ਸ਼ਾਮਿਲ ਹੋਣ ਜਾਂ ਉਹੀ ਵਿਅਕਤੀ ਕਿਸੇ ਸੈਮੀਨਾਰ ਵਿਚ ਭਾਗ ਲੈ ਰਹੇ ਹੋਣ, ਤਾਂ ਇਹ ਦੋ ਵੱਖੋ ਵੱਖਰੀਆਂ ਸਥਿਤੀਆਂ ਹੋਣਗੀਆਂ। ਇਨ੍ਹਾਂ ਦੋਹਾਂ ਸਥਿਤੀਆਂ ਵਿੱਚ ਗੱਲਬਾਤ ਦੇ ਵਿਸ਼ੇ ਵੱਖਰੇ-ਵੱਖਰੇ ਹੋਣਗੇ। ਇਸੇ ਤਰ੍ਹਾਂ ਪਰਸਪਰ ਰਿਸ਼ਤੇ ਜਾਂ ਭਾਸ਼ਣ-ਕਰਤਾ ਅਤੇ ਸੰਬੋਧਿਤ ਵਿਅਕਤੀਆਂ ਦੇ ਰੋਲ ਵੀ ਭਿੰਨ-ਭਿੰਨ ਹੋਣਗੇ। ਇਨ੍ਹਾਂ ਅੰਤਰਾਂ ਵਿਚੋਂ ਕੋਈ ਵੀ ਅੰਤਰ-ਭਾਸ਼ਾਈ ਸਥਿਤੀ ਨੂੰ ਵਖਰਿਆਉਣ ਲਈ ਕਾਫੀ ਹੈ। ਯੂਨੀਵਰਸਿਟੀ ਦਾ ਅਧਿਆਪਕ ਵਰਗ ਹੀ ਆਪਣੇ ਮੈਂਬਰਾਂ ਤੋਂ ਆਸ ਰਖੇਗਾ ਕਿ ਦੋਵੇਂ ਸਥਿਤੀਆਂ ਵਿਚ ਭਾਸ਼ਾ ਦੇ ਵਿਵਿਧ ਰੂਪ ਵਰਤੇ ਜਾਣ।

ਸਾਂਝੇ ਭਾਸ਼ਾ ਆਧਾਰਿਤ ਸਮਾਜਕ ਵਰਗ ਦੇ ਮੈਂਬਰ ਇਸ ਗੱਲ ਤੋਂ ਚੇਤੰਨ ਹੋਣੇ ਚਾਹੀਦੇ ਹਨ (ਅਤੇ ਹੁੰਦੇ ਵੀ ਹਨ) ਕਿ ਭਾਸ਼ਾ ਨੇ ਇਕ ਰੂਪ ਤੋਂ ਦੂਜੇ ਰੂਪ ਵਿਚ ਕਦੋਂ ਬਦਲਣਾ ਹੈ। ਇਸ ਤਰ੍ਹਾਂ ਦੇ ਪਰਿਵਰਤਨਾਂ ਵਿਚੋਂ ਇਕ ਨੂੰ ਤਾਂ ਅਸੀਂ ਪਹਿਲਾਂ ਹੀ "ਸਥਿਤੀ-ਪਰਿਵਰਤਨ" ਆਖਿਆ ਹੈ। ਅਸੀਂ ਇਹ ਵੀ ਕਿਹਾ ਹੈ ਕਿ ਸਥਿਤੀ-ਪਰਿਵਰਤਨ ਭਾਸ਼ਾ ਦੇ ਵਖਰੇ ਰੂਪ ਦੀ ਮੰਗ ਕਰਦਾ ਹੈ। ਦੂਜੇ ਪਾਸੇ, ਭਾਸ਼ਾ ਦੇ ਵਖਰੇ ਰੂਪਾਂ ਦੀ ਵਰਤੋਂ ਇਹ ਸੰਕੇਤ ਕਰੇਗੀ ਕਿ ਵਾਰਤਾਲਾਪ ਦੇ ਪਾਤਰਾਂ ਦੇ ਪਰਸਪਰ ਸੰਬੰਧ ਬਦਲ ਗਏ ਹਨ, ਜਾਂ ਉਨ੍ਹਾਂ ਦੀ ਵਾਰਤਾਲਾਪ ਦਾ ਵਿਸ਼ਾ ਜਾਂ ਮਨੋਰਥ ਬਦਲ ਗਿਆ ਹੈ ਜਾਂ ਉਨ੍ਹਾਂ ਦੀ ਭਾਸ਼ਾਈ ਪ੍ਰਕਿਰਿਆ ਦਾ ਸਮਾਂ/ਸਥਾਨ ਬਦਲ ਗਿਆ ਹੈ, ਜਾਂ ਉਨ੍ਹਾਂ ਦੀ ਵਾਰਤਾਲਾਪ ਨੂੰ ਗੁਪਤ ਰੱਖਣ ਦੀ ਭਾਵਨਾ ਖਤਮ ਹੋ ਗਈ ਹੈ ਜਾਂ ਫਿਰ, ਇਹ ਘੱਟ ਗਈ ਹੈ, ਅਰਥਾਤ ਕੋਈ ਅਜੇਹਾ ਵਿਅਕਤੀ ਉਸ ਵਾਰਤਾਲਾਪ ਵਿਚ ਸ਼ਾਮਿਲ ਹੋ ਗਿਆ ਹੈ ਜਿਸਨੂੰ ਉਹ ਗੱਲ ਦੱਸਣੀ ਨਹੀਂ ਚਾਹੁੰਦੇ, ਜਾਂ ਘਟੋ ਘਟ ਉਸੇ ਰੂਪ ਵਿਚ ਪੂਰੀ ਤਰ੍ਹਾਂ ਖੋਲ੍ਹ ਕੇ ਨਹੀਂ ਦੱਸ ਸਕਦੇ (J.A. Fishman, 1972, pp-48-49)। ਉਪਰੋਕਤ ਸਥਿਤੀ-ਪਰਿਵਰਤਨ ਤੇ

ਭਾਸ਼ਾ-ਪਰਿਵਰਤਨ ਦੇ ਸੰਬੰਧ ਨੂੰ ਹੇਠਲੇ ਚਿੱਤਰ 1 ਰਾਹੀਂ ਦਰਸਾਇਆ ਜਾ ਸਕਦਾ ਹੈ:—




ਚਿੱਤਰ 1

ਇਥੇ ਵਿਸ਼ੇਸ਼ ਤੌਰ ਤੇ ਦੋ ਗੱਲਾਂ ਵਿਚਾਰੀਆਂ ਜਾਣੀਆਂ ਹਨ। ਪਹਿਲੀ ਗੱਲ ਤਾਂ ਇਹ ਕਿ ਫਿਸ਼ਮੈਨ ਅਨੁਸਾਰ ਸਥਿਤੀ-ਪਰਿਵਰਤਨ ਇਕ-ਦਿਸ਼ਾਈ ਹੈ, ਅਰਥਾਤ 1→2→3, ਪਰ ਸਾਡੇ ਵਿਚਾਰ ਅਨੁਸਾਰ ਇਹ ਦੋ-ਦਿਸ਼ਾਈ ਹੈ, ਅਰਥਾਤ 1←→2←→3, ਅਤੇ ਇਸ ਤਰ੍ਹਾਂ ਇਹ ਚੱਕਰ-ਰੂਪ ਵੀ ਇਖਤਿਆਰ ਕਰ ਲੈਂਦਾ ਹੈ, ਅਰਥਾਤ :




ਚਿੱਤਰ 2

ਕਿਉਂਕਿ 1, 2 ਅਤੇ 3 ਅੰਤਰ-ਨਿਰਭਰ, ਆਲਿੰਗਿਤ ਅਤੇ ਪਰਸਪਰ ਪਰਿਭਾਸ਼ਿਤ ਹੁੰਦੇ ਹਨ।

ਭਾਸ਼ਾ–ਪਰਿਵਰਤਨ ਦੀ ਇਹ ਸਥਿਤੀ ਉਨ੍ਹਾਂ ਸ਼੍ਰੇਣੀਆਂ ਵਿਚ ਜਾਂ ਲੋਕਾਂ ਦੀ ਹਾਲਤ ਵਿਚ ਹੋਰ ਵੀ ਗੁੰਝਲਦਾਰ ਹੋ ਜਾਂਦੀ ਹੈ, ਜਿਹੜੇ ਦੋ–ਭਾਸ਼ੀ ਜਾਂ ਬਹੁ–ਭਾਸ਼ੀ ਹੁੰਦੇ ਹਨ, ਜਿਨ੍ਹਾਂ ਨੇ ਵੱਖ–ਵੱਖ ਸਮਾਜਕ ਸਥਿਤੀਆਂ ਅਨੁਕੂਲ ਦੋ ਜਾਂ ਵੱਧ ਭਾਸ਼ਾਵਾਂ ਵਿਚੋਂ ਪਹਿਲਾਂ ਭਾਸ਼ਾ ਦੀ ਚੋਣ ਕਰਨੀ ਹੁੰਦੀ ਹੈ ਅਤੇ ਫਿਰ ਭਾਸ਼ਾ ਦੇ ਢੁਕਵੇਂ ਰੂਪ ਦੀ। ਉਨ੍ਹਾਂ ਦੀ ਭਾਸ਼ਾ–ਚੋਣ ਇਸ ਗੱਲ 'ਤੇ ਆਧਾਰਿਤ ਹੁੰਦੀ ਹੈ ਕਿ ਕਿਹੜੀ ਭਾਸ਼ਾ ਵਧੇਰੇ ਢੁਕਵੀਂ ਜਾਂ ਅਸਰਦਾਰ ਹੈ, ਜਿਵੇਂ ਪੰਜਾਬੀ, ਹਿੰਦੀ ਤੇ ਅੰਗ੍ਰੇਜ਼ੀ, ਤਿੰਨੇ ਭਾਸ਼ਾਵਾਂ ਬੋਲਣ ਵਾਲੇ ਆਮ ਤੌਰ ਤੇ ਨੌਕਰ ਨਾਲ ਜਾਂ ਦਫਤਰੀ ਸਥਿਤੀ ਵਿਚ ਚਪੜਾਸੀ, ਜਮਾਂਦਾਰ ਆਦਿ ਨਾਲ ਝਟ ਹਿੰਦੀ ਵਿਚ ਬੋਲਣ ਲਗ ਪੈਂਦੇ ਹਨ ; ਖਾਸ ਤੌਰ ਤੇ ਜਦੋਂ ਕਿਸੇ ਅਫਸਰ ਜਾਂ ਮਹਿਮਾਨ ਦੇ ਸਾਹਮਣੇ ਨੌਕਰ, ਚਪੜਾਸੀ ਜਾਂ ਜਮਾਂਦਾਰ ਨੂੰ ਝਾੜਨਾ ਹੋਵੇ ਤਾਂ ਉਸ ਨਾਲ ਹਿੰਦੀ ਬੋਲਣ ਲਗ ਪੈਂਦੇ ਹਨ। ਸਿੱਧਾਂਤਕ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਸਮਾਜ–ਸਭਿਆਚਾਰਕ ਸਥਿਤੀ ਦਾ ਅਨੁਮਾਨ ਲਾ ਕੇ ਪਹਿਲੀ ਸਥਿਤੀ (ਸ), ਵਿਚ ਭਾਸ਼ਾ ($ਭ_1$) ਦਾ ਵਿਸ਼ੇਸ਼ ਰਜਿਸਟਰ+ਸ਼ੈਲੀ ਰੂਪ ਵਰਤਦੇ ਹਨ, ਜਦੋਂ ਕਿ ਗੱਲਬਾਤ ਦਾ ਵਿਸ਼ਾ ($ਵ_1$) ਹੋਵੇ। ਪਰੰਤੂ, ਉਹ ਹੀ ਵਿਅਕਤੀ ਦੂਜੀ ਸਥਿਤੀ ($ਸ_2$) ਵਿਚ ($ਵ_2$) ਸੰਬੰਧੀ ਗੱਲ ਕਰਨ ਲਗਿਆਂ ਭਾਸ਼ਾ ($ਭ_2$) ਦਾ ਨਵਾਂ ਤੇ ਵਿਸ਼ੇਸ਼ ਰਜਿਸਟਰ+ਸ਼ੈਲੀ ਰੂਪ ਵਰਤੇਗਾ। ਇਸ ਤਰ੍ਹਾਂ, ਜੇ ਵਿਅਕਤੀ ਬਹੁਭਾਸ਼ੀ ਹੋਵੇ ਤਾਂ, $ਸ_1$ ਅਤੇ $ਵ_1$ ਨੂੰ ਤੋਲ ਕੇ $ਭ_1$ .... ਦਾ ਕੋਈ ਵੀ ਰੂਪ ਵਰਤੇਗਾ। ਸਥਿਤੀ ਤੇ ਭਾਸ਼ਾ ਦਾ ਇਹ ਸੰਬੰਧ ਇਸ ਪ੍ਰਕਾਰ ਦਰਸਾਇਆ ਜਾ ਸਕਦਾ ਹੈ :

$ਸ_1 + ਵ_1 \rightarrow ਭ_1$ ($ਭ_1$ ਦੇ ਰਜਿਸਟਰ ਤੇ ਸ਼ੈਲੀ ਲੱਛਣ)
$ਸ_2 + ਵ_2 \rightarrow ਭ_2$ ($ਭ_2$ ਦੇ ਰਜਿਸਟਰ ਤੇ ਸ਼ੈਲੀ ਲੱਛਣ)

ਇਸ ਤੋਂ ਬਿਨਾਂ ਜ਼ਰੂਰੀ ਨਹੀਂ ਕਿ $ਸ_2$ ਜਾਂ $ਵ_2$ ਦੀ ਹਾਲਤ ਵਿਚ $ਭ_2$ ਹੀ ਹੋਵੇ। ਇਨ੍ਹਾਂ ਸਾਰੇ ਸਮਾਜਮੂਲਕ ਸਭਿਆਚਾਰਕ ਸਥਿਤੀ ਦੇ ਤੱਤਾਂ ਦੇ ਆਪੋ ਵਿਚ ਕਈ ਜੋੜ ਮੇਲ (permutation and combination) ਹੋ ਸਕਦੇ ਹਨ। ਇਥੇ ਇਹ ਵੀ ਸਪਸ਼ਟ ਕਰ ਦੇਣ ਵਾਲੀ ਗੱਲ ਹੈ ਕਿ 'ਸ' ਦੇ ਅਗੋਂ ਬਹੁਤ ਸਾਰੇ ਸਮਾਜਕ ਤਥਾ ਸਭਿਆਚਾਰਕ ਤੱਤ ਹਨ। ਉਹ ਕੋਈ ਸਾਧਾਰਣ ਜੇਹੀ ਇਕਾਈ ਨਹੀਂ, ਸਗੋਂ ਬਹੁਤ ਸਾਰੇ ਸਮਾਜਕ ਤੱਤਾਂ ਦਾ ਇਕ ਤੰਤਰ (network) ਹੈ। 'ਸ' ਵਿਚ ਵਾਰਤਾਲਾਪ ਦੇ ਸਾਰੇ ਪਾਤਰ, ਸ੍ਰੋਤੇ ਸਥਾਨ ਤੇ ਸਮਾਂ ਆਦਿ ਬੁਨਿਆਦੀ ਤੱਤ ਹਨ — ਇਸ ਤੋਂ ਬਿਨਾਂ ਪਾਤਰਾਂ ਦੀ ਮਨੋਵਿਗਿਆਨਕ ਹਾਲਤ, ਪਰਸਪਰ ਰਵਈਆ, ਵਾਰਤਾਲਾਪ ਜਾਂ ਮਨੋਰਥ ਅਤੇ ਫਿਰ ਹਰ ਪਾਤਰ ਦਾ ਗੱਲਬਾਤ ਦਾ ਨਿਜੀ ਢੰਗ, ਰਉਂ ਹੋਰ ਕਈ ਕੁਝ ਸ਼ਾਮਿਲ ਹੁੰਦਾ ਹੈ।




ਚਿੱਤਰ — 3

ਇਸ ਤਰ੍ਹਾਂ ਚਿੱਤਰ 3 ਵਿਚ ਵਕਤਾ ਤੋਂ ਸੰਬੋਧਿਤ ਵਿਅਕਤੀ ਤੀਕ ਭਾਸ਼ਾ ਦਾ ਜਿਹੜਾ ਰੂਪ ਪਹੁੰਚਦਾ ਹੈ, ਅਸੀਂ ਉਸਨੂੰ "ਕੋਡ" ਆਖ ਸਕਦੇ ਹਾਂ। ਚਿੱਤਰ ਵਿਚ

ਦਰਸਾਏ ਗਏ ਆਧਾਰਾਂ 'ਤੇ ਕੋਡ ਬਦਲਦਾ ਰਹਿੰਦਾ ਹੈ। ਉਹ ਕਦੇ ਕੋਡ$_1$ ਅਤੇ ਕਦੇ ਕੋਡ$_2$ ਤੇ ਕਦੇ ਕੋਡ$_3$ ਦੀ ਵਰਤੋਂ ਕਰਦਾ ਹੈ। ਇਸਦਾ ਅਰਥ ਹੈ ਕਿ ਵਕਤਾ ਆਪਣੀ ਭਾਸ਼ਾ ਵਿਚ ਕੋਡ ਦੀ ਲੜੀ ਬਣਾਉਂਦਾ ਹੈ। ਇਸ ਲੜੀ ਦਾ ਹਰ ਨੁਕਤਾ (point) ਇਕ ਕੋਡ ਹੁੰਦਾ ਹੈ। ਅਤੇ ਫਿਰ ਹਰ ਕੋਡ ਵਿਚ ਰਜਿਸਟਰ ਤੇ ਸ਼ੈਲੀ ਦਾ ਇਕ ਤੰਤਰ-ਵਿਨਿਆਸ (network) ਜੇਹਾ ਬਣ ਜਾਂਦਾ ਹੈ, ਜਿਸ ਵਿਚੋਂ ਉਹ ਚੋਣ ਕਰਦਾ ਰਹਿੰਦਾ ਹੈ। ਅਸੀਂ ਕਹਿ ਸਕਦੇ ਹਾਂ ਕਿ ਹਰ ਕੋਡ ਵਿਚ ਚੋਣ-ਸੰਭਾਵਨਾਵਾਂ ਦੇ ਤੰਤਰ-ਵਿਨਿਆਸ ਵਿਚ ਚੋਣ ਉਪਰੰਤ ਜਿਹੜੇ ਭਾਸ਼ਾ-ਰੂਪਾਂ ਦਾ ਮੂਰਤੀਕਰਣ ਕੀਤਾ ਗਿਆ ਹੈ, ਅਰਥਾਤ ਜਿਹੜੀ ਭਾਸ਼ਾ ਅਸਲ ਵਿਚ ਵਰਤੀ ਗਈ ਹੈ, ਉਹ ਹੀ ਇਕ ਲੜੀ ਹੈ। ਹਰ ਕੋਡ ਦੀ ਆਪਣੀ ਅੰਦਰੂਨੀ ਵਿਉਂਤ ਕਿਸ ਤਰ੍ਹਾਂ ਦੀ ਹੋਵੇਗੀ? ਇਸਦੀ ਨਿਰਭਰਤਾ ਉਸ ਸੰਦਰਭ 'ਤੇ ਹੈ ਜਿਸ ਵਿਚ ਉਹ ਕੋਡ ਪੈਦਾ ਕੀਤਾ ਗਿਆ ਹੈ। ਇਸ ਲਈ ਸਿੱਧਾਂਤਕ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਕੋਡ ਦੇ ਆਪਣੇ ਪੈਟਰਨ (syntagmatic and paradigmatic), ਦੋਵੇਂ ਹੁੰਦੇ ਹਨ। Syntagmatic ਪੈਟਰਨ ਦਾ ਅਰਥ ਹੈ ਕਿ ਕੋਡ ਦੀ ਅਨੁਕ੍ਰਮਿਕ ਬਣਤਰ, ਅਰਥਾਤ ਸਥਿਤੀ ਅਨੁਸਾਰ ਉਨ੍ਹਾਂ ਦੀ ਸਾਰਥਕ ਬਣਤਰ ਕਿਵੇਂ ਕੀਤੀ ਗਈ ਹੈ? ਵਿਓਂਤ ਕਿਵੇਂ ਬਣਾਈ ਗਈ ਹੈ? ਅਰਥਾਤ ਇਸ ਕੋਡ ਅਨੁਸਾਰ ਕਿਹੜੇ ਸ਼ਬਦਾਂ ਜਾਂ ਵਾਕਾਂਸ਼ਾਂ ਨੇ ਵਾਕ ਵਿਚ ਪਹਿਲਾਂ ਆਉਣਾ ਹੈ ਅਤੇ ਕਿੰਨਾਂ ਨੇ ਵਾਕ ਦੇ ਮੱਧ ਜਾਂ ਅੰਤ ਵਿਚ? ਇਸੇ ਤਰ੍ਹਾਂ ਵਾਕਾਂ ਦਾ ਵਾਰਤਾਲਾਪ (discourse) ਵਿਚ ਕ੍ਰਮ ਕੀ ਹੈ? ਕਿਹੜੇ ਵਾਕ ਤੋਂ ਵਾਰਤਾਲਾਪ ਆਰੰਭ ਕੀਤੀ ਗਈ ਹੈ ਅਤੇ ਵਾਰਤਾਲਾਪ ਦੇ ਮੱਧ ਜਾਂ ਅੰਤ ਵਿਚ ਕਿਹੋ ਜਿਹੇ ਵਾਕ ਆਏ ਹਨ। Paradigmatic ਪੈਟਰਨ ਦਾ ਅਰਥ ਹੈ : ਵਕਤਾ ਨੇ ਬੋਲੀ ਵਿਚੋਂ ਪ੍ਰਾਪਤ ਸੰਭਾਵਨਾਵਾਂ ਵਿਚੋਂ ਕਿਹੜੀਆਂ ਕਿਹੜੀਆਂ ਦਾਂ ਮੂਰਤੀਕਰਣ ਕੀਤਾ ਹੈ? ਅਰਥਾਤ ਹਰ ਵਾਕਾਂਸ਼ ਜਾਂ ਵਾਕ ਦੀ ਪੱਧਰ ਤੇ ਪ੍ਰਾਪਤ ਸੰਭਾਵਨਾਵਾਂ ਦਾ ਇਕ ਬਹੁਤ ਵਧੀਆ ਉਦਾਹਰਣ ਪੰਜਾਬੀ ਦੇ ਇਕ ਸਾਧਾਰਣ ਵਾਕ, "ਤੁਸੀਂ ਰੋਟੀ ਖਾ ਲਓ" ਤੋਂ ਮਿਲਦਾ ਹੈ। ਅਸੀਂ ਹੇਠ ਦਿੱਤੇ ਚਿੱਤਰ 4 ਤੋਂ ਵੇਖ ਸਕਦੇ ਹਾਂ ਕਿ ਇਸ ਵਾਕ ਦੀ ਸਥਿਤੀ ਅਨੁਸਾਰ ਅਸਲ ਵਰਤੋਂ ਕਰਨ ਲਈ ਕਿੰਨੀਆਂ ਕੁ ਸੰਭਾਵਨਾਵਾਂ ਪ੍ਰਾਪਤ ਹਨ। ਪਹਿਲੀ ਗੱਲ ਤਾਂ ਇਹ ਕਿ ਸੰਭਾਵਨਾਵਾਂ ਪੰਜਾਬੀ ਦੀ ਇਕ ਉਪਭਾਖਾ ਵਿਚ, ਫਿਰ ਵੱਖਰੀਆਂ ਵੱਖਰੀਆਂ ਉਪਭਾਖਾਵਾਂ ਵਿਚ, ਫਿਰ ਪੰਜਾਬੀ ਦੇ ਨਾਲ ਨਾਲ ਹਿੰਦੀ, ਉਰਦੂ ਜਾਂ ਅੰਗ੍ਰੇਜ਼ੀ ਦੀ ਮਿਲਾਵਟ ਨਾਲ ਕਿੰਨੀਆਂ ਕੁ ਹੋ ਸਕਦੀਆਂ ਹਨ। ਇਹ ਕੇਵਲ ਸਿੱਧਾਂਤਕ, ਕਲਪਿਤ ਸੰਭਾਵਨਾਵਾਂ ਹੀ ਨਹੀਂ, ਸਗੋਂ ਵਾਕ ਦੇ ਉਹ ਰੂਪ ਹਨ ਜੋ ਵੱਖ ਵੱਖ ਸਮਾਜ-ਸੱਭਿਆਚਾਰਕ ਸਥਿਤੀਆਂ ਅਨੁਸਾਰ ਰੋਜ਼ ਸਾਡੇ ਸਮਾਜ ਵਿਚ ਵਰਤੇ ਜਾਂਦੇ ਹਨ। ਹਰ ਵਾਕ ਦੀ ਵਰਤੋਂ ਸਮੇਂ ਜਿੰਨੀਆਂ ਕੁ ਚੋਣ-ਸੰਭਾਵਨਾਵਾਂ ਪ੍ਰਾਪਤ ਹਨ, ਉਨ੍ਹਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਵਕਤਾ ਤੇ ਸੰਬੋਧਿਤ ਵਿਅਕਤੀ ਦੇ ਪਰਸਪਰ ਸੰਬੰਧਾਂ ਅਤੇ ਸਮਾਜਕ ਰੁਤਬਿਆਂ ਦਾ ਪ੍ਰਗਟਾਵਾ ਹਰ ਵਾਕ ਵਿਚੋਂ ਹੁੰਦਾ ਰਹਿੰਦਾ ਹੈ। ਇਸ ਤੋਂ ਬਿਨਾਂ ਪੰਜਾਬੀ ਵਿਚ ਕੁਝ ਕਹਿਣਾ ਸੰਭਵ ਹੀ ਨਹੀਂ ਹੈ। ਜਿਵੇਂ 'ਤੂੰ' ਦੀ ਥਾਂ 'ਤੁਸੀਂ' ਦੀ ਵਰਤੋਂ, 'ਜੀ' ਦੀ ਵਰਤੋਂ, ਜਾਂ ਇੱਕੋ ਵਿਅਕਤੀ ਲਈ ਕਿਰਿਆ ਦਾ ਬਹੁ-ਵਚਨੀ ਰੂਪ ਵਰਤਣ ਸਮੇਂ ਝਟ ਸਪੱਸ਼ਟ ਹੋ ਜਾਂਦਾ ਹੈ ਕਿ ਸੰਬੋਧਿਤ ਵਿਅਕਤੀ ਦਾ ਦਰਜਾ ਸ਼੍ਰੇਸ਼ਟ ਹੈ ਅਤੇ ਇਹ ਸਤਿਕਾਰ ਦੀ ਮੰਗ ਕਰ ਰਿਹਾ ਹੈ।

Take your meals, plese.

ਖਾਣਾ ਖਾ ਲਓ ਜੀ

ਵੇ ਮੁੰਡਿਆ ਰੋਟੀ ਝੁਲਸ ਲੈ। ਨੀ ਕੁੜੀਏ ਰੋਟੀ ਝੁਲਸ ਲੈ
ਰੋਡੀ ਡੰਮ੍ਹ ਲੈ।
ਰੋਟੀ ਤਾਂ ਫੂਕ ਲੈ।
ਟੁੱਕਰ ਚਬ ਲੈ।
ਤੋਸਾ ਡਫ ਲੈ।
ਰੋਡੀ ਡਫ ਲੈ।
×
ਰੋਟੀ ਖਾ ਲੈ।
×
ਤੁਸੀਂ ਰੋਟੀ ਖਾ ਲਓ।
ਤੁਸੀਂ ਰੋਟੀ ਖਾ ਲਓ ਜੀ। ਜਾਂ, ਜੀ! ਤੁਸੀਂ ਰੋਟੀ ਖਾ ਲਓ।
ਖਾਣਾ ਖਾ ਲਓ ਜੀ।
ਫੁਲਕਾ ਛਕੋ ਜੀ।
ਪ੍ਰਸ਼ਾਦ ਪਾਣੀ ਛਕੋ ਜੀ / ਪ੍ਰਸ਼ਾਦ ਛਕੋ ਜੀ।
×
ਰੋਟੀ ਤਿਆਰ ਹੈ ਜੀ
ਖਾਣਾ ਤਿਆਰ ਹੈ ਜੀ
ਆਓ ਜੀ ਪ੍ਰਸ਼ਾਦ ਤਿਆਰ ਹੈ / ਲੰਗਰ ਤਿਆਰ ਹੈ ਜੀ।
×
ਖਾਣਾ ਲਗ ਗਿਆ ਹੈ ਜੀ / ਖਾਣਾ ਲਗ ਗਿਆ ਹੈ ਸਾਹਬ।
ਤੁਹਾਡਾ ਖਾਣਾ ਲਾ ਦਿੱਤਾ ਹੈ ਜੀ
ਜਨਾਬ ਖਾਣਾ ਤਿਆਰ ਹੈ।
×
ਆਓ ਜੀ! ਡਿਨਰ ਤਿਆਰ ਹੈ।
ਆਓ ਜੀ! ਤਸ਼ਰੀਫ ਲੈ ਆਓ, ਡਿਨਰ ਤਿਆਰ ਹੈ।
ਆਓ ਜੀ! ਤਸ਼ਰੀਫ ਲੈ ਆਓ, ਡਿਨਰ–ਟੇਬਲ ਲਗ ਗਿਆ ਹੈ।
ਡਿਨਰ ਲਗ ਗਿਆ ਹੈ। ਟੇਬਲ ਲਗ ਗਿਆ ਹੈ।

ਚਿੱਤਰ 4

ਉਪਰੋਕਤ ਵਿਚਾਰ ਤੋਂ ਇਹ ਤਾਂ ਸਪਸ਼ਟ ਹੈ ਕਿ ਕੋਡ ਦੀ ਬਦਲੀ ਵਿਅਕਤੀ ਦੀ ਆਪਣੀ ਇੱਛਾ ਅਨੁਸਾਰ ਕੀਤੀ ਸਹਿਜ-ਸੁਭਾਅ ਚੋਣ ਨਹੀਂ। ਇਹ ਤਾਂ ਇਕ ਤਰ੍ਹਾਂ ਜ਼ਬਾਨੀ ਪੱਧਰ ਦੀ ਕਲਾ ਹੈ ਜਾਂ ਤਕਨੀਕ ਜਿਸਦੀ ਵਕਤਾ ਉਸੇ ਤਰ੍ਹਾਂ ਵਰਤੋਂ ਕਰਦਾ ਹੈ ਜਿਵੇਂ ਰਚਨਾਤਮਕ ਕਲਾਕਾਰ ਸ਼ੈਲੀ ਤੇ ਭਾਸ਼ਾ-ਪੱਧਰਾਂ ਦੀ ਵਰਤੋਂ ਕਰਦਾ ਹੈ। (ਕਦੇ ਗੰਭੀਰ ਤੋਂ ਹਾਸਰਸ ਵਾਲੀ ਜਾਂ ਲੌਕਿਕ ਤੋਂ ਅਲੌਕਿਕਤਾ ਵਾਲੀ ਅਤੇ ਕਦੇ ਇਸ ਤੋਂ ਉਲਟ)। ਇਸੇ ਤਰ੍ਹਾਂ ਇਕ-ਭਾਸ਼ੀ ਵਕਤਾ ਵੀ ਇੱਕੋ ਉਪਬਾਖਾ ਵਿਚੋਂ ਸ਼ਬਦ-ਚੋਣ ਸਮੇਂ ਇਸ ਤਕਨੀਕ ਦੀ ਵਰਤੋਂ ਕਰਦੇ ਹਨ। ਸਾਧਾਰਣ ਤੌਰ ਤੇ ਹਰ ਪ੍ਰਕਾਰ ਦਾ ਕੋਡ-ਪਰਿਵਰਤਨ ਵਿਸ਼ੇ ਤੇ ਸਥਿਤੀ ਲੱਛਣਾਂ ਦੇ ਅਨੁਕੂਲ ਹੁੰਦਾ ਹੈ, ਅਰਥਾਤ ਜਿਨ੍ਹਾਂ ਲੱਛਣਾਂ ਕਾਰਣ ਉਸ ਭਾਸ਼ਾ ਦੇ ਰੂਪ ਦਾ ਮੂਰਤੀਕਰਣ ਕੀਤਾ ਗਿਆ ਹੁੰਦਾ ਹੈ। ਇਥੇ ਨੋਟ ਕਰਨ ਵਾਲੀ ਦਿਲਚਸਪ ਗੱਲ ਇਹ ਹੈ ਕਿ ਹਰ ਸਥਿਤੀ ਵਿਚ ਸੰਬੋਧਿਤ ਵਿਅਕਤੀ ਜਾਂ ਸ੍ਰੋਤਾ ਵੀ ਕਿਸੇ ਪ੍ਰਕਾਰ ਦੇ ਭਾਸ਼ਾ ਰੂਪ ਦੀ ਆਸ ਕਰਦਾ ਹੈ। ਜੇ ਵਕਤਾ ਦਾ ਭਾਸ਼ਾ-ਰੂਪ ਉਸ ਆਸ ਨੂੰ ਪੂਰੀ ਨਾ ਕਰੇ ਤਾਂ ਸੰਬੋਧਿਤ ਵਿਅਕਤੀ ਜਾਂ ਸ੍ਰੋਤਾ ਵੀ ਕਿਸੇ ਵਿਸ਼ੇਸ਼ ਪ੍ਰਕਾਰ ਦੇ ਭਾਸ਼ਾ ਰੂਪ ਦੀ ਆਸ ਕਰਦਾ ਹੈ। ਜੇ ਵਕਤਾ ਦਾ ਭਾਸ਼ਾ-ਰੂਪ ਉਸ ਆਸ ਨੂੰ ਪੂਰੀ ਕਰੇ ਤਾਂ ਸੰਬੋਧਿਤ ਵਿਅਕਤੀ ਜਾਂ ਤਾਂ ਵਕਤੇ ਦੇ ਮਨੋਰਥਾਂ ਬਾਰੇ ਸ਼ੱਕ ਵਿਚ ਰਹਿ ਜਾਂਦਾ ਹੈ ਜਾਂ ਸਮੁੱਚੀ ਸਥਿਤੀ ਬਾਰੇ ਸੰਦੇਹ ਵਿਚ ਪੈ ਜਾਂਦਾ ਹੈ। ਉਦਾਹਰਣ ਵਜੋਂ, ਖੁਲ੍ਹੇ-ਖੁਲਾਸੇ ਸੁਭਾਅ ਵਾਲਾ ਵਿਅਕਤੀ ਬਹੁਤ ਮਿੰਨਤ ਭਰੇ ਲਹਿਜੇ ਵਿਚ ਲੋੜ ਤੋਂ ਵੱਧ ਸਤਿਕਾਰਪੂਰਕ ਭਾਸ਼ਾ ਦੀ ਵਰਤੋਂ ਕਰੇ ਤਾਂ ਸੰਬੋਧਿਤ ਵਿਅਕਤੀ ਅਨੁਮਾਨ ਲਾ ਲੈਂਦਾ ਹੈ ਕਿ ਵਕਤਾ ਅਸਲ ਵਿਚ ਕੁਝ ਲੈਣ ਆਇਆ ਹੈ ਜਾਂ ਪੈਸੇ ਜਾਂ ਵਸਤੂ ਉਧਾਰ ਮੰਗਣ ਆਇਆ ਹੈ। ਇਸੇ ਤਰ੍ਹਾਂ ਜੇ ਵਕਤਾ ਸਾਧਾਰਣ ਤੋਂ ਵੱਧ (ਅਰਥਾਤ ਸੰਬੋਧਿਤ ਵਿਅਕਤੀ ਦੀ ਆਸ ਤੋਂ ਵੱਧ) ਨੇੜਤਾ ਦਾ ਇਹਸਾਸ ਪੈਦਾ ਕਰੇ ਜਾਂ ਉਤਲੇ ਦਰਜੇ ਦਾ ਵਿਅਕਤੀ ਆਪਣੇ ਤੋਂ ਹੇਠਲੇ ਦਰਜੇ ਦੇ ਵਿਅਕਤੀ ਲਈ ਨੇੜਤਾ ਭਰੀ ਜਾਂ ਸਤਿਕਾਰ ਭਰੀ ਸ਼ੈਲੀ ਦੀ ਵਰਤੋਂ ਕਰੇ ਤਾਂ ਸੰਬੋਧਿਤ ਵਿਅਕਤੀ ਨੂੰ ਝਟ ਸ਼ੱਕ ਪੈ ਜਾਂਦਾ ਹੈ ਕਿ ਉੱਤਮ ਦਰਜੇ ਦੇ ਵਿਅਕਤੀ ਨੂੰ ਸੰਬੋਧਿਤ ਵਿਅਕਤੀ ਤਾਈਂ ਕੋਈ ਗਰਜ਼ ਹੈ। ਇਸੇ ਤਰ੍ਹਾਂ ਖੁਲ੍ਹੇ-ਖਲਾਸੇ ਸੁਭਾਅ ਵਾਲਾ ਜਾਂ ਹਸ-ਮੁਖ ਵਿਅਕਤੀ ਜਦੋਂ ਬੜੀ ਭਾਵੁਕ ਸ਼ੈਲੀ ਦੀ ਵਰਤੋਂ ਕਰਦਾ ਹੈ ਤਾਂ ਉਸਦੇ ਮੂਡ ਬਾਰੇ ਸੰਬੋਧਿਤ ਵਿਅਕਤੀ ਨੂੰ ਸ਼ੱਕ ਪੈ ਜਾਣਾ ਸੁਭਾਵਕ ਹੈ।

ਸੱਚੀ ਗੱਲ ਇਹ ਹੈ ਕਿ ਅਜੇ ਤੀਕ ਕੋਈ ਵੀ ਵਿਅਕਤੀ, ਸ਼੍ਰੇਣੀ ਜਾਂ ਸਮਾਜਕ ਵਰਗ ਅਜੇਹਾ ਨਹੀਂ ਹੋਇਆ ਜੋ ਭਾਸ਼ਾ ਕੋਡ ਦੇ ਇਕੋ ਰੂਪ ਤੀਕ ਸੀਮਿਤ ਹੋਵੇ, ਜਿਸ ਕਾਰਣ ਉਹ ਇਕ ਤਰ੍ਹਾਂ ਦੀ ਉਕਤਾਊ ਜੇਹੀ ਭਾਸ਼ਾ ਵਰਤਦਾ ਰਹੇ। ਕੋਈ ਵਿਅਕਤੀ ਜਾਂ ਜਾਤੀ ਅਜੇਹੇ ਉਕਤਾ ਦੇਣ ਵਾਲੇ ਕੋਡ ਦੀ ਵਰਤੋਂ ਨਹੀਂ ਕਰਦੀ ਜਿਸ ਵਿਚ ਸਤਿਕਾਰ, ਨਿਰਾਦਰੀ, ਬੇਇਜ਼ਤੀ; ਹਾਸੇ-ਮਖੌਲ, ਝੂਠ-ਮੂਠ ਦੀ ਗੰਭੀਰਤਾ ਦਾ ਇਹਸਾਸ ਪੈਦਾ ਕਰਨ, ਸੰਬੋਧਿਤ ਵਿਅਕਤੀ ਨਾਲ ਨੇੜਤਾ ਜਾਂ ਓਪਰੇਪਨ ਦਾ ਇਹਸਾਸ ਪੈਦਾ ਕਰਨ ਦੀਆਂ ਸੰਭਾਵਨਾਵਾਂ ਨ ਹੋਣ (D. Hymes, 1967 pp. 9-10)। ਕਿਸੇ ਵੀ ਜਾਤੀ ਵਿਚ ਵਰਤੇ ਜਾਂਦੇ ਵੱਖ-ਵੱਖ ਕੋਡਾਂ ਦੇ ਅਧਿਐਨ ਲਈ ਗੁਮਪਰਜ਼ ਨੇ ਸ਼ਬਦ code-matrix ਵਰਤਿਆ ਹੈ (J.J. Gumperz, 1965, p, 117)। ਇਹੋ ਗਲ ਪ੍ਰੋ. ਫਰਥ ਨੇ ਵੀ ਬੜੇ ਪ੍ਰਭਾਵਸ਼ਾਲੀ ਤੇ ਜ਼ੋਰਦਾਰ ਸ਼ਬਦਾਂ ਵਿਚ ਆਖੀ ਹੈ, ਜਦੋਂ ਉਸ ਨੇ ਲਿਖਿਆ ਹੈ ਕਿ "ਮਨੁਖ ਦੇ ਭਾਸ਼ਾਈ ਵਤੀਰੇ ਵਿਚ ਉਸਦੇ ਸਰੀਰ ਸਮੇਤ ਸਭ ਕੁਝ ਸ਼ਾਮਿਲ ਹੁੰਦਾ ਹੈ। ਤੁਹਾਡੇ

ਜੀਵਨ ਵਿਚ ਰੋਜ਼ ਵਾਪਰਦੀਆਂ ਘਟਨਾਵਾਂ ਇਸ ਵਤੀਰੇ ਦਾ ਅੰਗ ਬਣ ਜਾਂਦੀਆਂ ਹਨ। ਬੋਲੀ ਨੂੰ ਸਮਾਜਕ ਜਾਦੂ ਵੀ ਕਿਹਾ ਜਾ ਸਕਦਾ ਹੈ। ਜਿਉਂ ਜਿਉਂ ਸਾਡੇ ਸਮਾਜ-ਪ੍ਰਬੰਧ ਵਿਚ ਨਵੀਆਂ ਘਟਨਾਵਾਂ ਵਾਪਰਦੀਆਂ ਹਨ ਤੇ ਨਵੀਆਂ ਹਾਲਤਾਂ ਸ਼ਾਮਿਲ ਹੁੰਦੀਆਂ ਰਹਿੰਦੀਆਂ ਹਨ, ਅਸੀਂ ਕਦਮ ਕਦਮ ਤੇ ਵੱਖ ਵੱਖ ਪੜਾਵਾਂ ਤੇ ਬੋਲੀਆਂ ਸਿੱਖਦੇ ਰਹਿੰਦੇ ਹਾਂ। ਇਸ ਤਰ੍ਹਾਂ ਭਾਸ਼ਾ ਸਾਡੀਆਂ ਲੋੜਾਂ ਪੂਰੀਆਂ ਕਰਨ ਵਿਚ ਸਹਾਈ ਹੁੰਦੀ ਹੈ ... ਸਿੱਟੇ ਵਜੋਂ ਭਾਸ਼ਾ ਦੇ ਅਧਿਐਨ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਸਮਾਜ-ਵਿਗਿਆਨਕ ਹੋਣਾ ਚਾਹੀਦਾ ਹੈ। (Firth, 1965, p,. 135) ।

ਇਸ ਪੇਪਰ ਵਿਚ ਅਸੀਂ ਇਹ ਅਧਿਐਨ ਕਰਨ ਦਾ ਇਕ ਮੁਢਲਾ ਯਤਨ ਕਰਾਂਗੇ ਕਿ ਪੰਜਾਬੀ ਬੋਲਣ ਵਾਲੇ ਕਿਵੇਂ ਆਪਣੀ ਰੋਜ਼ਾਨਾ ਗੱਲਬਾਤ ਦੇ ਦੌਰਾਨ ਹਿੰਦੀ ਜਾਂ ਅੰਗ੍ਰੇਜ਼ੀ ਦੀ ਵਰਤੋਂ ਕਰਨ ਲੱਗ ਪੈਂਦੇ ਹਨ। ਸਾਰੇ ਭਾਰਤ ਵਿਚ ਹੀ ਅੰਗ੍ਰੇਜ਼ੀ ਪੜ੍ਹੇ ਲਿਖੇ ਦੋ ਭਾਸ਼ੀ ਜਾਂ ਬਹੁ-ਭਾਸ਼ੀ ਲੋਕਾਂ ਦਾ ਭਾਸ਼ਾਈ ਵਤੀਰਾ ਵਿਸ਼ੇਸ਼ ਪ੍ਰਕਾਰ ਦਾ ਹੁੰਦਾ ਹੈ। ਕਿਉਂਕਿ ਹੁਣ ਤੀਕ ਅੰਗ੍ਰੇਜ਼ੀ ਸਿਖਿਆ ਰਾਜ-ਪ੍ਰਬੰਧ ਦਾ ਅਤੇ ਵਿਸ਼ੇਸ਼ ਤੌਰ ਤੇ ਤਕਨੀਕੀ ਵਿਦਿਆ ਦਾ ਇਕੋ ਇਕ ਮਾਧਿਅਮ ਰਹੀ ਹੈ। ਤਕਨੀਕੀ ਵਿਸ਼ਿਆਂ ਤੇ ਰਾਸ਼ਟਰੀ ਪੱਧਰ ਤੇ ਕਰਵਾਏ ਗਏ ਸਾਰੇ ਸੈਮੀਨਾਰਾਂ ਤੇ ਮੀਟਿੰਗਾਂ ਵਿਚ ਅੰਗ੍ਰੇਜ਼ੀ ਹੀ ਵਰਤੀ ਜਾਂਦੀ ਰਹੀ ਹੈ। ਹੁਣ ਤੀਕ ਤਾਂ ਉਚੇਰੀ ਸਿੱਖਿਆ ਦਾ ਅਰਥ ਹੀ ਅੰਗ੍ਰੇਜ਼ੀ-ਆਧਾਰਿਤ ਸਿਖਿਆ ਲਿਆ ਜਾਂਦਾ ਹੈ। ਤੁਸੀਂ ਕਿਸੇ ਅਜੇਹੀ ਉਚੇਰੀ ਵਿਦਿਆ ਦੀ ਕਲਪਨਾ ਨਹੀਂ ਕਰ ਸਕੋਗੇ, ਜਿਸ ਵਿਚ ਅੰਗ੍ਰੇਜ਼ੀ ਦਾ ਕਾਫ਼ੀ ਚੰਗਾ ਗਿਆਨ ਸ਼ਾਮਿਲ ਨਾ ਹੋਵੇ। ਤਕਨੀਕੀ ਵਿਸ਼ਿਆਂ ਦੀਆਂ ਪਾਠ-ਪੁਸਤਕਾਂ, ਰਿਸਾਲੇ, ਜਨਰਲ, ਰੈਫਰੈਂਸ ਪੁਸਤਕਾਂ ਆਦਿ ਸਭ ਅੰਗਰੇਜ਼ੀ ਮਾਧਿਅਮ ਰਾਹੀਂ ਹੀ ਵਿਦਿਆਰਥੀਆਂ ਤੇ ਖੋਜਕਾਰਾਂ ਤੀਕ ਪਹੁੰਚਦੀਆਂ ਹਨ। ਅੰਗ੍ਰੇਜ਼ੀ ਤਾਂ ਹਰ ਥਾਂ ਉਚੇਰੇ ਵਰਗ (prestige group) ਦੀ ਭਾਸ਼ਾ ਰਹੀ ਹੈ, ਅਤੇ ਇਸ ਲਈ ਸਾਡੇ ਸਮੁਚੇ ਸੋਚ-ਪ੍ਰਬੰਧ ਵਿਚ ਅੰਗ੍ਰੇਜ਼ੀ ਨਾਲ ਵਕਾਰ (prestige) ਦੀ ਭਾਵਨਾ ਅਜੇਹੇ ਢੰਗ ਨਾਲ ਜੁੜੀ ਹੋਈ ਹੈ ਕਿ ਇਸ ਤੋਂ ਬਿਨਾਂ ਅਸੀਂ ਹੋਰ ਕਿਸੇ ਢੰਗ ਨਾਲ ਸੋਚ ਹੀ ਨਹੀਂ ਸਕਦੇ। ਇਥੋਂ ਤੀਕ ਕਿ ਕਲੱਬਾਂ ਵਿਚ, ਵੱਡੇ ਵੱਡੇ ਅਫਸਰਾਂ ਤੇ ਅਮੀਰ ਲੋਕਾਂ ਦੀ ਮਹਿਫਲ ਵਿਚ, ਮਿਲਿਟਰੀ ਅਫ਼ਸਰਾਂ ਦੀ ਮੈੱਸ ਵਿਚ, ਕੇਂਦਰੀ ਸਰਕਾਰ ਦੇ ਦਫ਼ਤਰਾਂ ਵਿਚ, ਹਵਾਈ ਅੱਡਿਆ ਤੇ ਏਲਾਨ ਕਰਨ ਦੀ ਅਤੇ ਵੱਡੇ ਵੱਡੇ ਹੋਟਲਾਂ ਤੇ ਬੈਂਕਾਂ ਤੇ ਵਪਾਰ-ਕੇਂਦਰਾਂ ਵਿਚ ਪੁਛ ਗਿੱਛ ਜਾਂ ਗੱਲਬਾਤ ਆਰੰਭ ਕਰਨ ਲਈ ਵੀ ਅੰਗ੍ਰੇਜ਼ੀ ਦੀ ਲੋੜ ਪੈਂਦੀ ਹੈ। ਹਿੰਦੀ ਬੋਲਣ ਵਾਲੇ ਇਲਾਕਿਆਂ ਵਿਚ ਤਾਂ ਹਿੰਦੀ ਤੇ ਅੰਗ੍ਰੇਜ਼ੀ ਕੁਝ ਸਮੇਂ ਤੋਂ ਨਾਲ ਨਾਲ ਚਲਦੀਆਂ ਰਹੀਆਂ ਹਨ। ਦੋਹਾਂ ਭਾਸ਼ਾਵਾਂ ਦਾ ਸਮਾਜਕ ਤੇ ਆਰਥਿਕ ਖੇਤਰ ਵੀ ਲਗਪਗ ਇਕ ਹੀ ਰਿਹਾ ਹੈ। ਜ਼ਿੰਦਗੀ ਦੀ ਰੋਜ਼ਾਨਾ ਪ੍ਰਕਿਰਿਆ ਵਿਚ ਦੋਵੇਂ ਭਾਸ਼ਾਵਾਂ ਮਹੱਤਵਪੂਰਣ ਕਾਰਜਾਂ ਦਾ ਹਿੱਸਾ ਬਣਦੀਆਂ ਰਹੀਆਂ ਹਨ।

ਵੱਖ ਵੱਖ ਭਾਰਤੀ ਭਾਸ਼ਾਵਾਂ ਬੋਲਣ ਵਾਲੇ, ਪਰ ਪੜ੍ਹੇ ਲਿਖੇ ਅਤੇ ਅੰਗ੍ਰੇਜ਼ੀ ਜਾਣਨ ਵਾਲੇ ਲੋਕਾਂ ਲਈ ਬੜੀ ਸੁਭਾਵਕ ਗੱਲ ਹੈ ਕਿ ਮੌਕੇ ਅਤੇ ਆਪਣੇ ਰੋਲ ਅਨੁਸਾਰ ਉਹ ਆਪਣੀ ਭਾਸ਼ਾ ਵਿਚ ਗੱਲ ਕਰਦੇ ਕਰਦੇ ਇਕ ਦਮ ਅੰਗ੍ਰੇਜ਼ੀ ਬੋਲਣ ਲਗ ਪੈਂਦੇ ਹਨ। ਹਿੰਦੀ ਭਾਸ਼ੀਆਂ ਜਾਂ ਦੂਸਰੀਆਂ ਭਾਸ਼ਾਵਾਂ ਨਾਲ ਸੰਬੰਧਿਤ ਲੋਕਾਂ ਲਈ ਇਹ ਬੜੀ ਸਾਧਾਰਣ ਜੇਹੀ ਗੱਲ ਹੈ ਕਿ ਉਹ ਜਦੋਂ ਵੀ ਕਿਸੇ ਨਿਰਪੇਖ ਵਿਗਿਆਨਕ ਸਿਧਾਂਤ ਦੀ ਗੱਲ ਕਰਦੇ ਹਨ, ਜਾਂ ਕਿਸੇ ਜਟਿਲ ਮਸ਼ੀਨ ਦੀ ਵਿਆਖਿਆ ਕਰਦੇ ਹਨ, ਤਾਂ ਝੱਟ ਆਪਣੀ ਬੋਲੀ

ਛੱਡ ਕੇ ਅੰਗ੍ਰੇਜ਼ੀ ਵਿਚ ਗੱਲ ਕਰਨ ਲਗ ਪੈਂਦੇ ਹਨ। ਜ਼ਿੰਦਗੀ ਦੀਆਂ ਵੱਖ ਵੱਖ ਸਥਿਤੀਆਂ ਵਿਚ ਉਹ ਆਪਣੀ ਮਾਤ-ਭਾਸ਼ਾ ਦੇ ਹੀ ਵੱਖਰੇ ਵੱਖਰੇ ਰੂਪ ਵਰਤਦੇ ਹਨ, ਪਰ ਜਦੋਂ ਉਨ੍ਹਾਂ ਨੇ ਕਿਸੇ ਤਕਨੀਕੀ ਵਿਸ਼ੇ ਬਾਰੇ ਗੱਲ ਕਰਨੀ ਹੁੰਦੀ ਹੈ ਤਾਂ ਝਟ ਅੰਗ੍ਰੇਜ਼ੀ ਵਿਚ ਸ਼ੁਰੂ ਕਰ ਦੇਂਦੇ ਹਨ (S.K. Verma, 1969)। ਪਰ ਅਸਲ ਵਿਚ ਸਾਰੀ ਸਥਿਤੀ ਇੰਨੀ ਸਰਲ ਨਹੀਂ, ਜਿੰਨੀ ਕਿ ਪ੍ਰੋ. ਵਰਮਾ ਨੇ ਦਰਸਾਉਣ ਦਾ ਯਤਨ ਕੀਤਾ ਹੈ। ਇਹ ਦੁਭਾਸ਼ੀ ਜਾਂ ਬਹੁ-ਭਾਸ਼ੀ ਲੋਕ ਵੱਖ ਵੱਖ ਸਥਿਤੀਆਂ ਵਿਚ ਵਾਰ ਵਾਰ ਕੋਡ ਬਦਲਦੇ ਰਹਿੰਦੇ ਹਨ। ਉਦਾਹਰਣ ਵਜੋਂ, ਯੂ.ਪੀ. ਜਾਂ ਬਿਹਾਰ ਦੇ ਲੋਕ ਆਪਣੇ ਘਰ ਜਾਂ ਬੱਚਿਆਂ ਨਾਲ ਤਾਂ ਆਪਣੀ ਉਪ-ਭਾਸ਼ਾ ਮਗਧੀ,ਮੈਥਲੀ, ਭੋਜਪੁਰੀ ਜਾਂ ਅਵਧੀ ਵਿਚ ਗੱਲਬਾਤ ਕਰਦੇ ਹਨ ਪਰ ਸਮਾਗਮਾਂ ਵਿਚ, ਦਫ਼ਤਰਾਂ ਵਿਚ ਜਾਂ ਦੋਸਤਾਂ ਨਾਲ ਗੱਲਬਾਤ ਸਮੇਂ ਠੇਠ ਹਿੰਦੀ ਬੋਲਦੇ ਹਨ; ਅਤੇ ਪਠਨ-ਪਾਠਣ ਲਈ, ਸਰਕਾਰੀ ਪੱਤਰ-ਵਿਹਾਰ ਵਿਚ, ਰਿਪੋਰਟਾਂ, ਤਕਨੀਕੀ ਵਿਸ਼ਿਆਂ ਤੇ ਪੇਪਰਾਂ, ਅਰਜ਼ੀਆਂ ਲਿਖਣ ਜਾਂ ਹੋਰ ਅਜੇਹੀਆਂ ਬਹੁਤ ਸਾਰੀਆਂ ਸਥਿਤੀਆਂ ਵਿਚ ਉਹ ਅੰਗ੍ਰੇਜ਼ੀ ਦੀ ਵਰਤੋਂ ਕਰਦੇ ਹਨ। ਇਸੇ ਤਰ੍ਹਾਂ ਪੰਜਾਬ ਵਿਚ ਵੀ ਲੋਕ ਹਿੰਦੀ, ਮਾਝੀ, ਮਲਵਈ, ਦੁਆਬੀ ਤੇ ਪੁਆਧੀ ਆਦਿ ਵਰਤਦੇ ਹਨ, ਜਦੋਂ ਉਹ ਘਰ ਵਿਚ ਜਾਂ, ਵਿਸ਼ੇਸ਼ ਤੌਰ ਤੇ, ਆਪਣੇ ਇਲਾਕੇ ਦੇ ਬੰਦੇ ਨਾਲ ਗੱਲਬਾਤ ਕਰ ਰਹੇ ਹੁੰਦੇ ਹਨ। ਸਕੂਲਾਂ, ਕਾਲਜਾਂ ਵਿਚ ਜਾਂ ਦਫਤਰਾਂ ਵਿਚ ਹੋਰ ਵਿਦਿਅਕ ਸੰਸਥਾਵਾਂ ਵਿਚ ਸਰਸਰੀ (casual) ਗਲਬਾਤ ਲਈ ਭਾਸ਼ਾ-ਪਰਿਵਰਤਨ ਦੀ ਦਿਸ਼ਾ ਉਪਭਾਖਾ ਤੋਂ ਠੇਠਤਾ ਵਲ ਹੁੰਦੀ ਹੈ। ਇਥੋਂ ਤੀਕ ਕਿ ਜੇਕਰ ਕੋਈ ਵਿਅਕਤੀ ਕਿਸੇ ਇਕ ਉਪਭਾਖਾ ਦੇ ਇਲਾਕੇ ਵਿਚ ਦੂਸਰੀ ਉਪਭਾਖਾ ਦੇ ਸ਼ਬਦਾਂ ਦੀ ਬਹੁਤੀ ਵਰਤੋਂ ਕਰਦਾ ਹੈ, ਤਾਂ ਦੋਸਤ ਮਿਤਰ ਓਪਰੀ ਭਾਸ਼ਾ ਦਾ ਕੋਈ ਵੀ ਸ਼ਬਦ ਉਸਦਾ ਤਕੀਆ-ਕਲਾਮ ਹੀ ਬਣਾ ਦੇਂਦੇ ਹਨ ਅਤੇ ਵਿਸ਼ੇਸ਼ ਤੌਰ ਤੇ ਸਕੂਲਾਂ ਦੇ ਮੁੰਡੇ ਉਸੇ ਸ਼ਬਦ ਨਾਲ ਉਸ ਦੀ ਛੇੜ ਪਾ ਦੇਂਦੇ ਹਨ। ਇਨ੍ਹਾਂ ਵਿਚੋਂ ਪੜ੍ਹੇ ਲਿਖੇ ਲੋਕ ਨੌਕਰ ਨਾਲ ਜਾਂ ਦਫਤਰੀ ਬਹਿਸ-ਮੁਬਾਹਿਸੇ ਸਮੇਂ, ਕਿਸੇ ਰਾਸ਼ਨ ਕਾਰਡ ਵਾਲੀ, ਟਿਕਟਾਂ ਵਾਲੀ ਜਾਂ ਬਿਜਲੀ, ਪਾਣੀ ਦੇ ਬਿਲ ਜਮ੍ਹਾਂ ਕਰਵਾਉਣ ਲਈ ਖਿੜਕੀ ਆਦਿ ਤੇ ਬਹਿਸ ਦੀ ਸਥਿਤੀ ਵਿਚ ਝਟ ਹਿੰਦੀ ਬੋਲਣ ਲਗ ਪੈਂਦੇ ਹਨ। ਇਥੇ ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਹਿੰਦੀ ਵਿਚ ਰਵਾਂ ਨ ਹੋਣ ਕਾਰਨ ਜਾਂ ਮਨ ਦੀ ਸਥਿਤੀ ਵਿਚ ਸੰਤੁਲਨ ਨ ਹੋਣ ਕਾਰਣ ਉਹ ਹਿੰਦੀ-ਪੰਜਾਬੀ ਦਾ ਇਕ ਅਜੇਹਾ ਮਿਸ਼੍ਰਣ ਪੈਦਾ ਕਰਦੇ ਹਨ ਜੋ ਇਕ ਤਾਂ ਸ੍ਰੋਤੇ ਲਈ ਬਹੁਤ ਹਾਸੋਹੀਣਾ ਜਾਪਦਾ ਹੈ। ਦੂਸਰੇ, ਮਾਤ-ਭਾਸ਼ਾ ਦੀ ਆਕਰਖਣ ਸ਼ਕਤੀ (gravitational pull of the mother tongue) ਜਾਂ ਮਾਤ ਭਾਸ਼ਾ ਦੀ ਦਖਲ-ਅੰਦਾਜ਼ੀ (interference of the mother tongue) ਦੇ ਬਹੁਤ ਵਧੀਆ ਉਦਾਹਰਣ ਪੇਸ਼ ਕਰਦਾ ਹੈ। ਜਿਵੇਂ ਸ਼ਹਿਰਾਂ ਵਿਚ ਜਿਥੇ ਬਹੁਤ ਸਾਰੇ ਨੌਕਰ/ਨੌਕਰਾਣੀਆਂ ਪਹਾੜੀ ਇਲਾਕੇ ਜਾਂ ਉੱਤਰ-ਪ੍ਰਦੇਸ਼ ਦੇ ਹੁੰਦੇ ਹਨ, ਘਰ ਦੀਆਂ ਸੁਆਣੀਆਂ ਉਨ੍ਹਾਂ ਨਾਲ ਗਲਬਾਤ, ਘਰੇਲੂ ਕੰਮ ਕਾਜ ਸੰਬੰਧੀ ਆਮ ਤੌਰ ਤੇ ਇਸ ਤਰ੍ਹਾਂ ਕਰਦੀਆਂ ਹਨ :-

ਮਾਲਕਣ :- ਅਰੇ ਦਲੀਆ, ਤੁਮ ਨੇ ਵੋਹ ਝਾੜੂ ਲਗਾ ਦੀਆ?

ਨੌਕਰ :- ਬੀਬੀ ਜੀ, ਝਾ (झा) ਡੂ ਮਿਲਤ ਨਹੀਂ।

ਮਾਲਕਣ :- ਵੋਹ ਝਾੜੂ ਤੋਂ ਖੂੰਜੇ ਮੇਂ ਤੈਂ ਰੱਖਾ ਥਾ।

ਨੌਕਰ :- ਬੀਬੀ ਜੀ! ਖੂੰਜਾ ਕਿਯਾ ਹੋਤਾ ਹੈ?

✲ ✲ ✲ ✲

ਮਾਲਕਣ :- ਰੇ, ਖ਼ੂੰਜਾ ਵੋਹ ਜੋ ਨੁੱਕਰ ਹੋਤੀ ਹੈ।

ਮਾਲਕਣ :- ਘਨਈਆ, ਉਹ ਸਬਜੀ/ਭਾਜੀ ਚਾੜ੍ਹ ਲੀ ਹੈ?

ਨੌਕਰ :- ਬੀਬੀ ਜੀ! ਚਾੜ੍ਹਨਾ ਕਯਾ ਹੋਤਾ ਹੈ?

ਇਸ ਤੋਂ ਵਧੀਆ ਦਿਲਚਸਪ ਤੇ ਸਭ ਤੋਂ ਵਧ ਵਾਪਰਨ ਵਾਲੀ ਸਥਿਤੀ ਹੁੰਦੀ ਹੈ ਜਦੋਂ ਪੰਜਾਬ ਦੇ ਪੇਂਡੂ ਜਵਾਨ ਫ਼ੌਜ ਵਿਚ ਭਰਤੀ ਹੋ ਕੇ ਪੰਜਾਬ ਤੋਂ ਬਾਹਰ ਦੀਆਂ ਭਾਸ਼ਾਵਾਂ ਸਿੱਖਣ ਦੀ ਕੋਸ਼ਿਸ਼ ਕਰਦੇ ਹਨ। ਉਹ ਫੌਜ ਵਿਚ ਤਾਂ ਹਿੰਦੀ, ਉਰਦੂ ਤੇ ਪੰਜਾਬੀ ਦਾ ਮਿਸ਼੍ਰਣ ਵਰਤਦੇ ਹੀ ਹਨ, ਪਰ ਘਰ ਪਹੁੰਚ ਕੇ ਵੀ ਉਨ੍ਹਾਂ ਦੀ ਇਹ ਆਦਤ ਨਹੀਂ ਜਾਂਦੀ, ਜਾਂ ਫਿਰ, ਕੈਂਪ ਵਿਚੋਂ ਜਦੋਂ ਉਹ ਘਰ ਚਿੱਠੀ ਲਿਖਦੇ ਹਨ, ਤਾਂ ਇਸੇ ਤਰ੍ਹਾਂ ਦੀ ਮਿਸ਼੍ਰਿਤ ਭਾਸ਼ਾ ਸਾਹਮਣੇ ਆਉਂਦੀ ਹੈ। ਉਦਾਹਰਣ ਵਜੋਂ ਬਲਵੰਤ ਗਾਰਗੀ ਦੇ ਇਕ ਨਾਟਕ, ਕੇਸਰੋ, ਵਿਚ ਹੇਠ ਲਿਖੀ ਚਿਠੀ ਦੇਖੋ :-

> ਅਧਿਆਪਕਾ : "ਮੇਰੀ ਕੇਸਰੋ ਕੋ ਫਤਹ ਬੁਲਾਈ ਜਾਵੇ, ਆਸਾਮ ਤੋਂ — ਹੁਣ ਅਸੀਂ ਤੰਬੂ ਮੇਂ ਰੈਹਣ ਲਗੇ ਹੈਂ। ਕੇਸਰੋ ਕੋ ਆਖ ਦਿੱਤਾ ਜਾਏ, ਭਾਵੇਂ ਬਰਖਾ ਯਹਾਂ ਅੰਤਾਂ ਕੀ ਹੁੰਦੀ ਐ, ਪਰ ਕੋਈ ਘਾਬਰੇ ਨਹੀਂ। ਬਸ ਰਾਤ ਕੋ ਬਿੱਛੂ ਤੇ ਮੱਛਰ ਵਾਢਦੇ ਹਨ। ਮੈਨੂੰ ਬਖਾਰ ਯਖਾਮ ਹੋ ਗਿਆ ਥਾ, ਅਬ ਅਰਮਾਨ ਹੈ — ਯਹਾਂ ਜੀਵੈ ਰਾਮ ਵੈਦ ਜੈਸਾ ਕੋਈ ਹਕੀਮ ਨਹੀਂ। ਹਾਂ, ਕੇਸਰੋ ਇਧਰ ਆਓ — ਤੁਮ ਫਿਕਰ ਨਾ ਕਰਨਾ। ਮੈਂ ਛੇਤੀ ਹੀ ਮੁੜ ਆਊਂਗਾ। ਸਾਡੀ ਬੂਰੀ ਮੱਝ ਨੇ ਜੋ ਕੱਟਾ ਜੰਮਿਆ ਸੀ, ਉਸ ਦੀ ਲਾਤ ਕਾ ਕਿਆ ਹਾਲ ਹੈ? ਫਾਫੀ ਦੀ ਸੌਂਹ, ਬੂਰੀ ਮੱਝ ਦੀਆਂ ਧਾਰਾਂ ਬ਼ਹੁਤ ਯਾਦ ਆਤੀ ਹੈਂ। ਯਹਾਂ ਖਾਨੇ ਕਾ ਚੰਗਾ ਇਨਤਯਾਮ ਨਹੀਂ। ਤੰਦੂਰ ਦੀਆਂ ਮਿੱਸੀਆਂ ਭੀ ਬਹੁਤ ਯਾਦ ਆਤੀ ਹੈਂ। ਮੈਂ ਨੇ ਚੌਥੇ ਡਾਕ ਰਾਹੀਂ ਤੁਮ ਕੋ ਏਥੋਂ ਕੀ ਲਈ ਹੁਈ ਇਕ ਪਰਾਂਦੀ ਭੇਜੀ ਸੀ, ਪਰਤਾਪੋ ਕੇ ਘਰ ਜਾ ਕੇ ਪੁੱਛ ਆਉਣਾ। ਉਸ ਕਾ ਜੰਗ ਸਿੰਹਾਂ ਸਾਡੀ ਫੌਜ ਵਿਚੋਂ ਕੁਝ ਦਿਨਾਂ ਦੀਆਂ ਛੁਟੀਆਂ ਕਾਟਨੇ ਆਊਗਾ। ਉਸ ਕੇ ਹੱਥ ਮੈਂ ਤੇਰੇ ਲਈ....। (ਪੰਨਾ-36)

ਇਸ ਸਮਾਜ-ਮੂਲਕ ਭਾਸ਼ਾਈ ਸਥਿਤੀ ਦਾ ਸਭ ਤੋਂ ਵਿਸ਼ੇਸ਼ ਲੱਛਣ ਇਹ ਹੈ ਕਿ ਇਕ ਹੀ ਵਿਅਕਤੀ ਆਪਣੀ ਵਾਰਤਾਲਾਪ ਵਿਚ ਇਕ ਭਾਸ਼ਾ-ਕੋਡ ਤੋਂ ਸਹਿਜ-ਸੁਭਾਅ ਤੇ ਝਟ-ਪਟ ਦੂਸਰੀ ਭਾਸ਼ਾ-ਕੋਡ ਤੇ ਬਦਲ ਜਾਂਦਾ ਹੈ। ਬਹੁਤ ਵਾਰੀ ਤਾਂ ਇਕੋ ਸਾਹ ਵਿਚ ਉਹ ਇਕ ਭਾਸ਼ਾ-ਰੂਪ ਤੋਂ ਦੂਸਰੇ ਭਾਸ਼ਾ ਰੂਪ ਜਾਂ ਬਿਲਕੁਲ ਦੂਸਰੀ ਭਾਸ਼ਾ ਵਿਚ ਬਦਲ ਲੈਂਦਾ ਹੈ ਅਤੇ ਕਈ ਵਾਰੀ ਉਹ ਇਨ੍ਹਾਂ ਵੱਖਰੇ ਵੱਖਰੇ ਭਾਸ਼ਾ ਰੂਪਾਂ ਦਾ ਇਕ ਮਿਸ਼੍ਰਣ ਜੇਹਾ ਬਣਾ ਲੈਂਦਾ ਹੈ। ਇਸ ਦਾ ਕਾਰਣ ਇਹ ਹੈ ਕਿ ਹਰ ਵਾਰ ਵਕਤਾ ਆਪਣੇ ਆਪ ਨੂੰ ਉਸ ਭਾਸ਼ਾ ਤੰਤਰ ਨਾਲ ਸੰਬੰਧਿਤ ਕਰ ਲੈਣਾ ਚਾਹੁੰਦਾ ਹੈ, ਜਿਸ ਸਮਾਜ ਜਾਂ ਵਰਗ ਦੇ ਭਾਸ਼ਾ-ਤੰਤਰ ਵਿਚ ਉਹ ਪ੍ਰਵਾਨਗੀ ਪ੍ਰਾਪਤ ਕਰਨਾ ਚਾਹੁੰਦਾ ਹੈ। ਦੋ ਭਾਸ਼ੀ ਜਾਂ ਬਹੁ-ਭਾਸ਼ੀ ਵਕਤਾ ਤੇ ਹਰ ਸਮੇਂ ਦੋ ਭਾਸ਼ਾ ਰੂਪਾਂ ਦੇ ਮੇਲ ਲਈ ਇਕ ਦਬਾਅ ਬਣਿਆ ਰਹਿੰਦਾ ਹੈ। ਸਥਿਤੀ ਇਥੋਂ ਤੀਕ ਪਹੁੰਚ ਜਾਂਦੀ ਹੈ ਕਿ "ਅਸੀਂ ਕਹਿ ਸਕਦੇ ਹਾਂ ਕਿ ਦੋ-ਭਾਸ਼ੀ ਵਕਤਾ ਜਦੋਂ ਦੂਸਰੇ ਦੋ-ਭਾਸ਼ੀਏ ਨਾਲ ਗੱਲਬਾਤ ਕਰਦਾ ਹੈ ਤਾਂ ਲਗਦਾ ਹੈ ਕਿ ਦੋਵੇਂ ਭਾਸ਼ਾਵਾਂ

ਮਿਲ ਕੇ ਇਕ ਹੋ ਜਾਣਗੀਆਂ, ਵਿਸ਼ੇਸ਼ ਤੌਰ ਤੇ ਵਿਸ਼ੇ ਤੇ ਸਥਿਤੀ ਕਾਰਣ ਜੇ ਉਹ ਮੁੜ ਇਕੋ ਭਾਸ਼ਾ ਵਲ ਵਾਪਸ ਨਾ ਆਉਣ" (Erwin Tripp, 1968, p. 204)।

ਉਦਾਹਰਣ ਵਜੋਂ, ਯੂਨੀਵਰਸਿਟੀ ਦੀ ਇਕ ਮੀਟਿੰਗ ਵਿਚ ਇਕ ਪ੍ਰੋਫੈਸਰ ਸਾਹਿਬ ਬਾਕੀ ਯੂਨੀਵਰਸਿਟੀ ਅਧਿਆਪਕਾਂ ਵਲੋਂ ਸ਼ੁਕਰੀਏ ਵਜੋਂ ਬੋਲਦੇ ਹੋਏ ਕਹਿੰਦੇ ਹਨ :

> "ਅਸੀਂ ਵੀ ਸੀ. ਸਾਹਿਬ ਦੇ ਬਹੁਤ thankful ਹਾਂ। ਬੇਸ਼ਕ ਉਨ੍ਹਾਂ ਦੀ ਤਬੀਅਤ ਅਜ ਠੀਕ ਨਹੀਂ ਸੀ, ਪਰ ਏਸ appointment ਕਾਰਣ ਹੁਣੇ ਹੀ ਉਹ office ਆਏ ਹਨ। Research ਬਾਰੇ ਉਨ੍ਹਾਂ ਨੇ ਬੜੇ clearly ਸਾਡੇ ਸਾਹਮਣੇ ਜਿਹੜੇ ideals ਰਖੇ ਹਨ ਉਨ੍ਹਾਂ ਤੋਂ ਸਾਨੂੰ ਬੜੀ inspiration ਮਿਲਦੀ ਹੈ। ਅਸੀਂ ਉਨ੍ਹਾਂ ਨੂੰ ਯਕੀਨ ਦਿਵਾਉਂਦੇ ਹਾਂ ਕਿ ਉਨ੍ਹਾਂ ਦੀਆਂ research ਬਾਰੇ expectations ਪੂਰੀਆਂ ਕਰਾਂਗੇ।"

ਇਹ ਠੀਕ ਹੈ ਕਿ ਅੰਗ੍ਰੇਜ਼ੀ ਦੇ ਬਹੁਤ ਸਾਰੇ ਸ਼ਬਦ ਪੰਜਾਬੀ ਵਿਚ ਰਚ ਗਏ ਹਨ ਅਤੇ ਉਨ੍ਹਾਂ ਦੇ ਸਮਾਨਾਰਥਕ ਸ਼ਬਦ ਪੰਜਾਬੀ ਵਿਚ ਮਿਲਦੇ ਨਹੀਂ, ਅਤੇ ਜਿਨ੍ਹਾਂ ਦੇ ਪੰਜਾਬੀ ਸਮਾਨਾਰਥਕ ਸ਼ਬਦ ਮਿਲਦੇ ਹਨ, ਉਨ੍ਹਾਂ ਦੀ ਵਰਤੋਂ ਇੰਨੀ ਘੱਟ ਹੁੰਦੀ ਹੈ ਕਿ ਆਮ ਪੜ੍ਹੇ ਲਿਖੇ ਨੂੰ ਉਨ੍ਹਾਂ ਸ਼ਬਦਾਂ ਦੀ ਭਾਸ਼ਾ ਵਿਚ ਹੋਂਦ ਬਾਰੇ ਕੋਈ ਇਹਸਾਸ ਹੀ ਨਹੀਂ ਹੁੰਦਾ, ਜਿਵੇਂ—ਲਾਇਬ੍ਰੇਰੀ, ਬਸ-ਸਟੋਪ, ਬਸ-ਸਟੈਂਡ, ਮਾਰਕੀਟ, ਟੂਥ-ਪੇਸਟ, ਰੇਡੀਓ, ਟੈਲੀਫੋਨ, ਟੈਲੀਵਿਜਨ, ਟੇਪ-ਰੀਕਾਰਡਰ ਟਾਈਮ-ਪੀਸ, ਬਲੇਡ, ਬਲਬ, ਸਾਈਕਲ, ਮਸ਼ੀਨ, ਪੈਨ, ਪਿਨ, ਰਬੜ, ਟਾਈਮ ਮਸ਼ੀਨ; ਸਾਈਕਲੋਸਟਾਈਲ, ਬੁਕਸ, ਮੈਂਬਰ, ਮੈਂਬਰਸ਼ਿਪ, ਕਾਰਡ, ਕਮਿਟੀ, ਮੀਟਿੰਗ, ਫਾਰਮ ਆਦਿ।

ਇਸ ਤੋਂ ਬਿਨਾਂ ਵੱਡੇ ਵੱਡੇ ਸ਼ਹਿਰਾਂ ਵਿਚ ਜਦੋਂ ਪੜ੍ਹੇ ਲਿਖੇ ਅਤੇ ਸਮਾਜ ਦੇ ਉਪਰਲੇ ਦਰਜੇ ਦੇ ਲੋਕ ਆਪੋ ਵਿਚ ਮਿਲਦੇ ਹਨ, ਤਾਂ ਆਮ ਤੌਰ ਤੇ ਉਹ ਗੱਲਬਾਤ ਇਸ ਤਰ੍ਹਾਂ ਸ਼ੁਰੂ ਕਰਦੇ ਹਨ:-

> ਹੈਲੋ , ਡਾਕਟਰ ਸੇਠੀ, ਹਾਓ ਆਰ ਯੂ?
> ਫਾਈਨ, ਥੈਂਕ ਯੂ! ਸੁਣਾਉ, ਹਾਓ ਯੂ ਹੈਪਨ ਟੂ ਬੀ ਹੇਅਰ?

ਇਸ ਤਰ੍ਹਾਂ ਦੀ ਅਗ੍ਰੇਜ਼ੀ ਦਾ ਮਤਲਬ ਇਹ ਨਹੀਂ ਕਿ ਉਹ ਅਜੇਹੀਆਂ ਗੱਲਾਂ ਦੇ ਪੰਜਾਬੀ ਰੂਪ ਤੋਂ ਜਾਣੂ ਨਹੀਂ ਹੁੰਦੇ। ਇਸ ਤਰ੍ਹਾਂ ਦੀਆਂ ਫਾਰਮੂਲਾ ਟਾਈਪ ਗੱਲਾਂ ਅਥਵਾ ਸੰਬੋਧਨ ਕਰਨ ਦਾ ਢੰਗ ਤਾਂ ਕੇਵਲ ਇਕ ਨਿਸ਼ਾਨੀ ਹੁੰਦੀ ਹੈ। ਇਸ ਗੱਲ ਦੀ ਕਿ ਸੰਬੋਧਨ ਕਰਤਾ ਤੇ ਸੰਬੰਧਿਤ ਵਿਅਕਤੀ ਕਿਹੜੇ ਵਰਗ ਦੇ ਮੈਂਬਰ ਹਨ। ਨਵੀਂ ਪੀੜ੍ਹੀ ਦੇ ਮੁੰਡੇ ਕੁੜੀਆਂ ਤਾਂ ਗੱਲ ਆਰੰਭ ਕਰਨ ਅਤੇ ਚਲਦੀ ਗੱਲ ਵਿਚ ਅੰਗ੍ਰੇਜ਼ੀ ਦੀ ਇਕ ਅੱਧ ਗਾਲ੍ਹੀ ਦੀ ਵਰਤੋਂ ਕਰਨ ਦਾ ਅਰਥ ਹੀ ਇਹ ਸਮਝਦੇ ਹਨ, ਕਿ ਸੰਬੰਧਿਤ ਵਿਅਕਤੀ ਤੋਂ ਬਿਨ੍ਹਾਂ ਬਾਕੀ ਸ੍ਰੋਤੇ ਵੀ ਸਮਝਣ ਕਿ ਵਕਤਾ ਪੜ੍ਹੀ ਲਿਖੀ (ਉਪਰਲੀ ) ਮੱਧ ਸ਼੍ਰੇਣੀ ਦਾ ਮੈਂਬਰ ਹੈ। ਜਿੰਨੀ ਉਹ ਅੰਗ੍ਰੇਜ਼ੀ ਬਨਾਵਟੀ ਜੇਹੇ ਢੰਗ ਨਾਲ ਬੋਲੇਗਾ, ਅੰਗ੍ਰੇਜ਼ੀ ਗਾਣੇ ਦੀ ਇਕ ਅੱਧ ਸੁਰ ਗੁਨਗੁਨਾਏਗਾ, ਉਹ ਜ਼ਰੂਰ ਅੰਗ੍ਰੇਜ਼ੀ ਸਕੂਲ ਵਿਚ ਪੜ੍ਹਿਆ ਸਮਝਿਆ ਜਾਏਗਾ। ਇਹ ਸਾਰੇ ਭਾਸ਼ਾ-ਚਿੰਨ੍ਹ ਸਮਾਜ ਦੀ ਉਸ ਸ਼੍ਰੇਣੀ ਜਾਂ ਵਰਗ ਤੇ ਉਚੇਰੀ ਸਿੱਖਿਆ ਦੇ ਚਿੰਨ੍ਹ ਮੰਨੇ ਜਾਂਦੇ ਹਨ। ਮਾਤ-ਭਾਸ਼ਾ ਵਿੱਚ ਗੱਲ-ਬਾਤ ਕਰਨਾ ਆਮ ਤੌਰ ਤੇ ਨੇੜਤਾ ਅਤੇ ਨਿੱਜੀ ਦੋਸਤੀ ਦੀ ਭਾਵਨਾ ਪ੍ਰਗਟਾਉਂਦਾ ਹੈ । ਅੰਗ੍ਰੇਜ਼ੀ ਪ੍ਰਧਾਨ ਸਕੂਲ ਜਾਂ ਕਾਲਜ ਦੀ

ਸਿੱਖਿਆ ਦਾ ਇਹ ਇਕ ਵਿਸ਼ੇਸ਼ ਚਿੰਨ੍ਹ ਹੈ ਕਿ ਵਿਦਿਆਰਥੀ ਆਪਣੀ ਬੋਲੀ ਵਿਚ ਗੱਲ ਕਰਦੇ-ਕਰਦੇ ਅੰਗ੍ਰੇਜ਼ੀ ਦੇ ਪੂਰੇ-ਪੂਰੇ ਵਾਕ, ਉਪਵਾਕ ਜਾਂ ਵਾਕਾਂਸ਼ਾਂ ਦੀ ਵਰਤੋਂ ਕਰਦੇ ਹਨ। ਮਾਤ-ਭਾਸ਼ਾ ਤੇ ਅੰਗ੍ਰੇਜ਼ੀ ਦੀ ਵਰਤੋਂ ਨੂੰ ਕੰਟ੍ਰੋਲ ਕਰਨ ਵਾਲੇ ਮੁੱਖ ਕਾਰਣ : ਵਕਤਾ ਦੀ ਸਿਖਿਆ ਅਤੇ ਗੱਲ ਬਾਤ ਦਾ ਵਿਸ਼ਾ(topic)। ਜਿੰਨੀ ਵਕਤਾ ਦੀ ਸਿਖਿਆ ਉਚੇਰੀ ਹੋਵੇਗੀ ਜਾਂ ਵਿਸ਼ਾ ਤਕਨੀਕੀ ਹੋਵੇਗਾ, ਉਨਾ ਹੀ ਉਸ ਵਿਚ ਅੰਗ੍ਰੇਜ਼ੀ ਦਾ ਮਿਸ਼੍ਰਣ ਹੋਵੇਗਾ। ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਇਸ ਤਰ੍ਹਾਂ ਉਪਭਾਖਾ ਤੋਂ ਬਿਨ੍ਹਾਂ ਠੇਠ ਬੋਲੀ, ਹਿੰਦੀ ਜਾਂ ਅੰਗ੍ਰੇਜ਼ੀ ਦੀ ਵਰਤੋਂ ਵਿਚ ਡੂੰਘੇ ਅਧਿਐਨ ਉਪਰੰਤ ਸਥਾਪਿਤ ਪੈਟਰਨ ਲੱਭੇ ਜਾ ਸਕਦੇ ਹਨ ਅਤੇ ਵਿਸ਼ੇ ਜਾਂ ਸਥਿਤੀ ਦੇ ਲੱਛਣਾਂ ਦੇ ਆਧਾਰ 'ਤੇ ਭਾਸ਼ਾ ਦੇ ਦੂਸਰੇ ਰੂਪਾਂ ਜਾਂ ਦੂਸਰੀਆਂ ਭਾਸ਼ਾਵਾਂ ਦੀ ਵਰਤੋਂ ਬਾਰੇ ਪਹਿਲਾਂ ਹੀ ਨਿਸ਼ਚੇ ਨਾਲ ਦਸਿਆ ਜਾ ਸਕਦਾ ਹੈ।

ਇਸੇ ਤਰ੍ਹਾਂ ਪੰਜਾਬੀ ਦੇ ਨਾਲ ਹਿੰਦੀ ਜਾਂ ਅੰਗ੍ਰੇਜ਼ੀ ਦਾ ਮਿਸ਼੍ਰਣ ਪੜ੍ਹੀ ਲਿਖੀ ਮੱਧਵਰਗੀ ਸ਼੍ਰੇਣੀ ਦਾ ਵਿਸ਼ੇਸ਼ ਲੱਛਣ ਆਖਿਆ ਜਾ ਸਕਦਾ ਹੈ। ਦੋ-ਭਾਸ਼ੀ ਸ਼ਹਿਰੀ ਸ਼੍ਰੇਣੀਆਂ ਵਿਚ ਭਾਸ਼ਾਵਾਂ ਦਾ ਮਿਸ਼੍ਰਣ ਆਮ ਤੌਰ 'ਤੇ ਨਿੱਜੀ ਤੇ ਨੇੜਤਾ ਭਰੀ (informal) ਗੱਲਬਾਤ ਦਾ ਚਿੰਨ੍ਹ ਹੈ। ਆਮ ਤੌਰ 'ਤੇ ਓਪਰੀ-ਓਪਰੀ ਨੇੜਤਾਹੀਣ(formal) ਸ਼ੈਲੀ ਵਿਚ ਭਾਸ਼ਾ ਦਾ ਮਿਸ਼੍ਰਣ ਨਹੀਂ ਕੀਤਾ ਜਾਂਦਾ। ਪਰ ਮਿਸ਼੍ਰਿਤ ਸ਼ੈਲੀ ਦਾ ਵਿਆਕਰਣਕ ਢਾਂਚਾ ਤਾਂ ਪੰਜਾਬੀ (ਮਾਂ ਬੋਲੀ) ਵਾਲਾ ਹੁੰਦਾ ਹੈ ਅਤੇ ਉਸ ਵਿਚ ਅੰਗ੍ਰੇਜ਼ੀ ਦੇ ਅਨੇਕਾਂ ਸ਼ਬਦ, ਵਾਕਾਂਸ਼ ਜਾਂ ਪੂਰੇ-ਪੂਰੇ ਵਾਕ ਵਰਤ ਲਏ ਜਾਂਦੇ ਹਨ ਅਤੇ ਕਈ ਵਾਰੀ ਤਾਂ ਅੰਗ੍ਰੇਜ਼ੀ ਨੂੰ ਵਿਭਕਤੀ ਵੀ ਪੰਜਾਬੀ ਦੇ ਵਿਆਕਰਣਕ ਢਾਂਚੇ ਅਨੁਸਾਰ ਲਾਈ ਜਾਂਦੀ ਹੈ, ਜਿਵੇ ਬੁੱਕਾਂ(books), ਸਕੂਟਰਾਂ (scooters), ਸੰਮਨਾਂ(summons) ਆਦਿ ਸ਼ਬਦਾਂ ਵਿਚ। ਇਸ ਤਰ੍ਹਾਂ ਅੰਗ੍ਰੇਜ਼ੀ ਵਿਚੋਂ ਲਏ ਗਏ ਰੂਪਾਂ ਨੂੰ ਪੰਜਾਬੀ ਦੀ ਸ਼ਬਦ-ਬਣਤਰ ਤਥਾ ਵਾਕ ਬਣਤਰ ਵਾਲਾ ਰੂਪ ਦਿੱਤਾ ਜਾਂਦਾ ਹੈ । ਇਸ ਤਰ੍ਹਾਂ, ਕਿਹਾ ਜਾ ਸਕਦਾ ਹੈ ਕਿ ਦੋਵੇਂ ਭਾਸ਼ਾਵਾਂ ਦੇ ਪ੍ਰਬੰਧ ਨੂੰ ਇਕੋ ਕੇਂਦ੍ਰੀ ਭਾਸ਼ਾ-ਪ੍ਰਬੰਧ ਵਿਚ ਸੰਮਿਲਤ ਕਰ ਲਿਆ ਜਾਂਦਾ ਹੈ- ਜਿਸ ਵਿਚ ਇਕੋ ਸ਼ਬਦ ਜਾਂ ਵਾਕਾਂਸ਼ ਦੇ ਕਈ ਕਈ ਰੂਪ ਵਰਤੋਂ ਵਿੱਚ ਆਉਂਦੇ ਰਹਿੰਦੇ ਹਨ। ਇਸ ਗੱਲ ਦਾ ਨਿਰਣਾ ਕਿ ਮਿਸ਼੍ਰਣ ਕਿੰਨਾ ਹੋਵੇਗਾ ਜਾਂ ਕਿਹੜੀ ਭਾਸ਼ਾ ਕੇਂਦ੍ਰੀ ਬਣੀ ਰਹੇਗੀ ਵਕਤਾ ਦੇ ਸਥਿਤੀ ਵਿੱਚ ਰੋਲ ਉਪਰ ਨਿਰਭਰ ਹੁੰਦੀ ਹੈ। ਜੇ ਅਸੀਂ ਭਾਸ਼ਾ ਰੂਪ ਨੂੰ ਇਸ ਪਰਿਵਰਤਨ-ਵਿਮਾਇ(dimensions) ਰੱਖ ਕੇ ਵੇਖੀਏ ਤਾਂ ਪਤਾ ਲਗੇਗਾ ਕਿ ਵਿਮਾਇ ਦੇ ਇੱਕ ਸਿਰੇ 'ਤੇ ਦੋ ਭਾਸ਼ੀ /ਬਹੁ ਭਾਸ਼ੀ ਵਕਤਾ ਕੇਵਲ ਅੰਗ੍ਰੇਜ਼ੀ ਜਾਂ ਹਿੰਦੀ ਦੀ ਵਰਤੋਂ ਕਰਦੇ ਹਨ ਅਤੇ ਕੁਝ ਵੱਖਰੇ ਰੋਲ ਅਦਾ ਕਰਨ ਸਮੇਂ ਕੇਵਲ ਪੰਜਾਬੀ ਦੀ ਵਰਤੋਂ ਕਰਦੇ ਹਨ। ਇਨ੍ਹਾਂ ਦੋ ਸਿਰਿਆਂ ਦੇ ਵਿਚਕਾਰ ਹਿੰਦੀ ਜਾਂ ਅੰਗ੍ਰੇਜ਼ੀ ਦੇ ਮਿਸ਼੍ਰਣ ਵਾਲੇ ਅਨੇਕਾਂ ਨੁਕਤੇ ਹਨ, ਜੋ ਅੰਗ੍ਰੇਜ਼ੀ-ਪ੍ਰਧਾਨ, ਹਿੰਦੀ-ਪ੍ਰਧਾਨ ਜਾਂ ਪੰਜਾਬੀ-ਪ੍ਰਧਾਨ ਹੋ ਸਕਦੇ ਹਨ।




ਚਿੱਤਰ 5

ਜਿਥੋਂ ਤੀਕ ਬਹੁ-ਭਾਸ਼ੀ ਲੋਕਾਂ ਦਾ ਸੰਬੰਧ ਹੈ, ਇਹ ਅਧਿਐਨ ਅਜੇਹੇ ਲੋਕਾਂ ਦੀ ਬੋਲੀ ਦਾ ਕਰਨ ਵਾਲਾ ਹੁੰਦਾ ਹੈ ਜੋ ਪੰਜਾਬ ਤੋਂ ਬਾਹਰ ਜਾ ਕੇ (ਦੱਖਣੀ ਭਾਰਤ ਵਿਚ) ਵਪਾਰ

ਕਰਦੇ ਹਨ। ਇਸੇ ਤਰ੍ਹਾਂ ਪੰਜਾਬੀਆਂ ਤੋਂ ਬਿਨਾਂ ਵਪਾਰੀ ਵਰਗ ਵਿਚ ਸਾਨੂੰ ਭਾਰਤ ਦੇ ਵੱਖ-ਵੱਖ ਪ੍ਰਦੇਸ਼ਾਂ ਵਿਚ ਸਿੰਧੀ, ਮਾਰਵਾੜੀ ਆਦਿ ਜਾਤੀਆਂ ਦੇ ਲੋਕ ਬਹੁਤ ਮਿਲਦੇ ਹਨ। ਇਹ ਵਪਾਰੀ ਵਰਗ ਘਰ ਅਤੇ ਆਪਣੇ ਇਲਾਕੇ ਦੇ ਬੰਦੇ ਨੂੰ ਮਿਲ ਕੇ ਤਾਂ ਪੰਜਾਬੀ (ਮਾਂ ਬੋਲੀ) ਦੀ ਵੀ ਆਪਣੀ ਉਪਭਾਖਾ ਬੋਲਦੇ ਹਨ, ਉੱਤਰੀ ਭਾਰਤ ਤੋਂ ਅਤੇ ਅਣਪਛਾਣੇ ਜੇਹੇ ਗਾਹਕ ਨਾਲ ਹਿੰਦੁਸਤਾਨੀ ਜਾਂ ਸਾਧਾਰਣ ਹਿੰਦੀ ਬੋਲਦੇ ਅਤੇ ਹਿੰਦੀ ਜਾਣਨ ਵਾਲੇ ਦੱਖਣ-ਭਾਰਤੀ ਨਾਲ ਦੱਖਣੀ ਹਿੰਦੀ (ਹਿੰਦੀ ਦਾ ਵਿਸ਼ੇਸ਼ ਰੂਪ ਵਿਕਸਿਤ ਹੋ ਰਿਹਾ ਹੈ) ਅਤੇ ਬਿਲਕੁਲ ਲੋਕਲ ਤੇ ਅਨਪੜ੍ਹ ਗਾਹਕਾਂ ਨਾਲ ਸਥਾਨਕ ਭਾਸ਼ਾ ਤੇਲਗੂ ਜਾਂ ਤਮਿਲ ਆਦਿ ਬੋਲਦੇ ਹਨ। ਕਿਉਂਕਿ ਇਸ ਵਪਾਰੀ ਵਰਗ ਦਾ ਮਤ ਹੁੰਦਾ ਹੈ ਕਿ ਸਾਰਾ ਵਪਾਰ ਜਾਂ ਗਾਹਕਾਂ ਦੀ ਖ਼ੁਸ਼ੀ ਦੇ ਨਿਰਭਰ ਹੁੰਦਾ ਹੈ ਅਤੇ ਗਾਹਕ ਨੂੰ ਭਰੋਸੇ ਵਿਚ ਲੈਣਾ ਬਹੁਤ ਜ਼ਰੂਰੀ ਹੈ। ਬਦੇਸ਼ ਵਿਚ ਜਾ ਕੇ ਉਥੋਂ ਦੇ ਲੋਕਾਂ ਨੂੰ ਭਰੋਸੇ ਵਿਚ ਲੈਣ ਦਾ ਸਭ ਤੋਂ ਵਧੀਆ ਸਾਧਨ ਉਨ੍ਹਾਂ ਦੀ ਆਪਣੀ ਬੋਲੀ ਵਿਚ ਗੱਲ ਕਰਨਾ ਹੈ। ਬੇਸ਼ਕ ਹਰ ਸ੍ਵਦੇਸ਼ੀ ਵਕਤਾ (native speaker) ਬਦੇਸ਼ੀ ਨੂੰ ਜਦੋਂ ਉਹ ਉਸਦੀ ਬੋਲੀ ਵਿਚ 'ਗੱਲ ਕਰਨ' ਦਾ ਯਤਨ ਕਰ ਰਿਹਾ ਹੋਵੇ, ਪਛਾਣ ਤਾਂ ਲੈਂਦਾ ਹੈ, ਫਿਰ ਵੀ ਉਸ ਨੂੰ ਦੂਜੇ ਦੇ ਮੂੰਹੋਂ ਆਪਣੀ ਬੋਲੀ ਸੁਣ ਕੇ ਅਜੀਬ ਜੇਹੀ ਖ਼ੁਸ਼ੀ ਦਾ ਇਹਸਾਸ ਹੁੰਦਾ ਹੈ। ਇਸ ਤਰ੍ਹਾਂ ਵਪਾਰੀ ਵਰਗ ਦੇ ਲੋਕ ਕੇਵਲ ਖਰੀਦਣ-ਵੇਚਣ ਦੀ ਸਥਿਤੀ ਵਿਚ ਹੀ ਕਈ ਭਾਸ਼ਾਵਾਂ ਦਾ ਪ੍ਰਯੋਗ ਕਰਦੇ ਹਨ, ਜੋ ਕਿ ਵਪਾਰੀ ਤਕਨੀਕ ਦਾ ਇਕ ਜ਼ਰੂਰੀ ਹਿੱਸਾ ਬਣ ਜਾਂਦਾ ਹੈ। ਇਸ ਤਰ੍ਹਾਂ ਬਹੁ-ਭਾਸ਼ੀ/ਦੋ-ਭਾਸ਼ੀ ਲੋਕਾਂ ਦੇ ਭਾਸ਼ਾ-ਪਰਿਵਰਤਨ ਦੇ ਅਨੇਕਾਂ ਉਦਾਹਰਣ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਵਿਚੋਂ ਲੱਭੇ ਜਾ ਸਕਦੇ ਹਨ। ਪਰੰਤੂ, ਇਸ ਭਾਸ਼ਾ-ਪਰਿਵਰਤਨ ਦੇ ਵਿਸ਼ੇਸ਼ ਲੱਛਣ, ਸੰਖੇਪ ਵਿਚ ਹੇਠਾਂ ਦਿੱਤੇ ਜਾਂਦੇ ਹਨ।

(ੳ) ਭਾਸ਼ਾ ਦੇ ਆਪਣੇ ਰੂਪਾਂ ਵਿਚ ਜਾਂ ਇਕ ਭਾਸ਼ਾ ਤੋਂ ਦੂਸਰੀ ਵਿਚ ਪਰਿਵਰਤਨ ਤਾਂ ਸਮਾਜ-ਮੂਲਕ ਭਾਸ਼ਾ-ਵਿਗਿਆਨ (Socio-linguistics) ਦਾ ਵਿਸ਼੍ਵ-ਵਿਆਪੀ ਲੱਛਣ ਹੈ। ਕੋਈ ਵੀ ਸਾਧਾਰਣ ਵਿਅਕਤੀ, ਜਾਤੀ ਜਾਂ ਸਮਾਜਕ ਵਰਗ ਭਾਸ਼ਾ ਦੇ ਇੱਕੋ ਕੋਡ ਤੀਕ ਸੀਮਿਤ ਨਹੀਂ ਰਹਿੰਦਾ। ਦੋ-ਭਾਸ਼ੀਏ, ਬਹੁ-ਭਾਸ਼ੀਏ ਜਾਂ ਇੱਕੋ ਭਾਸ਼ਾ ਦੇ ਬੋਲਣ ਵਾਲੇ ਵਿਚ ਵੀ ਵੱਖ-ਵੱਖ ਉਪਭਾਖਾਵਾਂ ਦੀ ਵਰਤੋਂ ਇਕ ਭਾਸ਼ਾਈ ਚਾਲ ਵਾਂਗ ਹੀ ਸਮਝੀ ਜਾਂਦੀ ਹੈ, ਕਿਉਂਕਿ ਕੋਡ-ਪਰਿਵਰਤਨ ਦੀ ਯੋਗਤਾ ਸਿੱਧੇ ਤੌਰ 'ਤੇ ਰੋਲ-ਪਰਿਵਰਤਨ ਨਾਲ ਸੰਬੰਧਿਤ ਹੁੰਦੀ ਹੈ। ਜੇਕਰ ਸਾਡੇ ਵਰਗੇ ਬਹੁ-ਭਾਸ਼ੀ ਦੇਸ਼ਾਂ ਵਿਚ ਹਰ ਇਕ ਨੇ ਵੱਖ ਵੱਖ ਸਥਿਤੀਆਂ ਵਿਚ ਆਪਣੇ ਆਪ ਨੂੰ ਭਾਵ-ਪੂਰਤ ਢੰਗ ਨਾਲ ਵਿਅਕਤ ਕਰਨਾ ਹੈ ਅਤੇ ਸਮਾਜਕ ਪ੍ਰਕਿਰਿਆ ਵਿਚ ਭਾਗ ਲੈਣਾ ਹੈ, ਤਾਂ ਕੋਡ-ਪਰਿਵਰਤਨ ਵਿੱਚ ਯੋਗਤਾ ਬਹੁਤ ਜ਼ਰੂਰੀ ਹੈ। ਬਹੁ-ਭਾਸ਼ੀ ਸਥਿਤੀਆਂ ਵਿਚ ਕੋਡ-ਪਰਿਵਰਤਨ ਦੀ ਨਿਰਭਰਤਾ ਸ਼ੈਲੀ-ਰਜਿਸਟਰ ਉਤੇ ਹੁੰਦੀ ਹੈ। "ਜਦੋਂ ਆਮ ਤੌਰ ਤੇ ਭਾਸ਼ਾ 'ਅ' ਬੋਲਣ ਵਾਲੇ ਦੋ ਵਿਅਕਤੀ ਕਿਸੇ ਵਿਸ਼ੇਸ਼ ਵਿਸ਼ੇ 'ਤੇ ਗੱਲ ਕਰਦਿਆਂ ਭਾਸ਼ਾ 'ੲ' ਦੀ ਵਰਤੋਂ ਕਰਦੇ ਹਨ ਜਾਂ 'ਅ' ਤੇ 'ੲ' ਦੇ ਵਿਚਕਾਰ ਘੁੰਮਦੇ ਹਨ, ਤਾਂ ਸਪਸ਼ਟ ਹੈ ਕਿ ਬਹੁ-ਭਾਸ਼ੀ ਸਥਿਤੀਆਂ ਵਿਚ ਵਾਰਤਾਲਾਪ ਦਾ ਵਿਸ਼ਾ ਹੀ ਭਾਸ਼ਾ ਦੇ ਕਿਸੇ ਰੂਪ ਦੇ ਵਰਤੇ ਜਾਣ ਦਾ ਪ੍ਰਮੁੱਖ ਕਾਰਣ ਹੁੰਦਾ ਹੈ। ਭਾਸ਼ਾ ਦੀ ਚੋਣ ਤੇ ਵਿਸ਼ੇ ਦੇ ਕੰਟ੍ਰੋਲ ਦਾ ਅਰਥ ਹੈ ਕਿ ਬਹੁ-ਭਾਸ਼ੀ ਸੰਦਰਭ ਵਿਚ ਕੋਈ ਵਿਸ਼ਾ ਕਿਸੇ ਇਕ ਭਾਸ਼ਾ ਵਿਚ, ਦੂਸਰੀ ਨਾਲੋਂ ਵਧੀਆ ਢੰਗ ਨਾਲ ਵਿਅਕਤ ਕੀਤਾ ਜਾ ਸਕਦਾ ਹੈ" (Fishrman, 1972, p.239) । ਜਿਨ੍ਹਾਂ ਦੇਸ਼ਾਂ ਵਿਚ ਸਿਖਿਆ ਦਾ ਮਾਧਿਅਮ

ਅੰਗ੍ਰੇਜ਼ੀ ਹੈ ਜਾਂ ਕਹਿ ਲਵੋ ਕਿ ਮਾਤ-ਭਾਸ਼ਾ ਨਹੀਂ ਹੈ, ਉਥੇ ਬਹੁਤ ਸਾਰੇ ਲੋਕਾਂ ਨੇ ਸਿਖਿਆ ਹੀ ਇਸ ਢੰਗ ਨਾਲ ਪ੍ਰਾਪਤ ਕੀਤੀ ਹੁੰਦੀ ਹੈ ਕਿ ਉਹ ਵਿਸ਼ਾ 'ਸ' ਬਾਰੇ ਭਾਸ਼ਾ 'ਅ' ਵਿਚ ਹੀ ਗੱਲ ਕਰ ਸਕਦੇ ਹਨ, ਕਿਉਂਕਿ ਹੋ ਸਕਦਾ ਹੈ ਕਿ ਭਾਸ਼ਾ 'ੲ' ਵਿਚ ਉਸ ਵਿਸ਼ੇ ਬਾਰੇ ਲੋੜੀਂਦੀ ਤਕਨੀਕੀ ਸ਼ਬਦਾਵਲੀ ਹੀ ਨਾ ਹੋਵੇ। ਪਰ ਸਪਸ਼ਟ ਕਰ ਦੇਣ ਵਾਲੀ ਗੱਲ ਇਹ ਹੈ ਕਿ ਵਕਤਾ ਕਾਰਣ ਤੋਂ ਬਿਨ੍ਹਾਂ ਹੀ ਇਕ ਦਮ ਇਕ ਕੋਡ ਤੋਂ ਦੂਜੇ ਕੋਡ 'ਤੇ ਪਰਿਵਰਤਨ ਨਹੀਂ ਕਰਦਾ, ਸਗੋਂ ਬਹੁਤੀ ਵਾਰੀ ਤਾਂ ਉਹ ਭਾਸ਼ਾ ਦੇ ਵੱਖ ਵੱਖ ਰੂਪਾਂ ਦੀ ਸਹਿ-ਹੋਂਦ ਜਾਂ ਸਹਿ-ਵਰਤੋਂ ਰਾਹੀਂ ਹੀ ਆਪਣਾ ਅਰਥ ਸਪਸ਼ਟ ਕਰਦਾ ਹੈ।

(ਅ) ਭਾਸ਼ਾ-ਪਰਿਵਰਤਨ ਜਾਂ ਕੋਡ ਪਰਿਵਰਤਨ ਸਮੇਂ ਜਾਂ ਮਿਸ਼੍ਰਿਤ ਭਾਸ਼ਾ ਵਿਚ ਅੰਗ੍ਰੇਜ਼ੀ ਦੇ ਬਹੁਤ ਸਾਰੇ ਵਾਕਾਂਸ਼, ਮੁਹਾਵਰੇ ਜਾਂ ਵਾਕ, ਆਦਿ ਉਹ ਇਸ ਲਈ ਨਹੀ ਵਰਤਦੇ ਕਿ ਉਹ ਉਨ੍ਹਾਂ ਦੇ ਸਮਾਨਾਅਰਥ ਪੰਜਾਬੀ ਰੂਪ ਨਹੀਂ ਜਾਣਦੇ ਹੁੰਦੇ, ਸਗੋਂ ਇਸ ਲਈ ਕਿ ਕੁਝ ਵਿਸ਼ੇਸ਼ ਸਥਿਤੀਆਂ ਵਿਚ ਅੰਗ੍ਰੇਜ਼ੀ ਦੇ ਸ਼ਬਦ ਸੁਭਾਵਕ ਹੀ ਉਨ੍ਹਾਂ ਦੇ ਮੂੰਹੋਂ ਨਿਕਲ ਜਾਂਦੇ ਹਨ ਅਤੇ ਉਨ੍ਹਾਂ ਦੇ ਹਿੰਦੀ /ਪੰਜਾਬੀ ਰੂਪ ਜੇਕਰ ਚੇਤਨ ਜਤਨ ਨਾਲ ਵਰਤੇ ਵੀ ਜਾਣ ਤਾਂ ਉਹ ਬਹੁਤ ਓਪਰੇ ਤੇ ਗ਼ੈਰ-ਕੁਦਰਤੀ ਲਗਦੇ ਹਨ, ਜਿਵੇਂ ਸ਼ਹਿਰੀ ਮੱਧ ਸ਼੍ਰੇਣੀ ਵਿੱਚ "ਬਾਥ-ਰੂਮ" ਦਾ ਪੰਜਾਬੀ ਰੂਪ ਕਦੇ ਵੀ ਨਹੀਂ ਵਰਤਿਆ ਜਾਂਦਾ। ਕਈ ਵਾਰ ਪੰਜਾਬੀ ਦੀ ਵਾਕ-ਬਣਤਰ ਵੀ ਇਸ ਸ਼ਬਦ ਦੀ ਵਰਤੋਂ ਲਈ ਬਦਲਣੀ ਪੈਂਦੀ ਹੈ। ਅਧ-ਪੜੇ ਵਿਅਕਤੀ ਜਾਂ ਬੱਚੇ ਤਾਂ ਅਜੇਹੇ ਘਰਾਂ ਵਿਚ ਆਮ ਕਹਿੰਦੇ ਸੁਣੇ ਜਾ ਸਕਦੇ ਹਨ : "ਬਾਥ-ਰੂਮ ਆ ਗਿਆ"। "ਉਸਨੇ ਮੰਜੇ ਤੇ ਹੀ ਬਾਥ-ਰੂਮ ਕਰ ਲਿਆ"। " ਬਾਥ-ਰੂਮ ਆ ਗਈ।" ਅਤੇ ਭਾਸ਼ਾ ਪਰਿਵਰਤਨ ਦੀ ਗਤੀ ਕਈ ਵਾਰ ਸਭਿਆਚਾਰਕ ਪਰਿਵਰਤਨ ਦੇ ਨਾਲ-ਨਾਲ ਇੰਨੀ ਤੇਜ਼ ਹੋ ਜਾਂਦੀ ਹੈ ਕਿ ਹੁਣ ਅੰਗ੍ਰੇਜ਼ੀ 'ਲੈਟ੍ਰੀਨ' ਵੀ ਭੈੜਾ ਜਾਪਦਾ ਹੈ ਅਤੇ ਇਸਦੀ ਥਾਂ ਵੀ ਬਾਥ-ਰੂਮ ਹੀ ਵਰਤਿਆ ਜਾਂਦਾ ਹੈ। ਸਭਿਆਚਾਰ ਦੇ ਨਾਲ ਨਾਲ ਅਰਥ-ਪਰਿਵਰਤਨ ਦੇ ਅਜੇਹੇ ਅਨੇਕਾਂ ਉਦਾਹਰਣ ਲੱਭੇ ਜਾ ਸਕਦੇ ਹਨ। ਇਸੇ ਤਰ੍ਹਾਂ ਗੁਪਤ-ਅੰਗਾਂ ਤੇ ਗੁਪਤ ਰੋਗਾਂ ਬਾਰੇ ਕੋਈ ਵੀ ਪੰਜਾਬੀ ਰੂਪ ਨਹੀਂ ਵਰਤਦਾ।

(ੲ) ਕੁਝ ਸ਼੍ਰੇਣੀ-ਗਤ ਫਾਰਮੂਲਾ ਟਾਈਪ ਸ਼ਬਦ ਤੇ ਫਿਕਰੇ ਸ਼ਹਿਰੀ ਬਹੁ-ਭਾਸ਼ੀ ਲੋਕਾਂ ਦੇ ਸਭਿਆਚਾਰ ਦਾ ਇੰਨਾ ਗੂਹੜਾ ਅੰਗ ਬਣ ਗਏ ਹਨ ਕਿ ਉਹ ਬਿਨਾਂ ਕਿਸੇ ਜਤਨ ਤੋਂ ਸੁਭਾਵਕ ਹੀ ਵਰਤੋਂ ਵਿਚ ਆ ਜਾਂਦੇ ਹਨ।

(ਸ) ਸਾਡ਼ੇ ਜੀਵਨ ਵਿਚ ਅੰਗ੍ਰੇਜ਼ੀ ਦੀ ਵਰਤੋਂ ਇੰਨੀ ਰਚ ਮਿਚ ਗਈ ਹੈ ਅਤੇ ਇੰਨੀ ਪ੍ਰਧਾਨ ਹੋ ਗਈ ਹੈ ਕਿ ਪੰਜਾਬੀ ਤੋਂ ਅੰਗ੍ਰੇਜ਼ੀ ਵਲ ਕੋਡ-ਪਰਿਵਰਤਨ, ਬਿਨਾਂ ਕਿਸੇ ਉਚੇਚੇ ਜਤਨ ਦੇ ਸੁਭਾਵਕ ਹੀ ਹੋ ਜਾਂਦਾ ਹੈ। "ਪਰੰਤੂ ਇਸ ਤਰ੍ਹਾਂ $ਭ_1$ ਦੇ ਵਾਕਾਂ ਵਿਚ $ਭ_2$ ਦੇ ਸ਼ਬਦਾਂ ਦੀ ਆਮਦ ਕੇਵਲ ਬਹੁ-ਭਾਸ਼ੀ ਸਮਾਜਾਂ ਤੀਕ ਹੀ ਸੀਮਿਤ ਨਹੀਂ। ਇਹ ਹਰ ਦੇਸ਼ ਜਾਂ ਸਮਾਜ ਵਿਚ ਵਾਪਰਨਾ ਜ਼ਰੂਰੀ ਹੈ, ਜਿਥੇ ਬਦੇਸ਼ੀ ਭਾਸ਼ਾ-ਸਮਾਜਕ ਰੁਤਬੇ ਦੀ ਨਿਸ਼ਾਨੀ ਸਮਝੀ ਜਾਂਦੀ ਹੈ ਅਤੇ ਤਕਨੀਕੀ ਸਿਖਿਆ ਹੈ ਜਾਂ ਤਕਨੀਕੀ ਰਜਿਸਟਰ ਵਿਚ ਭਾਸ਼ਾਈ ਪ੍ਰਕਿਰਿਆ ਦਾ ਇਕੋ ਇਕ ਮਾਧਿਅਮ ਹੈ"( M.A.K.Halliday 1964, p.102)।

(ਹ) ਕੋਡ-ਪਰਿਵਰਤਨ ਦਾ ਕੰਟ੍ਰੋਲ ਸੰਦਰਭ ਅਧੀਨ ਹੁੰਦਾ ਹੈ। ਜੇ ਵਾਰਤਾਲਾਪ ਦੇ ਸਾਰੇ ਪਾਤਰ ਅੰਗ੍ਰੇਜ਼ੀ ਵਿਚ ਸੁਸਿਖਿਅਤ ਹੋਣ ਅਤੇ ਭਾਸ਼ਣ ਦੇਣ ਸਮੇਂ ਜਾਂ ਦਫਤਰੀ

ਕਾਰ-ਵਿਹਾਰ ਵਿਚ ਅੰਗ੍ਰੇਜ਼ੀ ਵਰਤਦੇ ਹੋਣ ਤਾਂ ਪੈਟਰਨ ਇਹੀ ਹੋਵੇਗਾ ਕਿ ਸੂਚਨਾ-ਭਰਪੂਰ (Information carrying) ਸ਼ਬਦਾਵਲੀ ਅੰਗ੍ਰੇਜ਼ੀ ਦੀ ਅਤੇ ਵਿਆਕਰਣਕ ਸ਼ਬਦ ਪੰਜਾਬੀ ਦੇ ਹੋਣਗੇ। ਜੇਕਰ ਵਿਸ਼ੇਸ਼ ਤੌਰ ਤੇ ਤਕਨੀਕੀ ਵਿਸ਼ਾ ਹੈ ਤਾਂ ਉਸ ਭਾਸ਼ਾਈ-ਰਜਿਸਟਰ ਦੇ ਸਾਰੇ ਚਿੰਨ੍ਹ ਅੰਗ੍ਰੇਜ਼ੀ ਦੇ ਹੋਣਗੇ।

(ਕ) ਕਿਸੇ ਭਾਸ਼ਾ ਕੋਡ ਵਿਚ ਦੂਸਰੀ ਭਾਸ਼ਾ ਦੇ ਤਕਨੀਕੀ ਸ਼ਬਦਾਂ ਦੀ ਬਹੁਲਤਾ ਦੀ ਨਿਰਭਰਤਾ ਇਸ ਗੱਲ ਉੱਤੇ ਹੁੰਦੀ ਹੈ ਕਿ ਵਕਤੇ ਦੀ ਦੂਸਰੀ ਭਾਸ਼ਾ ਨਾਲ ਕਿੰਨੀ ਕੁ ਮਾਨਸਿਕ, ਭਾਵੁਕ ਤੇ ਬੌਧਿਕ ਸਾਂਝ ਹੈ।

(ਖ) ਭਾਸ਼ਾ-ਪਰਿਵਰਤਨ, ਕੋਡ-ਪਰਿਵਰਤਨ ਜਾਂ ਮਿਸ਼੍ਰਿਤ ਭਾਸ਼ਾ ਦੀ ਵਰਤੋਂ ਵਿਚ ਮਹੱਤਵਪੂਰਨ ਗੱਲ ਇਹ ਨਹੀਂ ਕਿ ਸਥਿਤੀ 'ਤ' ਵਿਚ ਅੰਗ੍ਰੇਜ਼ੀ ਵਰਤੀ ਜਾਂਦੀ ਹੈ ਅਤੇ ਸਥਿਤੀ 'ਥ' ਵਿਚ ਪੰਜਾਬੀ ਜਾਂ ਹਿੰਦੀ, ਸਗੋਂ ਭਾਸ਼ਾਈ ਪਰਿਵਰਤਨ ਦੀ ਦਿਸ਼ਾ ਇਸ ਗੱਲ ਵੱਲ ਵਧੇਰੇ ਹੈ ਕਿ ਆਮ ਸੁਭਾਵਕ ਗੱਲ ਬਾਤ ਵਿਚ ਅੰਗ੍ਰੇਜ਼ੀ ਸ਼ਬਦਾਂ ਦੀ ਬਹੁਲਤਾ ਹੁੰਦੀ ਜਾਂਦੀ ਹੈ। ਇਹ ਵੀ ਅਧਿਐਨ ਦਾ ਇਕ ਮਹੱਤਵਪੂਰਨ ਵਿਸ਼ਾ ਹੈ ਕਿ ਆਮ ਗੱਲ ਬਾਤ ਵਿੱਚ ਅੰਗ੍ਰੇਜ਼ੀ ਦੇ ਕਿੰਨੇ ਕੁ ਸ਼ਬਦ ਵਰਤੇ ਗਏ ਅਤੇ ਕਿਸ ਤਰ੍ਹਾਂ ਉਨ੍ਹਾਂ ਨੂੰ ਪੰਜਾਬੀ ਦੀ ਵਿਆਕਰਣਕ ਬਣਤਰ ਵਿਚ ਢਾਲਣ ਲਈ ਉਨ੍ਹਾਂ ਦੇ ਰੂਪ ਕੁਝ ਵਿਗਾੜ ਲਏ ਗਏ ਹਨ। ਜੇ ਅਸੀਂ ਇਸੇ ਆਧਾਰ 'ਤੇ ਸਾਧਾਰਣ ਸ਼ੈਲੀ ਦਾ ਰੂਪ ਨਿਸ਼ਚਿਤ ਕਰ ਲਈਏ ਤਾਂ ਉਸਦੀ ਤੁਲਨਾ ਕਰਕੇ ਦਸਿਆ ਜਾ ਸਕਦਾ ਹੈ ਕਿ ਕਿਸੇ ਵਿਸ਼ੇਸ਼ ਤਰ੍ਹਾਂ ਦੇ ਵਾਰਤਾਲਾਪ ਦੀ ਸ਼ੈਲੀ ਕਿਹੜੀ ਸਮਾਜਕ ਸ਼੍ਰੇਣੀ ਦਾ ਚਿੰਨ੍ਹ ਹੈ ਜਾਂ ਕਿਹੜੇ ਤਕਨੀਕੀ ਰਜਿਸਟਰ ਦਾ ਹਿੱਸਾ ਹੈ। ਇਸੇ ਆਧਾਰ 'ਤੇ ਪੰਜਾਬੀ ਵਿਚ ਪ੍ਰਚਲਿਤ ਸ਼ੈਲੀ ਵਰਗੇ ਅਸਪਸ਼ਟ ਸੰਕਲਪ ਦੀ ਥਾਂ ਪੰਜਾਬੀ ਦੇ ਵੱਖ ਵੱਖ 'ਰਜਿਸਟਰਾਂ' ਦਾ ਅਧਿਐਨ ਕਰ ਸਕਦੇ ਹਾਂ, ਜਿਵੇਂ ਅਖਬਾਰੀ ਰਜਿਸਟਰ ਵਿਚ ਕਿਹੜੇ ਸ਼ਬਦਾਂ ਦੀ ਬਹੁਲਤਾ ਹੈ? ਵਿਗਿਆਨਕ ਜਾਂ ਤਕਨੀਕੀ ਰਜਿਸਟਰ ਵਿਚ ਕਿਹੜੇ ਸ਼ਬਦਾਂ ਦੀ? ਇਸੇ ਤਰ੍ਹਾਂ ਗੁਮਪਰਜ਼ (1964, p. 123) ਨੇ ਅਧਿਐਨ ਕੀਤਾ ਹੈ ਕਿ ਦਿੱਲੀ ਵਰਗੇ ਅੰਤਰ-ਰਾਸ਼ਟ੍ਰੀ ਸ਼ਹਿਰ ਵਿਚ ਰਹਿਣ ਵਾਲੇ ਕਿਸ ਤਰ੍ਹਾਂ ਹਿੰਦੀ ਤੋਂ ਪੰਜਾਬੀ ਜਾਂ ਦੂਸਰੀ ਦਿਸ਼ਾ ਵਿਚ ਕੋਡ-ਪਰਿਵਰਤਨ ਕਰਦੇ ਰਹਿੰਦੇ ਹਨ ਅਤੇ ਕਿਸ ਤਰ੍ਹਾਂ ਇਹ ਕੋਡ-ਪਰਿਵਰਤਨ ਵਾਲੀ ਸ਼ੈਲੀ ਸਮਾਜਕ ਰੋਲਾਂ ਨਾਲ ਸੰਬੰਧਿਤ ਹੁੰਦੀ ਹੈ। ਦਿੱਲੀ ਵਰਗੇ ਸ਼ਹਿਰ ਵਿਚ ਪੰਜਾਬੀ ਤੋਂ ਹਿੰਦੀ ਵੱਲ ਕੋਡ-ਪਰਿਵਰਤਨ ਇਹ ਵੀ ਦਰਸਾਉਂਦਾ ਹੈ ਕਿ ਸਥਾਪਿਤ ਦੋ-ਭਾਸ਼ੀ ਸਮਾਜਾਂ ਵਿਚ ਦੋ ਵੱਖ ਵੱਖ ਭਾਸ਼ਾਵਾਂ ਆਪੋ ਵਿਚ ਇਸ ਤਰ੍ਹਾਂ ਰਲਦੀਆਂ ਮਿਲਦੀਆਂ ਪ੍ਰਤੀਤ ਹੁੰਦੀਆਂ ਹਨ ਕਿ ਉਨ੍ਹਾਂ ਵਿਚਕਾਰ ਕੋਈ ਰੇਖਾ ਨਹੀਂ ਖਿੱਚੀ ਜਾ ਸਕਦੀ।

(ਗ) ਇਸ ਤਰ੍ਹਾਂ ਭਾਸ਼ਾ ਕੋਡ-ਮਿਸ਼੍ਰਣ ਨਾਲ ਇਕ ਤਾਂ ਪਹਿਲੀ ਭਾਸ਼ਾ ਵਿਚ ਬਹੁਤ ਸਾਰੇ ਨਵੇਂ ਸ਼ਬਦ ਜਾਂ ਵਿਆਕਰਣਕ ਢਾਂਚੇ ਸਮਾ ਜਾਂਦੇ ਹਨ; ਦੂਸਰੇ ਦੋਹਾਂ ਦੀ ਸਾਂਝ ਵਿਚੋਂ ਕੁਝ ਨਵੇਂ ਵਾਕਾਂਸ਼ ਜਾਂ collocations ਸ਼ਬਦਾਂ ਦੀ ਸਹਿਹੋਂਦ ਦੇ ਨਵੇਂ ਰੂਪ ਪੈਦਾ ਹੁੰਦੇ ਹਨ ਜਿਵੇਂ :-ਐਜੂਕੇਸ਼ਨ ਦੇਣੀ, ਫੁਲ ਰਿਕਸ਼ਾ/ਟਾਂਗਾ ਜਾਂ ਟੈਕਸੀ, ਰਿਪੋਰਟ ਕਰਨਾ .... ਆਦਿ। ਇਨ੍ਹਾਂ ਦਾ ਇਕ ਨਿਯਮਿਤ ਪੈਟਰਨ ਇਹ ਹੁੰਦਾ ਹੈ : ਸੰਗਿਆ + ਵਿਸ਼ੇਸ਼ਣ + ਕਰਨਾ /ਬਣਾਉਣਾ/ਹੋਣਾ । ਇਸ ਵਿਚ ਸੰਗਿਆ ਜਾਂ ਵਿਸ਼ੇਸ਼ਣ ਦਾ ਸਥਾਨ ਅੰਗ੍ਰੇਜ਼ੀ ਸ਼ਬਦਾਂ ਨਾਲ ਪੂਰਿਆ ਜਾਂਦਾ ਹੈ।

(ਘ) ਪਹਿਲਾਂ ਵੀ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਮਿਸ਼੍ਰਿਤ ਭਾਸ਼ਾ ਤਾਂ ਅੰਤਰ-ਭਾਸ਼ਾ ਸੰਬੰਧ ਦੀ ਸਥਿਤੀ ਵਿੱਚ ਕੇਵਲ ਇਕ ਗੌਣ ਉਪਜ ਹੀ ਹੁੰਦੀ ਹੈ। ਪਰੰਤੂ, ਇਥੇ ਇਹ ਵੀ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਜਿਨ੍ਹਾਂ ਸਥਿਤੀਆ ਵਿਚ ਭ$_1$ (ਮਾਤ-ਭਾਸ਼ਾ) ਦੀ ਵਰਤੋਂ ਠੀਕ ਤਰ੍ਹਾਂ ਹੋ ਸਕਦੀ ਹੈ, ਉਥੇ ਭ$_1$ ਦੀ ਵਰਤੋਂ ਜਾਂ ਭ$_1$ ਦੀ ਪ੍ਰਧਾਨਤਾ ਕੇਵਲ ਭ$_1$ ਦੇ ਵਿਕਾਸ ਵਿਚ ਬੜੀ ਵੱਡੀ ਰੁਕਾਵਟ ਦਾ ਸਾਧਨ ਬਣਦੀ ਹੈ। ਇਸ ਤਰ੍ਹਾਂ ਭ$_1$ ਕਦੇ ਆਪਣੇ ਸੰਬੰਧਿਤ ਸਮਾਜ ਜਾਂ ਜਾਤੀ ਵਿਚ ਆਪਣਾ ਰੁਤਬਾ/ਦਰਜਾ ਕਾਇਮ ਨਹੀਂ ਕਰ ਸਕਦੀ। ਇਸਤੋਂ ਬਿਨਾਂ ਵਿਅਕਤੀਗਤ ਪੱਧਰ 'ਤੇ ਮਿਸ਼੍ਰਿਤ ਭਾਸ਼ਾ ਦੇ ਵਰਤਣ ਵਾਲਿਆਂ ਦੇ ਮਨ ਵਿੱਚ ਮਨੋ-ਸਮਾਜਕ ਜਟਿਲਤਾ ਪੈਦਾ ਕਰਦੀ ਹੈ। ਜੇਕਰ ਭ$_1$ ਦੇ ਬੁਲਾਰੇ ਕਿਸੇ ਸਥਿਤੀ ਵਿਚ ਭ$_1$ ਦੀ ਯੋਗਤਾ ਦੇ ਬਾਵਜੂਦ ਭ$_1$ ਵਰਤਣ ਤੋਂ ਸੰਕੋਚ ਕਰਦੇ ਹਨ ਜਾਂ ਸ਼ਰਮ ਮਹਿਸੂਸ ਕਰਦੇ ਹਨ, ਤਾਂ ਸਪਸ਼ਟ ਹੈ ਕਿ ਉਨ੍ਹਾਂ ਦੇ ਮਨੁੱਖੀ ਮਨ 'ਤੇ ਕੋਈ ਸੱਟ ਵੱਜੀ ਹੈ ਅਤੇ ਉਹ ਇਕ ਤਰ੍ਹਾਂ ਦੇ ਹੀਣਤਾ ਭਾਵ ਦੇ ਸ਼ਿਕਾਰ ਹਨ।

## NOTES AND REFERENCES

1. "Role is defined as a complex coding activity controlling the creation and organisation of specific meanings and the conditions for their transmission and reception"-Bernstein,1972, p.158.

2.I have profited from extensive discussions with Professor S.K. Verma (Central Institute of English, Hyderabad) and Professor Piar Singh (Guru nanak Universiuty, Amritsar).

## BIBLIOGRAPHY

Bernstein,B. " Social Class, Language, and Socialisation" language and Social Context,(ed.P.P.Giglioli), (Penguin Books), 1972.

Ervin-Tripp, S.M. " An analysis of the Interaction of language, topic and listener" Readings in the socilogy of language, (ed. J.A. Fish-man), (Mouton and co.),1970.

" Domains and the relationship between Micro and Macro-Sociolinguistics." Directios in Socio-linguistics, (eds. Gumpers and Hymes), Holt, Rinehart & Winston, 1972.

Firth, J.R. " The Tongues of Man", The Tongues of Men and speech, (OUP), 1964.

Gumperz,J.J. " Hindi-Punjabi Code-Switching ", Proceedings of the Ninth International Congress of Linguistics,( Mouton & co.), 1964.

Gupta, Jyotinder Das and John, J.Gumperz, " Language Communication & control in North India, " Language Problems of developing Nations ( eds. J.A. Fishman etal) John Wiley & Sons, 1968.

Hymes, D, "Models of the Interaction of Language and social setting". J.Soc. Issues,Vol.XXIII, No. 2,1967.

Lawton, Denis, social class, language and Education, Routledge and Kegan Paul, 1968.

Macky, W.F. " The Description of Billingualism", Readings in the Sociology of Language ,( ed. J.A.Fishman), 1970.

Verma,S.K. " Towards a Linguistic Anlaysis of Registral Features", Acta Linguistica, (Budapest), XIX, 3-4 1969.

**PUNJABI :**

Gargi, Balwant,Kesro, (Punjabi sahit parkashan), 1968,(reprinted)

## ਪਰਮਜੀਤ ਸਿੰਘ ਸਿੱਧੂ

ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਡਾ. ਪਰਮਜੀਤ ਸਿੰਘ ਸਿੱਧੂ ਹੋਰਾਂ ਦਾ ਨਾਂ ਉੱਘਾ ਤੇ ਵਰਨਣਯੋਗ ਹੈ। ਉਨ੍ਹਾਂ ਨੇ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਤੇ ਵਿਸ਼ੇਸ਼ ਕਰਕੇ ਮਾਨਵ ਵਿਗਿਆਨਕ ਭਾਸ਼ਾ ਵਿਗਿਆਨ, ਜੁਗਤ ਭਾਸ਼ਾ ਵਿਗਿਆਨ, ਕੋਸ਼ਕਾਰੀ ਤੇ ਸਾਹਿਤ ਪਾਠਾਂ (ਆਧੁਨਿਕ ਤੇ ਮੱਧਕਾਲੀ) ਦੇ ਭਾਸ਼ਾਈ ਅਧਿਐਨ ਦੇ ਖੇਤਰ ਵਿੱਚ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਦਾ ਜਨਮ 2 ਫਰਵਰੀ 1952 ਨੂੰ ਹੋਇਆ। ਮੁੱਢਲੀ ਸਿੱਖਿਆ ਉਨ੍ਹਾਂ ਨੇ ਪਟਿਆਲੇ ਵਿੱਚ ਹਾਸਲ ਕੀਤੀ। 1974 ਵਿੱਚ ਮਾਨਵ ਵਿਗਿਆਨਕ ਭਾਸ਼ਾ ਵਿਗਿਆਨ ਵਿੱਚ ਐਮ.ਏ. ਤੇ 1978 ਵਿੱਚ ਭਾਸ਼ਾ ਵਿਗਿਆਨ 'ਤੇ ਪੀ-ਐਚ. ਡੀ. ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। 1978 ਵਿੱਚ ਆਪ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਬਤੌਰ ਲੈਕਚਰਾਰ ਨਿਯੁਕਤ ਹੋਏ, ਜਿਥੇ ਹੁਣ ਸੀਨੀਅਰ ਪ੍ਰੋਫੈਸਰ ਵਜੋਂ ਸੇਵਾ ਨਿਭਾ ਰਹੇ ਹਨ। ਆਪ ਜੀ ਦੀਆਂ ਪ੍ਰਸਿੱਧ ਪੁਸਤਕਾਂ ਵਿੱਚ, 'ਮਾਨਵ ਵਿਗਿਆਨਕ ਭਾਸ਼ਾ ਵਿਗਿਆਨ', 'ਕੋਸ਼ਕਾਰੀ ਕਲਾ ਅਤੇ ਪੰਜਾਬੀ ਕੋਸ਼ਕਾਰੀ', 'ਪੰਜਾਬੀ ਵਾਕੰਸ਼ ਜੁਗਤ' ਅਤੇ ਰਮਨਜੋਤ ਕੌਰ ਨਾਲ ਸਹਿ ਸੰਪਾਦਤ ਪੁਸਤਕ 'ਸੁਖਮਨੀ ਸਾਹਿਬ ਪ੍ਰਵਚਨ ਤੇ ਪਾਸਾਰ' ਸ਼ਾਮਲ ਹਨ। ਆਪ ਨੇ ਕੁਝ ਪਾਠ ਪੁਸਤਕਾਂ ਵੀ ਸੰਪਾਦਤ ਕੀਤੀਆਂ ਹਨ- ਜਿਨ੍ਹਾਂ ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਪ੍ਰਕਾਸ਼ਤ ਪੁਸਤਕ 'ਗੁਰਮਤ ਤੇ ਸੂਫੀ ਕਾਵਿ' ਤੇ ਡਾ. ਜੋਗਿੰਦਰ ਸਿੰਘ ਪੁਆਰ ਨਾਲ ਮਿਲ ਕੇ ਸੰਪਾਦਤ ਕੀਤੀ 'ਪੰਜਾਬੀ ਵਾਰਤਕ' ਪੁਸਤਕ ਸ਼ਾਮਲ ਹੈ, ਜਿਸਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ। ਹੁਣ ਤੱਕ ਇਨ੍ਹਾਂ ਦੀ ਨਿਗਰਾਨੀ ਹੇਠ 7 ਵਿਦਿਆਰਥੀ ਪੀ-ਐਚ.ਡੀ. ਤੇ 28 ਵਿਦਿਆਰਥੀ ਐਮ.ਫਿਲ. ਦੀ ਡਿਗਰੀ ਲਈ ਖੋਜ ਕਰ ਚੁੱਕੇ ਹਨ। ਪੰਜਾਬੀ ਵਿੱਚ ਡਾ. ਸਿੱਧੂ ਹੁਣ ਤੱਕ ਤਿੰਨ ਰਿਫਰੈਸ਼ਰ ਕੋਰਸ ਤੇ ਸੱਤ ਸੈਮੀਨਾਰਾਂ ਦਾ ਆਯੋਜਨ ਕਰ ਚੁੱਕੇ ਹਨ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾਇਰੈਕਟਰ ਡਿਸਟੈਂਸ ਐਜੂਕੇਸ਼ਨ ਰਹਿ ਚੁੱਕੇ ਹਨ ਤੇ ਅੱਜ ਕੱਲ੍ਹ ਉਥੇ ਹੀ ਏ.ਆਈ.ਐਸ. ਟਰੇਨਿੰਗ ਸੈਂਟਰ ਦੇ ਡਾਇਰੈਕਟਰ ਹਨ। ਪੰਜਾਬੀ ਭਾਸ਼ਾ ਅਕਾਦਮੀ ਦੇ ਅਜੀਵਨ ਮੈਂਬਰ ਹਨ। ਪੰਜਾਬੀ ਅਧਿਐਨ ਸਕੂਲ ਵਿੱਚ ਯੂ. ਜੀ. ਸੀ. ਦੀ ਸੈਪ ਸਕੀਮ ਦੇ ਕੋ-ਆਰਡੀਨੇਟਰ ਹਨ, ਜਿਸ ਅਧੀਨ ਵੱਡੀ ਗ੍ਰਾਂਟ ਪ੍ਰਾਪਤ ਕਰਕੇ ਪੰਜਾਬੀ ਭਾਸ਼ਾ ਦੀ ਖੋਜ ਨੂੰ ਸੇਧ ਦੇ ਰਹੇ ਹਨ। ਅਨੇਕਾਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਸ਼ਿਰਕਤ ਕਰ ਚੁੱਕੇ ਹਨ।

# 6

# ੳ ਅ ੲ ਤੇ ਗੁਰਮੁਖੀ

ਪੰਜਾਬੀ ਦੇ ਭਾਸ਼ਾ-ਵਿਗਿਆਨਕ ਅਧਿਐਨ ਲਈ ਵਧੇਰੇ ਕਰਕੇ ਤੁਲਨਾਤਮਕ ਅਤੇ ਇਤਿਹਾਸਕ ਅਧਿਐਨ ਵਿਧੀ ਦੀ ਵਰਤੋਂ ਹੀ ਕੀਤੀ ਗਈ ਹੈ। ਨਤੀਜੇ ਵਜੋਂ ਜਿੱਥੇ ਸਾਡੇ ਕੋਲ ਪੰਜਾਬੀ ਦੇ ਵਿਕਾਸ ਦੇ ਪੜਾ, ਪੰਜਾਬੀ ਦੀ ਪ੍ਰਾਚੀਨਤਾ, ਪੰਜਾਬੀ ਦੇ ਸੋਮੇਂ, ਪੰਜਾਬੀ ਉੱਤੇ ਗੁਆਂਢੀ ਤੇ ਵਿਦੇਸ਼ੀ ਭਾਸ਼ਾਵਾਂ ਦੇ ਪ੍ਰਭਾਵ ਆਦਿ ਵਿਸ਼ਿਆਂ ਬਾਰੇ ਕਾਫੀ ਸਾਮ੍ਰਗੀ ਮਿਲਦੀ ਹੈ, ਉਥੇ ਇਸੇ ਤਰ੍ਹਾਂ ਦਾ ਕੰਮ ਗੁਰਮੁਖੀ ਲਿੱਪੀ ਬਾਰੇ ਵੀ ਪ੍ਰਾਪਤ ਹੈ ਅਰਥਾਤ ਗੁਰਮੁਖੀ ਦੀ ਪ੍ਰਾਚੀਨਤਾ, ਗੁਰਮੁਖੀ ਸਿੱਖ ਗੁਰੂਆਂ ਦੀ ਸਿਰਜਣਾ ਹੈ ਜਾਂ ਨਹੀਂ, ਗੁਰਮੁਖੀ ਦਾ ਵਿਕਾਸ, ਗੁਰਮੁਖੀ ਹੀ ਪੰਜਾਬੀ ਲਈ ਢੁਕਵੀਂ ਹੈ, ਆਦਿ। ਪੰਜਾਬੀ ਅਤੇ ਗੁਰਮੁਖੀ ਸੰਬੰਧੀ ਇਸ ਤਰ੍ਹਾਂ ਦਾ ਅਧਿਐਨ ਕਾਫੀ ਹੱਦ ਤਕ ਭਾਸ਼ਾ-ਸ਼ਾਸਤਰ (Philology) ਤੋਂ ਮਗਰੋਂ ਤੁਲਨਾਤਮਕ ਅਤੇ ਇਤਿਹਾਸਕ ਭਾਸ਼ਾ-ਵਿਗਿਆਨ ਅਤੇ ਬਾਅਦ ਵਿਚ ਆਧੁਨਿਕ ਭਾਸ਼ਾ-ਵਿਗਿਆਨ ਹੋਂਦ ਵਿਚ ਆਇਆ, ਉਸੇ ਤਰ੍ਹਾਂ ਪੰਜਾਬੀ ਦੇ ਉਪਰੋਕਤ ਤਰ੍ਹਾਂ ਦੇ ਅਧਿਐਨਾਂ ਮਗਰੋਂ ਕੁਝ ਕੁ ਪਿਛਲੇ ਅਧਿਐਨ (Ahmed I,1963 ; Gill. H.S., 1969 ; Sandhu, B.S., 1968 ; Joshi, S.S., 1978 ; Puar, J.S., 1979 ਆਦਿ) ਆਧੁਨਿਕ ਭਾਸ਼ਾ-ਵਿਗਿਆਨ ਦੀ ਸੋਚ ਦੇ ਨਤੀਜੇ ਵਜੋਂ ਹੋਂਦ ਵਿਚ ਆਏ ਹਨ। ਪਰੰਤੂ ਗੁਰਮੁਖੀ ਲਿੱਪੀ ਬਾਰੇ "ਨਵੀਂ ਸੋਚ" ਤੇ ਆਧਾਰਿਤ ਕੋਈ ਵੀ ਅਜੇਹਾ ਅਧਿਐਨ ਨਹੀਂ ਮਿਲਦਾ, ਜਿਸ ਵਿਚ ਗੁਰਮੁਖੀ ਨੂੰ 'ਸਮੁੱਚ' ਮੰਨ ਕੇ, ਇਸ ਦਾ ਅਧਿਐਨ ਕੀਤਾ ਗਿਆ ਹੋਵੇ। ਹੱਥਲੇ ਖੋਜ-ਪੱਤਰ ਵਿਚ ਅਸੀਂ ਗੁਰਮੁਖੀ ਦੇ ਪਹਿਲੇ ਤਿੰਨ ਵਰਣਾਂ ਜਾਂ ਚਿੰਨ੍ਹਾਂ ਅਰਥਾਤ 'ੳ ਅ ੲ' ਨੂੰ ਸਮੁੱਚੀ ਵਰਣਮਾਲਾ ਨਾਲ ਸੰਬੰਧਿਤ ਕਰ ਕੇ ਵੇਖਣ ਦਾ ਯਤਨ ਕਰ ਰਹੇ ਹਾਂ।

ਲਿੱਪੀ ਦੇ ਅਧਿਐਨ ਵਿਚ ਵਰਣਮਾਲਾ ਆਪਣੇ ਆਪ ਵਿਚ ਇਕ ਇਕਾਈ ਹੈ, ਜਿਸ ਦਾ ਸਮੁੱਚ ਵਜੋਂ ਵੀ ਅਧਿਐਨ ਕੀਤਾ ਜਾ ਸਕਦਾ ਹੈ। ਸਾਡੇ ਵਿਚਾਰ ਅਨੁਸਾਰ ਵਰਣਾਂ ਨੂੰ ਜੋੜਨ ਅਰਥਾਤ ਸ਼ਬਦ-ਜੋੜਾਂ ਦੇ ਨਿਯਮਾਂ ਦਾ, ਉਚਾਰਣ ਤੇ ਆਪਸੀ ਸੰਬੰਧ ਦਾ ਅਤੇ ਇਨ੍ਹਾਂ ਵਰਣਾਂ ਦਾ ਇਤਿਹਾਸਕ ਅਧਿਐਨ, ਲਿੱਪੀ ਦੇ ਅਧਿਐਨ ਅਧੀਨ ਹੀ ਆਉਂਦਾ ਹੈ। ਇਥੇ ਅਸੀਂ ਗੁਰਮੁਖੀ ਵਰਣਮਾਲਾ ਦੇ ਸਮੁੱਚ ਵਿਚਲੀ ਇਕ ਛੋਟੀ ਇਕਾਈ ਅਰਥਾਤ ਪਹਿਲੇ ਤਿੰਨ ਵਰਣਾਂ ਨੂੰ ਲੈ ਰਹੇ ਹਾਂ। ਇਹ ਤਿੰਨੇ ਵਰਣ, ਭਾਵੇਂ ਗੁਰਮੁਖੀ ਵਰਣਮਾਲਾ ਦੇ ਸਮੁੱਚ ਨਾਲ ਸੰਬੰਧਿਤ ਹਨ, ਪਰ ਫਿਰ ਵੀ ਆਪਣੀ ਪ੍ਰਕ੍ਰਿਤੀ ਅਤੇ ਕਾਰਜ ਅਨੁਸਾਰ ਵੱਖਰੀ ਹੋਂਦ ਵੀ ਰੱਖਦੇ ਹਨ। ਆਪਸੀ ਸਾਂਝ ਸਦਕਾ ਇਨ੍ਹਾਂ ਨੂੰ, ਬਾਕੀ ਵਰਣਾਂ ਦੇ ਮੁਕਾਬਲੇ, ਇਕ ਇਕਾਈ ਮੰਨਿਆ ਜਾ ਸਕਦਾ ਹੈ।

ਅਸੀਂ ਊੜਾ (ੳ), ਆੜਾ/ਐੜਾ (ਅ) ਅਤੇ ਈੜੀ (ੲ) ਨੂੰ ਇਕ ਇਕਾਈ ਮੰਨਿਆ ਹੈ।

ਗੁਰਮੁਖੀ ਸੰਬੰਧੀ ਪ੍ਰਾਪਤ ਲਗਭਗ ਸਾਰੇ ਅਧਿਐਨਾਂ ਵਿਚ ਹੀ, ਇਸ ਇਕਾਈ ਬਾਰੇ, ਥੋੜ੍ਹਾ-ਬਹੁਤ ਜਿਕਰ ਮਿਲਦਾ ਹੈ। ਇਸ ਨੂੰ ਸੂਰ ( ਪ੍ਰੀਤਮ ਸਿੰਘ, 1970,ਪੰ.315), ਸੂਰ ਵਰਣ (ਗੁਰਦੇਵ ਸਿੰਘ, 1971, ਪੰ. 33), ਸੂਰ ਅੱਖਰ ( ਜੀ.ਬੀ. ਸਿੰਘ, 1972, ਪੰ. 106 ਅਤੇ ਬ. ਰ. ਗੁਪਤਾ, 1981,ਪੰ.110), ਸੂਰ-ਵਾਹਕ vowel bearer (ਗਿੱਲ, ਹਰਜੀਤ ਸਿੰਘ, 1972, ਪੰ. 9 ਅਤੇ ਮੀਜ਼ੋਕਾਮੀ, ਤੋਮੀਓ,1981, ਪੰ. 3); ਸੂਰ-ਸਵਾਰੀ ਲਿਪਾਂਕ (ਅਗਨੀਹੋਤਰੀ, 1981, ਪੰ. 125) ਆਦਿ ਵੱਖੋ ਵੱਖਰੇ ਨਾਵਾਂ ਨਾਲ ਵਰਣਨ ਕੀਤਾ ਗਿਆ ਹੈ। ਇਨ੍ਹਾਂ ਨਾਵਾਂ ਤੋਂ, ਇਸ ਇਕਾਈ ਸੰਬੰਧੀ, ਇਨ੍ਹਾਂ ਅਧਿਐਨਾਂ ਵਿਚ ਪ੍ਰਾਪਤ ਅਸਪਸ਼ਟਤਾ, ਨਿੱਖਰ ਕੇ ਸਾਮ੍ਹਣੇ ਆਉਂਦੀ ਹੈ। ਸਾਡੇ ਵਿਚਾਰ ਅਨੁਸਾਰ ਸ਼ਾਇਦ ਇਸ ਦਾ ਇਕ ਕਾਰਣ ਤਾਂ ਇਹ ਹੈ ਕਿ ਇਨ੍ਹਾਂ ਅਧਿਐਨਾਂ ਵਿਚ, ਇਸ ਇਕਾਈ ਦੀ ਪ੍ਰਕ੍ਰਿਤੀ ਅਤੇ ਵਰਤੋਂ ਨੂੰ ਵੇਖਣ ਦਾ ਯਤਨ ਨਹੀਂ ਕੀਤਾ ਗਿਆ ਅਤੇ ਦੂਜਾ ਉਪਰੋਕਤ ਬਹੁਤੇ ਅਧਿਐਨਾਂ ਵਿਚ ਪ੍ਰਚਲਿਤ ਭਾਸ਼ਾ-ਵਿਗਿਆਨਕ ਵਿਧੀ ਅਨੁਸਾਰ, ਸਿਰਫ ਇਤਿਹਾਸਕ ਪਿਛੋਕੜ ਲੱਭਣ ਦਾ ਹੀ ਯਤਨ ਕੀਤਾ ਗਿਆ ਹੈ। ਨਤੀਜੇ ਵਜੋਂ ਗੁਰਮੁਖੀ ਜਾਂ ਪੈਂਤੀ ਦੇ ਊੜੇ 'ੳ' ਨਾਲ ਸ਼ੁਰੂ ਹੋਣ ਦੇ ਕਾਰਣਾਂ ਵਿਚ 'ਇਸ ਦਾ 'ਓਮ' ਵਿਚ ਆਉਣਾ' (ਜੀ.ਬੀ.ਸਿੰਘ, 1972, ਪੰ. 106), "ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲਾਂ ਅੱਖਰ ੳ ਦਾ ਹੋਣਾ" (ਪ੍ਰੀਤਮ ਸਿੰਘ, 1970, ਪੰ. 312), "ੳ ਦੇ ਅਰਦਾਸ ਦਾ ਸੂਚਕ ਹੋਣਾ" (ਗੁਪਤਾ, 1981 ਪੰ. 11) ਆਦਿ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਅਸੀਂ ਇਨ੍ਹਾਂ ਨੂੰ ਇਤਿਹਾਸਕ ਅਧਿਐਨ ਦੀ ਵਿਗਿਆਨਕ ਗਵਾਹੀ ਮੰਨਣ ਬਾਰੇ ਸਹਿਮਤ ਨਹੀਂ। ਇਸ ਦੇ ਮੁਕਾਬਲੇ ਪ੍ਰੋ. ਪ੍ਰੀਤਮ ਸਿੰਘ (1970) ਦਾ ਇਹ ਮਤ ਵਧੇਰੇ ਸਹੀ ਅਤੇ ਵਿਗਿਆਨਕ ਲਗਦਾ ਹੈ ਕਿ " ਚੰਬੇ ਤੋਂ ਮਿਲੇ ਸ਼ਿਲਾਲੇਖਾਂ ਅਤੇ ਤਿਮਾਰ ਪੱਤਰਾਂ ਵਿਚ, ਓਮ ਊੜੇ ਨਾਲ ਲਿਖਿਆ ਮਿਲਦਾ ਹੋਣ ਕਰ ਕੇ (ਪੰ.312) ਅਤੇ ਪੰਜਾਬ ਦੀਆ ਸਥਾਨਕ ਲਿੱਪੀਆਂ ਵਿਚ 'ੳ' ਲਿੱਪੀ ਦੇ ਮੁੱਢ ਵਿਚ ਆਉਂਦਾ ਹੋਣ ਕਰਕੇ" (ਪੰ. 313) ਗੁਰਮੁਖੀ ਵੀ 'ੳ' ਨਾਲ ਹੀ ਸ਼ੁਰੂ ਹੁੰਦੀ ਹੈ। ਇਨ੍ਹਾਂ ਪ੍ਰਾਪਤ ਅਧਿਐਨਾਂ ਦੇ ਆਧਾਰ ਤੇ ਅਸੀਂ ਇਹ ਮੰਨ ਲੈਂਦੇ ਹਾਂ ਕਿ ਭਾਵੇਂ ਗੁਰਮੁਖੀ ਦੇ ਇਤਿਹਾਸਕ ਵਿਕਾਸ ਦੀ ਕਾਫੀ ਚਰਚਾ ਮਿਲ ਜਾਂਦੀ ਹੈ, ਪਰ ਫਿਰ ਵੀ ਇਨ੍ਹਾਂ ਦੀ ਸਾਰਥਕਤਾ ਸੰਬੰਧੀ ਵਿਸਥਾਰ ਨਾਲ ਇਕ ਵੱਖਰੇ ਖੋਜ-ਪੱਤਰ ਵਿਚ ਵਿਚਾਰ ਕੀਤੀ ਜਾ ਸਕਦੀ ਹੈ। ਇਥੇ ਅਸੀਂ ਪੰਜਾਬੀ ਉਚਾਰਣ ਤੇ ਗੁਰਮੁਖੀ ਦੇ ਆਪਸੀ ਸੰਬੰਧ ਅਤੇ ਪੰਜਾਬੀ ਲਿਖਣ-ਕਲਾ ਦੇ ਨਿਯਮਾਂ ਦੇ ਆਧਾਰ ਉੱਤੇ 'ੳ ਅ ੲ' ਦੀ ਪ੍ਰਕ੍ਰਿਤੀ ਨਿਸਚਿਤ ਕਰਨ ਦਾ ਯਤਨ ਕਰਾਂਗੇ।

" ਤਕਰੀਬਨ ਸਾਰੀਆਂ ਹੀ ਭਾਰਤੀ ਲਿੱਪੀਆਂ ਵਿਚ ਸੂਰ ਨਾਲ ਸ਼ੁਰੂ ਹੋਣ ਵਾਲੇ ਉਚਾਰ-ਖੰਡ (syllable) ਨੂੰ ਲਿਖਣ ਲਈ 'ਵਿਸ਼ੇਸ਼ ਚਿੰਨ੍ਹਾਂ' ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਬਾਕੀ ਥਾਵਾਂ ਤੇ ਸੂਰਾਂ ਦੇ ਉੱਚਾਰਣ ਨੂੰ ਅੰਕਿਤ ਕਰਨ ਲਈ ਸਹਾਇਕ (auxlliary) ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ" (Jensen, H, 1970, P. 361)। ਭਾਰਤੀ ਲਿੱਪੀਆਂ ਦੀ ਇਸ ਪ੍ਰਕ੍ਰਿਤੀ ਅਨੁਸਾਰ ਇਹ ਵੇਖਿਆ ਜਾਂਦਾ ਹੈ ਕਿ "ਮੁਕਤਾ /ə/ ਸੂਰ ਨੂੰ ਛੱਡ ਕੇ ਬਾਕੀ ਸਾਰੇ ਪੰਜਾਬੀ ਸੂਰਾਂ ਨੂੰ ਗੁਰਮੁਖੀ ਵਿਚ ਜਿਨ੍ਹਾਂ ਸਹਾਇਕ ਚਿੰਨ੍ਹਾਂ ਨਾਲ ਲਿਖਿਆ ਜਾਂਦਾ ਹੈ, ਉਨ੍ਹਾਂ ਨੂੰ ਲਗਾਂ-ਮਾਤ੍ਰਾਂ ਕਹਿੰਦੇ ਹਨ। ਇਹ ਚਿੰਨ੍ਹ ਉਨ੍ਹਾਂ ਚਿੰਨ੍ਹਾਂ ਦੇ ਆਲੇ ਦੁਆਲੇ (ਹੇਠਾਂ, ਉੱਤੇ, ਸੱਜੇ, ਖੱਬੇ) ਲਿਖੇ ਜਾਂਦੇ ਹਨ, ਜਿਨ੍ਹਾਂ ਨੂੰ ਪੰਜਾਬੀ ਵਿਅੰਜਨਾਂ ਨੂੰ ਅੰਕਿਤ ਕਰਨ ਲਈ ਲਿਖਿਆ ਜਾਂਦਾ ਹੈ। ਜਦੋਂ ਪੰਜਾਬੀ ਉੱਚਾਰਣ ਵਿਚ ਸੂਰ ਤੋਂ ਪਹਿਲਾਂ ਵਿਅੰਜਨ ਨਾ ਆਵੇ ਤਾਂ ਸੂਰ ਨੂੰ ਅੰਕਿਤ ਕਰਨ ਲਈ ਤਿੰਨਾਂ ਸੂਰ-ਵਾਹਕਾਂ (vowel bearers) ਵਿਚੋਂ ਇਕ ਨੂੰ ਵਰਤਿਆ ਜਾਂਦਾ ਹੈ। ਸੂਰ-ਵਾਹਕ ਗੁਰਮੁਖੀ ਦੇ ਉਹ ਚਿੰਨ੍ਹ ਹਨ ਜਿਹੜੇ ਸ਼ਕਲ ਸੂਰਤ ਅਤੇ ਆਕਾਰ ਪੱਖੋਂ ਵਿਅੰਜਨਾਂ ਨੂੰ ਅੰਕਿਤ ਕਰਨ ਵਾਲੇ ਚਿੰਨਾਂ ਨਾਲ ਮਿਲਦੇ ਜੁਲਦੇ ਹਨ" (Gill, H.S., 1972 ਪੰ : 9)। ਗੁਰਮੁਖੀ ਦੇ ਇਨ੍ਹਾਂ ਸੂਰ-ਵਾਹਕਾਂ ਨੂੰ ਊੜਾ (ੳ), ਆੜਾ/ਐੜਾ (ਅ) ਅਤੇ ਈੜੀ (ੲ) ਕਿਹਾ ਜਾਂਦਾ ਹੈ। ਭਾਵੇਂ ਪੁਰਾਣੀਆਂ ਹੱਥ ਲਿਖਤਾਂ ਵਿਚ, ਜਿਥੇ ਗੁਰਮੁਖੀ ਦਾ ਜ਼ਿਕਰ ਆਇਆ ਹੈ, ਉਥੇ ਇਨ੍ਹਾਂ ਤਿੰਨਾਂ ਦੀ ਆਪਸੀ ਸਥਿਤੀ (ਪ੍ਰੀਤਮ

ਸਿੰਘ, 1970, ਪੰ. 305; ਗੁਰਦੇਵ ਸਿੰਘ, 1971, ਪੰ, 45) ਕੋਈ ਵੀ ਹੋਵੇ, ਪਰ ਅੱਜ ਕਲ ਪ੍ਰਾਪਤ ਗੁਰਮੁਖੀ ਵਰਣਮਾਲਾ ਜਾਂ ਪੈਂਤੀ 'ੳ', 'ਅ', 'ੲ' ਤੋਂ ਹੀ ਸ਼ੁਰੂ ਹੁੰਦੀ ਹੈ। ਇਨ੍ਹਾਂ ਤਿੰਨਾਂ ਤੋਂ ਬਿਨਾਂ ਸੈਂਤੀ ਚਿੰਨ੍ਹ ਅਜੋਕੀ ਪੰਜਾਬੀ ਦੇ ਵਿਅੰਜਨੀ ਉੱਚਾਰਣ ਨੂੰ ਲਿਖਣ ਲਈ ਵਰਤੇ ਜਾਂਦੇ ਹਨ। ਪਹਿਲਾਂ ਗੁਰਮੁਖੀ ਵਰਣਮਾਲਾ ਵਿਚ ਸਿਰਫ ਪੈਂਤੀ ਚਿੰਨ੍ਹ ਸਨ, ਬਾਅਦ ਵਿਚ ਫ਼ਾਰਸੀ ਮੂਲ ਵਾਲੇ ਅਤੇ ਰਗੜਵੀਆਂ (fricatives) ਧੁਨੀਆਂ ਦੇ ਉੱਚਾਰਣ ਵਾਲੇ ਵਿਅੰਜਨਾਂ ਨੂੰ ਅੰਕਿਤ ਕਰਨ ਲਈ, ਇਕ ਸਤਰ ਹੋਰ ਜੋੜ ਲਈ ਗਈ ਹੈ। ਜੇ ਅਸੀਂ ਗੁਰਮੁਖੀ ਦੇ ਚਿੰਨ੍ਹਾਂ ਦਾ ਚਾਰਟ ਬਣਾਉਣਾ ਹੋਵੇ ਤਾਂ ਸਾਨੂੰ ਲਗਾਂ-ਮਾਤ੍ਰਾਂ ਲਈ ਨੌਂ ਚਿੰਨ੍ਹਾਂ ਕੰਨਾ, ( ਾ ), ਸਿਹਾਰੀ ( ਿ ), ਬਿਹਾਰੀ ( ੀ ), ਲਾਂ ( ੇ ), ਦੁਲਾਵਾਂ ( ੈ ), ਔਂਕੜ ( ੁ ), ਦੁਲੈਂਕੜ ( ੂ ), ਹੋੜਾ ( ੋ ), ਕਨੌੜਾ ( ੌ ) ਨੂੰ ਵੀ ਸ਼ਾਮਿਲ ਕਰਨਾ ਪਵੇਗਾ। ਇਸ ਤਰ੍ਹਾਂ ਗੁਰਮੁਖੀ ਦੇ ਕੁਲ 49 ਚਿੰਨ੍ਹ ਬਣ ਜਾਂਦੇ ਹਨ।

ਇਥੇ ਅਸੀਂ ਸਿਰਫ 'ੳ', 'ਅ', 'ੲ' ਨੂੰ ਹੀ ਲੈ ਰਹੇ ਹਨ। ਇਨ੍ਹਾਂ ਤਿੰਨਾਂ ਚਿੰਨ੍ਹਾਂ ਨੂੰ ਕਿਉਂਕਿ, ਵਿਸ਼ੇਸ਼ ਸਥਿਤੀਆਂ ਵਿਚ ਸੁਰ ਅੰਕਿਤ ਕਰਨ ਲਈ ਹੀ ਵਰਤਿਆ ਜਾਂਦਾ ਹੈ ਅਤੇ ਸੁਰਾਂ ਨੂੰ ਅੰਕਿਤ ਕਰਨ ਵਾਲੇ ਚਿੰਨ੍ਹਾਂ ਨੂੰ ਲਗਾਂ-ਮਾਤ੍ਰਾਂ ਕਿਹਾ ਜਾਂਦਾ ਹੈ, ਇਸ ਲਈ ਇਨ੍ਹਾਂ ਨਾਲ ਲਗਾਂ ਮਾਤ੍ਰਾਂ ਨੂੰ ਵੀ ਸੰਬੰਧਿਤ ਕਰਕੇ ਵੇਖਿਆ ਜਾਵੇਗਾ। ਗੁਰਮੁਖੀ ਦੀ ਵਰਣਮਾਲਾ ਵਿਚ ਕੁਝ ਛੋਟਾਂ (exceptions) ਨੂੰ (ਪਹਿਲੀ ਪੰਕਤੀ) ਛੱਡ ਕੇ ਬਾਕੀ ਸਾਰੇ ਚਿੰਨ੍ਹਾਂ ਨੂੰ ਇਸ ਤਰ੍ਹਾਂ ਕ੍ਰਮਵਾਰ ਰੱਖਿਆ ਗਿਆ ਹੈ ਕਿ ਪਹਿਲਾਂ ਮੂੰਹ-ਪੋਲ ਦੇ ਪਿਛਲੇ ਹਿੱਸੇ ਵਿਚ ਉਚਰਿਤ ਵਿਅੰਜਨਾਂ ਲਈ ਚਿੰਨ੍ਹ ਆਉਂਦੇ ਹਨ ਅਤੇ ਬਾਅਦ ਵਿਚ ਅਗਲੇ ਹਿੱਸੇ ਵਿਚ ਉਚਾਰੇ ਜਾਣ ਵਾਲੇ ਵਿਅੰਜਨਾਂ ਲਈ। ਨਤੀਜੇ ਵਜੋਂ ਕਵਰਗ ਜਾਂ 'ਕ' ਦੀ ਪੰਕਤੀ ਪਹਿਲਾਂ ਆਉਂਦੀ ਹੈ, ਕਿਉਂਕਿ ਇਸ ਵਿਚਲੇ ਵਿਅੰਜਨ ਕੋਮਲ ਤਾਲਵੀ (velaric) ਉੱਚਾਰਣ ਸਥਾਨ ਉੱਤੇ ਉਚਾਰੇ ਜਾਂਦੇ ਹਨ; ਇਸ ਤੋਂ ਮਗਰੋਂ ਵਰਗ ('ਚ' ਦੀ ਪੰਕਤੀ), ਜਿਨ੍ਹਾਂ ਦਾ ਉੱਚਾਰਣ-ਸਥਾਨ ਸਖ਼ਤ ਤਾਲੂ ਹੈ, ਟਵਰਗ (ਟ ਦੀ ਪੰਕਤੀ) ਉੱਲਟ ਜੀਭੀ, ਜਿਨ੍ਹਾਂ ਦਾ ਉੱਚਾਰਣ-ਸਥਾਨ ਸਖ਼ਤ ਤਾਲੂ ਹੈ, ਤਵਰਗ (ਤ ਦੀ ਪੰਕਤੀ), ਦੰਤੀ ਉਚਾਰਣ ਸਥਾਨ ਵਾਲੇ; ਫਿਰ ਪਵਰਗ (ਪ ਦੀ ਪੰਕਤੀ), ਦੋ ਹੋਂਠੀ ਉੱਚਾਰਣ ਸਥਾਨ ਵਾਲੇ ਵਿਅੰਜਨ ਚਿੰਨ੍ਹ ਆਉਂਦੇ ਹਨ। ਇਸ ਤਰ੍ਹਾਂ ਗੁਰਮੁਖੀ ਵਰਣਮਾਲਾ ਵਿਚ ਪਹਿਲਾਂ ਪਿਛਲੇ ਉੱਚਾਰਣਾਂ ਅਤੇ ਬਾਅਦ ਵਿਚ ਅਗਲੇ ਉੱਚਾਰਣਾਂ ਵਾਲੇ ਚਿੰਨ੍ਹ ਆਉਂਦੇ ਹਨ। 'ਯ' ਵਾਲੀ ਪੰਕਤੀ ਵਿਚ ਵੀ, ਵਿਅੰਜਨ-ਚਿੰਨ੍ਹਾਂ ਦੀ ਤਰਤੀਬ, ਇਸੇ ਉੱਚਾਰਣ ਸਥਾਨ ਦੇ ਕ੍ਰਮ ਅਨੁਸਾਰ ਦਿੱਤੀ ਗਈ ਹੈ। ਇਸ ਤੋਂ ਇਹ ਨਤੀਜਾ ਕਢਿਆ ਦਾ ਸਕਦਾ ਹੈ ਕਿ ਗੁਰਮੁਖੀ ਦਾ ਚਾਰਟ ਬਣਾਉਣ ਵੇਲੇ ਉੱਚਾਰਣ ਸਥਾਨ ਨੂੰ ਆਧਾਰ ਬਣਾਇਆ ਹੈ। ਇਹ ਆਧਾਰ ਕਾਫੀ ਵਿਗਿਆਨਕ ਹੈ, ਕਿਉਂਕਿ ਆਧੁਨਿਕ ਭਾਸ਼ਾ-ਵਿਗਿਆਨ ਵਿਚ ਵੀ ਧੁਨੀਆਂ ਦੇ ਵਰਗੀਕਰਣ ਲਈ ਉੱਚਾਰਣ ਸਥਾਨ ਅਤੇ ਉੱਚਾਰਣ ਢੰਗ ਨੂੰ ਹੀ ਆਧਾਰ ਮੰਨਿਆ ਜਾਂਦਾ ਹੈ। ਲਗਭਗ ਇਹੋ ਤਰਤੀਬ ਅਤੇ ਇਹੋ ਆਧਾਰ ਅੰਤਰ-ਰਾਸ਼ਟਰੀ ਧੁਨੀ ਲਿੱਪੀ (I.P.A.) ਵਿਚ ਵੀ ਮਿਲਦਾ ਹੈ। ਸਾਡੇ ਵਿਚਾਰ ਅਨੁਸਾਰ ਕਾਫ਼ੀ ਹੱਦ ਤੱਕ ਇਸੇ ਆਧਾਰ ਉੱਤੇ 'ੳ ਅ ੲ' ਦੀ ਵੀ ਇਹ ਤਰਤੀਬ (ਪਿਛੇ ਤੋਂ ਅੱਗੇ) ਰੱਖੀ ਗਈ ਹੈ ਅਰਥਾਤ ਕੁਝ ਵਿਸ਼ੇਸ਼ ਸਥਿਤੀਆਂ ਵਿਚ ਕਨੌੜੇ ਨੂੰ ਛੱਡ ਕੇ ਬਾਕੀ ਪਿਛਲੇ ਸੁਰਾਂ ਨੂੰ ਅੰਕਿਤ ਕਰਨ ਲਈ 'ੳ', ਵਿਚਕਾਰਲੇ ਸੁਰਾਂ ਨੂੰ ਅੰਕਿਤ ਕਰਨ ਲਈ 'ਅ' ਅਤੇ ਦੁਲਾਵਾਂ ਨੂੰ ਛੱਡ ਕੇ ਬਾਕੀ ਅਗਲੇ ਸੁਰਾਂ ਨੂੰ ਅੰਕਿਤ ਕਰਨ ਲਈ 'ੲ' ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤਰ੍ਹਾਂ 'ੳ ਅ ੲ' ਦੀ ਤਰਤੀਬ ਗੁਰਮੁਖੀ ਵਰਣਮਾਲਾ ਦੇ ਬਾਕੀ ਚਿੰਨ੍ਹਾਂ ਦੀ ਤਰਤੀਬ ਅਨੁਸਾਰ ਹੋਣ ਕਰਕੇ ਗੁਰਮੁਖੀ ਊੜੇ ਨਾਲ ਸ਼ੁਰੂ ਹੁੰਦੀ ਹੈ। ਇਸ ਤੋਂ ਬਿਨਾਂ ਗੁਰਮੁਖੀ ਦੇ ਹਰੇਕ ਵਿਅੰਜਨ ਚਿੰਨ੍ਹ ਦਾ ਨਾਂ ਉਸ ਧੁਨੀ ਦੇ ਨਾਲ ਵੀ ਮੇਲ ਖਾਂਦਾ ਹੈ, ਜਿਸ ਲਈ ਉਹ ਬਣਿਆ ਹੈ। ਮਸਲਨ 'k' ਧੁਨੀ ਦੇ ਚਿੰਨ੍ਹ ਦਾ ਨਾਂ ਕੱਕਾ 'kh' ਧੁਨੀ ਦੇ ਚਿੰਨ੍ਹ ਦਾ ਨਾਂ ਖੱਖਾ 'g' ਧੁਨੀ ਦੇ ਚਿੰਨ੍ਹ ਦਾ ਨਾਂ ਗੱਗਾ ਆਦਿ। ਬਿਲਕੁਲ ਇਸੇ ਤਰ੍ਹਾਂ ਪਿਛਲੇ 'u' ਸੁਰ ਧੁਨੀ ਦੇ ਚਿੰਨ੍ਹ ਦਾ ਨਾਂ ਊੜਾ, ਵਿਚਕਾਰਲੇ 'a' ਸੁਰ-ਧੁਨੀ ਦੇ ਚਿੰਨ੍ਹ ਦਾ ਨਾਂ ਆੜਾ/ਐੜਾ, ਅਗਲੇ 'i'

ਸ੍ਵਰ-ਚਿੰਨ੍ਹ ਦਾ ਨਾਂ ਈੜੀ ਹੈ। ਇਸ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਸ੍ਵਰਵਾਹਕ ਚਿੰਨ੍ਹਾਂ ਦੇ ਨਾਂ ਉਨ੍ਹਾਂ ਸ੍ਵਰ-ਧੁਨੀਆਂ ਨਾਲ ਮੇਲ ਖਾਂਦੇ ਹਨ, ਜਿਨ੍ਹਾਂ ਲਈ ਉਹ ਬਣੇ ਹਨ। ਇਸ ਦੇ ਨਾਲ ਉਨ੍ਹਾਂ ਨੇ ਇਹ ਨਾਂ ਵੀ ਉਨ੍ਹਾਂ ਦੇ ਉੱਚਾਰਣ ਸਥਾਨ ਦੇ ਪਿਛੋਂ ਤੋਂ ਅਗੇ ਵਾਲੀ ਤਰਤੀਬ ਦੀ ਗਵਾਹੀ, ਦਿੰਦੇ ਹਨ।

'ੳ ਅ ੲ' ਦੀ ਤਰਤੀਬ ਇਨ੍ਹਾਂ ਨਾਲ ਲਗਦੇ ਸ੍ਵਰਾਂ ਦੇ ਉੱਚਾਰਣ ਸਥਾਨ ਅਨੁਸਾਰ (ਪਿਛੇ ਤੋਂ ਅੱਗੇ) ਹੈ, ਪਰ 'ੳ' ਪਿਛਲੇ ਅੱਧ-ਨੀਵੇਂ ਅਤੇ ਗੋਲਾਈ-ਸਹਿਤ ਸ੍ਵਰ ਅਰਥਾਤ ਕਨੌੜਾ ਲਿਖਣ ਲਈ ਨਹੀਂ ਵਰਤਿਆ ਜਾਂਦਾ ਅਤੇ 'ੲ' ਅਗਲੇ, ਅੱਧ-ਨੀਵੇਂ ਅਤੇ ਗੋਲਾਈ-ਰਹਿਤ ਸ੍ਵਰ ਅਰਥਾਤ ਦੁਲਾਵਾਂ ਲਈ ਨਹੀਂ ਵਰਤੀ ਜਾਂਦੀ। ਇਨ੍ਹਾਂ ਛੋਟਾਂ ਦੇ ਕਈ ਕਾਰਣ ਹਨ, ਜਿਨ੍ਹਾਂ ਦਾ ਸੰਬੰਧ ਲਿਖਣ-ਕਲਾ ਅਤੇ ਸ੍ਵਰਾਂ ਦੇ ਉੱਚਾਰਣ ਨਾਲ ਹੋ ਸਕਦਾ ਹੈ : 'ੳ' ਨੂੰ ਉਪਰੋਂ ਖੋਲ੍ਹ ਕੇ ਹੋੜਾ ਲਾਉਣ ਲਈ ਤਾਂ ਵਰਤ ਸਕਦੇ ਹਾਂ, ਪਰ ਇਸ ਦੀ ਸ਼ਕਲ-ਸੂਰਤ ਅਤੇ ਆਕਾਰ ਕੁਝ ਅਜੇਹਾ ਹੈ ਕਿ ਇਸ ਨੂੰ ਕਨੌੜਾ ਨਹੀਂ ਲਗ ਸਕਦਾ। ਉਪਰ ਲਗਣ ਵਾਲੀਆਂ ਸਾਰੀਆਂ ਲਗਾਂ-ਮਾਤਰਾਂ ਗੁਰਮੁਖੀ ਦੇ ਚਿੰਨ੍ਹਾਂ ਦੀ ਆਪਸੀ ਸਮਤਾ (symmetry) ਨੂੰ ਵਿਗਾੜਦੀਆਂ ਨਹੀਂ, ਪਰ ਕਿਉਂਕਿ 'ੳ' ਨੂੰ ਲਿਖਣ ਸਮੇਂ ਇਸ ਦਾ ਕੁਝ ਹਿੱਸਾ ਲਾਈਨ ਦੇ ਉੱਤੇ ਲਿਖਿਆ ਜਾਂਦਾ ਹੈ, ਇਸ ਲਈ ਜੇ ਇਸ ਉੱਤੇ ਕਨੌੜਾ ਲਾਈਏ ਤਾਂ ਚਿੰਨ੍ਹਾਂ ਦੀ ਆਪਸੀ ਸਮਤਾ ਵਿਗੜ ਜਾਵੇਗੀ। ਇਸ ਤਰ੍ਹਾਂ ਕਰਨ ਨਾਲ ਗੁਰਮੁਖੀ ਲਿਖਾਈ ਵੀ ਖ਼ੂਬਸੂਰਤ ਨਹੀਂ ਰਹਿੰਦੀ ਅਤੇ ਟਾਈਪ ਅਤੇ ਛਪਾਈ ਦੀਆਂ ਵੀ ਕਈ ਸਮੱਸਿਆਵਾਂ ਆ ਸਕਦੀਆਂ ਹਨ। ਇਸ ਲਈ ਜਿਥੇ ਵਿਸ਼ੇਸ਼ ਸਥਿਤੀਆਂ ਵਿਚ ਕਨੌੜਾ ਲਿਖਣ ਦੀ ਲੋੜ ਪਵੇ ਉਥੇ 'ੳ' ਦੀ ਥਾਂ 'ਅ' ਨੂੰ ਵਰਤ ਲਿਆ ਜਾਂਦਾ ਹੈ। ਇਥੇ 'ਅ' ਦੀ ਥਾਂ 'ੲ' ਨੂੰ ਵਰਤਣ ਦਾ ਪ੍ਰਸ਼ਨ ਵੀ ਉਠਾਇਆ ਜਾ ਸਕਦਾ ਹੈ। ਇਸ ਦੇ ਉੱਤਰ ਵਿਚ, ਸਾਡੇ ਵਿਚਾਰ ਅਨੁਸਾਰ ਇਹ ਸਪੱਸ਼ਟੀਕਰਣ ਹੋ ਸਕਦਾ ਹੈ ਕਿ 'ਅ' ਨਾਲ ਵਿਚਕਾਰਲੇ ਸ੍ਵਰਾਂ ਲਈ ਵਰਤੀਆਂ ਜਾਂਦੀਆਂ ਲਗਾਂ ਮਾਤਰਾਂ ਲਗਦੀਆਂ ਹਨ। ਵਿਚਕਾਰਲੇ ਸ੍ਵਰਾਂ ਦਾ ਉੱਚਾਰਣ ਬਾਕੀ ਸ੍ਵਰਾਂ ਦੇ ਮੁਕਾਬਲੇ ਵਧੇਰੇ ਨੀਵਾਂ ਜਾਂ ਖੁਲ੍ਹਾ ਹੁੰਦਾ ਹੈ। ਅਰਥਾਤ ਮੁਕਤੇ ਅਤੇ ਕੰਨੇ ਨਾਲ ਅੰਕਿਤ ਹੋਣ ਵਾਲੇ ਸ੍ਵਰਾਂ ਦੇ ਉੱਚਾਰਣ ਸਮੇਂ ਮੂੰਹ (ਬੋਲ ਰਾਹ) ਪੂਰੀ ਤਰ੍ਹਾਂ ਖੁਲ੍ਹਾ ਹੁੰਦਾ ਹੈ ਅਤੇ ਜੀਭ ਮੂੰਹ ਦੇ ਫਰਸ਼ ਤੇ ਨੀਵੀਂ ਸਥਿਤੀ ਵਿਚ ਰਹਿੰਦੀ ਹੈ। ਇਸੇ ਤਰ੍ਹਾਂ ਪਿਛਲੇ ਸ੍ਵਰਾਂ ਵਿਚੋਂ ਬਾਕੀ ਸ੍ਵਰਾਂ ਦੇ ਮੁਕਾਬਲੇ ਕਨੌੜੇ ਦਾ ਉੱਚਾਰਣ ਵਧੇਰੇ ਖੁਲ੍ਹਾ ਤੇ ਨੀਵਾਂ ਹੁੰਦਾ ਹੈ। ਇਸ ਲਈ ਵਿਚਕਾਰਲੇ ਖੁਲ੍ਹੇ ਸ੍ਵਰਾਂ ਨੂੰ ਅੰਕਿਤ ਕਰਨ ਵਾਲੇ 'ਅ' ਨੂੰ ਹੀ 'ੳ' ਦੀ ਥਾਂ ਵਰਤਿਆਂ ਜਾਂਦਾ ਹੈ। 'ੲ' ਖੁਲ੍ਹੇ ਸ੍ਵਰਾਂ ਨੂੰ ਅੰਕਿਤ ਕਰਨ ਲਈ ਨਹੀਂ ਵਰਤੀ ਜਾਂਦੀ, ਕਿਉਂਕਿ 'ੲ' ਨਾਲ ਅੰਕਿਤ ਹੋਣ ਵਾਲੇ ਸ੍ਵਰ ਬਾਕੀ ਸ੍ਵਰਾਂ ਦੇ ਮੁਕਾਬਲੇ ਤੰਗ ਜਾਂ ਉੱਚੇ (close/high) ਹੁੰਦੇ ਹਨ ਅਰਥਾਤ ਬਿਹਾਰੀ, ਸਿਹਾਰੀ ਅਤੇ ਲਾਂ ਨਾਲ ਅੰਕਿਤ ਹੋਣ ਵਾਲੇ ਸ੍ਵਰਾਂ ਦੇ ਉੱਚਾਰਣ ਸਮੇਂ ਜੀਭ ਅਗਲੇ ਪਾਸਿਓਂ ਉੱਚੀ ਉੱਠਦੀ ਹੈ, ਅਤੇ ਬੋਲ ਰਾਹ ਦਾ ਰਸਤਾ ਕਾਫੀ ਤੰਗ ਹੁੰਦਾ ਹੈ। ਇਸ ਲਈ ਪਿਛਲੇ ਖੁਲ੍ਹੇ ਸ੍ਵਰਾਂ ਨੂੰ ਅੰਕਿਤ ਕਰਨ ਲਈ 'ੲ' ਦੀ ਥਾਂ 'ਅ' ਨੂੰ ਵਰਤਿਆ ਜਾਂਦਾ ਹੈ। ਇਸੇ ਕਾਰਣ ਕਰਕੇ ਅਗਲੇ, ਗੋਲਾਈ ਰਹਿਤ ਅੱਧ-ਨੀਵੇਂ ਜਾਂ ਅੱਧ-ਖੁਲ੍ਹੇ ਸ੍ਵਰ ਅਰਥਾਤ ਦੁਲਾਵਾਂ ਨੂੰ ਅੰਕਿਤ ਕਰਨ ਲਈ ਵੀ 'ੲ' ਦੀ ਥਾਂ 'ਅ' ਦੀ ਹੀ ਵਰਤੋਂ ਕੀਤੀ ਜਾਂਦੀ ਹੈ.

ਪੰਜਾਬੀ ਸ੍ਵਰਾਂ ਲਈ ਗੁਰਮੁਖੀ ਚਿੰਨ੍ਹਾਂ ਦਾ ਸਰੂਪ ਅਜੇਹਾ ਹੈ ਕਿ ਉਨ੍ਹਾਂ ਨੂੰ ਅਸੀਂ ਬਿਨਾਂ ਕਿਸੇ ਸ੍ਵਰ-ਵਾਹਕ ਦੇ ਲਿਖ ਨਹੀਂ ਸਕਦੇ। ਜੇ ਇਉਂ ਕਰੀਏ ਅਰਥਾਤ ਕੰਨੇ ਨੂੰ ( ਾ ), ਸਿਹਾਰੀ ਨੂੰ ( ਿ ), ਬਿਹਾਰੀ ਨੂੰ ( ੀ ), ਔਂਕੜ ਨੂੰ ( ੁ ), ਦੁਲੈਂਕੜ ਨੂੰ ( ੂ ), ਹੋੜੇ ਨੂੰ ( ੋ ), ਕਨੌੜੇ ਨੂੰ ( ੌ ) ਲਿਖੀਏ ਤਾਂ ਸਾਡੇ ਵਿਚਾਰ ਅਨੁਸਾਰ ਲਿਖਤ ਵਿਚ ਅਸਪਸ਼ਟਤਾ ਅਤੇ ਧੁੰਦਲਾਪਨ ਆ ਸਕਦਾ ਹੈ। ਇਨ੍ਹਾਂ ਦਾ ਵੀ ਫ਼ਾਰਸੀ ਲਿੱਪੀ ਦੇ ਨੁਕਤਿਆਂ ਵਰਗਾ ਹਾਲ ਹੋ ਜਾਣ ਦੀ ਸੰਭਾਵਨਾ ਬਣ ਜਾਂਦੀ ਹੈ। ਪੰਜਾਬੀ ਉੱਚਾਰਣ ਨੂੰ ਗੁਰਮੁਖੀ ਲਿੱਪੀ ਵਿਚ ਸਪਸ਼ਟ, ਸਹੀ ਅਤੇ ਖ਼ੂਬਸੂਰਤੀ ਨਾਲ ਅੰਕਿਤ ਕਰਨ

ਲਈ, ਇਹ ਜ਼ਰੂਰੀ ਸੀ ਕਿ ਲਗਾਂ ਮਾਤ੍ਰਾਂ ਨੂੰ ਅੰਕਿਤ ਕਰਨ ਲਈ ਅਜੇਹੇ ਚਿੰਨ੍ਹ ਬਣਾਏ ਜਾਂਦੇ, ਜਿਨ੍ਹਾਂ ਨਾਲ ਲੱਗਣ ਨਾਲ ਇਨ੍ਹਾਂ ਦਾ ਵਜੂਦ ਵਧੇਰੇ ਚੰਗੀ ਤਰ੍ਹਾਂ ਉੱਘੜ ਸਕਦਾ। ਗੁਰਮੁਖੀ ਦੀ ਵਰਣਮਾਲਾ ਵਿਚ ਇਨ੍ਹਾਂ ਸੂਰ-ਵਾਹਕਾਂ ਨੂੰ 'ੳ' 'ਅ' 'ੲ' ਨਾਲ ਅੰਕਿਤ ਕੀਤਾ ਜਾਂਦਾ ਹੈ ਅਤੇ ਲਗਾਂ ਮਾਤ੍ਰਾਂ ਨੂੰ ਲਿਖਣ ਵੇਲੇ ਇਨ੍ਹਾਂ ਨਾਲ ਲਿਖਿਆ ਜਾਂਦਾ ਹੈ। ਇਸੇ ਲਈ ਵਰਣਮਾਲਾ ਮਗਰੋਂ ਅ ਆ ਇ ਈ ਐ ਉ ਊ ਓ ਔ, ਜਿਸ ਨੂੰ " ਸਾਂਝੀ ਸਤਰ" (ਪ੍ਰੀਤਮ ਸਿੰਘ 1970 ਪੰ. 315) ਕਿਹਾ ਜਾਂਦਾ ਹੈ, ਅਸਲੋਂ, ਲਗਾਂ ਮਾਤ੍ਰਾ ਦੇ ਵੇਰਵੇ ਲਈ ਵਰਤੀ ਜਾਂਦੀ ਹੈ। ਇਥੇ ਇਸ ਸਤਰ ਦਾ 'ੳ' ਦੀ ਥਾਂ 'ਅ' ਨਾਲ ਸ਼ੁਰੂ ਹੋਣਾ, ਸਾਡੇ ਪਹਿਲੇ ਤਰਕ ਦੇ ਵਿਰੋਧ ਵਿਚ ਨਹੀਂ ਆਉਂਦਾ, ਜਿਵੇਂ ਕਿ ਸਮਝਿਆ ਗਿਆ ਹੈ (ਪ੍ਰੀਤਮ ਸਿੰਘ, 1970, ਪੰ.315 ) । ਸਗੋਂ ਸਾਂਝੀ ਸਤਰ ਦੀ ਇਸ ਤਰਤੀਬ ਦਾ ਆਧਾਰ ਸੂਰਾਂ ਸੰਬੰਧੀ ਪ੍ਰਾਚੀਨ ਭਾਰਤੀ ਭਾਸ਼ਾ- ਵਿਗਿਆਨਕ ਵਿਚਾਰ ਹਨ, ਜਿਨ੍ਹਾਂ ਅਨੁਸਾਰ ਭਾਸ਼ਾਈ ਉੱਚਾਰਣ ਵਿਚ ਛੋਟੇ ਅਤੇ ਵੱਡੇ ਸੂਰ ਹੁੰਦੇ ਹਨ। ਇਸ ਲਈ ਲਿੱਪੀ ਵਿਚ ਸੂਰਾਂ ਨੂੰ ਅੰਕਿਤ ਕਰਨ ਲਈ, ਉਨ੍ਹਾਂ ਆਪਣੇ ਵਿਚਾਰ ਅਨੁਸਾਰ, ਸੂਰਾਂ ਦੇ ਵਰਗੀਕਰਣ ਲਈ ਛੋਟੇ/ਵੱਡੇ ਨੂੰ ਆਧਾਰ ਬਣਾਇਆ। ਇਸ ਲਈ ਮੁਕਤੇ ਪਿਛੋਂ ਕੰਨਾ, ਸਿਹਾਰੀ ਪਿਛੋਂ ਬਿਹਾਰੀ ਆਦਿ ਆਉਂਦੇ ਹਨ। ਇਨ੍ਹਾਂ ਦੀ ਇਸ ਤਰ੍ਹਾਂ ਦੀ ਤਰਤੀਬ ਦਾ ਦੂਜਾ ਕਾਰਣ, ਸ਼ਾਇਦ, ਇਨ੍ਹਾਂ ਨੂੰ ਸਿੱਖਣ ਨਾਲ ਸੰਬੰਧਿਤ ਹੋ ਸਕਦਾ ਹੈ। ਸੰਭਵ ਹੈ ਕਿ ਇਸ ਤਰ੍ਹਾਂ ਦੀ ਤਰਤੀਬ ਨਾਲ, ਮਾਂ-ਬੋਲੀ ਦੇ ਸੂਰਾਂ ਨੂੰ ਅੰਕਿਤ ਕਰਨ ਵਾਲੇ ਚਿੰਨ੍ਹਾਂ ਦੀ ਪਛਾਣ ਜਲਦੀ ਅਤੇ ਸੌਖੀ ਤਰ੍ਹਾਂ ਹੋ ਸਕਦੀ ਹੋਵੇ।

ਇਹ ਸਪਸ਼ਟ ਹੈ ਕਿ, ਵਿਸ਼ੇਸ਼ ਸਥਿਤੀਆਂ ਵਿਚ (ਉਚਾਰ ਖੰਡ ਦੇ ਸ਼ੁਰੂ ਵਿਚ ਆਉਣ ਵਾਲੇ ਸੂਰ ਤੋਂ ਪਹਿਲਾਂ ਵਿਅੰਜਨ ਨਾ ਆਵੇ) ਸੂਰਾਂ ਨੂੰ ਅੰਕਿਤ ਕਰਨ ਲਈ, ਸੂਰ-ਵਾਹਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉੱਚਾਰਣ ਤੇ ਲਿਖਤ ਦੇ ਸੰਬੰਧ ਉੱਤੇ ਆਧਾਰਿਤ ਇਸ ਤਰਕ ਨੂੰ ਜੇ ਗਲਤ ਨਾ ਵੀ ਕਹੀਏ, ਤਾਂ ਵੀ ਅਸੀਂ ਇਸ ਨੂੰ ਸੰਪੂਰਣ ਨਹੀਂ ਕਹਿ ਸਕਦੇ। ਇਸ ਤੋਂ ਇਹ ਪਤਾ ਨਹੀਂ ਲਗਦਾ ਕਿ ਵਿਸ਼ੇਸ਼ ਸਥਿਤੀਆਂ ਵਿਚ ਹੀ ਸੂਰੀ ਉਚਾਰਣ ਨੂੰ ਅੰਕਿਤ ਕਰਨ ਲਈ ਸੂਰ-ਵਾਹਕਾਂ ਦੀ ਵਰਤੋਂ ਹੁੰਦੀ ਹੈ। ਇਸ ਲਈ ਇਹ ਅਧੂਰਾ ਹੈ। ਸਾਡੇ ਵਿਚਾਰ ਅਨੁਸਾਰ, ਪ੍ਰਾਪਤ ਅਧਿਐਨਾਂ ਵਿਚ, ਸੂਰਾਂ ਸੰਬੰਧੀ ਵਿਗਿਆਨਕ ਕਥਨ ਦੇ ਅਧੂਰੇਪਣ ਦਾ ਕਾਰਣ ਗੁਰਮੁਖੀ ਲਿੱਪੀ ਦੀ ਜੁਗਤ (structure) ਦੇ ਗਿਆਨ ਦੀ ਅਣਹੋਂਦ ਹੈ। ਸ਼ਾਇਦ ਇਸੇ ਕਰਕੇ ਜਦੋਂ ਗੁਰਮੁਖੀ ਦੇ ਸੁਧਾਰ ਦੀ ਗੱਲ ਕੀਤੀ ਜਾਂਦੀ ਹੈ ਤਾਂ "ਸਿਹਾਰੀ ਚਿੰਨ੍ਹ" ਸਹੀ ਹੁੰਦਾ ਹੋਇਆ ਵੀ, " ਗਲਤ ਥਾਂ ਤੇ ਲਗਿਆ ਹੋਇਆ ਸਮਝ ਲਿਆ ਜਾਂਦਾ ਹੈ" (ਹਰਕੀਰਤ ਸਿੰਘ, ਉਜਲ ਸਿੰਘ ਬਾਹਰੀ, 1974, ਪੰ.160) ਸਾਡੇ ਵਿਚਾਰ ਅਨੁਸਾਰ ਗੁਰਮੁਖੀ ਲਗਾਂ ਮਾਤ੍ਰਾਂ ਦਾ ਸਰੂਪ ਕੁਝ ਅਜੇਹਾ ਹੈ ਕਿ ਇਨ੍ਹਾਂ ਨੂੰ ਸੁਤੰਤਰ ਰੂਪ ਵਿਚ ਅੰਕਿਤ ਨਹੀਂ ਕੀਤਾ ਜਾ ਸਕਦਾ। ਜੇ ਅਸੀਂ ਇਸ ਤਰ੍ਹਾਂ ਕਰਨ ਦਾ ਯਤਨ ਵੀ ਕਰੀਏ ਤਾਂ ਲਿਖਤ ਵਿਚ ਕਈ ਤਰੁਟੀਆਂ ਇਕੋ ਸਮੇਂ ਹੀ, ਆ ਜਾਂਦੀਆਂ ਹਨ ਅਰਥਾਤ ਇਹ ਖੂਬਸੂਰਤ ਵੀ ਨਹੀਂ ਰਹਿੰਦੀ ਅਤੇ ਇਸ ਵਿਚ ਅਸਪਸ਼ਟਤਾ ਅਤੇ ਵਿਗਾੜ ਵੀ ਆ ਜਾਂਦਾ ਹੈ। ਮਸਲਨ ਜੇ ਅਸੀਂ 'ਇਸ' ਨੂੰ ਬਿਨਾਂ ਸੂਰ ਵਾਹਕ ਤੋਂ ਲਿਖਾਂਗੇ ਤਾਂ 'ਿ ਸ' ਤਰ੍ਹਾਂ ਲਿਖਣਾਂ ਪਵੇਗਾ ਜਾਂ ਫਿਰ 'ਸਿ' ਤਰ੍ਹਾਂ। ਦੋਵੇਂ ਤਰ੍ਹਾਂ ਹੀ, ਇਹ ਲਿਖਤ ਸਾਨੂੰ ਪੰਜਾਬੀ ਉਚਾਰਣ ਦੇ ਸਹੀ ਸਰੂਪ ਤਕ ਨਹੀਂ ਪਹੁੰਚਾਉਂਦੀ। ਬਾਕੀ ਸੂਰ-ਵਾਹਕਾਂ ਬਾਰੇ ਵੀ ਇਸੇ ਤਰ੍ਹਾਂ ਦੀਆਂ ਉਦਾਹਰਣਾਂ ਦਿਤੀਆ ਜਾ ਸਕਦੀਆਂ ਹਨ। ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਉੱਚਾਰਣ ਦੀਆਂ 'ਵਿਸ਼ੇਸ਼ ਸਥਿਤੀਆਂ ਵਿਚ ਆਏ ਸੂਰਾਂ ਨੂੰ ਗੁਰਮੁਖੀ ਵਿਚ ਸੂਰ-ਵਾਹਕਾਂ ਨਾਲ ਇਸ ਲਈ ਅੰਕਿਤ ਕੀਤਾ ਜਾਂਦਾ ਹੈ ਤਾਂ ਕਿ ਆਪਣੀ ਜੁਗਤ ਅਨੁਸਾਰ ਗੁਰਮੁਖੀ ਲਿਖਤ ਪੰਜਾਬੀ ਉੱਚਾਰਣ ਦੀ ਨੁਮਾਇੰਦਗੀ ਸਹੀ ਸਪਸ਼ਟ ਅਤੇ ਖੂਬਸੂਰਤ ਤਰੀਕੇ ਨਾਲ ਕਰ ਸਕੇ।

ਅਸੀਂ 'ੳ ਅ ੲ' ਨੂੰ ਗੁਰਮੁਖੀ ਵਰਣਮਾਲਾ ਦੀ ਇਕ ਇਕਾਈ ਮੰਨਿਆ ਹੈ। ਇਸ ਤੋਂ ਸਾਡਾ

ਭਾਵ ਇਹ ਹੈ ਕਿ ਇਹ ਤਿੰਨੋਂ ਚਿੰਨ੍ਹ, ਸਰੂਪ ਦੇ ਆਧਾਰ 'ਤੇ, ਭਾਵੇਂ ਵੱਖਰੇ ਹਨ, ਪਰ ਕਾਰਜ ਪੱਧਰ 'ਤੇ ਇਨ੍ਹਾਂ ਦੇ ਵੱਖੋ ਵੱਖਰੇ ਕਾਰਜਾਂ ਵਿਚ ਵੀ ਇਕ ਸਾਂਝ ਹੈ। ਇਹ ਸਾਂਝ ਇਨ੍ਹਾਂ ਨੂੰ ਇਕ ਜੁਗਤ ਦਿੰਦੀ ਹੈ। ਇਹ ਤਿੰਨੋਂ ਚਿੰਨ੍ਹ 'ਵਿਸ਼ੇਸ਼ ਸਥਿਤੀਆਂ' ਵਿਚ ਸ੍ਵਰਾਂ ਨੂੰ ਅੰਕਿਤ ਕਰਨ ਲਈ ਵਰਤੇ ਜਾਂਦੇ ਹਨ। ਇਨ੍ਹਾਂ ਦਾ ਇਹੋ ਗੁਣ ਇਨ੍ਹਾਂ ਤਿੰਨਾਂ ਦੀ ਪ੍ਰਕਿਤੀ ਦੀ ਪਰਿਭਾਸ਼ਾ ਹੈ । ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਦੀ ਵੀ ਹੋਂਦ ਵੱਖਰੀ ਨਹੀਂ। ਕਈ ਵਾਰ 'ਅ' ਨੂੰ ਇਸ ਇਕਾਈ ਵਿਚੋਂ ਵੱਖਰਾ ਕਰ ਕੇ ਵੇਖਣ ਦਾ ਯਤਨ ਕੀਤਾ ਜਾਂਦਾ ਹੈ। ਇਹ ਸਮਝ ਲਿਆ ਜਾਂਦਾ ਹੈ ਕਿ ਗੁਰਮੁਖੀ ਵਿਚ 'ਅ' ਦੀ ਮੁਕਤ ਰੂਪ ਵਿਚ ਸੁਤੰਤਰ ਵਰਤੋਂ ਕੀਤੀ ਜਾਂਦੀ ਹੈ, ਇਸ ਲਈ ਇਹ ਇਸ ਇਕਾਈ ਤੋਂ ਵੱਖਰਾ ਹੈ। ਇਸੇ ਆਧਾਰ 'ਤੇ " ੳ ਅਤੇ ੲ ਦੀ ਧੁਨੀਹੀਨਤਾ" (ਪ੍ਰੀਤਮ ਸਿੰਘ, 1975, ਪੰ. 313) ਬਾਰੇ ਤਾਂ ਵਿਚਾਰ ਕੀਤੀ ਜਾਂਦੀ ਹੈ, ਪਰ 'ਅ' ਨੂੰ ਧੁਨੀਹੀਨ ਨਹੀਂ ਮੰਨਿਆ ਜਾਂਦਾ ਜਾਂ ਫਿਰ ਇਹ ਕਿਹਾ ਜਾਂਦਾ ਹੈ ਕਿ " 'ੳ' ਅਤੇ 'ੲ' ਆਮ ਵਰਤੋਂ ਵਿਚ ਨਹੀਂ ਆਉਂਦੇ"(ਦੁਨੀ ਚੰਦ੍ਰ, 1964, ਪੰ. 22) ਪਰ 'ਅ' ਆ ਜਾਂਦਾ ਹੈ। ਸਾਡੇ ਵਿਚਾਰ ਅਨੁਸਾਰ ਇਸ ਤਰ੍ਹਾਂ ਦੇ ਸਾਰੇ ਕਥਨ ਸਹੀ ਨਹੀਂ। 'ਅ' ਦਾ ਕਾਰਜ ਬਿਲਕੁਲ ਓਹੀ ਹੈ ਜੋ 'ੳ' ਅਤੇ 'ੲ' ਦਾ। ਪੰਜਾਬੀ ਦੇ ਕੇਂਦਰੀ ਸ੍ਵਰ ਨੂੰ ਗੁਰਮੁਖੀ ਵਿਚ ਮੁਕਤੇ ਦਾ ਨਾਂ ਦਿੱਤਾ ਜਾਂਦਾ ਹੈ, ਪਰ ਗੁਰਮੁਖੀ ਵਿਚ ਮੁਕਤੇ ਲਈ ਕੋਈ ਚਿੰਨ੍ਹ ਨਹੀਂ। ਜਦ ਕਿ I.P.A.(International Phonetic Alphabet) ਵਿਚ ਇਸ ਨੂੰ /ə/ ਚਿੰਨ੍ਹ ਨਾਲ ਲਿਖਿਆ ਜਾਂਦਾ ਹੈ। ਇਸ ਲਈ ਜਦੋਂ ਅਸੀਂ 'ਚੱਲ' ਸ਼ਬਦ (cə̄ll) ਲਿਖਣਾ ਹੋਵੇ ਤਾਂ 'ਚ' ਅਤੇ 'ਲ' ਵਿਚਕਾਰ ਆਏ ਇਸ ਕੇਂਦਰੀ ਸ੍ਵਰ ਲਈ ਕੋਈ ਚਿੰਨ੍ਹ ਨਹੀਂ ਲਿਖਦੇ। ਗੁਰਮੁਖੀ ਸਿੱਖਣ ਵਾਲੇ ਲਿੱਪੀ ਦੀ ਜੁਗਤ ਦੇ ਇਸ ਨਿਯਮ ਨੂੰ ਸਮਝ ਲੈਂਦੇ ਹਨ, ਪੰਜਾਬੀ ਉਚਾਰਣ ਵਿਚ ਕੇਂਦਰੀ ਸ੍ਵਰ ਜਦੋਂ ਸ਼ਬਦਾਂ ਵਿਚ ਵਿਚਕਾਰਲੀ ਸਥਿਤੀ ਤੇ ਆਉਂਦਾ ਹੈ, ਤਾਂ ਇਸ ਨੂੰ ਗੁਰਮੁਖੀ ਵਿਚ ਲਿਖਣ ਲਈ ਕੋਈ ਵੀ ਚਿੰਨ੍ਹ ਨਹੀਂ ਵਰਤਿਆ ਜਾਂਦਾ। ਪਰ ਜਦੋਂ ਇਹ ਸ੍ਵਰ ਪੰਜਾਬੀ ਉਚਾਰਣ ਵਿਚ "ਵਿਸ਼ੇਸ਼ ਸਥਿਤੀਆਂ" ਵਿਚ ਆਉਂਦਾ ਹੈ ਤਾਂ 'ਅ' ਸ੍ਵਰ-ਵਾਹਕ ਨਾਲ ਉਸੇ ਤਰ੍ਹਾਂ ਹੀ ਲਿਖਿਆ ਜਾਂਦਾ ਹੈ, ਜਿਵੇਂ ਬਾਕੀ ਸ੍ਵਰ ਇਨ੍ਹਾਂ ਸਥਿਤੀਆਂ ਵਿਚ 'ੳ' ਅਤੇ 'ੲ' ਸ੍ਵਰ-ਵਾਹਕਾਂ ਨਾਲ ਲਿਖੇ ਜਾਂਦੇ ਹਨ। ਇਸ ਲਈ ਵਿਸ਼ੇਸ਼ ਸਥਿਤੀ ਵਿਚ 'ਅ' ਮੁਕਤਾ ਸ੍ਵਰ ਨਹੀਂ ਹੁੰਦਾ, ਸਗੋਂ ਮੁਕਤੇ ਸ੍ਵਰ ਲਈ ਸ੍ਵਰ-ਵਾਹਕ ਹੁੰਦਾ ਹੈ। ਜੇ ਇਸ ਤਰ੍ਹਾਂ ਹੁੰਦਾ ਤਾਂ ਗੁਰਮੁਖੀ ਵਿਚ 'ਚੱਲ' ਨੂੰ ਇਸ ਤਰ੍ਹਾਂ ਲਿਖਣ ਦੀ ਥਾਂ 'ਚਅੱਲ' ਵਾਂਗ ਲਿਖਿਆ ਜਾਂਦਾ ਪਰ ਅਸੀਂ ਇਸ ਤਰ੍ਹਾਂ ਨਹੀਂ ਲਿਖਦੇ। ਇਸ ਲਈ ਜੇ 'ੳ' ਅਤੇ 'ੲ' ਧੁਨੀਹੀਨ ਹਨ ਤਾਂ 'ਅ' ਵੀ ਇਨ੍ਹਾਂ ਵਾਂਗ ਧੁਨੀਹੀਨ ਹੈ ਅਤੇ ਜੇ 'ੳ' ਅਤੇ 'ੲ' ਆਪ ਵਰਤੋਂ ਵਿਚ ਨਹੀ ਆਉਂਦੇ ਤਾਂ 'ਅ' ਵੀ ਇਨ੍ਹਾਂ ਵਾਂਗ ਵਰਤੋਂ ਵਿਚ ਨਹੀਂ ਆਉਂਦਾ ਅਰਥਾਤ 'ੳ' 'ਅ' 'ੲ' ਗੁਰਮੁਖੀ ਦੀ ਅਜੇਹੀ ਇਕ ਇਕਾਈ ਹੈ, ਜਿਸ ਦੇ ਤਿੰਨੋਂ ਚਿੰਨ੍ਹ ਆਪਣੀ ਜੁਗਤ ਦੇ ਆਧਾਰ ਤੇ ਇਕੋ ਜੇਹੀ ਪ੍ਰਕ੍ਰਿਤੀ ਵਾਲੇ ਚਿੰਨ੍ਹ ਹਨ।

## ਪੁਸਤਕ ਸੂਚੀ

### ਪੰਜਾਬੀ

ਹਰਕੀਰਤ ਸਿੰਘ ਅਤੇ ਉੱਜਲ ਸਿੰਘ ਬਾਹਰੀ; ਭਾਸ਼ਾ ਤੇ ਭਾਸ਼ਾ ਵਿਗਿਆਨ; ਬਾਹਰੀ ਪਬਲੀਕੇਸ਼ਨ ਚੰਡੀਗੜ੍ਹ, 1974.

ਗੁਰਦੇਵ ਸਿੰਘ; 'ਗੁਰਮਖੀ ਲਿੱਪੀ ਬਾਰੇ; ਲਾਹੌਰ ਬੁਕ ਸ਼ਾਪ, ਲੁਧਿਆਣਾ; 1971.

ਜੀ. ਬੀ. ਸਿੰਘ; 'ਗੁਰਮੁਖੀ ਲਿੱਪੀ ਦਾ ਜਨਮ ਤੇ ਵਿਕਾਸ; ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਓਰੋ, ਚੰਡੀਗੜ੍ਹ, 1972.

ਦੁਨੀ ਚੰਦ; 'ਪੰਜਾਬੀ ਭਾਸ਼ਾ ਦਾ ਵਿਆਕਰਣ'; ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਓਰੋ, ਚੰਡੀਗੜ੍ਹ, 1964.

ਪ੍ਰੀਤਮ ਸਿੰਘ; " ਗੁਰਮੁਖੀ ਲਿੱਪੀ", ' ਪੰਜਾਬੀ ਭਾਸ਼ਾ ਦਾ ਆਲੋਚਨਾਤਮਕ ਅਧਿਐਨ'; (ਸੰਪਾ. ਜੀਤ ਸਿੰਘ ਸੀਤਲ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

ਬਲਦੇਵ ਰਾਜ ਗੁਪਤਾ; 'ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ ਦੀ ਬਣਤਰ'; ਪੈਪਸੂ ਬੁਕ ਡਿਪੂ, ਪਟਿਆਲਾ; 1981.

ਵੇਦ ਅਗਨੀਹੋਤਰੀ, 'ਪਰਿਚਾਇਕ ਭਾਸ਼ਾ ਵਿਗਿਆਨ', ਦੀਪਕ ਪਬਲਿਸ਼ਰਜ਼, ਜਲੰਧਰ, 1981.

## ਅੰਗ੍ਰੇਜ਼ੀ

Ahmed, I ; Reduplication in punjabi. (M.A. Thesis); School of Oriental and African studies ; university of London; 1963 (unpublished).

Gill, H.S.; " Salient Features of the Punjabi Language"; ' Pakha Sanjam'; Vol. V ; Punjabi University, Patiala; 1972.

Joshi, S.S.; The Phonology of verbal phrase in Punjabi (Doabi), (Ph.D. thesis); Univesity of London; 1978 (unpublished).

Jensen,H; Sign, Symbol and Script; George Allen and unwin Ltd; 1970.

Mizokami, T.; Panjabi (Asian and African an Grammatical Manual No. 13 e); Tokyo University of Foreign Studies; 1981.

Puar, J.S.; The Grammatical Study of time and tense in Punjabi (Ph.D. thesis); Punjabi University, Patiala, (unpublished).

Sandhu, B.S.; " A Descriptive Grammer of Panjabi" ; 'parkh'; Issue No. 11; Punjab University, Chandigarh, 1968.

## 7

# ਨਾਸਿਕ ਉਚਾਰਨ ਤੇ ਗੁਰਮੁਖੀ

ਭਾਸ਼ਾ ਵਿਗਿਆਨ ਵਿਚ ਮਨੁੱਖੀ ਭਾਸ਼ਾ ਦੇ ਉਚਾਰਨ ਦਾ ਅਧਿਐਨ ਧੁਨੀ-ਵਿਗਿਆਨ (phonetics) ਦੇ ਅਧੀਨ ਕੀਤਾ ਜਾਂਦਾ ਹੈ। ਜੇ ਇਹ ਅਧਿਐਨ ਇਕ ਵਿਸ਼ੇਸ਼ ਭਾਸ਼ਾ ਦੇ ਸੰਦਰਭ ਵਿਚ ਕੀਤਾ ਜਾਵੇ ਤਾਂ ਇਹ ਧੁਨੀਗ੍ਰਾਮ ਵਿਗਿਆਨ ਜਾਂ ਸਾਰਥਕ ਧੁਨੀ ਵਿਗਿਆਨ (phonology) ਦੇ ਅੰਤਰਗਤ ਆਉਂਦਾ ਹੈ। ਇਸੇ ਤਰ੍ਹਾਂ ਇਕ ਭਾਸ਼ਾ ਦੇ ਲਿਖਤੀ ਰੂਪ ਬਾਰੇ ਲਿੱਪੀ-ਵਿਗਿਆਨ (grammatology) ਅਤੇ ਲਿਖਣ-ਕਲਾ (orthography) ਵਿਚ ਵਿਚਾਰ ਕੀਤਾ ਜਾਂਦਾ ਹੈ। ਸਾਰਥਕ ਧੁਨੀ-ਵਿਗਿਆਨ ਦਾ ਲਿੱਪੀ-ਵਿਗਿਆਨ ਅਤੇ ਲਿਖਣ-ਕਲਾ ਨਾਲ ਸੰਬੰਧ ਅਰਥਾਤ ਇਕ ਭਾਸ਼ਾ ਦੇ ਲਿਖਤੀ ਰੂਪ ਅਤੇ ਉਸ ਨੂੰ ਬੋਲਣ ਵਾਲਿਆਂ ਦੇ ਉਚਾਰਨ ਦਾ ਆਪਸੀ ਸੰਬੰਧ, ਇਕ ਵੱਖਰੇ ਲੇਖ ਦਾ ਵਿਸ਼ਾ ਬਣ ਸਕਦਾ ਹੈ। ਹਥਲੇ ਖੋਜ-ਪੱਤਰ ਵਿਚ ਅਸੀਂ ਪੰਜਾਬੀ ਦੇ ਨਾਸਿਕ ਉਚਾਰਨ (nasal articulation) ਅਤੇ ਇਸ ਦੇ ਗੁਰਮੁਖੀ ਲਿੱਪੀ ਨਾਲ ਸੰਬੰਧ ਬਾਰੇ ਵਿਚਾਰ ਕਰਾਂਗੇ।

ਉਚਾਰਨ-ਸਥਾਨ ਅਤੇ ਉਚਾਰਨ-ਢੰਗ ਨੂੰ ਭਾਸ਼ਾਈ ਉਚਾਰਨ ਵਿਚ ਵਰਤੀਆਂ ਜਾਂਦੀਆਂ ਧੁਨੀਆਂ ਦੇ ਵਰਗੀਕਰਣ ਲਈ ਆਧਾਰ ਬਣਾਇਆ ਜਾਂਦਾ ਹੈ (Abercrombie, 1967, p. 47) ਉਚਾਰਨ ਅਨੁਸਾਰ, ਬੁਲ੍ਹਾਂ ਤੋਂ ਲੈ ਕੇ ਗਲੇ ਤੱਕ, ਉਚਾਰਨ-ਸਥਾਨ ਨਿਸਚਿਤ ਕੀਤੇ ਜਾਂਦੇ ਹਨ। ਇਕ ਧੁਨੀ ਦੇ ਉਚਾਰਨ ਲਈ ਸਕਰਮਕ ਉਚਾਰਕ (active articulator) ਉੱਠ ਕੇ ਅਕਰਮਕ ਉਚਾਰਕ (passive articulator) ਵੱਲ ਵੱਧਦਾ ਹੈ। ਉਸ ਧੁਨੀ ਦੇ ਉਚਾਰਨ ਵੇਲੇ ਇਨ੍ਹਾਂ ਦੋਹਾਂ ਉਚਾਰਕਾਂ ਦੀ ਆਪਸੀ ਸਥਿਤੀ ਨੂੰ ਸੁੰਗੇੜ (stricture) ਕਹਿੰਦੇ ਹਨ (Pike 1946, p. 168) । ਉਚਾਰਨ ਢੰਗ ਲਈ ਉਚਾਰਕਾਂ ਦੇ ਸੁੰਗੇੜ ਨੂੰ ਆਧਾਰ ਬਣਾ ਕੇ ਧੁਨੀਆਂ ਨੂੰ ਡੱਕਵੀਆਂ (stops), ਨਾਸਿਕ (nasals), ਰਗੜਵੀਆਂ (fricatives), ਪਾਸੇਦਾਰ (laterals), ਫਟਕਵੀਆਂ (trills) ਆਦਿ ਕਿਹਾ ਜਾਂਦਾ ਹੈ। ਇਸ ਤਰ੍ਹਾਂ ਨਾਸਿਕ, ਭਾਸ਼ਾਈ ਉਚਾਰਨ ਦਾ ਇਕ ਢੰਗ ਹੈ। ਇਸ ਢੰਗ ਰਾਹੀਂ ਉਚਰਿਤ ਧੁਨੀਆਂ ਦੇ ਉਚਾਰਨ ਵੇਲੇ ਫੇਫੜਿਆਂ ਤੋਂ ਬਾਹਰ ਨਿਕਲਦੀ ਪੌਣਧਾਰਾ (air stream) ਲਈ ਕੋਮਲ ਤਾਲੂ ਰੋਕ (velic closure) ਨਹੀਂ ਹੁੰਦੀ ਅਰਥਾਤ ਇਹ ਪੌਣਧਾਰਾ ਨੱਕ ਅਤੇ ਮੂੰਹ ਦੋਹਾਂ ਰਸਤਿਆਂ ਰਾਹੀਂ ਗੁਜ਼ਰ ਸਕਦੀ ਹੈ। ਨੱਕ ਦੇ ਰਸਤੇ (nasal cavity) ਵਿੱਚੋਂ ਲੰਘਣ ਸਦਕਾ ਇਸ ਪੌਣਧਾਰਾ ਦੁਆਰਾ ਉਚਰਿਤ ਧੁਨੀਆਂ ਦੇ ਉਚਾਰਨ ਨੂੰ ਲਮਕਾਇਆ ਜਾ ਸਕਦਾ ਹੈ। ਉਚਾਰਨ ਦੇ ਇਸ ਲਾਮਕਾਅ ਦੇ ਨਾਲ ਨਾਲ ਮੂੰਹ ਪੋਲ (oral cavity) ਵਿਚ ਕਿਸੇ ਇਕ ਉਚਾਰਨ-ਸਥਾਨ ਉੱਤੇ ਪੌਣਧਾਰਾ ਨੂੰ ਰੁਕਾਵਟ ਵੀ ਪਾਈ ਜਾਂਦੀ ਹੈ। ਇਸ ਨੂੰ ਇਕ ਦਮ ਛੱਡਣ ਨਾਲ ਉਚਰਿਤ ਧੁਨੀ ਨੂੰ ਨਾਸਿਕ ਧੁਨੀ ਕਿਹਾ ਜਾਂਦਾ ਹੈ। ਉਦਾਹਰਣ ਲਈ ਅਸੀਂ ਦੋ ਬੁੱਲ੍ਹਾਂ

ਦੇ ਉਚਾਰਨ-ਸਥਾਨ ਨੂੰ ਲੈਂਦੇ ਹਾਂ। ਦੋ ਹੋਂਠ, ਬਾਹਰ ਨਿਕਲਦੀ ਪੌਣਧਾਰਾ ਨੂੰ ਪਲ ਕੁ ਲਈ ਰੋਕ ਲੈਂਦੇ ਹਨ, ਪਰੰਤੂ ਇਸ ਰੋਕ ਸਮੇਂ ਕੋਮਲ ਤਾਲੂ ਰੋਕ ਨਾ ਹੋਣ ਕਰ ਕੇ ਪੌਣਧਾਰਾ ਨੱਕ ਵਿੱਚੋਂ ਵੀ ਲੰਘਦੀ ਹੈ। ਇਸ ਸਥਿਤੀ ਵਿਚ ਜਦੋਂ ਦੋ ਹੋਂਠ ਰੋਕੀ ਹੋਈ ਪੌਣਧਾਰਾ ਨੂੰ ਇਕ ਦਮ ਛੱਡਦੇ ਹਨ ਤਾਂ ਜਿਹੜੀ ਧੁਨੀ ਦਾ ਉਚਾਰਨ ਹੁੰਦਾ ਹੈ, ਉਸ ਨੂੰ ਧੁਨੀ-ਵਿਗਿਆਨਕ ਸ਼ਬਦਾਵਲੀ ਵਿਚ ਦੋ-ਹੋਂਠੀ ਨਾਸਿਕ ਵਿਅੰਜਨ (bilabial nasal consonant) ਕਹਿੰਦੇ ਹਨ। ਇਸ ਨੂੰ ਅੰਕਿਤ ਕਰਨ ਲਈ ਅੰਤਰ-ਰਾਸ਼ਟਰੀ ਧੁਨੀ-ਲਿੱਪੀ (IPA) ਵਿਚ /m/ ਗੁਰਮੁਖੀ ਵਿਚ /ਮ/ ਚਿੰਨ੍ਹ ਵਰਤਿਆ ਜਾਂਦਾ ਹੈ। ਇਸੇ ਉਚਾਰਨ ਢੰਗ ਪਰੰਤੂ ਵੱਖੋ ਵੱਖਰੇ ਉਚਾਰਨ ਸਥਾਨਾਂ ਕਰ ਕੇ ਨਾਸਿਕ ਧੁਨੀਆਂ ਨੂੰ ਦੰਤੀ, ਬੁੱਟੀ, ਤਾਲਵੀ, ਉਲਟ-ਜੀਭੀ, ਕੋਮਲ-ਤਾਲਵੀ ਆਦਿ ਕਿਹਾ ਜਾਂਦਾ ਹੈ।

ਭਾਸ਼ਾਈ ਉਚਾਰ (utterance) ਦੇ ਧੁਨੀ-ਵਿਗਿਆਨਕ ਵਿਸ਼ਲੇਸ਼ਣ ਵੇਲੇ ਧੁਨੀਆਂ ਨੂੰ ਵਿਅੰਜਨਾਂ (consonants) ਅਤੇ ਸੁਰਾਂ (vowels) ਵਿਚ ਵੰਡਿਆ ਜਾਂਦਾ ਹੈ ਕਿਉਂਕਿ ਇਸ ਵਿਸ਼ਲੇਸ਼ਣ ਨਾਲ ਇਕ ਉਚਾਰ ਵਿਚਲੀਆਂ ਇਨ੍ਹਾਂ ਧੁਨੀਆਂ ਦਾ ਵਰਗੀਕਰਣ ਹੋ ਜਾਂਦਾ ਹੈ, ਇਸ ਲਈ, ਇਨ੍ਹਾਂ ਨੂੰ ਖੰਡੀ (segmental), ਧੁਨੀਆਂ ਕਿਹਾ ਜਾਂਦਾ ਹੈ। ਭਾਸ਼ਾਈ ਉਚਾਰ ਦਾ ਕੁਝ ਹਿੱਸਾ, ਇਸ ਤਰ੍ਹਾਂ ਦੇ ਖੰਡੀਕਰਨ ਅਧੀਨ ਨਹੀਂ ਆਉਂਦਾ, ਕਿਉਂਕਿ ਇਸ ਹਿੱਸੇ ਨੂੰ ਸਮੁੱਚੇ ਉਚਾਰ ਨਾਲੋਂ ਵੱਖ ਨਹੀਂ ਕੀਤਾ ਜਾ ਸਕਦਾ ; ਇਸ ਦੀ ਖੰਡੀ ਧੁਨੀਆਂ (ਸੁਰਾਂ ਅਤੇ ਵਿਅੰਜਨਾਂ) ਤੋਂ ਬਿਨਾਂ ਕੋਈ ਹਸਤੀ ਨਹੀਂ ਹੁੰਦੀ ਅਤੇ ਨਾਲ ਹੀ ਇਸ ਨੂੰ ਇਸ ਤੋਂ ਛੋਟੀਆਂ ਇਕਾਈਆਂ ਵਿਚ ਵੀ ਨਹੀਂ ਵੰਡਿਆ ਜਾ ਸਕਦਾ। ਭਾਸ਼ਾਈ ਉਚਾਰ ਦੇ ਅਜੇਹੇ ਹਿੱਸਿਆਂ ਨੂੰ ਅਖੰਡੀ (suprasegmental) ਧੁਨੀਆਂ ਕਿਹਾ ਜਾ ਸਕਦਾ ਹੈ। ਸੁਰ (tone), ਨਾਸਿਕਤਾ (nasalisation), ਬਲ (stress) ਸੁਰ-ਲਹਿਰੀ (intonation) ਆਦਿ ਅਜੇਹੀਆਂ ਹੀ ਅਖੰਡੀ ਧੁਨੀਆਂ ਹਨ। ਇਨ੍ਹਾਂ ਵਿੱਚੋਂ ਕੁਝ ਕੁ ਜਾਂ ਫਿਰ ਇਹ ਸਾਰੀਆਂ ਹੀ ਕਿਸੇ ਇਕ ਭਾਸ਼ਾ ਦੇ ਉਚਾਰ ਵਿਚ ਆ ਸਕਦੀਆਂ ਹਨ। ਇਸ ਲਈ ਨਾਸਿਕਤਾ ਇਕ ਅਖੰਡੀ ਧੁਨੀ ਹੈ, ਜਿਸ ਦਾ ਸੰਬੰਧ ਆਮ ਤੌਰ ਤੇ ਸੁਰਾਂ ਦੇ ਉਚਾਰਨ ਨਾਲ ਹੁੰਦਾ ਹੈ। ਸਾਧਾਰਣ ਅਵਸਥਾ ਵਿਚ ਸੁਰਾਂ ਦੇ ਉਚਾਰਨ ਵਿਚ ਪੌਣਧਾਰਾ ਮੂੰਹ ਪੋਲ ਵਿੱਚੋਂ ਬਿਨਾ ਰੁਕਾਵਟ ਗੁਜ਼ਰਦੀ ਹੈ। ਜਦੋਂ ਇਸ ਤਰ੍ਹਾਂ ਬਾਹਰ ਨਿਕਲਦੀ ਹਵਾ ਲਈ ਕੋਮਲ ਤਾਲੂ ਰੋਕ ਵੀ ਨ ਰਹੇ ਅਰਥਾਤ ਇਹ ਨੱਕ ਦੇ ਰਸਤੇ ਵਿੱਚੋਂ ਵੀ ਲੰਘ ਸਕੇ ਤਾਂ ਜਿਨ੍ਹਾਂ ਸੁਰਾਂ ਦਾ ਉਚਾਰਨ ਹੁੰਦਾ ਹੈ, ਉਨ੍ਹਾਂ ਨੂੰ ਨਾਸਿਕ ਸੁਰ ਕਹਿੰਦੇ ਹਨ। ਸੁਰਾਂ ਦੀ ਇਸ ਨਾਸਿਕਤਾ ਨੂੰ ਅੰਤਰ ਰਾਸ਼ਟਰੀ ਧੁਨੀ ਲਿੱਪੀ ਵਿਚ /ṽ/ ਅਤੇ ਗੁਰਮੁਖੀ ਵਿਚ /ਆਂ/ (ਬਿੰਦੀ) ਅਤੇ /ਕਿੰ/ ਟਿੱਪੀ ਦੇ ਚਿੰਨ੍ਹਾਂ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਨਾਸਿਕ ਉਚਾਰਨ ਵਿਚ ਦੋ ਤਰ੍ਹਾਂ ਦੀਆਂ ਧੁਨੀਆਂ ਆਉਂਦੀਆਂ ਹਨ, ਜਿਨ੍ਹਾਂ ਵਿਚ ਇਕ ਨੂੰ ਨਾਸਿਕ ਵਿਅੰਜਨ ਅਤੇ ਦੂਜੇ ਨੂੰ ਨਾਸਿਕ ਸੁਰ ਕਿਹਾ ਜਾਂਦਾ ਹੈ। ਵਿਅੰਜਨਾਂ ਦਾ ਨਾਸਿਕ ਉਚਾਰਨ ਅਤੇ ਸੁਰਾਂ ਦੀ ਨਾਸਿਕਤਾ ਦੀ ਪ੍ਰਕ੍ਰਿਤੀ ਵੱਖੋ ਵੱਖਰੀ ਹੈ। ਨਾਸਿਕ ਵਿਅੰਜਨ, ਡੱਕਵੇਂ ਵਿਅੰਜਨਾਂ (stops) ਦੇ ਵਿਰੋਧ ਵਿਚ ਆਉਂਦੇ ਹਨ ਅਰਥਾਤ, ਨਾਸਿਕ ਵਿਅੰਜਨਾਂ ਦਾ ਉਚਾਰਨ ਲਮਕਾਇਆ ਜਾ ਸਕਦਾ ਹੈ ਜਦ ਕਿ ਡੱਕਵੇਂ ਵਿਅੰਜਨਾਂ ਦਾ ਉਚਾਰਨ ਲਮਕਾਇਆ ਨਹੀਂ ਜਾ ਸਕਦਾ। ਇਸ ਲਈ ਕ੍ਰਮਵਾਰ ਇਨ੍ਹਾਂ ਨੂੰ ਸਪ੍ਰਵਾਹ (continuants) ਅਤੇ ਛਿਣ-ਮਾਤਰੀ (momentary) ਧੁਨੀਆਂ ਕਿਹਾ ਜਾਂਦਾ ਹੈ। ਨਾਸਿਕ ਵਿਅੰਜਨ ਖੰਡੀ ਧੁਨੀਆਂ ਵੀ ਹਨ। ਇਸ ਦੇ ਉਲਟ ਗੈਰ-ਨਾਸਿਕ ਸੁਰ (non-nasal vowels) ਅਤੇ ਨਾਸਿਕ ਸੁਰ ਦੋਵੇਂ ਹੀ ਖੰਡੀ ਧੁਨੀਆਂ ਹਨ, ਪਰੰਤੂ ਨਾਸਿਕ ਸੁਰਾਂ ਦੀ ਨਾਸਿਕਤਾ ਅਖੰਡੀ ਧੁਨੀਆਂ ਵਿਚ ਆਉਂਦੀ ਹੈ ਅਤੇ ਨਾਲ ਹੀ ਇਨ੍ਹਾਂ ਲਈ ਵਿਅੰਜਨਾਂ ਦੇ ਨਾਸਿਕ ਉਚਾਰਨ ਅਤੇ ਸੁਰਾਂ ਦੀ ਨਾਸਿਕਤਾ ਵਿਚ ਮਹੱਤਵਪੂਰਨ ਫਰਕ ਇਨ੍ਹਾਂ ਦਾ ਕ੍ਰਮਵਾਰ ਖੰਡੀ ਅਤੇ ਅਖੰਡੀ ਪ੍ਰਕ੍ਰਿਤੀ ਵਾਲੇ ਹੋਣਾ ਹੀ ਹੈ।

ਸੁਰ (tone) ; ਇਕ ਅਜੇਹੀ ਅਖੰਡੀ ਧੁਨੀ ਹੈ, ਜੋ ਪੰਜਾਬੀ ਭਾਸ਼ਾ ਨੂੰ ਬਾਕੀ ਸਾਰੀਆਂ ਭਾਰਤੀ-ਆਰਿਆਈ ਭਾਸ਼ਾਵਾਂ ਨਾਲੋਂ ਵੱਖਰਾ ਕਰਦੀ ਹੈ। ਪੰਜਾਬੀ ਹੀ ਇਕ ਅਜੇਹੀ ਭਾਰਤੀ-

ਆਰਿਆਈ ਭਾਸ਼ਾ ਹੈ, ਜਿਸ ਵਿਚ ਕਾਫੀ ਹੱਦ ਤਕ ਵਿਕਸਿਤ ਸੁਰ-ਪ੍ਰਨਾਲੀ ਹੈ। ਪੰਜਾਬੀ ਭਾਸ਼ਾ ਦੇ ਇਸ ਅਖੰਡੀ ਧੁਨੀ ਦੇ ਸੰਬੰਧ ਵਿਚ ਪ੍ਰੋਫੈਸਰ ਹਰਜੀਤ ਸਿੰਘ ਗਿੱਲ (1972, ਪੰ. 3) ਅਤੇ ਡਾਕਟਰ ਬਲਬੀਰ ਸਿੰਘ ਸੰਧੂ (1968 ਪੰ. 97) ਦੇ ਅਧਿਐਨ ਵਰਣਨਯੋਗ ਹਨ। ਇਸੇ ਤਰ੍ਹਾਂ ਪੰਜਾਬੀ ਦੀ ਦੂਜੀ ਅਖੰਡੀ ਧੁਨੀ ਨਾਸਿਕਤਾ ਅਤੇ ਖੰਡੀ ਨਾਸਿਕ ਉਚਾਰਨ ਦਾ ਵਰਣਨ ਵੀ ਇਨ੍ਹਾਂ ਅਤੇ ਹੋਰ ਵਿਦਵਾਨਾਂ ਦੇ ਅਧਿਐਨ ਵਿਚ ਮਿਲ ਜਾਂਦਾ ਹੈ। ਪੰਜਾਬੀ ਭਾਸ਼ਾ ਦੇ ਵਿਗਿਆਨਕ ਅਧਿਐਨ ਲਈ ਕੀਤੇ ਗਏ ਮੁੱਢਲੇ ਯਤਨਾਂ ਵਿਚ ਨਾਸਿਕਤਾ ਬਾਰੇ ਪ੍ਰੋਫੈਸਰ ਪ੍ਰੇਮ ਪ੍ਰਕਾਸ਼ ਸਿੰਘ (1955), ਡਾ. ਕਾਲਾ ਸਿੰਘ ਬੇਦੀ (1971) ਡਾਕਟਰ ਗੁਰਦੇਵ ਸਿੰਘ (1971) ਅਤੇ ਸਰਦਾਰ ਜੀ. ਬੀ. ਸਿੰਘ (1972) ਦਾ ਨਾਂ ਸ਼ਾਮਿਲ ਹੈ। ਇਨ੍ਹਾਂ ਸਾਰਿਆਂ ਨੇ ਨਾਸਿਕ ਵਿਅੰਜਨਾਂ ਦੇ ਉਚਾਰਨ, ਨਾਸਿਕ, ਸ੍ਵਰਾਂ ਅਤੇ ਇਨ੍ਹਾਂ ਦੇ ਲਿਖਤੀ ਰੂਪ ਲਈ ਵਰਤੇ ਜਾਂਦੇ ਗੁਰਮੁਖੀ ਵਰਣਾਂ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਡਾ. ਹਰਜੀਤ ਸਿੰਘ ਗਿੱਲ (1969, ਪੰ. 22) ਨੇ ਮਾਝੀ ਵਿਚ ਅਤੇ ਡਾ. ਬਲਬੀਰ ਸਿੰਘ ਸੰਧੂ (1968 ਪੰ. 20) ਨੇ ਪੁਆਧੀ ਉਪਭਾਸ਼ਾਵਾਂ ਵਿਚ ਨਾਸਿਕ ਵਿਅੰਜਨਾਂ ਦੇ ਉਚਾਰਨਾਂ ਅਤੇ ਸ੍ਵਰਾਂ ਦੀ ਨਾਸਿਕਤਾ ਦਾ ਵਰਨਣ ਕੀਤਾ ਹੈ। ਤੋਮੀਓ (1981, ਪੰ. 2) ਦੇ ਪੰਜਾਬੀ ਮੈਨੂਅਲ ਵਿਚ ਵੀ ਨਾਸਿਕ ਵਿਅੰਜਨਾਂ ਅਤੇ ਗੁਰਮੁਖੀ ਵਿਚ ਨਾਸਿਕਤਾ ਦੇ ਪ੍ਰਗਟਾਵੇ ਨੂੰ ਲਿਆ ਗਿਆ ਹੈ।

ਪੰਜਾਬੀ ਵਿਚ ਨਾਸਿਕ ਵਿਅੰਜਨਾਂ ਦੇ ਉਚਾਰਨ ਅਤੇ ਇਨ੍ਹਾਂ ਦੇ ਗੁਰਮੁਖੀ ਵਰਣਾਂ ਬਾਰੇ ਕੋਈ ਵੀ ਮਹੱਤਵਪੂਰਣ ਵਾਦ ਵਿਵਾਦ ਨਹੀਂ ਮਿਲਦਾ। ਪੰਜਾਬੀ ਵਿਚ ਹੋਏ ਮੁੱਢਲੇ ਯਤਨਾਂ ਡਾ. ਹਰਜੀਤ ਸਿੰਘ ਗਿੱਲ ਦੇ ਮਾਝੀ ਉਪਭਾਸ਼ਾ ਦੇ ਅਧਿਐਨ ਅਤੇ ਤੋਮੀਓ ਦੇ ਮੈਨੂਅਲ ਵਿਚ ਪੰਜ ਨਾਸਿਕ ਵਿਅੰਜਨਾਂ ਅਰਥਾਤ /m, n, ṇ, ñ, ŋ/ (ਮ, ਨ, ਣ, ਞ, ਙ) ਦੀ ਸਥਾਪਨਾ ਕੀਤੀ ਗਈ ਹੈ, ਪਰੰਤੂ ਡਾ. ਸੰਧੂ ਦੇ ਪੁਆਧੀ ਉਪਭਾਸ਼ਾ ਦੇ ਅਧਿਐਨ ਵਿਚ ਸਿਰਫ ਤਿੰਨ ਨਾਸਿਕ ਵਿਅੰਜਨਾਂ ਅਰਥਾਤ m, n ਅਤੇ ṇ/ (ਮ, ਨ ਅਤੇ ਣ) ਦੀ ਹੀ ਸਥਾਪਨਾ ਕੀਤੀ ਗਈ ਹੈ। ਇਸ ਦੇ ਉਲਟ ਸ੍ਵਰਾਂ ਦੀ ਨਾਸਿਕਤਾ ਸੰਬੰਧੀ ਕਈ ਤਰ੍ਹਾਂ ਦੇ ਵਿਚਾਰ ਮਿਲ ਜਾਂਦੇ ਹਨ। ਨਾਸਿਕ ਸ੍ਵਰਾਂ ਦਾ ਧੁਨੀ-ਵਿਗਿਆਨਕ ਅਤੇ ਧੁਨੀਗ੍ਰਾਮ ਵਿਗਿਆਨਕ ਵਰਨਣ ਤਾਂ ਲਗਭਗ ਮਿਲਦਾ ਜੁਲਦਾ ਹੈ। ਪਰੰਤੂ, ਇਨ੍ਹਾਂ ਦੀ ਨਾਸਿਕਤਾ ਤੇ ਗੁਰਮੁਖੀ ਲਿੱਪੀ ਵਿਚ ਪ੍ਰਗਟਾਵੇ ਸੰਬੰਧੀ ਵੇਰਵੇ ਇਕ ਤਾਂ ਵੱਖੋ ਵੱਖਰੇ ਹਨ ਅਤੇ ਦੂਜਾ ਅਧੂਰੇ ਅਤੇ ਕਈ ਥਾਵਾਂ ਉੱਤੇ ਅਵਿਗਿਆਨਕ ਵੀ ਹਨ। ਡਾ. ਪ੍ਰੇਮ ਪ੍ਰਕਾਸ਼ ਸਿੰਘ (1955, ਪੰ. 140) ਦੀ ਇਹ ਸਥਾਪਨਾ ਤਾਂ ਠੀਕ ਹੈ ਕਿ "ਨਾਸਿਕਤਾ ਨੂੰ ਚਿੰਨ੍ਹਿਤ ਕਰਨ ਲਈ ਗੁਰਮੁਖੀ ਲਿੱਪੀ ਵਿਚ ਟਿੱਪੀ ਤੇ ਬਿੰਦੀ ਦੋ ਰੂਪ ਹਨ।" ਪਰੰਤੂ ਇਹ ਠੀਕ ਨਹੀਂ ਜਾਪਦਾ ਕਿ "ਦੀਰਘ ਸ੍ਵਰਾਂ ਨਾਲ ਬਿੰਦੀ ਅਤੇ ਹ੍ਰਸਵ ਸ੍ਵਰਾਂ ਨਾਲ ਟਿੱਪੀ ਲਾਈ ਜਾਂਦੀ ਹੈ" ਕਿਉਂਕਿ ਤੂੰ, ਮੂੰਗੀ, ਮਰੂੰਡਾ, ਲੂੰ ਆਦਿ ਪੰਜਾਬੀ ਸ਼ਬਦਾਂ ਵਿਚ ਦੀਰਘ ਸ੍ਵਰ/u/ (ਊ) ਨਾਲ ਬਿੰਦੀ ਦੀ ਬਜਾਏ ਟਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਡਾ. ਗੁਰਦੇਵ ਸਿੰਘ (1971, ਪੰ. 57) ਦੀ ਇਹ ਧਾਰਨਾ ਕਿ "ਹ੍ਰਸਵ ਸ੍ਵਰਾਂ ਅਤੇ ਦੁਲੈਂਕੜੇ ਨਾਲ ਟਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ, ਜਦ ਕਿ ਆ, ਈ, ਏ, ਐ, ਓ, ਤੇ ਔ ਨਾਲ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ", ਵੀ ਅਧੂਰੀ ਹੀ ਹੈ, ਕਿਉਂਕਿ ਊਂਠ, ਊਂਘਣਾ, ਊਂਘ, ਪਾਊਂਗਾ, ਚਲਾਊਂਗਾ (ਉਪਭਾਸ਼ਾਈ ਉਚਾਰਨ) ਵਿਚ ਦੀਰਘ ਸ੍ਵਰ /u/ (ਊ) ਨਾਲ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਚਲਾਉਂਦਾ, ਪਾਉਂਦਾ, ਕਰਾਉਂਦਾ ਆਦਿ ਸ਼ਬਦਾਂ ਵਿਚ ਹ੍ਰਸਵ ਸ੍ਵਰ /u/ (ਓ) ਨਾਲ ਟਿੱਪੀ ਦੀ ਬਜਾਏ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ। ਸਰਦਾਰ ਜੀ.ਬੀ. ਸਿੰਘ (1972, ਪੰ. 82) ਅਤੇ ਡਾ. ਕਾਲਾ ਸਿੰਘ ਬੇਦੀ (1971, ਪੰ. 532) ਟਿੱਪੀ ਅਤੇ ਬਿੰਦੀ ਨੂੰ ਗੁਰਮੁਖੀ ਦੇ ਸ੍ਵਰ ਚਿੰਨ੍ਹ ਹੀ ਮੰਨਦੇ ਹਨ। ਉਨ੍ਹਾਂ ਦੀ ਇਹ ਧਾਰਣਾ ਵਿਗਿਆਨਕ ਨਹੀਂ ਜਾਪਦੀ ਕਿਉਂਕਿ ਸ੍ਵਰਾਂ (ਖੰਡੀ ਧੁਨੀਆਂ) ਦੇ ਉਲਟ ਇਹ ਚਿੰਨ੍ਹ, ਗੁਰਮੁਖੀ ਲਿੱਪੀ ਵਿਚ ਅਖੰਡੀ ਧੁਨੀ ਨਾਸਿਕਤਾ ਨੂੰ ਚਿੰਨ੍ਹਤ ਕਰਦੇ ਹਨ। ਡਾ. ਬਲਬੀਰ ਸਿੰਘ ਸੰਧੂ (1968, ਪੰ. 20) ਨੇ ਸ੍ਵਰਾਂ ਦੀ ਨਾਸਿਕਤਾ ਦੀ ਗੱਲ ਤਾਂ ਕੀਤੀ ਹੈ, ਪਰੰਤੂ ਗੁਰਮੁਖੀ ਲਿੱਪੀ ਵਿਚ ਇਸ ਦੇ ਪ੍ਰਗਟਾਵੇ ਦਾ ਕੋਈ

ਜ਼ਿਕਰ ਨਹੀਂ ਕੀਤਾ। ਡਾ. ਹਰਜੀਤ ਸਿੰਘ ਗਿੱਲ (1969, ਪੰ. 40) ਨੇ ਪੰਜਾਬੀ ਲਿਖਣ ਕਲਾ ਅਧੀਨ ਬਿੰਦੀ ਅਤੇ ਟਿੱਪੀ ਦੀ ਵਰਤੋਂ ਸੰਬੰਧੀ ਸਥਾਪਨਾ ਕੀਤੀ ਹੈ ਕਿ /i.ə.U/ (ਸਿਹਾਰੀ, ਮੁਕਤਾ ਔਂਕੜ) ਅਤੇ /u/ (ਦੁਲੈਂਕੜ) ਜਦੋਂ ਸ਼ਬਦਾਂ ਦੀ ਅੰਤਲੀ ਸਥਿਤੀ ਉੱਤੇ ਹੋਣ ਤਾਂ ਟਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ। ਪਰੰਤੂ /i, e, E, O,ɔ/ (ਬਿਹਾਰੀ, ਲਾਂ, ਦੁਲਾਈਆਂ, ਕੰਨਾ, ਹੋੜਾ, ਕਨੌੜਾ) ਅਤੇ /u/ (ਦੁਲੈਂਕੜਾਂ ਜਦੋਂ ਸ਼ਬਦਾਂ ਦੀ ਅੰਤਲੀ ਸਥਿਤੀ ਉੱਤੇ ਨਾ ਹੋਵੇ ਤਾਂ ਬਿੰਦੀ ਵਰਤੀ ਜਾਂਦੀ ਹੈ।' ਇਹ ਸਥਾਪਨਾ ਵੀ ਅਪੂਰਣ ਹੈ, ਕਿਉਂਕਿ ਮੂੰਗੀ (mūgi) ਮੂੰਗਾ (mūga) ਖੂੰਡਾ (khūda) ਭੂੰਡੀ (pūdi) ਆਦਿ ਸ਼ਬਦਾਂ ਵਿਚ /u/ ਸ਼ਬਦਾਂ ਦੀ ਅੰਤਲੀ ਸਥਿਤੀ ਵਿਚ ਨਹੀਂ ਆਉਂਦਾ, ਫਿਰ ਵੀ ਬਿੰਦੀ ਦੀ ਬਜਾਏ ਇਨ੍ਹਾਂ ਵਿਚ ਟਿੱਪੀ ਦੀ ਹੀ ਵਰਤੋਂ ਕੀਤੀ ਗਈ ਹੈ। ਇਸੇ ਤਰ੍ਹਾਂ ਪੜ੍ਹਾਉਂਦਾ (pəraōda) ਨਹਾਉਂਦਾ (nəɔ̄da) ਪਾਉਂਦਾ (paɔ̄da) ਆਦਿ ਸ਼ਬਦਾਂ ਵਿਚ /u/ ਸੂਰ ਨਾਲ ਟਿੱਪੀ ਦੀ ਬਜਾਏ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ। ਤੋਮੀਓ (1981, ਪੰ. 3) ਨੇ ਬਿੰਦੀ ਅਤੇ ਟਿੱਪੀ ਨੂੰ ਲਿਖਣ ਕਲਾ ਅਧੀਨ ਸੂਰ ਅਤੇ ਵਿਅੰਜਨ ਦੋਹਾਂ ਦੇ ਅੰਤਰਗਤ ਲਿਆ ਹੈ। ਉਸ ਅਨੁਸਾਰ ਸ਼ਬਦ ਦੇ ਅੰਤ ਵਿਚ ਇਹ ਦੋਵੇਂ ਚਿੰਨ੍ਹ ਨਾਸਿਕ ਸੂਰ ਲਈ ਵਰਤੇ ਜਾਂਦੇ ਹਨ" ਉਸ ਨੇ ਸ਼ਬਦਾਂ ਦੀ ਆਦਿ ਅਤੇ ਮੱਧ ਸਥਿਤੀ ਵਿਚ ਇਨ੍ਹਾਂ ਦੀ ਵਰਤੋਂ ਦਾ ਕੋਈ ਜ਼ਿਕਰ ਨਹੀਂ ਕੀਤਾ। ਵਿਅੰਜਨਾਂ ਨਾਲ ਇਨ੍ਹਾਂ ਚਿੰਨ੍ਹਾਂ ਦਾ ਵਰਣਨ ਕਰਦਾ ਹੋਇਆ, ਉਹ ਇਨ੍ਹਾਂ ਨੂੰ, ਸ਼ਬਦਾਂ ਦੀ ਮੱਧ ਸਥਿਤੀ ਵਿਚ ਆਏ ਵਿਅੰਜਨ ਦੀ ਸ਼੍ਰੇਣੀ ਵਾਲੇ ਨਾਸਿਕ ਵਿਅੰਜਨ ਦਾ ਚਿੰਨ੍ਹ ਮੰਨਦਾ ਹੈ।" ਉਸ ਦੀ ਇਹ ਧਾਰਣਾ ਹਿੰਦੀ ਦੇ ਨਾਸਿਕ ਉਚਾਰਨ ਬਾਰੇ ਤਾਂ ਸਹੀ ਹੋ ਸਕਦੀ ਹੈ ਪਰੰਤੂ ਬਿੰਦੀ ਅਤੇ ਟਿੱਪੀ ਸੰਬੰਧੀ ਇਹ ਧਾਰਣਾ ਉਸ ਦੇ ਮੈਨੂਅਲ ਦੀ ਪ੍ਰਕ੍ਰਿਤੀ ਕਰ ਕੇ ਜਾਪਦੀ ਹੈ, ਜਿਸ ਦਾ ਆਧਾਰ ਹਿੰਦੀ ਅਤੇ ਪੰਜਾਬੀ ਵਿਆਕਰਣ ਦਾ ਤੁਲਨਾਤਮਕ ਅਧਿਐਨ ਹੈ। ਉਸ ਦੇ ਗੁਰਮੁਖੀ ਵਿਚ ਪ੍ਰਗਟਾਵੇ ਬਾਰੇ ਸਹੀ ਅਤੇ ਪੂਰਣ ਵਰਣਨ ਨਹੀਂ ਮਿਲਦਾ ਅਤੇ ਇਨ੍ਹਾਂ ਦੇ ਆਪਸੀ ਸੰਬੰਧ ਨੂੰ ਕਿਸੇ ਵੀ ਅਧਿਐਨ ਦਾ ਵਿਸ਼ਾ ਵੀ ਨਹੀਂ ਬਣਾਇਆ ਗਿਆ। ਹਥਲੇ ਖੋਜ-ਪੱਤਰ ਵਿਚ ਪੰਜਾਬੀ ਨਾਸਿਕ ਉਚਾਰਨ ਦੇ ਧੁਨੀ-ਵਿਗਿਆਨਕ ਵਰਨਣ ਅਤੇ ਇਸ ਦੇ ਗੁਰਮੁਖੀ ਵਿਚ ਪ੍ਰਗਟਾਅ ਦਾ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ।

ਪੰਜਾਬੀ ਉਚਾਰ ਵਿਚ ਨਾਸਿਕ ਵਿਅੰਜਨ ਪੰਜ ਉਚਾਰਨ-ਸਥਾਨਾਂ ਉੱਤੇ ਉੱਚਰਿਤ ਹੁੰਦੇ ਹਨ। ਉਚਾਰਨ-ਸਥਾਨ ਅਨੁਸਾਰ ਇਨ੍ਹਾਂ ਨੂੰ ਦੋ-ਹੋਂਠੀ, ਦੰਤੀ, ਉੱਲਟ-ਜੀਭੀ, ਤਾਲਵੀ ਅਤੇ ਕੋਮਲ ਤਾਲਵੀ ਨਾਸਿਕ ਵਿਅੰਜਨ ਕਿਹਾ ਜਾਂਦਾ ਹੈ। ਅੰਤਰ-ਰਾਸ਼ਟਰ-ਧੁਨੀ ਲਿੱਪੀ ਵਿਚ ਇਨ੍ਹਾਂ ਨੂੰ ਕ੍ਰਮਵਾਰ /m n ṇ ñ ŋ/ ਅਤੇ ਗੁਰਮੁਖੀ ਵਿਚ ਮ (ਮੰਮਾਂ), ਨ (ਨੰਨਾਂ), ਣ (ਣਾਣਾਂ), ਞ(ਞੰਞਾ) ਅਤੇ ਙ(ਙੰਙਾਂ) ਚਿੰਨ੍ਹਾਂ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ। ਪੰਜਾਬੀ ਵਿਚ ਤਾਲਵੀ ਅਤੇ ਕੋਮਲ ਤਾਲਵੀ ਨਾਸਿਕ ਵਿਅੰਜਨਾਂ (ਞ, ਙ) ਦੀ ਕਾਰਜੀ ਹੋਂਦ (functional load) ਕਾਫੀ ਘੱਟ ਗਈ ਹੈ, ਅਰਥਾਤ ਬਹੁਤ ਘੱਟ ਸ਼ਬਦ ਹਨ, ਜਿਨ੍ਹਾਂ ਦੇ ਉਚਾਰਨ ਅਤੇ ਲਿਖਣ ਲਈ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅਜੇਹੇ ਸ਼ਬਦਾਂ ਵਿਚ ਜਿਥੇ ਪਹਿਲਾਂ ਤਾਲਵੀ ਨਾਸਿਕ ਵਿਅੰਜਨ /ñ/ (ਞ) ਵਰਤਿਆ ਜਾਂਦਾ ਸੀ, ਹੁਣ ਨਾਦੀ ਅਲਪ ਪ੍ਰਾਣੀ ਤਾਲਵੀ ਡੱਕਵਾਂ ਵਿਅੰਜਨ /j/ (ਜ) ਅਤੇ ਕੋਮਲ ਤਾਲਵੀ ਨਾਸਿਕ ਵਿਅੰਜਨ /ŋ/ (ਙ) ਦੀ ਥਾਂ ਨਾਦੀ ਅਲਪ ਪ੍ਰਾਣੀ ਕੋਮਲ ਤਾਲਵੀ ਡੱਕਵਾਂ ਵਿਅੰਜਨ /g/ (ਗ) ਵਰਤਿਆ ਜਾਂਦਾ ਹੈ। ਇਨ੍ਹਾਂ ਦੀਆਂ ਕੁਝ ਕੁ ਉਦਾਹਰਣਾਂ ਹੇਠ ਲਿਖੇ ਅਨੁਸਾਰ ਹਨ :

| | | | |
|---|---|---|---|
| ñ — j | ਜਾਂ ਞ | — | ਜ |
| | ਜੰਞ | — | ਜੰਜ |
| | ਇੰਞ | — | ਇੰਜ |
| | ਝਿੰਞਣ | — | ਝਿੰਜਣ (ਪੌਦਾ) |

| | | | |
|---|---|---|---|
| ŋ — g | ਜਾਂ ਙ | — | ਗ |
| | ਵੰਙਾਂ | — | ਵੰਗਾਂ |
| | ਲੰਙਾਂ | — | ਲੰਗਾ |

ਪੰਜਾਬੀ ਸ਼ਬਦਾਂ ਦੀ ਮੱਧ ਸਥਿਤੀ ਅਤੇ ਅੰਤਲੀ ਸਥਿਤੀ ਵਿਚ ਨ/ਣ (n/n) ਦਾ ਵਿਰੋਧ ਕਾਫੀ ਮਾਤ੍ਰਾ ਵਿਚ ਮਿਲ ਜਾਂਦਾ ਹੈ, ਅਰਥਾਤ ਬਹੁਤ ਸਾਰੇ ਅਜੇਹੇ ਸ਼ਬਦ ਹਨ, ਜਿਥੇ ਨ ਅਤੇ ਣ ਮੱਧ ਅਤੇ ਅੰਤਲੀ ਸਥਿਤੀ ਵਿਚ ਆ ਕੇ ਸ਼ਬਦਾਂ ਨੂੰ ਵੱਖਰਾ ਕਰਦੇ ਹਨ ਪਰੰਤੂ ਆਦਿ ਸਥਿਤੀ ਵਿਚ ਇਹ ਵਿਰੋਧ ਨ ਦੇ ਹੱਕ ਵਿਚ ਸਮਾਪਤ (neutralize) ਹੋ ਜਾਂਦਾ ਹੈ ਅਰਥਾਤ ਪੰਜਾਬੀ ਦਾ ਕੋਈ ਵੀ ਅਜੇਹਾ ਸ਼ਬਦ ਨਹੀਂ ਜੋ ਣ–ਨਾਲ ਸ਼ੁਰੂ ਹੁੰਦਾ ਹੋਵੇ ਜਦ ਕਿ ਬਹੁਤ ਸਾਰੇ ਸ਼ਬਦ ਨ–ਨਾਲ ਸ਼ੁਰੂ ਹੁੰਦੇ ਹਨ।

ਪੰਜਾਬੀ ਵਿਚ 10 ਸੁਰ ਹਨ ਅਤੇ ਇਹ ਸਾਰੇ ਹੀ ਖੰਡੀ ਧੁਨੀਆਂ ਦੇ ਅਧੀਨ ਆਉਂਦੇ ਹਨ। ਅੰਤਰ–ਰਾਸ਼ਟਰੀ ਧੁਨੀ ਲਿੱਪੀ ਅਤੇ ਗੁਰਮੁਖੀ ਅਨੁਸਾਰ ਇਨ੍ਹਾਂ ਨੂੰ ਹੇਠਾਂ ਦਿੱਤੇ ਚਿੰਨ੍ਹਾਂ ਅਨੁਸਾਰ ਵਿਖਾਇਆ ਜਾ ਸਕਦਾ ਹੈ :

| | ਮੂਹਰਲੇ | ਵਿਚਕਾਰਲੇ | ਪਿਛਲੇ |
|---|---|---|---|
| | ਗੁਲਾਈ ਰਹਿਤ | | ਗੋਲਾਈ–ਸਹਿਤ |
| ਉੱਚਾ | i (ਈ) | | U (ਊ) |
| | | I (ਇ)U (ਉ) | |
| ਅੱਧ–ਉੱਚਾ | e (ਏ) | | o (ਓ) |
| ਅੱਧ–ਨੀਵਾਂ | E (ਐ) | ə (ਮੁਕਤਾ) | ɔ(ਔ) |
| ਨੀਵਾਂ | | a (ਆ) | |

ਗੁਰਮੁਖੀ ਲਿੱਪੀ ਵਿਚ ਇਨ੍ਹਾਂ ਸੁਰਾਂ ਨੂੰ ਸਿਹਾਰੀ (ਇ), ਬਿਹਾਰੀ (ਈ), ਔਂਕੜ (ਉ), ਦੁਲੈਂਕੜ (ਊ), ਮੁਕਤਾ (ਕੋਈ ਚਿੰਨ੍ਹ ਨਹੀਂ) ਕੰਨਾਂ (ਆ), ਲਾਂ (ਏ), ਦੁਲਾਈਆਂ (ਐ) ਹੋੜਾ (ਓ) ਅਤੇ ਕਨੌੜਾ (ਔ) ਕਿਹਾ ਜਾਂਦਾ ਹੈ। ਇਨ੍ਹਾਂ ਵਿਚੋਂ (I, U, ə) (ਸਿਹਾਰੀ, ਔਂਕੜ, ਮੁਕਤਾ) ਨੂੰ ਹ੍ਰਸਵ ਅਤੇ / i.e.E,a,u,o.ɔ/ ਨੂੰ ਦੀਰਘ ਸੁਰ ਕਿਹਾ ਜਾਂਦਾ ਹੈ। ਡਾ. ਸੰਧੂ (1971, ਪੰ. 71) ਸੁਰਾਂ ਦੇ ਇਸ ਤਰ੍ਹਾਂ ਦੇ ਵਰਗੀਕਰਣ ਨਾਲ ਸਹਿਮਤ ਹਨ। ਪਰੰਤੂ ਡਾ. ਗਿੱਲ (1969, ਪੰ.18) ਦਾ ਵਿਚਾਰ ਹੈ ਕਿ ਹ੍ਰਸਵ/ਦੀਰਘ ਦੀ ਬਜਾਏ ਇਨ੍ਹਾਂ ਨੂੰ ਕੇਂਦਰੀ (central) ਬਾਹਰਲੇ (peripheral) ਸੁਰ ਮੰਨਣਾ ਚਾਹੀਦਾ ਹੈ।

ਪੰਜਾਬੀ ਵਿਚ ਸਾਰੇ ਸੁਰ ਹੀ ਨਾਸਿਕ ਹੋ ਸਕਦੇ ਹਨ। ਪੰਜਾਬੀ ਸੁਰਾਂ ਦੀ ਨਾਸਿਕਤਾ, ਸੁਰ ਵਾਂਗ, ਇਕ ਸਾਰਥਕ ਧੁਨੀ (phoneme) ਵਜੋਂ ਵਰਤੀ ਜਾਂਦੀ ਹੈ ਅਰਥਾਤ ਜਿਵੇਂ ਉੱਚੀ, ਨੀਵੀਂ ਅਤੇ ਮੱਧਮ ਸੁਰ ਨਾਲ ਪੰਜਾਬੀ ਸ਼ਬਦਾਂ ਨੂੰ ਇਕ ਦੂਜੇ ਤੋਂ ਵੱਖ ਕੀਤਾ ਜਾ ਸਕਦਾ ਹੈ, ਉਵੇਂ ਹੀ ਨਾਸਿਕਤਾ ਨਾਲ ਵੀ ਸ਼ਬਦਾਂ ਦੇ ਅਰਥਾਂ ਵਿਚ ਅੰਤਰ ਸਥਾਪਿਤ ਕੀਤਾ ਜਾ ਸਕਦਾ ਹੈ ਜਿਵੇਂ ਲੂ/ਲੂੰ, ਸੌ/ਸੌਂ, ਜੱਗ/ਜੰਗ, ਆਖੀ/ਆਖੀਂ ਆਦਿ। ਪੰਜਾਬੀ ਨਾਸਿਕ ਸੁਰਾਂ ਦੀ ਧੁਨੀ ਵਿਗਿਆਨਕ ਸਾਰਥਕਤਾ ਬਾਰੇ ਡਾ. ਗਿੱਲ (1969, ਪੰ. 20) ਅਤੇ ਡਾ.ਹਰਕੀਰਤ ਸਿੰਘ (1973, ਪੰ. 79) ਨੇ ਕੁਝ ਸਥਾਪਨਾਵਾਂ ਕੀਤੀਆਂ ਹਨ। ਇਨ੍ਹਾਂ ਦੇ ਆਧਾਰ ਉੱਤੇ ਅਸੀਂ ਕਹਿ ਸਕਦੇ ਹਾਂ ਕਿ :

ਪੰਜਾਬੀ ਸ਼ਬਦਾਂ ਦੀ ਅੰਤਲੀ ਸਥਿਤੀ ਵਿਚ ਕੇਂਦਰੀ/ਬਾਹਰਲੇ (ਸੁਰ ਦੀਰਘ) ਸੁਰਾਂ ਵਿਚ ਨਾਸਿਕ/ਗੈਰ–ਨਾਸਿਕ ਦਾ ਵਿਰੋਧ ਨਹੀਂ ਮਿਲਦਾ ਕਿਉਂਕਿ ਇਸ ਸਥਿਤੀ ਵਿਚ ਕੇਂਦਰੀ/ਬਾਹਰਲੇ ਸੁਰਾਂ ਦਾ ਵਿਰੋਧ ਬਾਹਰਲੇ ਸੁਰਾਂ ਦੇ ਹੱਕ ਵਿਚ ਖ਼ਤਮ ਹੋ ਜਾਂਦਾ ਹੈ।

ਪੰਜਾਬੀ ਸ਼ਬਦਾਂ ਦੀ ਮੱਧ-ਸਥਿਤੀ ਵਿਚ ਗੈਰ ਨਾਸਿਕੀ/ਨਾਸਿਕੀ ਕੇਂਦਰੀ ਸ੍ਵਰਾਂ ਦਾ ਵਿਰੋਧ ਮਿਲ ਜਾਂਦਾ ਹੈ ਜਿਵੇਂ ਕਮੀ/ਕੰਮੀ, ਚੱਟ/ਚੰਟ, ਟਿੱਡ/ਟਿੰਡ, ਆਦਿ ਸ਼ਬਦਾਂ ਵਿਚ।

ਪੰਜਾਬੀ ਸ਼ਬਦਾਂ ਵਿਚ ਨਾਸਿਕ ਵਿਅੰਜਨ ਤੋਂ ਬਾਅਦ ਵਿਚ ਆਉਣ ਵਾਲਾ ਸ੍ਵਰ ਆਪਣੇ ਆਪ ਨਾਸਿਕ ਹੋ ਜਾਂਦਾ ਹੈ। ਜਿਵੇਂ ਜਮ੍ਹਾਂ, ਉਨ੍ਹਾਂ, ਰਮਾਂਹ ਆਦਿ ਸ਼ਬਦਾਂ ਵਿਚ ਪਰੰਤੂ ਜੇ ਦੋ ਉਚਾਰ-ਖੰਡ (syllable) ਵਾਲੇ ਸ਼ਬਦ ਉੱਤੇ ਨੀਵੀਂ ਜਾਂ ਮੱਧਮ ਸੁਰ ਹੋਵੇ ਅਤੇ ਨਾਸਿਕ ਵਿਅੰਜਨ ਅਤੇ ਉਸ ਤੋਂ ਬਾਅਦ ਵਿਚ ਆਉਣ ਵਾਲਾ ਸ੍ਵਰ ਸ਼ਬਦਾਂ ਦੀ ਅੰਤਲੀ ਸਥਿਤੀ ਉੱਤੇ ਹੋਣ ਤਾਂ ਇਹ ਅੰਤਿਮ ਸ੍ਵਰ ਨਾਸਿਕ ਨਹੀਂ ਹੁੰਦਾ। ਜਿਵੇਂ ਘੁਮੀ (kùmi), ਨ੍ਹਾ (ná) ਆਦਿ।

ਪੰਜਾਬੀ ਸ਼ਬਦਾਂ ਵਿਚ ਇਕ ਸ੍ਵਰ ਉੱਤੇ ਆਈ ਨਾਸਿਕਤਾ, ਨਾਲ ਲੱਗਦੇ ਦੂਜੇ ਸ੍ਵਰ ਉੱਤੇ ਵੀ ਫੈਲ ਜਾਂਦੀ ਹੈ ਜਿਵੇਂ ਜਾਊਂਗਾ, ਕੁੜੀਆਂ ਆਦਿ ਵਿਚ।

ਨਾਸਿਕ ਵਿਅੰਜਨਾਂ ਦੇ ਦੁੱਤ (geminate) ਹੋਣ ਕਰ ਕੇ ਅਗਲਾ ਅਤੇ ਪਿਛਲਾ ਦੋਵੇਂ ਸ੍ਵਰ ਹੀ ਨਾਸਿਕ ਹੋ ਜਾਂਦੇ ਹਨ ਜਿਵੇਂ ਕੰਮੀਂ, ਮੰਨੀਂ, ਭੰਨਾਂ ਆਦਿ ਸ਼ਬਦਾਂ ਵਿਚ।

ਜੇ ਨਾਸਿਕ ਵਿਅੰਜਨ ਤੋਂ ਪਹਿਲਾ ਮੁਕਤਾ ਸ੍ਵਰ ਆ ਜਾਵੇ ਤਾਂ ਉਸ ਤੋਂ ਬਾਅਦ ਵਿਚ ਆਉਣ ਵਾਲਾ ਸ੍ਵਰ ਨਾਸਿਕ ਨਹੀਂ ਹੁੰਦਾ ਜਿਵੇਂ ਕਮਾਇਆ, ਦਿਮਾਗ ਆਦਿ ਸ਼ਬਦਾਂ ਵਿਚ।

ਨਾਸਿਕਤਾ ਪੰਜਾਬੀ ਦੀਆਂ ਕੁਝ ਕੁ ਉਪਭਾਸ਼ਾਵਾਂ ਵਿਚ ਨਿੱਖੜਵਾਂ ਲੱਛਣ ਬਣ ਕੇ ਵੀ ਸਾਡੇ ਸਾਮ੍ਹਣੇ ਆਉਂਦੀ ਹੈ। ਮਾਝੀ ਉਪਭਾਸ਼ਾ ਦੇ ਗੈਰ-ਨਾਸਿਕ ਉਚਾਰ ਇਨ੍ਹਾਂ ਵਿਚ ਨਾਸਿਕ ਬਣ ਜਾਂਦੇ ਹਨ। ਮਲਵਈ, ਪੰਜਾਬੀ ਦੀ ਅਜੇਹੀ ਹੀ ਇਕ ਉਪਭਾਸ਼ਾ ਹੈ ਜਿਸ ਵਿਚ ਨਾਸਿਕਤਾ ਨੂੰ ਉਸ ਦਾ ਨਿੱਖੜਣਾਂ ਲੱਛਣ ਸਮਝਿਆ ਜਾਂਦਾ ਹੈ। ਮਲਵਈ ਵਿਚ ਮਾਝੀ ਦੇ ਤਾਸ਼ ਨੂੰ ਤਾਂਸ਼, ਪੂਛ ਨੂੰ ਪੂੰਛ, ਚਾਹੀਦਾ ਨੂੰ ਚਾਹੀਂਦਾ ਕਰ ਕੇ ਉਚਾਰਿਆ ਜਾਂਦਾ ਹੈ। ਇਸੇ ਤਰ੍ਹਾਂ ਮੁਲਤਾਨੀ ਉਪਭਾਸ਼ਾ ਵਿਚ ਮਾਝੀ ਦੇ ਨਾਸਿਕ ਉਚਾਰ ਨੂੰ ਨਾਸਿਕਤਾ-ਰਹਿਤ ਕਰ ਕੇ ਉਚਾਰਿਆ ਜਾਂਦਾ ਹੈ, ਜਿਵੇਂ ਸੰਘ ਨੂੰ ਸੱਘ, ਕੰਘਾਂ ਨੂੰ ਕੱਘਾ, ਕੰਧ ਨੂੰ ਕੱਧ ਆਦਿ। ਪਰੰਤੂ ਮਾਝੀ ਦੇ ਕਈ ਗੈਰ-ਨਾਸਿਕ ਉਚਾਰਾਂ ਨੂੰ ਨਾਸਿਕ ਕਰ ਕੇ ਵੀ ਉਚਾਰਿਆ ਜਾਂਦਾ ਹੈ, ਜਿਵੇਂ ਨਾਗ ਨੂੰ ਨਾਂਗ, ਮੱਘਰ ਨੂੰ ਮੰਘਰ, ਮਾਘ ਨੂੰ ਮਾਂਘ ਆਦਿ।

ਗੁਰਮੁਖੀ ਵਿਚ ਪੰਜਾਬੀ ਸ੍ਵਰਾਂ ਦੀ ਨਾਸਿਕਤਾ ਨੂੰ ਅੰਕਿਤ ਕਰਨ ਲਈ ਦੋ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਬਿੰਦੀ ( ਂ ) ਅਤੇ ਟਿੱਪੀ ( ੰ ) ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਸ਼ਬਦਾਂ ਵਿਚ ਵਰਣਾਂ ਦੇ ਉਪਰ ਅੰਕਿਤ ਕੀਤਾ ਜਾਂਦਾ ਹੈ। ਇਸ ਸੰਬੰਧ ਵਿਚ ਹੁਣ ਤਕ ਪ੍ਰਾਪਤ ਅਧਿਐਨ ਤੋਂ ਇਹ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਸ੍ਵਰਾਂ ਦੀ ਨਾਸਿਕਤਾ ਇਕ ਅਖੰਡੀ ਧੁਨੀ ਹੈ, ਜਿਸ ਦੀ ਸ੍ਵਰਾਂ ਤੋਂ ਬਿਨਾਂ ਸੁਤੰਤਰ ਹੋਂਦ ਨਹੀਂ ਹੁੰਦੀ, ਪਰੰਤੂ ਨਾਸਿਕਤਾ ਨੂੰ ਅੰਕਿਤ ਕਰਨ ਲਈ ਗੁਰਮੁਖੀ ਲਿੱਪੀ ਵਿਚ ਵਰਤੇ ਜਾਂਦੇ ਇਨ੍ਹਾਂ ਚਿੰਨ੍ਹਾਂ ਦੀ ਵਰਤੋਂ ਦੇ ਸਹੀ ਅਤੇ ਵਿਗਿਆਨਕ ਨਿਯਮਾਂ ਦਾ ਪੂਰਾ ਪਤਾ ਨਹੀਂ ਲਗਦਾ। ਇਹ ਸਾਰੇ ਅਧਿਐਨ ਬਿੰਦੀ ਅਤੇ ਟਿੱਪੀ ਦੀ ਵਰਤੋਂ ਦੇ ਨਿਯਮ ਸਥਾਪਿਤ ਕਰਨ ਵੇਲੇ ਸ੍ਵਰਾਂ ਦੇ ਉਚਾਰਨ ਨੂੰ ਆਪਣੀ ਸੋਚ ਦਾ ਵਿਸ਼ਾ ਬਣਾ ਲੈਂਦੇ ਹਨ ਅਤੇ ਹ੍ਰਸਵ/ਦੀਰਘ ਜਾਂ ਕੇਂਦਰੀ/ਬਾਹਰਲੇ ਸ੍ਵਰਾਂ ਦੇ ਵਿਰੋਧ ਦੇ ਆਲੇ ਦੁਆਲੇ ਹੀ ਘੁੰਮਦੇ ਰਹਿੰਦੇ ਹਨ। ਇਨ੍ਹਾਂ ਦੀ ਇਹੋ ਉਕਾਈ ਇਨ੍ਹਾਂ ਦੀ ਅਸਫਲਤਾ ਦਾ ਕਾਰਣ ਬਣੀ ਹੈ, ਨਤੀਜੇ ਵਜੋਂ ਇਹ ਬਿੰਦੀ ਅਤੇ ਟਿੱਪੀ ਦੀ ਵਰਤੋਂ ਬਾਰੇ ਸਹੀ ਸਥਾਪਨਾ ਨਹੀਂ ਕਰ ਸਕੇ।

ਗੁਰਮੁਖੀ ਵਿਚ ਟਿੱਪੀ ਦੀ ਵਰਤੋਂ /i, ə, U/ (ਸਿਹਾਰੀ, ਮੁਕਤਾ, ਔਂਕੜ) ਨਾਲ ਕੀਤੀ ਜਾਂਦੀ ਹੈ। ਜਿਵੇਂ ਪਿੰਨਾਂ, ਪੰਨ੍ਹ, ਚੁੰਗੀ, ਖੁੰਘੀ ਆਦਿ ਸ਼ਬਦਾਂ ਵਿਚ। /u/ (ਦੁਲੈਂਕੜ) ਨਾਲ ਵੀ ਟਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ, ਜਦੋਂ ਇਹ ਸ਼ਬਦਾਂ ਦੀ ਅੰਤਲੀ ਅਤੇ ਮੱਧ ਸਥਿਤੀ ਉੱਤੇ ਹੋਵੇ, ਜਿਵੇਂ ਲੂੰ (lũ) ਰੂੰ (rũ) ਜੂੰ (jũ) ਅਤੇ ਮੂੰਗੀ (mũgi), ਖੂੰਡਾ (khũda) ਭੂੰਡ (pũd) ਆਦਿ ਸ਼ਬਦਾਂ ਵਿਚ।

ਗੁਰਮੁਖੀ ਵਿਚ ਬਿੰਦੀ ਦੀ ਵਰਤੋਂ /i, e, E a, u, o, ɔ/ (ਬਿਹਾਰੀ, ਲਾਵਾਂ, ਦੁਲਾਵਾਂ, ਕੰਨਾ, ਹੋੜਾ, ਕਨੌੜਾ) ਨਾਲ ਕੀਤੀ ਜਾਂਦੀ ਹੈ ਜਿਵੇਂ ਤੀਵੀਂ, ਪੇਂਜਾ, ਪੈਣਾ, ਕਾਂ ਆਦਿ ਸ਼ਬਦਾਂ ਵਿਚ /u/

(ਦੁਲੈਂਕੜ) ਜਦੋਂ ਸ਼ਬਦ ਦੀ ਆਦਿ ਸਥਿਤੀ ਵਿਚ ਹੋਵੇ ਜਾਂ ਸ਼ਬਦ ਵਿਚ ਕਿਸੇ ਸ੍ਵਰ ਤੋਂ ਬਾਅਦ ਵਿਚ ਆਵੇ ਤਾਂ ਨਾਸਿਕਤਾ ਨੂੰ ਅੰਕਿਤ ਕਰਨ ਲਈ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਊਂਠ, ਊਂਘਣਾਂ, ਊਈਂ ਅਤੇ ਖਾਊਂਗਾ, ਪਾਊਂਗਾ, ਨਹਾਊਂਗਾ (ਉਪ-ਭਾਸ਼ਾਈ ਉਚਾਰਨ) ਆਦਿ ਸ਼ਬਦਾਂ ਵਿਚ। ਇਸੇ ਤਰ੍ਹਾਂ /U/ (ਔਂਕੜ) ਸ਼ਬਦ ਵਿਚ ਕਿਸੇ ਸ੍ਵਰ ਤੋਂ ਬਾਅਦ ਵਿਚ ਆਵੇ ਤਾਂ ਬਿੰਦੀ ਦਾ ਇਸਤੇਮਾਲ ਹੀ ਕੀਤਾ ਜਾਂਦਾ ਹੈ। ਜਿਵੇਂ ਡਰਾਉਂਦਾ, ਕਰਾਉਂਣਾ, ਇਉਂ, ਨਿਉਣਾਂ (ਉਪ-ਭਾਸ਼ਾਈ ਉਚਾਰਨ)।

ਇਨ੍ਹਾਂ ਉਪਰੋਕਤ ਵੇਰਵਿਆਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ /U/ (ਔਂਕੜ) ਅਤੇ /u/ (ਦੁਲੈਂਕੜ) ਨਾਲ ਬਿੰਦੀ ਅਤੇ ਟਿੱਪੀ ਦੋਵੇਂ ਹੀ ਲੱਗ ਜਾਂਦੀਆਂ ਹਨ ਜਦ ਕਿ ਇਕ /U/ ਹ੍ਰਸਵ ਹੈ ਅਤੇ ਦੂਜਾ /u/ ਦੀਰਘ; /I, ə/ (ਸਿਹਾਰੀ ਅਤੇ ਮੁਕਤਾ) ਨਾਲ ਸਿਰਫ ਟਿੱਪੀ ਅਤੇ /i, e, E, a, u, o, ɔ/ ਨਾਲ ਸਿਰਫ ਬਿੰਦੀ ਹੀ ਲਗਦੀ ਹੈ। ਇਸ ਲਈ ਇਸ ਤੋਂ ਇਹ ਨਤੀਜਾ ਕਢਿਆ ਜਾ ਸਕਦਾ ਹੈ ਕਿ ਸ੍ਵਰਾਂ ਦੇ ਉਚਾਰਨ ਅਨੁਸਾਰ ਹ੍ਰਸਵ/ਦੀਰਘ ਜਾਂ ਕੇਂਦਰੀ ਅਤੇ ਬਾਹਰਲੇ ਦੇ ਵਿਰੋਧ ਨੂੰ ਬਿੰਦੀ ਅਤੇ ਟਿੱਪੀ ਦੀ ਵਰਤੋਂ ਲਈ ਨਿਯਮ ਸਥਾਪਿਤ ਕਰਨ ਵੇਲੇ ਆਧਾਰ ਨਹੀਂ ਮੰਨਿਆ ਜਾ ਸਕਦਾ।

ਗੁਰਮੁਖੀ ਵਿਚ ਸ੍ਵਰ ਚਿੰਨ੍ਹਾਂ ਅਤੇ ਸਹਾਇਕ ਚਿੰਨ੍ਹਾਂ (accessory signs) ਨੂੰ ਲਗਾਂ ਮਾਤਰਾ ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਬਿੰਦੀ, ਟਿੱਪੀ ਅਤੇ ਅੱਧਕ ਸ਼ਾਮਿਲ ਹਨ। ਬਿੰਦੀ ਅਤੇ ਟਿੱਪੀ ਦੀ ਵਰਤੋਂ ਵੇਖਣ ਲਈ ਸਾਨੂੰ ਲਗਾਂ ਅਰਥਾਤ ਸ੍ਵਰ ਚਿੰਨ੍ਹਾਂ ਦੇ ਰੂਪ ਨੂੰ ਵੇਖਣਾ ਪਵੇਗਾ। ਲਾਂ (ਏ), ਦੁਲਾਈਆਂ (ਐ), ਹੋੜਾ (ਓ) ਅਤੇ ਕਨੌੜਾ (ਔ) ਪੰਜਾਬੀ ਸ਼ਬਦਾਂ ਵਿਚ ਵਰਣਾਂ ਦੇ ਉਪਰ ਲੱਗਦੇ ਹਨ। ਇਨ੍ਹਾਂ ਦੇ ਲੱਗਣ ਮਗਰੋਂ ਵਰਣਾਂ ਉਪਰ ਟਿੱਪੀ ਲਾਉਣ ਲਈ ਜਗ੍ਹਾਂ ਹੀ ਨਹੀਂ ਬੱਚਦੀ। ਇਸ ਲਈ ਜਦੋਂ ਇਨ੍ਹਾਂ ਲਗਾਂ ਨਾਲ ਨਾਸਿਕਤਾ ਨੂੰ ਵੀ ਅੰਕਿਤ ਕਰਨਾ ਪੈਂਦਾ ਹੈ ਤਾਂ ਬਿੰਦੀ ਲਗਾ ਦਿੱਤੀ ਜਾਂਦੀ ਹੈ। ਬਿਹਾਰੀ (ਈ) ਲਗ ਵਰਣ ਦੇ ਪਾਸੇ ਨਾਲ ਲੱਗਦੀ ਹੈ। ਨਾਸਿਕਤਾ ਅੰਕਿਤ ਕਰਨ ਲਈ ਜੇ ਟਿੱਪੀ ਬਿਹਾਰੀ ਵਾਲੇ ਵਰਣ ਨਾਲ ਲਾਵਾਂਗੇ (ਕੀਂ /ਕੀਂ) ਤਾਂ ਸ਼ਬਦਾਂ ਦੇ ਰੂਪ ਵਿਚ ਇਕ ਤਾ ਸੁੰਦਰਤਾ ਅਤੇ ਸਜਾਵਟ ਨਹੀਂ ਰਹੇਗੀ ਅਤੇ ਦੂਜਾ ਨਾਸਿਕ ਸ੍ਵਰ ਦੇ ਉਚਾਰਨ ਵਿਚ ਵੀ ਭੁਲੇਖਾ ਪੈ ਸਕਦਾ ਹੈ। ਇਸੇ ਕਰ ਕੇ ਬਿਹਾਰੀ ਵਾਲੇ ਵਰਣ ਤੋਂ ਬਾਅਦ ਵਾਲੇ ਵਰਣ ਉੱਤੇ ਵੀ ਟਿੱਪੀ ਨਹੀਂ ਲਗ ਸਕਦੀ। ਇਸ ਲਈ ਬਿਹਾਰੀ ਨਾਲ ਬਿੰਦੀ ਹੀ ਲਗਾਈ ਜਾਂਦੀ ਹੈ। ਕੰਨਾ (ਆ) ਸ੍ਵਰ ਚਿੰਨ੍ਹ ਦਾ ਰੂਪ ਵੀ ਅਜੇਹਾ ਹੈ ਕਿ ਇਸ ਉੱਤੇ ਵੀ ਬਿੰਦੀ ਨਾਲ ਹੀ ਨਾਸਿਕਤਾ ਅੰਕਿਤ ਕੀਤੀ ਜਾ ਸਕਦੀ ਹੈ, ਜੇ ਕੰਨਾਂ (ਆ) ਲਗ ਨਾਲ ਬਿੰਦੀ ਦੀ ਜਗ੍ਹਾ ਟਿੱਪੀ ਲਿਖੀ ਜਾਵੇ ਤਾਂ ਇਸ ਦਾ ਰੂਪ ਬਿਹਾਰੀ (ਈ) ਲਗ ਦੇ ਨੇੜੇ ਤੇੜੇ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਕੰਨੇ ਨਾਲ ਟਿੱਪੀ ਲਾਉਣ ਕਰ ਕੇ ਬਿਹਾਰੀ ਅਤੇ ਨਾਸਿਕ ਕੰਨੇ ਵਿਚਕਾਰ ਭੁਲੇਖਾ ਪੈ ਸਕਦਾ ਹੈ। ਨਤੀਜੇ ਵਜੋਂ ਲਿਖਤ ਵਿਚ ਅਸਪਸ਼ਟਤਾ ਅਨਿਸ਼ਚਿਤਾ ਅਤੇ ਧੁੰਦਲੇਪਣ ਦੀ ਸੰਭਾਵਨਾ ਵੱਧ ਜਾਂਦੀ ਹੈ।

ਸਿਹਾਰੀ (ਇ) ਅਤੇ ਮੁਕਤਾ (ਅ) ਲਗਾਂ ਨਾਲ ਟਿੱਪੀ ਵਰਤੀ ਜਾਂਦੀ ਹੈ। ਸਿਹਾਰੀ ਲਗ ਵੀ ਬਿਹਾਰੀ ਵਾਂਗ ਵਰਣ ਦੇ ਪਾਸੇ ਨਾਲ ਹੀ ਲਗਦੀ ਹੈ। ਇਸ ਨਾਲ ਟਿੱਪੀ ਲਗਣ ਮਗਰੋਂ (ਕਿੰ) ਇਕ ਤਾਂ ਸ਼ਬਦ ਦੀ ਸੁੰਦਰਤਾ ਅਤੇ ਸੋਹਜ ਕਾਇਮ ਰਹਿੰਦਾ ਹੈ ਅਤੇ ਦੂਜਾ ਉਚਾਰਨ ਵਿਚ ਵੀ ਅਸਪਸ਼ਟਤਾ ਆਉਣ ਦਾ ਡਰ ਨਹੀਂ ਰਹਿੰਦਾ। ਮੁਕਤਾ ਸ੍ਵਰ ਲਈ ਪੰਜਾਬੀ ਸ਼ਬਦਾਂ ਦੀ ਮੱਧ ਅਤੇ ਅੰਤਲੀ ਸਥਿਤੀ ਵਿਚ ਕੋਈ ਵੀ ਚਿੰਨ੍ਹ ਨਹੀਂ ਵਰਤਿਆ ਜਾਂਦਾ। ਪਰੰਤੂ ਆਦਿ ਸਥਿਤੀ ਵਿਚ ਅ ਚਿੰਨ੍ਹ ਵਰਤਿਆ ਜਾਂਦਾ ਹੈ। ਸ੍ਵਰ ਚਿੰਨ੍ਹ ਦੀ ਅਣਹੋਂਦ ਕਰਕੇ ਮੱਧ ਅਤੇ ਅੰਤਲੀ ਸਥਿਤੀ ਵਿਚ ਨਾਸਿਕਤਾ ਅੰਕਿਤ ਕਰਨ ਲਈ ਬਿੰਦੀ ਦੇ ਮੁਕਾਬਲੇ ਵਧੇਰੇ ਸਪਸ਼ਟਤਾ ਵਾਲਾ ਅਤੇ ਉੱਭਰਵਾਂ ਚਿੰਨ੍ਹ ਟਿੱਪੀ ਵਰਤਿਆ ਜਾਂਦਾ ਹੈ। ਇਸੇ ਕਰਕੇ ਆਦਿ ਸਥਿਤੀ ਤੋਂ ਵੀ ਟਿੱਪੀ ਦੀ ਵਰਤੋਂ ਹੁੰਦੀ ਹੈ।

ਔਂਕੜ (ਉ) ਅਤੇ ਦੁਲੈਂਕੜ (ਊ) ਨਾਲ ਪੰਜਬੀ ਸ਼ਬਦਾਂ ਵਿਚ ਟਿੱਪੀ ਅਤੇ ਬਿੰਦੀ ਦੋਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਦੋਵੇਂ ਸ੍ਵਰ ਚਿੰਨ੍ਹ ਸ਼ਬਦਾਂ ਵਿਚ ਵਰਣਾਂ ਦੇ ਥੱਲੇ ਅੰਕਿਤ ਕੀਤੇ ਜਾਂਦੇ ਹਨ, ਇਸ ਲਈ ਸਪਸ਼ਟਤਾ ਅਤੇ ਸਹੀ ਉਚਾਰਨ ਲਈ ਨਾਸਿਕਤਾ ਨੂੰ ਟਿੱਪੀ ਨਾਲ ਹੀ ਚਿੰਨ੍ਹਿਤ

ਕੀਤਾ ਜਾਂਦਾ ਹੈ। ਔਂਕੜ ਨਾਲ ਸਾਰੀਆਂ ਸਥਿਤੀਆਂ ਵਿਚ ਪਰੰਤੂ ਦੁਲੈਂਕੜ ਨਾਲ ਸਿਰਫ ਮੱਧ ਅਤੇ ਅੰਤਲੀ ਸਥਿਤੀ ਵਿਚ ਹੀ ਟਿੱਪੀ ਵਰਤੀ ਜਾਂਦੀ ਹੈ। ਦੁਲੈਂਕੜ ਨਾਲ ਸ਼ਬਦਾਂ ਦੀ ਆਦਿ ਸਥਿਤੀ ਅਤੇ ਜਦੋਂ ਇਹ ਸ਼ਬਦ ਵਿਚ ਕਿਸੇ ਹੋਰ ਸੁਰ ਤੋਂ ਬਾਅਦ ਵਿਚ ਆਵੇ ਤਾਂ ਨਾਸਿਕਤਾ ਲਈ ਟਿੱਪੀ ਦੀ ਬਜਾਏ ਬਿੰਦੀ ਵਰਤੀ ਜਾਂਦੀ ਹੈ। ਔਂਕੜ ਜਦੋਂ ਸ਼ਬਦ ਵਿਚ ਕਿਸੇ ਹੋਰ ਸੁਰ ਤੋਂ ਮਗਰੋਂ ਆਵੇ ਤਾਂ ਇਸ ਨਾਲ ਵੀ ਬਿੰਦੀ ਹੀ ਲਗਦੀ ਹੈ। ਇਸ ਦਾ ਕਾਰਣ ਵੀ ਗੁਰਮੁਖੀ ਲਗਾ ਮਾਤ੍ਰਾਂ ਦਾ ਰੂਪ ਅਤੇ ਉਨ੍ਹਾਂ ਨੂੰ ਸ਼ਬਦਾਂ ਵਿਚ ਸੁੰਦਰਤਾ ਅਤੇ ਸੁਹਜ ਨਾਲ ਪੇਸ਼ ਕਰਨਾ ਹੀ ਹੈ। ਆਦਿ ਸਥਿਤੀ ਵਿਚ ਔਂਕੜ ਅਤੇ ਦੁਲੈਂਕੜ ਦੀਆਂ ਲਗਾਂ ਆਪਣੀ ਸੁਤੰਤਰ ਹੈਸੀਅਤ ਵਿਚ ਨਹੀਂ ਲਿਖੀਆਂ ਜਾ ਸਕਦੀਆਂ। ਮਸਲਨ ਗੁਰਮੁਖੀ ਵਿਚ /US/ ਨੂੰ ਅਤੇ ਸ /ūth / ਨੂੰ (ੂਂਠ) ਨਹੀਂ ਲਿਖ ਸਕਦੇ ਅਤੇ ਨਾ ਹੀ ਇਕ ਸੁਰ ਚਿੰਨ੍ਹ ਬਾਅਦ ਵਿਚ ਆਉਣ ਵਾਲੇ ਵਰਣ ਦੇ ਹੇਠਾਂ ਲਿਖੇ ਜਾ ਸਕਦੇ ਹਨ, ਕਿਉਂਕਿ ਇਸ ਤਰ੍ਹਾਂ ਸ਼ਬਦ ਦਾ ਅਰਥ ਹੀ ਬਦਲ ਜਾਵੇਗਾ। ਇਹੋ ਸਮੱਸਿਆ ਉਸ ਸਥਿਤੀ ਵਿਚ ਹੈ ਜਦੋਂ ਔਂਕੜ ਅਤੇ ਦੁਲੈਂਕੜ ਕਿਸੇ ਹੋਰ ਸੁਰ ਮਗਰੋਂ ਆਉਂਦੇ ਹਨ। ਮਸਲਨ /pəraɔ̃da/ ਨੂੰ ਪੜ੍ਹਾਉਂਦਾ ਅਤੇ /Khaũga/ ਨੂੰ ਖਾਊਂਗਾ ਨਹੀਂ, ਲਿਖਿਆ ਜਾ ਸਕਦਾ ਹੈ। ਗੁਰਮੁਖੀ ਵਿਚ ਇਸ ਸਮੱਸਿਆ ਦੇ ਹਲ ਲਈ ੳ. ਅ, ੲ ਤਿੰਨ ਵਿਸ਼ੇਸ਼ ਵਰਣ ਹਨ ਜਿਨ੍ਹਾਂ ਨੂੰ ਅਜਿਹੀਆਂ ਸਮੱਸਿਆਵਾਂ ਵਾਲੀਆਂ ਸਥਿਤੀਆਂ ਵਿੱਚ ਸੁਰ ਚਿੰਨ੍ਹਾਂ ਨੂੰ ਅੰਕਿਤ ਕਰਨ ਲਈ ਵਰਤਿਆ ਜਾਂਦਾ ਹੈ। ਗੁਰਮੁਖੀ ਵਿਚ ੳ, ਅ, ੲ ਦੀ ਆਪਣੀ ਪ੍ਰਕ੍ਰਿਤੀ ਅਤੇ ਵਿਸ਼ੇਸ਼ਤਾਵਾਂ ਹਨ, ਜਿਨ੍ਹਾਂ ਦਾ ਵਰਨਣ ਇਕ ਅਲਗ ਲੇਖ ਦਾ ਵਿਸ਼ਾ ਬਣ ਸਕਦਾ ਹੈ। ਇਸ ਲਈ ਜਦੋਂ ਅਸੀਂ ਔਂਕੜ ਅਤੇ ਦੁਲੈਂਕੜ ਨੂੰ ਆਦਿ ਸਥਿਤੀ ਅਤੇ ਸ਼ਬਦ ਵਿਚ ਕਿਸੇ ਹੋਰ ਸੁਰ ਤੋਂ ਮਗਰੋ ਦੀ ਸਥਿਤੀ ਵਿਚ ਅੰਕਿਤ ਕਰਨ ਲਈ /ੳ/ ਵਰਣ ਦਾ ਇਸਤੇਮਾਲ ਕਰਾਂਗੇ ਤਾਂ ਨਾਸਿਕਤਾ ਲਈ ਸਾਨੂੰ ਟਿੱਪੀ ਦੀ ਜਗ੍ਹਾ ਬਿੰਦੀ ਹੀ ਲਿਖਣੀ ਪਵੇਗੀ ਕਿਉਂਕਿ /ੳ/ ਵਰਣ ਨਾਲ ਟਿੱਪੀ ਲਿਖਣ ਲਈ ਜਗ੍ਹਾ ਹੀ ਨਹੀਂ ਬਚਦੀ।

ਪੰਜਾਬੀ ਦੇ ਸਾਰਥਕ ਧੁਨੀ-ਵਿਗਿਆਨ ਵਿਚ ਦੁੱਤਕਰਣ (gemination) ਇਕ ਸਾਰਥਕ ਇਕਾਈ ਹੈ /ਰ, ੜ, ਸ, ਲ, ਣ/ ਤੋਂ ਬਿਨਾਂ ਸਾਰੇ ਹੀ ਵਿਅੰਜਨ ਦੁੱਤ ਹੋ ਸਕਦੇ ਹਨ। ਜਿਵੇਂ ਸੁਕਾ/ ਸੁੱਕਾ, ਬਚਾ/ਬੱਚਾ ਆਦਿ। ਗੁਰਮੁਖੀ ਵਿਚ ਦੁੱਤ ਵਿਅੰਜਨ ਵਾਲੇ ਸ਼ਬਦਾਂ ਉੱਤੇ ਅੱਧਕ ਲਿਖਿਆ ਜਾਂਦਾ ਹੈ, ਜਦ ਕਿ ਦੇਵਨਾਗਰੀ ਵਿਚ ਦੁੱਤ ਵਿਅੰਜਨ ਨੂੰ ਅੱਧਾ+ਪੂਰਾ ਵਿਅੰਜਨ ਕਰਕੇ ਲਿਖਿਆ ਜਾਂਦਾ ਹੈ। ਪੰਜਾਬੀ ਸ਼ਬਦਾਂ ਵਿਚ ਜਦੋਂ ਨਾਸਿਕ ਵਿਅੰਜਨ ਦੁੱਤ ਹੋਣ ਅਤੇ ਸ਼ਬਦ ਉੱਤੇ ਨਾਸਿਕਤਾ ਵੀ ਆਵੇ ਤਾਂ ਦੁੱਤਕਰਣ ਅਤੇ ਨਾਸਿਕਤਾ ਨੂੰ ਅੰਕਿਤ ਕਰਨ ਲਈ ਬਿੰਦੀ ਅਤੇ ਟਿੱਪੀ ਹੀ ਵਰਤੀ ਜਾਂਦੀ ਹੈ। ਜਿਵੇਂ ਚੰਨ, ਇੰਮਲੀ, ਕੰਨਾਂ, ਕੰਮੀਂ ਆਦਿ ਸ਼ਬਦਾਂ ਵਿਚ। ਭਾਵ ਇਹ ਕਿ ਬਿੰਦੀ ਅਤੇ ਟਿੱਪੀ ਨਾਸਿਕਤਾ ਦੇ ਨਾਲ ਨਾਲ ਦੁੱਤਕਰਣ ਵੀ ਅੰਕਿਤ ਕਰਨ ਲਈ ਵਰਤੀਆਂ ਜਾਂਦੀਆਂ ਹਨ।

ਡਾ. ਹਰਜੀਤ ਸਿੰਘ ਗਿੱਲ (1969, ਪੰ. 40) ਦੀ ਸਥਾਪਨਾ ਹੈ ਕਿ "ਬਿੰਦੀ ਅਤੇ ਟਿੱਪੀ ਸ਼ਬਦ ਵਿਚ ਆਈ ਵਿਅੰਜਨ ਸ਼੍ਰੇਣੀ ਦੇ ਨਾਸਿਕ ਵਿਅੰਜਨ ਦੇ ਚਿੰਨ੍ਹ ਵਜੋਂ ਵੀ ਵਰਤੀ ਜਾਂਦੀ ਹੈ।" ਤੋਮੀਓ (1981, ਪੰ. 4) ਦਾ ਵੀ ਇਹੋ ਹੀਂ ਮਤ ਹੈ। ਉਦਾਹਰਣ ਲਈ ਪੰਜਾਬੀ ਸ਼ਬਦ ਚਲੰਤ, ਮਹੰਤ, ਸੰਤ ਆਦਿ ਨੂੰ ਕ੍ਰਮਵਾਰ cl̃ət ਜਾਂ clənt, mhə̃t ਜਾਂ mhənt, sə̃t ਜਾਂ sənt ਦੋਵੇਂ ਹੀ ਤਰ੍ਹਾਂ ਲਿਖਿਆ ਜਾ ਸਕਦਾ ਹੈ। ਅਰਥਾਤ ਇਨ੍ਹਾਂ ਸ਼ਬਦਾਂ ਵਿਚ ਟਿੱਪੀ 'ਤ' ਵਰਣ ਦੀ ਦੰਤੀ ਸ਼੍ਰੇਣੀ ਦੇ ਨਾਸਿਕ ਵਿਅੰਜਨ ਨ' ਦੇ ਚਿੰਨ੍ਹ ਵਜੋਂ ਵਰਤੀ ਗਈ ਹੈ। ਇਸੇ ਤਰ੍ਹਾਂ ਪੰਪ ਨੂੰ pə̃p ਜਾਂ pəmp ਚੰਪਾ ਨੂੰ cə̃pa ਜਾਂ cəmpa ਦੋਵੇਂ ਤਰ੍ਹਾਂ ਹੀ ਲਿਖਿਆ ਜਾ ਸਕਦਾ ਹੈ ਅਰਥਾਤ ਇਨ੍ਹਾਂ ਸ਼ਬਦਾਂ ਵਿਚ ਟਿੱਪੀ 'ਪ' ਵਰਣ ਦੀ ਦੋ ਹੋਂਠੀ ਸ਼੍ਰੇਣੀ ਦੇ ਨਾਸਿਕ ਵਿਅੰਜਨ 'ਮ' ਦੇ ਚਿੰਨ੍ਹ ਵਜੋਂ ਵਰਤੀ ਗਈ ਹੈ। ਇਹ ਸਥਾਪਨਾ ਹਿੰਦੀ ਨਾਸਿਕ ਉਚਾਰਨ ਅਤੇ ਉਸ ਦੇ ਦੇਵਨਾਗਰੀ ਵਿਚ ਪ੍ਰਗਟਾਵੇ ਸੰਬੰਧੀ ਤਾਂ ਸਹੀ ਹੋ ਸਕਦੀ ਹੈ। ਪਰੰਤੂ ਪੰਜਾਬੀ ਅਤੇ ਗੁਰਮੁਖੀ ਦੇ ਸੰਦਰਭ ਵਿਚ ਇਹ ਠੀਕ ਨਹੀਂ ਜਾਪਦੀ। ਅਜੇਹੇ ਪੰਜਾਬੀ ਸ਼ਬਦਾਂ ਦੇ ਉਚਾਰਨ ਵਿਚ ਨਾਸਿਕ ਵਿਅੰਜਨਾਂ ਦੀ ਬਜਾਏ ਨਾਸਿਕ ਸੁਰਾਂ ਦੀ ਵਰਤੋਂ ਹੁੰਦੀ ਹੈ ਅਤੇ ਨਾਲ ਹੀ ਨਾਸਿਕ ਸੁਰ ਵਾਲੇ ਉਚਾਰ ਖੰਡ ਉੱਤੇ ਬਲ ਵੀ ਹੁੰਦਾ ਹੈ। ਇਸ ਲਈ

ਗੁਰਮੁਖੀ ਲਿੱਪੀ ਵਿਚ ਬਿੰਦੀ ਅਤੇ ਨਾਸਿਕ ਵਿਅੰਜਨਾਂ ਦੀ ਥਾਂ ਅਜੇਹੀਆਂ ਸਥਿਤੀਆਂ ਵਿਚ ਸੂਰਾਂ ਦੀ ਨਾਸਿਕਤਾ ਅਤੇ ਬਲ ਨੂੰ ਹੀ ਅੰਕਿਤ ਕਰਦੀਆਂ ਹਨ।

ਪੰਜਾਬੀ ਸ਼ਬਦਾਂ ਵਿਚ ਦੁੱਤਕਰਣ ਨਾਲ ਬੱਲ (stress) ਸੰਬੰਧਿਤ ਹੁੰਦਾ ਹੈ। ਇਸ ਲਈ ਅੱਧਕ, ਦੁੱਤਕਰਣ ਅਤੇ ਬਲ ਦੋਹਾਂ ਨੂੰ ਹੀ ਪ੍ਰਗਟਾਉਂਦੀ ਹੈ। ਇਸੇ ਤਰ੍ਹਾਂ ਬਿੰਦੀ ਅਤੇ ਟਿੱਪੀ ਦੀ ਵਰਤੋਂ ਵਿਸ਼ੇਸ਼ ਸਥਿਤੀਆਂ ਵਿਚ ਨਾਸਿਕਤਾ ਦੇ ਨਾਲ ਨਾਲ ਦੁਤਕਰਣ ਅਤੇ ਬਲ ਨੂੰ ਵੀ ਅੰਕਿਤ ਕਰਦੀਆਂ ਹਨ। ਜਦੋਂ ਨਾਸਿਕਤਾ ਅਤੇ ਬਲ ਇੱਕੋ ਉਚਾਰ ਖੰਡ ਤੇ ਹੋਵੇ ਤਾਂ ਬਿੰਦੀ ਜਾਂ ਟਿੱਪੀ ਨਾਲ ਇਨ੍ਹਾਂ ਨੂੰ ਲਿਖਿਆ ਜਾ ਸਕਦਾ ਹੈ। ਪਰੰਤੂ ਜਦੋਂ ਨਾਸਿਕਤਾ ਅਤੇ ਬਲ ਅਲੱਗ ਅਲੱਗ ਉਚਾਰ ਖੰਡਾਂ ਉੱਤੇ ਹੋਣ ਤਾਂ ਸਮੱਸਿਆ ਪੈਦਾ ਹੋ ਜਾਂਦੀ ਹੈ। ਮਸਲਨ; ਪਲੰਘ ਅਤੇ ਸਲੰਘ ਸਬਦਾਂ ਦਾ ਗੁਰਮੁਖੀ ਲਿਖਤ ਅਨੁਸਾਰ ਉਚਾਰਨ /pəl͂ɔg/ ਅਤੇ /səl͂ɔg/ ਬਣਦਾ ਹੈ। ਪਰ ਪੰਜਾਬੀ ਵਿਚ ਇਨ੍ਹਾਂ ਦਾ ਉਚਾਰਨ ਕ੍ਰਮਵਾਰ /pəl͂ɔg/ ਅਤੇ /səl͂ɔg/ ਹੁੰਦਾ ਹੈ। ਇਨ੍ਹਾਂ ਸ਼ਬਦਾਂ ਦੀ ਗੁਰਮੁਖੀ ਲਿਖਤ ਪੰਜਾਬੀ ਉਚਾਰਨ ਦੀ ਸਹੀ ਨੁਮਾਇੰਦਗੀ ਨਹੀਂ ਕਰਦੀ, ਕਿਉਂਕਿ ਬਲ ਪਹਿਲੇ ਉਚਾਰ ਖੰਡ ਉੱਤੇ ਹੈ ਅਤੇ ਨਾਸਿਕਤਾ ਦੂਜੇ ਉੱਤੇ। ਜਦ ਕਿ ਆਮ ਤੌਰ ਤੇ ਅਜੇਹੀ ਸਥਿਤੀ ਵਿਚ ਟਿੱਪੀ ਇਨ੍ਹਾਂ ਦੋਹਾਂ ਨੂੰ ਅੰਕਿਤ ਕਰਦੀ ਹੈ। ਪਰੰਤੂ ਇਨ੍ਹਾਂ ਸ਼ਬਦਾਂ ਵਿਚ ਟਿੱਪੀ ਸਿਰਫ ਨਾਸਿਕਤਾ ਹੀ ਅੰਕਿਤ ਕਰਦੀ ਹੈ, ਬਲ ਨੂੰ ਨਹੀਂ। ਇਸ ਸਮੱਸਿਆ ਦੇ ਹਲ ਲਈ ਟਿੱਪੀ ਨਾਲ ਅੱਧਕ (ੱ) ਵਰਤਣ ਦਾ ਸੁਝਾ ਵੀ ਠੀਕ ਨਹੀਂ ਜਾਪਦਾ ਕਿਉਂਕਿ ਅਜੇਹੀਆਂ ਸਥਿਤੀਆਂ ਵਿਚ ਗੁਰਮੁਖੀ ਕੋਲ ਇੱਕੋ ਸ਼ਬਦ ਸਮੇਂ ਅੱਧਕ ਅਤੇ ਟਿੱਪੀ ਵਰਤਣ ਦੀ ਪ੍ਰਥਾ ਨਹੀਂ। ਨਤੀਜੇ ਵਜੋਂ ਲਿਖਤੀ ਸ਼ਬਦ ਦੇ ਉਚਾਰਨ ਵਿਚ ਅਸਪਸ਼ਟਤਾ ਦੀ ਸੰਭਾਵਨਾ ਬਣੀ ਰਹਿੰਦੀ ਹੈ। ਗੁਰਮੁਖੀ ਦੀ ਇਹ ਸਥਿਤੀ ਡੂੰਘੇ ਅਤੇ ਗੰਭੀਰ ਅਧਿਐਨ ਦੀ ਮੰਗ ਕਰਦੀ ਹੈ।

ਉਪਰੋਕਤ ਵਿਚਾਰ ਦੇ ਆਧਾਰ ਉੱਤੇ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਭਾਸ਼ਾ ਦੇ ਨਾਸਿਕ ਉਚਾਰਨ ਵਿਚ ਨਾਸਿਕ ਵਿਅੰਜਨ ਅਤੇ ਨਾਸਿਕ ਸੁਰ ਆਉਂਦੇ ਹਨ। ਨਾਸਿਕ ਵਿਅੰਜਨ ਖੰਡੀ ਅਤੇ ਸੁਰਾਂ ਦੀ ਨਾਸਿਕਤਾ ਅਖੰਡੀ ਧੁਨੀਆਂ ਹਨ। ਪੰਜਾਬੀ ਉਚਾਰਾਂ ਵਿਚ ਤਾਲਵੀ ਅਤੇ ਕੋਮਲ-ਤਾਲਵੀ ਨਾਸਿਕ ਵਿਅੰਜਨ ਲਗਭਗ ਖਤਮ ਹੀ ਹੋ ਗਏ ਹਨ, ਇਸ ਲਈ ਇਨ੍ਹਾਂ ਦੇ ਚਿੰਨ੍ਹਾਂ (ਕ੍ਰਮਵਾਰ ਞ ਅਤੇ ਙ) ਨੂੰ ਗੁਰਮੁਖੀ ਲਿੱਪੀ ਵਿੱਚੋਂ ਕੱਢਣ ਬਾਰੇ ਵਿਚਾਰ ਕੀਤੀ ਜਾ ਸਕਦੀ ਹੈ। ਸੁਰਾਂ ਦੀ ਨਾਸਿਕਤਾ ਅੰਕਿਤ ਕਰਨ ਲਈ ਬਿੰਦੀ ਅਤੇ ਟਿੱਪੀ ਦੀ ਵਰਤੋਂ ਗੁਰਮੁਖੀ ਲਿੱਪੀ ਅਤੇ ਪੰਜਾਬੀ ਲਿਖਣ-ਕਲਾ ਦੇ ਨਿਯਮਾਂ ਅਧੀਨ ਕੀਤੀ ਜਾਂਦੀ ਹੈ। ਇਹ ਦੋਵੇਂ ਚਿੰਨ੍ਹ ਨਾਸਿਕਤਾ ਦੇ ਨਾਲ ਨਾਲ ਬਲ ਨੂੰ ਵੀ ਅੰਕਿਤ ਕਰਦੇ ਹਨ। ਗੁਰਮੁਖੀ ਵਿਚ ਅੱਧੇ ਅੱਖਰ ਲਿਖਣ ਦੀ ਪ੍ਰਥਾ ਨਹੀਂ, ਇਸ ਲਈ ਬਿੰਦੀ ਅਤੇ ਟਿੱਪੀ ਕਿਸੇ ਵੀ ਸਥਿਤੀ ਵਿਚ ਦੇਵਨਾਗਰੀ ਵਾਲੇ ਅੱਧੇ ਨਾਸਿਕ ਵਿਅੰਜਨ ਦੇ ਚਿੰਨ੍ਹ ਵਜੋਂ ਨਹੀਂ ਵਰਤੀ ਜਾਂਦੀ, ਸਗੋਂ ਅਜੇਹੀਆਂ ਸਥਿਤੀਆਂ ਵਿਚ ਵੀ ਇਹ ਚਿੰਨ੍ਹ ਨਾਸਿਕਤਾ ਅਤੇ ਬਲ ਨੂੰ ਹੀ ਅੰਕਿਤ ਕਰਦੇ ਹਨ। ਜਿੱਥੇ ਇਕ ਸ਼ਬਦ ਵਿਚ ਬਲ ਅਤੇ ਨਾਸਿਕਤਾ ਵੱਖੋ ਵੱਖਰੇ ਉਚਾਰ-ਖੰਡਾਂ ਉੱਤੇ ਆਉਂਦੇ ਹਨ, ਉਥੇ ਪੰਜਾਬੀ ਲਿਖਣ-ਕਲਾ ਦੀ ਸਥਿਤੀ ਸਮੱਸਿਆ ਵਾਲੀ ਹੈ, ਇਸ ਸੰਬੰਧੀ ਵਿਚਾਰ ਕਰਨ ਦੀ ਲੋੜ ਹੈ।

# ਪੁਸਤਕ ਸੂਚੀ

## ਪੰਜਾਬੀ

ਹਰਕੀਰਤ ਸਿੰਘ, 'ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ'; ਬਾਹਰੀ ਪਬਲੀਕੇਸ਼ਨ, ਚੰਡੀਗੜ੍ਹ, 1973

ਕਾਲਾ ਸਿੰਘ ਬੇਦੀ ; 'ਪੰਜਾਬੀ ਭਾਸ਼ਾ ਵਿਗਿਆਨ' ; ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; 1971

ਗੁਰਦੇਵ ਸਿੰਘ ; 'ਗੁਰਮੁਖੀ ਲਿੱਪੀ ਬਾਰੇ'; ਲਾਹੌਰ ਬੁੱਕ ਸ਼ਾਪ, ਲੁਧਿਆਣਾ, 1971

ਜੀ.ਬੀ. ਸਿੰਘ; 'ਗੁਰਮੁਖੀ ਲਿੱਪੀ ਦਾ ਜਨਮ ਤੇ ਵਿਕਾਸ' ; ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਉਰੋ, ਚੰਡੀਗੜ੍ਹ, 1971

ਪ੍ਰੇਮ ਪ੍ਰਕਾਸ਼ ਸਿੰਘ, 'ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ' : (ਭਾਗ ਪਹਿਲਾ), ਲਾਹੌਰ ਬੁਕ ਸ਼ਾਪ, ਲੁਧਿਆਣਾ 1955.

## English

Abercrombie, D; *Elements of General Phonetics : Edinburgh University Press; 1967*

*Gill, H.S. ; A Reference Grammar of Punjabi ; Punjabi University, Patiala ; 1969*

*--------- ; Tones and Intonation', Pakha Sanjam; Vol. V; Panjabi University, Patiala, 1972*

*Mizokami, Tomio ; Panjabi, Asian And African Grammatical Manual no. 13 e; Tokyo University of Foreign Studies, 1981.*

*Pike, K.L.; Phonetics, Ann Arbor; 1946*

*Sandhu, B.S.' "A Descriptive Grammar of Puadi", 'Parkh' Issue No. 11' Punjab University, Chandigarh, 1968.*

*------- "Short verses long vowel of the Panjabi Language"; 'Parkh' Vol II. 1971.*

# 8

# ਸੁਰੀ ਉਚਾਰਣ ਅਤੇ ਗੁਰਮੁਖੀ

ਭਾਸ਼ਾਈ ਧੁਨੀਆਂ ਨੂੰ ਸ੍ਵਰਾਂ ਤੇ ਵਿਅੰਜਨਾਂ ਵਿਚ ਵੰਡਿਆ ਜਾਂਦਾ ਹੈ। ਭਾਸ਼ਾਈ ਉੱਚਾਰਣ ਦਾ ਕੁਝ ਹਿੱਸਾ ਅਜੇਹਾ ਵੀ ਹੁੰਦਾ ਹੈ, ਜੋ ਇਸ ਤਰ੍ਹਾਂ ਦੀ ਵੰਡ ਅਧੀਨ ਨਹੀਂ ਆਉਂਦਾ। ਸ੍ਵਰਾਂ ਤੇ ਵਿਅੰਜਨਾਂ ਨੂੰ ਖੰਡੀ ਧੁਨੀਆਂ (segmental sounds) ਕਿਹਾ ਜਾਂਦਾ ਹੈ, ਕਿਉਂਕਿ ਇਨ੍ਹਾਂ ਨੂੰ ਖੰਡਾਂ ਵਿਚ ਵੰਡਿਆ ਜਾ ਸਕਦਾ ਹੈ। ਜਿਨ੍ਹਾਂ ਧੁਨੀਆਂ ਨੂੰ ਖੰਡਾਂ ਵਿਚ ਨਹੀਂ ਵੰਡਿਆ ਜਾ ਸਕਦਾ, ਉਨ੍ਹਾਂ ਨੂੰ ਅਖੰਡੀ (supra-segmental) ਧੁਨੀਆਂ ਕਿਹਾ ਜਾਂਦਾ ਹੈ। ਇਹ ਖੰਡੀ ਧੁਨੀਆਂ ਨਾਲ ਜੁੜੀਆਂ ਹੁੰਦੀਆਂ ਹਨ। ਇਨ੍ਹਾਂ ਅਧੀਨ ਨਾਸਿਕਤਾ (nasalisation) , ਬਲ (stress), ਸੁਰ (tone), ਸੁਰ-ਲਹਿਰ (intonation), ਆਦਿ ਆਉਂਦੀਆਂ ਹਨ। ਖੰਡੀ ਧੁਨੀਆਂ ਸੁਤੰਤਰ ਰੂਪ ਵਿਚ ਉਚਾਰੀਆਂ ਅਤੇ ਵਰਤੀਆਂ ਜਾਂਦੀਆਂ ਹਨ। ਖੰਡੀ ਧੁਨੀਆਂ ਨੂੰ ਹਰੇਕ ਤਰ੍ਹਾਂ ਦੀ ਲਿਖਤ ਵਿਚ ਅੰਕਿਤ ਕਰਨ ਲਈ ਵੱਖਰੇ-ਵੱਖਰੇ ਚਿੰਨ੍ਹ ਹੁੰਦੇ ਹਨ, ਜਿਨ੍ਹਾਂ ਦੀ ਸੁਤੰਤਰ ਰੂਪ ਵਿਚ ਵਰਤੋਂ ਕੀਤੀ ਜਾਂਦੀ ਹੈ। ਅਖੰਡੀ ਧੁਨੀਆਂ ਲਈ ਵੱਖਰੇ ਚਿੰਨ੍ਹ ਤਾਂ ਹੁੰਦੇ ਹਨ, ਪਰ ਉਨ੍ਹਾਂ ਨੂੰ ਖੰਡੀ ਧੁਨੀਆਂ ਦੇ ਚਿੰਨ੍ਹਾਂ ਤੋਂ ਬਿਨਾਂ ਅੰਕਿਤ ਨਹੀਂ ਕੀਤਾ ਜਾ ਸਕਦਾ। ਮਸਲਨ, ਪੰਜਾਬੀ ਉੱਚਾਰਣ ਦੀ ਅਖੰਡੀ ਧੁਨੀ 'ਨਾਸਿਕਤਾ' ਨੂੰ ਅੰਕਿਤ ਕਰਨ ਲਈ ਗੁਰਮੁਖੀ ਵਿਚ ਨਿਸ਼ਚਿਤ ਨਿਯਮਾਂ ਅਨੁਸਾਰ ਸ੍ਵਰ-ਚਿੰਨ੍ਹਾਂ (ਲਗਾਂ-ਮਾਤ੍ਰਾਂ) ਨਾਲ ਬਿੰਦੀ ( ਂ ) ਅਤੇ ਟਿੱਪੀ ( ੰ ) ਦੀ ਵਰਤੋਂ ਕੀਤੀ ਜਾਂਦੀ ਹੈ (ਸਿੱਧੂ ਪ.ਸ., 1981, ਪੰ. 184)। ਇਸੇ ਤਰ੍ਹਾਂ ਅੰਤਰ-ਰਾਸ਼ਟਰੀ ਧੁਨੀ-ਲਿੱਪੀ ਅਨੁਸਾਰ ਨਾਸਿਕਤਾ ਲਈ ਸ੍ਵਰ-ਚਿੰਨ੍ਹਾਂ ਉੱਪਰ ṽ ਚਿੰਨ੍ਹ ਵਰਤਿਆ ਜਾਂਦਾ ਹੈ, ਜਿਵੇਂ ਗਾਂ (g ã) ਵਿਚ।

ਸੁਰ ਇਕ ਅਜੇਹੀ ਅਖੰਡੀ ਧੁਨੀ ਹੈ, ਜਿਸ ਦੀ ਪੰਜਾਬੀ ਉੱਚਾਰਣ ਵਿਚ ਸਾਰਥਕ ਹੋਂਦ ਹੈ। ਪਰ ਇਹ ਭਾਸ਼ਾ ਦਾ ਵਿਸ਼ੇਸ਼ ਗੁਣ ਵੀ ਹੈ। ਪੰਜਾਬੀ ਹੀ ਇਕੋ ਇਕ ਅਜੇਹੀ ਭਾਰਤੀ ਆਰਿਆਈ ਭਾਸ਼ਾ ਹੈ, ਜਿਸ ਵਿਚ ਸੁਰ ਦੀ ਵਰਤੋਂ ਇਕ ਸਾਰਥਕ ਧੁਨੀ ਵਜੋਂ ਹੁੰਦੀ ਹੈ। ਦੁਨੀਆਂ ਦੀਆਂ ਬਾਕੀ ਸੁਰ-ਭਾਸ਼ਾਵਾਂ ਵਿਚ ਚੀਨੀ, ਤਿੱਬਤੀ, ਬਰ੍ਹਮੀ ਅਤੇ ਕਈ ਅਫ਼ਰੀਕੀ ਭਾਸ਼ਾਵਾਂ ਆ ਜਾਂਦੀਆਂ ਹਨ। ਪੰਜਾਬੀ ਤੋਂ ਬਿਨਾਂ ਭਾਰਤੀ-ਯੋਰਪੀ ਪਰਿਵਾਰ ਵਿਚੋਂ ਸਕੈਂਡੇਨੇਵੀਅਨ ਗਰੁਪ (ਸਵੀਡਨ ਨਾਰਵੇ ਤੇ ਡੈਨਮਾਰਕ ਦੀਆਂ ਭਾਸ਼ਾਵਾਂ) ਅਤੇ ਯੂਗੋਸਲੈਵਿਕ ਗਰੁੱਪ (ਸਲੈਵਿਕ slavic ਤੇ ਸਰਬੋਕਰੇਟ serbo-croate ਭਾਸ਼ਾਵਾਂ) ਤੇ ਪੁਰਾਤਨ ਯੂਨਾਨੀ ਭਾਸ਼ਾ ਵਿਚ ਵੀ ਸੁਰ ਇਕ ਨਿਖੇੜੂ ਇਕਾਈ ਵਜੋਂ ਵਰਤੀ ਜਾਂਦੀ ਸੀ। ਵੈਸੇ "ਪੰਜਾਬੀ ਇਕੋ ਇਕ ਅਜੇਹੀ ਭਾਰਤੀ-ਯੋਰਪੀ ਭਾਸ਼ਾ ਹੈ, ਜਿਸ ਵਿਚ ਵਿਅੰਜਨੀ ਤਬਦੀਲੀ (consonantal mutation) ਕਾਰਣ ਸੁਰ ਦੀ ਆਮਦ ਹੋਈ ਹੈ। ਭਾਵ ਇਹ ਕਿ ਪੰਜਾਬੀ ਉੱਚਾਰਣ ਵਿਚੋਂ ਨਾਦੀ ਮਹਾਂ ਪ੍ਰਾਣ ਡਕਵੇਂ ਵਿਅੰਜਨਾਂ (/bh/, dh/, dh/, jh/, gh/) ਅਤੇ ਨਾਦ ਯੰਤਰੀ /h/ ਦੇ ਖ਼ਤਮ ਹੋਣ ਨਾਲ ਸੁਰੀ ਉੱਚਾਰਣ ਹੋਂਦ ਵਿਚ ਆਇਆ ਹੈ, ਜਦ ਕਿ

ਬਾਕੀ ਭਾਰਤੀ-ਯੋਰਪੀ ਭਾਸ਼ਾਵਾਂ ਵਿਚ ਇਸ ਦਾ ਕਾਰਣ ਉਚਾਰ-ਖੰਡੀ ਸੁੰਗੜੇਵਾਂ (syllabic contraction) ਅਤੇ ਪੁਰਾਤਨ ਨਾਦ ਯੰਤਰੀ ਧੁਨੀਆਂ (older laryngal) ਦਾ ਖ਼ਤਮ ਹੋਣਾ ਹੈ, ਜਿਵੇਂ ਕ੍ਰਮਵਾਰ ਸਕੈਂਡੇਨੇਵੀਅਨ ਅਤੇ ਸਲੈਵਿਕ ਭਾਸ਼ਾਵਾਂ ਵਿਚ (Haudricourt ,A.G., 1971, ਪੰ. 1)।

ਸੁਰ ਮਨੁੱਖੀ ਬੋਲਾਂ ਦੀ ਆਵਾਜ਼ ਨਾਲ ਸੰਬੰਧਿਤ ਹੈ। ਇਹ ਆਵਾਜ਼ ਉੱਚਾਰਣ ਅੰਗਾਂ ਦੀਆਂ ਹਰਕਤਾਂ ਅਤੇ ਨਾਦ-ਬੁਲ੍ਹੀਆਂ ਦੀ ਥਰਥਰਾਹਟ ਨਾਲ ਪੈਦਾ ਹੁੰਦੀ ਹੈ। ਨਾਦ-ਬੁਲ੍ਹੀਆਂ ਦੀ ਪ੍ਰਤੀ ਇਕਾਈ ਸਮੇਂ ਵਿਚ ਹੋਈ ਥਰਥਰਾਹਟ ਨੂੰ ਪਿੱਚ (pitch) ਕਿਹਾ ਜਾਂਦਾ ਹੈ। ਨਾਦ ਰਹਿਤ ਧੁਨੀਆਂ ਦੇ ਮੁਕਾਬਲੇ ਨਾਦੀ ਧੁਨੀਆਂ ਦੀ ਪਿੱਚ ਵਧੇਰੇ ਹੁੰਦੀ ਹੈ। ਭਾਸ਼ਾਈ ਉਚਾਰ (utterance) ਵਿਚ, ਕਿਉਂਕਿ, ਨਾਦ ਰਹਿਤ ਅਤੇ ਨਾਦੀ ਧੁਨੀਆਂ ਅੱਗੇ-ਪਿੱਛੇ ਆਉਂਦੀਆਂ ਰਹਿੰਦੀਆਂ ਹਨ, ਇਸ ਲਈ ਭਾਸ਼ਾਈ ਉੱਚਾਰਣ ਵੇਲੇ ਪਿੱਚ ਘਟਦੀ-ਵਧਦੀ ਰਹਿੰਦੀ ਹੈ। "ਪਿੱਚ ਦੇ ਇਸ ਉਤਰਾਅ-ਚੜ੍ਹਾਅ ਤੋਂ ਮਨੁੱਖ ਭਾਸ਼ਾਈ ਕਾਰਜ ਲੈਂਦਾ ਹੈ। ਇਸ ਕਾਰਜ ਨੂੰ ਬੋਲ-ਲੈਅ (speech melody) ਜਾਂ ਸ਼ਬਦਾਂ ਦਾ ਸੰਗੀਤਮਈ ਕ੍ਰਮ ਕਿਹਾ ਜਾਂਦਾ ਹੈ। ਪਿੱਚ ਸਾਰੀਆਂ ਮਨੁੱਖੀ ਭਾਸ਼ਾਵਾਂ ਦਾ ਹਿੱਸਾ ਹੁੰਦੀ ਹੈ, ਪਰ ਹਰੇਕ ਭਾਸ਼ਾ ਇਸ ਨੂੰ ਆਪਣੇ ਤਰੀਕੇ ਨਾਲ ਵਰਤਦੀ ਹੈ ਅਰਥਾਤ ਇਸ ਤੋਂ ਇਕ ਵੱਖਰਾ ਕਾਰਜ ਲੈਂਦੀ ਹੈ. ਬੋਲ-ਲੈਅ ਤੋਂ ਕਈ ਤਰ੍ਹਾਂ ਦੇ ਭਾਸ਼ਾਈ ਕਾਰਜ ਲਏ ਜਾ ਸਕਦੇ ਹਨ, ਜਿਨ੍ਹਾਂ ਵਿਚੋਂ ਦੋ ਮੁੱਖ ਹਨ : ਜਦੋਂ ਇਸ ਭਾਸ਼ਾਈ ਕਾਰਜ ਦਾ ਸੰਬੰਧ ਵਾਕ ਨਾਲ ਹੁੰਦਾ ਹੈ, ਤਾਂ ਇਸ ਨੂੰ ਸੁਰ-ਲਹਿਰ ਕਿਹਾ ਜਾਂਦਾ ਹੈ ਅਤੇ ਜਦੋਂ ਇਹ ਸ਼ਬਦ ਨਾਲ ਸੰਬੰਧਿਤ ਹੁੰਦਾ ਹੈ ਤਾਂ ਇਸ ਨੂੰ ਸੁਰ ਕਿਹਾ ਜਾਂਦਾ ਹੈ' (Abercrombie, D. 1977, ਪੰ. 102)। ਮਸਲਨ 'ਉਹ ਸੋਹਣੀ ਏ' ਵਾਕ ਬੋਲ ਲੈਅ ਬਦਲ ਕੇ ਉਚਾਰਨ ਨਾਲ ਅਰਥਾਂ ਵਿੱਚ ਫਰਕ ਪੈ ਜਾਂਦਾ ਹੈ, ਜਿਵੇਂ :

ਉਹ ਸੋਹਣੀ ਏਂ?(ó sōṇi ē ?)

ਉਹ ਸੋਹਣੀ ਏਂ !(ó sōṇi ē !)

ਉਹ ਸੋਹਣੀ ਏਂ ![ó sōṇi ē !]

ਇਸੇ ਤਰ੍ਹਾਂ ਜਦੋਂ ਇਹ ਬੋਲ ਲੈਅ 'ਕੋੜਾ' ਸ਼ਬਦ ਉਤੇ ਬਦਲਦੀ ਹੈ, ਤਾਂ ਤਿੰਨ ਵੱਖ ਅਰਥਾਂ ਵਾਲੇ ਸ਼ਬਦ ਬਣ ਜਾਂਦੇ ਹਨ :

ਕੋੜਾ [kōṛa]

ਕੋਹੜਾ [kóṛa]

ਘੋੜਾ [kòṛa]

ਇਨ੍ਹਾਂ ਦੋਹਾਂ ਤਰ੍ਹਾਂ ਦੀਆਂ ਇਕਾਈਆਂ ਵਿਚ ਧੁਨੀਆਂ ਅਤੇ ਧੁਨੀ-ਸਮੂਹਾਂ ਦੀ ਤਰਤੀਬ ਨਹੀਂ ਬਦਲਦੀ, ਸਿਰਫ਼ ਪਿੱਚ ਬਦਲਦੀ ਹੈ, ਨਤੀਜੇ ਵਜੋਂ, ਇਨ੍ਹਾਂ ਦੇ ਅਰਥ ਵੀ ਬਦਲ ਜਾਂਦੇ ਹਨ ਅਰਥਾਤ ਬੋਲ-ਲੈਅ ਤੋਂ ਭਾਸ਼ਾਈ ਕਾਰਜ ਲਿਆ ਜਾਂਦਾ ਹੈ। ਹਰੇਕ ਭਾਸ਼ਾ ਵਿਚ ਬੋਲ-ਲੈਅ ਤੋਂ ਉਪਰੋਕਤ ਦੋਹਾਂ ਵਿਚੋਂ, ਘੱਟੋ ਘੱਟ ਇਕ ਤਰ੍ਹਾਂ ਦਾ ਕਾਰਜ ਜ਼ਰੂਰ ਲਿਆ ਜਾਂਦਾ ਹੈ। ਇਸ ਲਈ ਮਨੁੱਖੀ ਭਾਸ਼ਾਵਾਂ ਨੂੰ ਇਸ ਆਧਾਰ 'ਤੇ ਦੋ ਹਿੱਸਿਆ ਵਿਚ ਵੰਡਿਆ ਜਾ ਸਕਦਾ ਹੈ : ਸੁਰ-ਲਹਿਰ ਭਾਸ਼ਾਵਾਂ ਅਤੇ ਸੁਰ ਭਾਸ਼ਾਵਾਂ। ਪੰਜਾਬੀ ਇਕ **ਸੁਰ ਭਾਸ਼ਾ ਹੈ,** ਅਰਥਾਤ ਇਸ ਵਿਚ ਬੋਲ-ਲੈਅ ਦੇ ਬਦਲਣ ਨਾਲ ਸ਼ਬਦਾਂ ਦੇ ਅਰਥਾਂ ਵਿਚ ਫ਼ਰਕ ਆ ਜਾਂਦਾ ਹੈ।

'ਭਾਰਤੀ ਆਰਿਆਈ ਭਾਸ਼ਾਵਾਂ ਦੇ ਨਾਦੀ ਮਹਾਂਪ੍ਰਾਣ ਡਕਵੇਂ ਵਿਅੰਜਨਾਂ ਦਾ ਉੱਚਾਰਣ ਪੰਜਾਬੀ ਵਿਚ ਵੱਖਰੀ ਤਰ੍ਹਾਂ ਹੁੰਦਾ ਹੈ।' ਇਸ ਤੱਥ ਨੂੰ ਪੰਜਾਬੀ ਭਾਸ਼ਾ ਦੇ ਅਧਿਐਨ ਨਾਲ ਸੰਬੰਧਿਤ ਭਾਸ਼ਾ ਵਿਗਿਆਨੀਆਂ ਨੇ ਮੁੱਢ ਵਿਚ ਹੀ ਪਛਾਣ ਲਿਆ ਸੀ (Bailey T.G., 1913; Jain B.D., 1934)। ਬਾਅਦ ਵਿਚ ਜਦੋਂ ਪੰਜਾਬੀ ਭਾਸ਼ਾ ਦਾ ਵਿਗਿਆਨਕ ਵਿਸ਼ਲੇਸ਼ਣ ਕੀਤਾ ਗਿਆ,

ਤਾਂ ਪੰਜਾਬੀ ਉੱਚਾਰਣ ਵਿਚ, ਤਿੰਨ ਸੁਰਾਂ ਦੀ ਸਥਾਪਨਾ ਕੀਤੀ ਗਈ (Bahal K.C., 1957, Gill H.S., 1960, 1964, 1969 ਤੇ Sandhu B.S., 1968 ਤੇ 1971; Gupta B.R., 1970, Sethi J.S., 1971; Joshi S S, 1973; Smirnov U.A., 1973)। ਇਨ੍ਹਾਂ ਸਾਰੇ ਯਤਨਾਂ ਸਦਕਾ ਪੰਜਾਬੀ ਦਾ ਇਹ ਨਿਖੇੜੂ ਲੱਛਣ ਵਧੇਰੇ ਸਪੱਸ਼ਟ ਹੁੰਦਾ ਗਿਆ। ਪੰਜਾਬੀ ਉੱਚਾਰਣ ਨੂੰ ਅੰਕਿਤ ਕਰਨ ਲਈ ਗੁਰਮੁਖੀ ਲਿੱਪੀ ਵਰਤੀ ਜਾਂਦੀ ਹੈ। ਇਸ ਲਈ ਹੌਲੀ ਹੌਲੀ ਭਾਸ਼ਾ ਵਿਗਿਆਨੀਆਂ ਨੇ ਪੰਜਾਬੀ ਦੇ ਸੁਰੀ ਉੱਚਾਰਣ ਅਤੇ ਗੁਰਮੁਖੀ ਲਿੱਪੀ ਦੇ ਆਪਸੀ ਸੰਬੰਧ ਨੂੰ ਵੀ ਬਿਆਨ ਕਰਨ ਦਾ ਯਤਨ ਕੀਤਾ। ਪਹਿਲਾਂ ਪਹਿਲ ਇਹ ਕਹਿ ਕੇ ਕੰਮ ਚਲਾ ਲਿਆ ਜਾਂਦਾ ਸੀ ਕਿ "ਘ, ਝ, ਢ, ਧ, ਭ ਦਾ ਉੱਚਾਰਣ ਦੋ ਤਰ੍ਹਾਂ ਦਾ ਹੁੰਦਾ ਹੈ। ਜਦੋਂ ਇਹ ਸ਼ਬਦ ਦੇ ਸ਼ੁਰੂ ਵਿਚ ਹੁੰਦੇ ਹਨ ਤਾਂ ਇਹ ਅਘੋਸ਼ ਅਲਪ-ਪ੍ਰਾਣ ਹੋ ਜਾਂਦੇ ਹਨ ਅਤੇ ਪ੍ਰਾਣ ਦੀ ਜਗ੍ਹਾ ਇਕ ਤਰ੍ਹਾਂ ਦੀ ਸੁਰ ਲੈ ਲੈਂਦੀ ਹੈ। ਇਹ ਲਾਗੇ ਦਾ ਸੁਰ ਇਸ ਸੁਰ ਵਿਚ ਬੋਲਿਆ ਜਾਂਦਾ ਹੈ ਜਿਵੇਂ : ਘੋੜਾ (=ਕੋੜਾ), ਝਟ (=ਚਟ); ਧਨ (=ਤਨ) ਆਦਿ। ਸ਼ਬਦ ਦੇ ਵਿਚਕਾਰ ਜਾਂ ਅੰਤ ਵਿਚ ਇਹ ਘੋਸ਼ ਅਲਪ-ਪ੍ਰਾਣ ਬਣ ਜਾਂਦੇ ਹਨ ਜਿਵੇਂ :– ਦੁੱਧ (= ਦੁ^ਦ); ਕੁਝ (=ਕੁ^ਜੱ) ਇਹ ਸੁਰ ਪਹਿਲੀ ਦੱਸੀ ਸੁਰ ਨਾਲੋਂ ਵੱਖਰੀ ਹੈ। ਇਸ ਨੂੰ ਨੀਵੀਂ ਚੜ੍ਹਦੀ ਸੁਰ ਕਹਿੰਦੇ ਹਨ" (ਦੁਨੀ ਚੰਦ੍, 1964 ਪੰ. 29)। ਪਰ ਬਾਅਦ ਵਿਚ ਬਾਕਾਇਦਾ ਵਿਗਿਆਨਕ ਵਿਧੀ ਅਨੁਸਾਰ ਪੰਜਾਬੀ ਦੇ ਸੁਰੀ ਉੱਚਾਰਣ ਨੂੰ ਗੁਰਮੁਖੀ ਦੁਆਰਾ ਅੰਕਿਤ ਕਰਨ ਦੇ ਨਿਯਮਾਂ ਦਾ ਵੇਰਵਾ ਦਿੱਤਾ ਗਿਆ (Gill H.S. 1969, ਪੰ 44)। ਇਨ੍ਹਾਂ ਯਤਨਾਂ ਤੋਂ ਬਿਨਾਂ ਕਈ ਦਫ਼ਾ ਪੰਜਾਬੀ ਦੇ ਉਪਭਾਸ਼ਾਈ ਉੱਚਾਰਣਾਂ ਦਾ ਵਰਣਨ ਕਰਨ ਵੇਲੇ ਜਿੱਥੇ ਕਿਧਰੇ ਗੁਰਮੁਖੀ ਲਿੱਪੀ ਦੀ ਸਮਰੱਥਾ ਬਾਰੇ ਕੁਝ ਕਹਿਣ ਦੀ ਲੋੜ ਹੁੰਦੀ ਹੈ, ਲੋੜੀਂਦਾ ਸੰਕੇਤ ਕਰ ਦਿੱਤਾ ਜਾਂਦਾ ਹੈ (ਗਿੱਲ ਮ.ਸ. 1981, ਪੰ. 48) ਜਾਂ ਪੈਂਤੀ ਦੇ ਸਾਰੇ ਚਿੰਨ੍ਹਾਂ ਦੇ ਨਾਲ ਸੁਰੀ ਉੱਚਾਰਣ ਨੂੰ ਵੀ ਸੰਖੇਪ ਰੂਪ ਵਿਚ ਹੀ ਦੇ ਦਿੱਤਾ ਜਾਂਦਾ ਹੈ (Mizokami, T., 1981 ਪੰ. 4) ਜਿਵੇਂ :

| | | | | |
|---|---|---|---|---|
| ਕ | ਖ | ਗ | ਘ | ਙ |
| kakka | khakkha | gagga | kagga | ṇ̥aṇ̥a |
| /k/ | /kh/ | /g/ | /k̀, ̀g, g̀/ | /ṇ̥/ |

ਜਾਂ ਫਿਰ ਸੁਰੀ ਉੱਚਾਰਣ ਨੂੰ ਪ੍ਰਗਟਾਉਣ ਲਈ ਭ, ਧ, ਢ, ਝ, ਘ ਦੀ ਥਾਂ ਵੱਖਰੇ ਚਿੰਨ੍ਹ ਅਪਣਾਉਣ ਦਾ ਸੁਝਾ ਦਿੱਤਾ ਜਾਂਦਾ ਹੈ (ਸੰਧੂ ਬ. ਸ., 1981 ਪੰ. 56) ਜਿਵੇਂ ਘੋੜਾ = ਕੋ।ੜਾ; ਧਾਰ = ਤ।ਾਰ ਆਦਿ।

ਹਰਜੀਤ ਸਿੰਘ ਗਿੱਲ ਅਤੇ ਹੈਨਰੀ ਏ. ਗਲੀਸਨ (1969 ਪੰ. 37) ਦਾ ਇਕੋ ਇਕ ਅਜੇਹਾ ਅਧਿਐਨ ਹੈ ਜਿਸ ਵਿਚ ਗੁਰਮੁਖੀ ਲਿਖਣ-ਕਲਾ ਦੇ ਨਿਯਮਾਂ ਨੂੰ ਵਿਸਤਾਰ ਸਹਿਤ ਬਿਆਨ ਕੀਤਾ ਗਿਆ ਹੈ। ਇਨ੍ਹਾਂ ਨੇ ਹਵਾਲਾ ਵਿਆਕਰਣ ਦੀ ਪ੍ਰਕਿਰਤੀ ਅਨੁਸਾਰ ਪੰਜਾਬੀ ਦੇ ਸੁਰੀ ਉੱਚਾਰਣ ਨੂੰ ਵੱਖੋਂ ਵੱਖਰੇ ਸਿਰਲੇਖਾਂ ਅਧੀਨ ਅਲੱਗ ਅਲੱਗ ਥਾਵਾਂ 'ਤੇ ਬਿਆਨ ਕੀਤਾ ਹੈ ਅਰਥਾਤ ਪੈਰ ਵਿਚ ਪੈਣ ਵਾਲੇ ਵਿਅੰਜਨ ਤੇ ਵਿਅੰਜਣ ਗੁੱਛੇ (ਪੰ 43), ਗੁਰਮੁਖੀ ਵਰਣਮਾਲਾ ਦੇ 'ਤਥਾ ਕਥਿਤ ਨਾਦੀ ਮਹਾਂਪ੍ਰਾਣ ਚਿੰਨ੍ਹਾਂ ਘ ਝ ਢ ਧ ਭ' ਦੇ ਨਿਯਮ (ਪੰ 49), ਹ ਦੀ ਵਰਤੋਂ (ਪੰ. 51), ਨਿਯਮਾਂ ਅਨੁਸਾਰ ਨਾ ਲਿਖੇ ਜਾਣ ਵਾਲੇ ਸ਼ਬਦ (ਪੰ. 53), ਵਿਅੰਜਨ ਧੁਨੀਆਂ ਦੇ ਸ਼ਬਦ-ਜੋੜ (ਪੰ 56) ਅਤੇ ਸ੍ਵਰਾਂ ਤੇ ਸੁਰਾਂ ਦੇ ਸ਼ਬਦ ਜੋੜ (ਪੰ 58)। ਇਨ੍ਹਾਂ ਦੇ ਆਧਾਰ 'ਤੇ ਪੰਜਾਬੀ ਦੇ ਸੁਰੀ ਉੱਚਾਰਣਾਂ ਨੂੰ ਗੁਰਮੁਖੀ ਰਾਹੀਂ ਅੰਕਿਤ ਕਰਨ ਦੇ ਨਿਯਮਾਂ ਨੂੰ ਇਥੇ ਅਸੀਂ ਤਰਤੀਬ ਵਿਚ ਪੇਸ਼ ਕਰਨ ਦਾ ਯਤਨ ਕਰ ਰਹੇ ਹਾਂ।

ਪੰਜਾਬੀ ਉੱਚਾਰਣ ਵਿਚ, ਵਿਰੋਧੀ ਜੋੜਿਆਂ ਦੇ ਆਧਾਰ 'ਤੇ ਉੱਚੀ (ˊ), ਮਧਮ (ˉ) ਤੇ ਨੀਵੀਂ (ˋ) ਸੁਰ ਦੀ ਸਥਾਪਨਾ ਕੀਤੀ ਗਈ ਹੈ। ਇਨ੍ਹਾਂ ਤਿੰਨ੍ਹਾਂ ਵਿਚੋਂ ਉੱਚੀ ਅਤੇ ਨੀਵੀਂ ਸੁਰ ਨੂੰ ਹੀ ਗੁਰਮੁਖੀ

ਵਰਣਮਾਲਾ ਰਾਹੀਂ ਅੰਕਿਤ ਕੀਤਾ ਜਾਂਦਾ ਹੈ। ਜਿਨ੍ਹਾਂ ਪੰਜਾਬੀ ਉੱਚਾਰਣਾਂ ਨਾਲ ਗੁਰਮੁਖੀ ਵਿਚ ਸੁਰ ਅੰਕਿਤ ਨਹੀਂ ਕੀਤੀ ਜਾਂਦੀ, ਉਨ੍ਹਾਂ ਉਤੇ, ਇਹ ਮੰਨ ਲਿਆ ਜਾਂਦਾ ਹੈ ਕਿ, ਮੱਧਮ ਸੁਰ ਹੁੰਦੀ ਹੈ। ਉੱਚੀ ਅਤੇ ਨੀਵੀਂ ਸੁਰ ਨੂੰ, ਗੁਰਮੁਖੀ ਲਿਖਤ ਵਿਚ ਘ, ਝ, ਢ, ਧ, ਭ, ਹ ਅਤੇ ਪੈਰ ਵਿਚ ਪੈਣ ਵਾਲੇ ਹਾਹੇ (੍ਹ) ਨਾਲ ਅੰਕਿਤ ਕੀਤਾ ਜਾਂਦਾ ਹੈ। ਇਨ੍ਹਾਂ ਚਿੰਨ੍ਹਾਂ ਦੀ ਵਰਤੋਂ ਦੇ ਨਿਯਮਾਂ ਦਾ ਵੇਰਵਾ ਦੇਣ ਲਈ, ਇਨ੍ਹਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ :

(ੳ) ਘ, ਝ, ਢ, ਧ, ਭ

(ਅ) ਹ ਤੇ ਪੈਰ ਵਿਚ ਪੈਣ ਵਾਲਾ ਹਾਹਾ (੍ਹ)

ਉੱਚੀ ਤੇ ਨੀਵੀਂ ਦੋਵੇਂ ਸੁਰਾਂ ਹੀ ਇਨ੍ਹਾਂ ਦੋਵਾਂ ਤਰ੍ਹਾਂ ਦੇ ਚਿੰਨ੍ਹਾਂ ਰਾਹੀਂ ਹੇਠ ਲਿਖੇ ਨਿਯਮਾਂ ਅਨੁਸਾਰ ਅੰਕਿਤ ਕੀਤੀਆਂ ਜਾਂਦੀਆਂ ਹਨ :

(ੳ) ਘ, ਝ, ਢ, ਧ, ਭ :

1. ਜਦੋਂ ਘ ਝ ਢ ਧ ਭ ਸ਼ਬਦਾਂ ਦੇ ਸ਼ੁਰੂ ਵਿਚ ਆਉਣ ਤਾਂ ਇਨ੍ਹਾਂ ਦਾ ਉੱਚਾਰਣ ਕ੍ਰਮਵਾਰ [k] [ʗ], [ṭ], [t], [p] ਹੁੰਦਾ ਹੈ ਅਤੇ ਇਨ੍ਹਾਂ ਤੋਂ ਬਾਅਦ ਵਾਲੀ ਮਾਤ੍ਰਾ ਦੇ ਸ੍ਵਰ ਅਰਥਾਤ ਪਹਿਲੇ ਉਚਾਰ ਖੰਡ ਉਤੇ ਨੀਵੀਂ ਸੁਰ ਆਉਂਦੀ ਹੈ :

| ਚਿੰਨ੍ਹ | ਉੱਚਾਰਣ | ਉਦਾਹਰਣ | |
|---|---|---|---|
| ਘ — | kv̌ – | ਘਾ | [kà ] |
| ਝ — | cv̌ – | ਝੰਡਾ | [ʗə̃̀da] |
| ਢ — | ṭv̌ – | ਢਿੱਲਾ | [ṭìlla] |
| ਧ — | tv̌ – | ਧੂੰਆਂ | [tũ̀ã] |
| ਭ — | pv̌ – | ਭਾ | [pà] |

2. ਜਦੋਂ ਘ, ਝ, ਢ, ਧ, ਭ ਦੇ ਸ਼ਬਦਾਂ ਦੇ ਅੰਤ ਵਿਚ ਆਉਣ ਤਾਂ ਇਨ੍ਹਾਂ ਦਾ ਉੱਚਾਰਣ ਕ੍ਰਮਵਾਰ ([g], [j], [ḍ], [d], [b] ਹੁੰਦਾ ਹੈ ਅਤੇ ਇਨ੍ਹਾਂ ਤੋਂ ਪਹਿਲਾਂ ਆਉਣ ਵਾਲੀ ਮਾਤ੍ਰਾ ਦੇ ਸ੍ਵਰ ਉਤੇ ਉੱਚੀ ਸੁਰ ਹੁੰਦੀ ਹੈ :

| ਚਿੰਨ੍ਹ | ਉੱਚਾਰਣ | ਉਦਾਹਰਣ | |
|---|---|---|---|
| — ਘ | —v́g | ਬਾਘ | [bág] |
| — ਝ | —v́j | ਕੁਝ | [kÚg] |
| — ਢ | —v́ḍ | ਟੇਢ | [téḍ] |
| — ਧ | —v́d | ਸਾਧ | [sád] |
| — ਭ | —v́b | ਜੀਭ | [jíb] |

ਉਪਰੋਕਤ ਸਾਰੀਆਂ ਉਦਾਹਰਣਾਂ ਵਿਚ ਘ, ਝ, ਢ, ਧ, ਭ ਤੋਂ ਪਹਿਲਾਂ ਸਿਹਾਰੀ, ਔਂਕੜ ਅਤੇ ਮੁਕਤਾ ਤੋਂ ਬਿਨਾ ਬਾਕੀ ਲਗਾਂ ਮਾਤ੍ਰਾਂ ਆਈਆਂ ਹਨ। ਜਦੋਂ ਇਨ੍ਹਾਂ ਤਿੰਨਾਂ ਵਿਚੋਂ ਕੋਈ ਇਕ ਮਾਤ੍ਰਾ ਇਸ ਸਥਿਤੀ ਵਿਚ ਆਉਂਦੀ ਹੈ ਤਾਂ ਇਨ੍ਹਾਂ ਚਿੰਨ੍ਹਾਂ (ਘ, ਝ ਆਦਿ) ਨਾਲ ਅੱਧਕ ਦੀ ਵਰਤੋਂ ਵੀ ਕੀਤੀ ਜਾਂਦੀ ਹੈ।

ਜਿਵੇਂ : ਮੱਘ [mə´g], ਮੱਝ [mə´j], ਮੁੱਢ [mu´ḍ], ਦੁੱਧ [du´d], ਲੱਭ [lə´b] ਆਦਿ।

3. ਜਦੋਂ ਘ, ਝ, ਢ, ਧ, ਭ ਸ਼ਬਦਾਂ ਦੇ ਵਿਚਕਾਰ ਆਉਣ ਤਾਂ ਇਨ੍ਹਾਂ ਦਾ ਉੱਚਾਰਣ [g], [j], [ḍ], [d], [b] ਹੁੰਦਾ ਹੈ ; ਇਨ੍ਹਾਂ ਤੋਂ ਪਹਿਲਾਂ ਆਉਣ ਵਾਲੇ ਸੁਰ ਉੱਤੇ ਉੱਚੀ ਸੁਰ ਹੁੰਦੀ ਹੈ ਅਤੇ ਇਨ੍ਹਾਂ ਨਾਲ ਅੱਧਕ ਜਾਂ ਟਿੱਪੀ ਵੀ ਲਗਦੀ ਹੈ :

| ਚਿੰਨ੍ਹ | ਉੱਚਾਰਣ | ਉਦਾਹਰਣ |
|---|---|---|
| — ਘ — | –v́g– | ਕੰਘੀ [kə̃́gi], ਬੱਘੀ [bə´ggi] |
| — ਝ — | –v́j– | ਪੂੰਝੀ [pū́ji] |
| | | ਬੱਝੀ [bə́jji] |
| — ਢ — | –v́ḍ– | ਗੰਢਾ [gə̃́ḍa] ਵੱਢੀ [wə́ḍḍi] |
| — ਧ — | –v́d– | ਫੰਧਾ [phə̃́da] ਰਿੱਧਾ [rídda] |
| — ਭ — | –v́b– | ਖੰਭ [khə̃́b] ਲੱਭਾ [lə́bba] |

4. ਉਪਰੋਕਤ ਉਦਾਹਰਣਾਂ ਤੋਂ ਇਲਾਵਾ ਇਸ ਸਥਿਤੀ ਵਿਚ ਇਨ੍ਹਾਂ ਚਿੰਨ੍ਹਾਂ ਨਾਲ ਬਿੰਦੀ ਵੀ ਲਗ ਜਾਂਦੀ ਹੈ ਜਿਵੇਂ ਪੀਂਘ [pī́g] ਗੀਂਢਾ [gī́ḍa] , ਗਾਂਧੀ [gā́di] ਸਾਂਭ [sā́b] ਆਦਿ ; ਜਾਂ ਫਿਰ ਅੱਧਕ, ਟਿੱਪੀ ਤੇ ਬਿੰਦੀ ਤੋਂ ਬਿਨਾਂ ਵੀ ਕਈ ਸ਼ਬਦ ਮਿਲ ਜਾਂਦੇ ਹਨ ਜਿਵੇਂ ਮੋਘਾ [mó ga], ਮਾਝੀ [ma´ji] ਡਾਢਾ [dáḍa] ਮੂਧਾ [mu´da], ਵਾਧੂ [wádu] ਗੋਭੀ [gó be] ਆਦਿ। ਇਨ੍ਹਾਂ ਉਦਾਹਰਣਾਂ ਵਿਚ ਘ, ਝ, ਢ, ਧ, ਭ ਸ਼ਬਦ ਦੇ ਵਿਚਕਾਰ ਤਾਂ ਆਉਂਦੇ ਹਨ, ਪਰ ਇਨ੍ਹਾਂ ਤੋਂ ਪਹਿਲਾਂ ਆਉਣ ਵਾਲੀ ਮਾਤ੍ਰਾ ਇ [I] ਉ [U] ਅਤੇ ਅ (ə) ਤੋਂ ਬਿਨਾਂ ਬਾਕੀ ਹੋਰ ਕੋਈ ਵੀ ਅਰਥਾਤ ਈ [i], ਏ [e], ਐ [E], ਆ [a], ਔ [ɔ], ਓ [o] ਜਾਂ ਊ [u] ਹੋ ਸਕਦੀ ਹੈ ਅਤੇ ਇਨ੍ਹਾਂ ਤੋਂ ਬਾਅਦ ਵਿਚ ਸਿਰਫ਼ ਇਕ ਸੁਰ ਹੀ ਆਉਂਦਾ ਹੈ।

5. ਜਦੋਂ ਘ, ਝ, ਢ, ਧ, ਭ ਸ਼ਬਦਾਂ ਦੇ ਵਿਚਕਾਰ ਆਉਂਦੇ ਹੋਣ, ਇਨ੍ਹਾਂ ਨਾਲ ਬਿੰਦੀ ਜਾਂ ਟਿੱਪੀ ਦੀ ਵਰਤੋਂ ਹੁੰਦੀ ਹੋਵੇ ਅਤੇ ਇਨ੍ਹਾਂ ਤੋਂ ਬਾਅਦ ਆਉਣ ਵਾਲੇ ਵਿਅੰਜਨ ਮਗਰੋਂ ਸੁਰ ਆਉਂਦਾ ਹੋਵੇ ਤਾਂ ਇਨ੍ਹਾਂ ਦਾ ਉੱਚਾਰਣ ਦੁੱਤ ਵਿਅੰਜਨ ਵਾਂਗ ਨਹੀਂ ਹੁੰਦਾ ਜਿਵੇਂ ਮੰਘਦਾ (mə́gda), ਬੁੱਝਦਾ [bújda], ਵੱਢਦਾ [wə́ḍda] ਵੱਧਦਾ [wə́dda] , ਲੱਭਦਾ [lə́bda]।

6. ਸ਼ਬਦਾਂ ਦੀ ਮੱਧ ਸਥਿੱਤੀ ਵਿਚ ਜਦੋਂ ਘ, ਝ, ਢ, ਧ, ਭ ਤੋਂ ਪਹਿਲਾਂ ਇ [I], ਉ [U], ਤੇ ਅ [ə] ਵਿਚੋਂ ਕੋਈ ਇਕ ਮਾਤ੍ਰਾ ਆ ਜਾਵੇ, ਬਾਅਦ ਵਿਚ ਈ [i], ਏ [e], ਐ [E], ਆ [a], ਔ [ɔ], ਓ [o] ਜਾਂ ਊ [u] ਅਤੇ ਇਨ੍ਹਾਂ ਨਾਲ ਅੱਧਕ, ਬਿੰਦੀ ਜਾਂ ਟਿੱਪੀ ਨਾ ਹੋਵੇ ਤਾਂ ਇਨ੍ਹਾਂ ਦਾ ਉੱਚਾਰਣ ਕ੍ਰਮਵਾਰ [g], [j], [ḍ], [d] [b] ਹੁੰਦਾ ਹੈ ਅਤੇ ਇਨ੍ਹਾਂ ਤੋਂ ਬਾਅਦ ਆਉਣ ਵਾਲੇ ਸੁਰ ਉੱਤੇ ਨੀਵੀਂ ਸੁਰ ਹੁੰਦੀ ਹੈ।

| ਚਿੰਨ੍ਹ | ਉੱਚਾਰਣ | ਉਦਾਹਰਣ |
|---|---|---|
| — ਘ — | –gv̀– | ਨਿਘਾਰ [nIgàr] |
| — ਝ — | –jv̀ – | ਸੁਝਾਇਆ [sujàIa] |
| — ਧ — | –ḍv̀ – | ਸੁਧਾਈ [suḍài] |
| — ਢ — | –dv̀ – | ਕਢਾਈ [kədài] |
| — ਭ — | –bv̀ – | ਲਭਾਇਆ [ləbàIa] |

7. ਪੰਜਾਬੀ ਦੇ ਕੁਝ, ਦੋ ਉਚਾਰ ਖੰਡਾਂ ਵਾਲੇ, ਸ਼ਬਦ ਅਜੇਹੇ ਹਨ ਜਿਨ੍ਹਾਂ ਦੇ ਸ਼ੁਰੂ ਵਿਚ ਘ, ਝ, ਢ, ਧ ਜਾਂ ਭ ਆਉਂਦਾ ਹੈ, ਇਨ੍ਹਾਂ ਤੋਂ ਬਾਅਦ ਵਿਚ ਆਉਣ ਵਾਲੀ ਮਾਤ੍ਰਾ ਅ ਹੁੰਦੀ ਹੈ

ਅਤੇ ਦੂਜੇ ਉਚਾਰ ਖੰਡ ਵਿਚ ਈ, ਏ, ਐ, ਆ, ਔ, ਓ ਤੇ ਊ ਵਿਚੋਂ ਕੋਈ ਇਕ ਸੁਰ ਆਉਂਦਾ ਹੈ। ਇਸ ਸਥਿੱਤੀ ਵਿਚ ਇਨ੍ਹਾਂ ਦਾ ਉੱਚਾਰਣ ਕ੍ਰਮਵਾਰ [k], [c], [t], [t], [P] ਹੁੰਦਾ ਹੈ ਅਤੇ ਦੂਜੇ ਉਚਾਰ ਖੰਡ ਉਤੇ ਨੀਵੀਂ ਸੁਰ ਆਉਂਦੀ ਹੈ :

| ਚਿੰਨ੍ਹ | ਉੱਚਾਰਣ | ਉਦਾਹਰਣ |
|---|---|---|
| ਘ — | k v c v̀ — | ਘਰਾਟ [kəràt] |
| ਢ — | ṭ v c v̀ — | ਢਕੋਸਲਾ [ṭəkòsla] |
| ਧ — | t v c v̀ — | ਧਰੇਕ [tərèk] |
| ਝ — | c v c v̀ — | ਝੜਾਅ [cəṛà] |
| ਭ — | p v c v̀ — | ਭੰਡਾਰ [pə̃ḍàr] |

(ਅ) ਹ ਅਤੇ ਪੈਰ ਵਿਚ ਪੈਣ ਵਾਲਾ ਹਾਹਾ ( ੍ਹ ):

1. ਆਮ ਤੌਰ ਤੇ ਸ਼ਬਦਾਂ ਦੇ ਸ਼ੁਰੂ ਵਿਚ ਆਉਣ ਵਾਲੇ ਹ ਦਾ ਉੱਚਾਰਣ ਸਾਰਥਕ ਧੁਨੀ ਵਜੋਂ /h/ ਹੁੰਦਾ ਹੈ :

| ਚਿੰਨ੍ਹ | ਉੱਚਾਰਣ | ਉਦਾਹਰਣ |
|---|---|---|
| ਹ — | h — | ਹੱਲ [həll] ਹੌਲੀ [hɔḷi] |
| | | ਹਾਥੀ [hathi] |

ਪਰ ਕੁਝ ਕੁ ਉਪ-ਭਾਸ਼ਾਈ ਉਚਾਰਣਾਂ ਵਿਚ ਹ, ਸ਼ਬਦਾਂ ਦੇ ਸ਼ੁਰੂ ਵਿਚ ਨਹੀਂ ਉਚਾਰਿਆ ਜਾਂਦਾ ਅਤੇ ਇਸ ਤੋਂ ਮਗਰੋਂ ਆਉਣ ਵਾਲੀ ਮਾਤ੍ਰਾ ਦੇ ਸੁਰ ਅਰਥਾਤ ਪਹਿਲੇ ਉਚਾਰ ਖੰਡ ਉਤੇ ਨੀਵੀਂ ਸੁਰ ਆਉਂਦੀ ਹੈ ਜਿਵੇਂ ਹੋਰ [ò r] , ਹਾਥੀ [àthi] ਹੱਥ [ètth] ਆਦਿ।

2. ਸ਼ਬਦਾਂ ਦੇ ਮੱਧ ਅਤੇ ਅੰਤ 'ਤੇ ਆਉਣ ਵਾਲੇ ਹ ਦਾ ਉੱਚਾਰਣ ਨਹੀਂ ਕੀਤਾ ਜਾਂਦਾ ਅਤੇ ਇਸ ਤੋਂ ਪਹਿਲਾਂ ਆਉਣ ਵਾਲੀ ਮਾਤ੍ਰਾ ਦੇ ਸੁਰ ਉਤੇ ਉੱਚੀ ਸੁਰ ਉਚਾਰੀ ਜਾਂਦੀ ਹੈ :

| ਚਿੰਨ੍ਹ | ਉੱਚਾਰਣ | ਉਦਾਹਰਣ |
|---|---|---|
| — ਹ | –v́ | ਵੀਹ [wí] ਉਹ [ó] |
| | | ਚਾਹ [cá] ਮੂੰਹ [mú] |
| — ਹ — | –v́– | ਵੌਹਟੀ [vɔ́ti] ਥੋਹੜਾ [thóṛa] |
| | | ਤੀਹਰਾ [tíra] |

3. ਸ਼ਬਦਾਂ ਦੀ ਮੱਧ ਸਥਿਤੀ ਵਿਚ ਜਦੋਂ ਹ ਤੋਂ ਪਹਿਲਾਂ ਅ [ə] ਮਾਤ੍ਰਾ ਹੋਵੇ ਅਤੇ ਬਾਅਦ ਵਿਚ ਈ, ਏ, ਐ, ਔ, ਓ, ਊ ਵਿਚੋਂ ਕੋਈ ਇਕ ਮਾਤ੍ਰਾ ਆਉਂਦੀ ਹੋਵੇ ਤਾਂ ਇਸ ਦਾ ਤੇ ਇਸ ਤੋਂ ਪਹਿਲਾਂ ਆਉਣ ਵਾਲੇ ਅ ਸੁਰ ਦਾ ਉੱਚਾਰਣ ਨਹੀਂ ਹੁੰਦਾ ਅਤੇ ਇਸ ਪਿੱਛੇ ਆਉਣ ਵਾਲੀ ਮਾਤ੍ਰਾ ਦੇ ਸੁਰ ਉਤੇ ਨੀਵੀਂ ਸੁਰ ਉਚਾਰੀ ਜਾਂਦੀ ਹੈ :

| ਚਿੰਨ੍ਹ | ਉੱਚਾਰਣ | ਉਦਾਹਰਣ |
|---|---|---|
| — ਹ — | v̀ — | ਕਹਾਣੀ [kàṇi] |
| | | ਮਹੈਣ [mÈn] |

4. ਜੇ ਸ਼ਬਦ ਵਿਚ ੜ, ਨ, ਲ, ਮ ਜਾਂ ਬ ਦੇ ਪੈਰ ਵਿਚ ਹਾਹਾ ਹੋਵੇ ਅਤੇ ਇਸ ਤੋਂ ਪਹਿਲਾਂ ਅ

[ə] ਮਾਤ੍ਰਾ ਆਉਂਦੀ ਹੋਵੇ, ਤਾਂ ਮਾਤ੍ਰਾ ਦੇ ਸੁਰ ਉੱਤੇ ਉੱਚੀ ਸੁਰ ਉਚਾਰੀ ਜਾਂਦੀ ਹੈ :

| ਚਿੰਨ੍ਹ | ਉੱਚਾਰਣ | ਉਦਾਹਰਣ |
|---|---|---|
| — ੜ੍ਹ | -ə́ṛ | ਪੜ੍ਹ [pə ́ṛ] ਖੜ੍ਹ [khə ́ṛ] |
| | | ਕੜ੍ਹਨਾ [kṛə ́na] |
| — ਨ੍ਹ | —ə́n | ਬੰਨ੍ਹ [bə ́n] ਅੰਨ੍ਹਾ [ə́nna] |
| — ਲ੍ਹ | —éi | ਠੱਲ੍ਹੀ [thə́ lli] ਮੱਲ੍ਹੀ [mə́ lli] |
| — ਮ੍ਹ | —ə́m | ਥੰਮ੍ਹੀ [thə́mmi] |
| — ਬ੍ਹ | —ə́b | ਖੰਭ੍ਹਾ [khə́ ba] |

5. ਜੇ ਸ਼ਬਦਾਂ ਦੇ ਸ਼ੁਰੂ ਵਿਚ ਨ, ਮ, ਬ ਜਾਂ ਡ ਦੇ ਪੈਰ ਵਿਚ ਹਾਹਾ ਹੋਵੇ ਅਤੇ ਇਨ੍ਹਾਂ ਦੇ ਬਾਅਦ ਵਿਚ ਆਉਣ ਵਾਲੀ ਮਾਤ੍ਰਾ ਈ, ਏ, ਐ, ਔ, ਓ ਤੇ ਊ ਵਿਚੋਂ ਕੋਈ ਇਕ ਹੋਵੇ ਤਾਂ ਇਸ ਮਾਤ੍ਰਾ ਦੇ ਸੁਰ ਉਤੇ ਨੀਵੀਂ ਸੁਰ ਉਚਾਰੀ ਜਾਂਦੀ ਹੈ :

| ਚਿੰਨ੍ਹ | ਉੱਚਾਰਣ | ਉਦਾਹਰਣ |
|---|---|---|
| ਨ — | nv̀– | ਨ੍ਹਾ [nà] ਨ੍ਹੇਰ [nèr] |
| ਮ — | mv̀ — | ਮ੍ਹੈਸ [mÈs] ਮ੍ਹੀਨ [mìn] |
| ਬ — | bv̀ — | ਬ੍ਹਾ [bà] |
| ਡ — | ḍv̀— | ਡ੍ਹਾ [dà] |

6. ਜੇ ਸ਼ਬਦ ਦੇ ਵਿਚਕਾਰ ੜ, ਨ ਜਾਂ ਰ ਦੇ ਪੈਰ ਵਿਚ ਹਾਹਾ ਹੋਵੇ; ਇਸਤੋਂ ਪਹਿਲਾਂ ਅ [ə] ਮਾਤ੍ਰਾ ਆਉਂਦੀ ਹੋਵੇ, ਬਾਅਦ ਵਿਚ ਈ ਏ ਐ, ਆ, ਔ ਓ, ਊ ਵਿਚੋਂ ਕੋਈ ਇਕ ਆਏ ਅਤੇ ਇਸ ਮਾਤ੍ਰਾ ਮਗਰੋਂ ਅ ਜਾਂ ਇ ਆਉਂਦੀ ਹੋਵੇ ਤਾਂ ੜ ਜਾਂ ਰ ਮਗਰੋਂ ਆਉਣ ਵਾਲੇ ਸੁਰ ਉਤੇ ਨੀਵੀਂ ਸੁਰ ਉਚਾਰੀ ਜਾਂਦੀ ਹੈ।

| ਚਿੰਨ੍ਹ | ਉੱਚਾਰਣ | ਉਦਾਹਰਣ |
|---|---|---|
| — ੜ੍ਹ — | – ṛv̀ – | ਪੜ੍ਹਾਅ [pəṛà] |
| — ਨ੍ਹ — | – nv̀ – | ਬੰਨ੍ਹਾਅ [bənà] |
| | | ਬੰਨ੍ਹਾਇਆ [bənàIa] |
| — ਰ੍ਹ — | – rv̀ – | ਵਰ੍ਹਾਅ [wərà] |

ਉਪਰੋਕਤ ਵੇਰਵੇ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਦੇ ਸੁਰੀ ਉੱਚਾਰਣ ਨੂੰ ਗੁਰਮੁਖੀ ਵਿਚ ਅੰਕਿਤ ਕਰਨ ਦੇ ਨਿਸ਼ਚਿਤ ਨਿਯਮ ਹਨ। ਹਰਜੀਤ ਸਿੰਘ ਗਿੱਲ ਅਤੇ ਹੈਨਰੀ ਏ. ਗਲੀਸਨ (1969, ਪੰ. 49) ਨੇ ਘ, ਝ, ਢ, ਧ, ਭ ਦੇ ਪੈਰ ਵਿਚ ਹਾਹੇ ਨੂੰ ਇਕੋ ਨਿਯਮ ਅਧੀਨ ਪੇਸ਼ ਕੀਤਾ ਹੈ। ਇਥੇ ਕਿਉਂਕਿ ਅਸੀਂ ਗੁਰਮੁਖੀ ਦੇ ਚਿੰਨ੍ਹਾਂ ਨੂੰ ਪੰਜਾਬੀ ਦੇ ਸੁਰੀ ਉੱਚਾਰਣ ਨਾਲ ਮੇਲਣ ਦਾ ਯਤਨ ਕਰ ਰਹੇ ਹਾਂ, ਇਸ ਲਈ ਇਨ੍ਹਾਂ ਨੂੰ ਵੱਖੋ ਵੱਖਰੇ (ੳ,ਅ) ਗਰੁਪਾਂ ਵਿਚ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਘ,ਝ,ਢ,ਧ,ਭ ਅਤੇ ਪੈਰ ਵਿਚ ਹਾਹੇ ਦੀ ਵਰਤੋਂ ਵਿਚ, ਇਨ੍ਹਾਂ ਦੁਆਰਾ ਦੱਸੀ, ਬੇਨਿਯਮੀ (ਪੰ.53) ਨੂੰ ਵੀ, ਇਥੇ ਅਸੀਂ ਨਿਯਮਾਂ ਅਧੀਨ ਪੇਸ਼ ਕਰਨ ਦਾ ਯਤਨ ਕੀਤਾ ਹੈ।

ਧੁਨੀਆਂ ਦੇ ਉਚਾਰਣ ਵਿਚ ਸੰਜਮੀ ਹੋਣਾ ਮਨੁੱਖੀ ਭਾਸ਼ਾ ਦੀ ਪ੍ਰਕਿਰਤੀ ਦਾ ਮਹੱਤਵ-ਪੂਰਣ ਲੱਛਣ ਹੈ। ਪਰ ਲਿੱਪੀ ਦੇ ਚਿੰਨ੍ਹਾਂ ਤੇ ਵਰਤੋਂ ਬਾਰੇ ਸ਼ਾਇਦ ਇਸ ਤਰ੍ਹਾਂ ਨਹੀਂ ਕਿਹਾ ਜਾ ਸਕਦਾ,

ਕਿਉਂਕਿ ਇਨ੍ਹਾਂ ਦਾ ਸਪਸ਼ਟ, ਸੁੰਦਰ ਅਤੇ ਛਪਾਈ ਯੋਗ ਹੋਣਾ ਅਤੀ ਜ਼ਰੂਰੀ ਹੈ। ਇਸ ਲਈ ਅਸੀਂ ਬਲਬੀਰ ਸਿੰਘ ਸੰਧੂ (1981,ਪੰ. 56) ਨਾਲ ਸਹਿਮਤ ਨਹੀਂ ਕਿ ਪੰਜ ਚਿੰਨ੍ਹਾਂ ( ਘ,ਝ,ਢ,ਧ,ਭ) ਦੀ ਥਾਂ ਇਕ ਚਿੰਨ (') ਹੀ ਵਰਤਿਆ ਜਾਣਾ ਚਾਹੀਦਾ ਹੈ। ਗੁਰਮੁਖੀ ਵਿਚ ਇਸ ਤਰ੍ਹਾਂ ਦੀ ਤਬਦੀਲੀ ਨਾਲ ਲਿਖਤ ਦੀ ਛਪਾਈ ਵਿਚ ਮੁਸ਼ਕਿਲ ਤਾਂ ਆਵੇਗੀ ਹੀ, ਇਸ ਦੇ ਨਾਲ ਨਾਲ ਇਸ ਵਿਚ ਅਸਪੱਸ਼ਟਤਾ ਦੇ ਵਧਣ ਅਤੇ ਸੁੰਦਰਤਾ ਦੇ ਘਟਣ ਦਾ ਵੀ ਡਰ ਹੋ ਸਕਦਾ ਹੈ।

# ਪੁਸਤਕ ਸੂਚੀ


**ਪੰਜਾਬੀ**

ਸੰਧੂ, ਬਲਬੀਰ ਸਿੰਘ," ਪੰਜਾਬੀ ਭਾਸ਼ਾ ਦੇ ਸ਼ਬਦ-ਜੋੜਾਂ ਦੀ ਸਮੱਸਿਆ", ' ਪੰਜਾਬੀ ਭਾਸ਼ਾ ਕਨਵੈਨਸ਼ਨ' (6 ਦਸੰਬਰ 1981), ਪੰਜਾਬੀ ਸਾਹਿਤ ਸਭਾ, ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ 1981.

" ਸ਼ਬਦ-ਜੋੜ", 'ਪੰਜਾਬੀ ਦੁਨੀਆਂ', ਮਹਿਕਮਾ ਪੰਜਾਬੀ, ਪਟਿਆਲਾ, ਅਗਸਤ 1951.

"ਸ਼ਬਦ-ਜੋੜ" , ' ਪੰਜਾਬੀ ਦੁਨੀਆਂ' (ਸ਼ਬਦ-ਜੋੜ ਤੇ ਵਿਆਕਰਣ ਅੰਕ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਜਨਵਰੀ 1960.

ਸਿੱਧੂ, ਪਰਮਜੀਤ ਸਿੰਘ, " ਨਾਸਿਕ ਉਚਾਰਨ", ' ਖੋਜ ਦਰਪਣ ', ਅੰਕ 2, ਗੁਰੂ ਨਾਨਕ ਦੇਵ ਯੂਨੀਵਰਸਟੀ, ਅਮ੍ਰਿਤਸਰ 1981.

ਗਿੱਲ, ਮੁਖਤਿਆਰ ਸਿੰਘ, " ਪੰਜਾਬੀ ਦੀ ਧੁਨੀ ਵਿਉਂਤ ਅਤੇ ਗੁਰਮੁਖੀ ਲਿੱਪੀ ਦਾ ਸੰਜਮ", 'ਪੰਜਾਬੀ ਭਾਸ਼ਾ ਕਨਵੈਨਸ਼ਨ' (6 ਦਸੰਬਰ 1981)

ਦੁਨੀ ਚੰਦ੍, " ਵਰਣ ਬੋਧ", ਪੰਜਾਬੀ ਭਾਸ਼ਾ ਦਾ ਵਿਆਕਰਣ' , ਪੰਜਾਬ ਯੂਨੀਵਰਸਟੀ ਪਬਲੀਕੇਸ਼ਨ ਬਿਉਰੋ, ਚੰਡੀਗੜ੍ਹ, 1964.

**ਅੰਗ੍ਰੇਜ਼ੀ**

Abercrombie , D., Elements of general phonetics, university press, Edinburgh 1977.

Bahal, K.C., " Tones in Panjabi" , Indian Linguistics, Vol. 17, Journal of the Linguistic society of India 1957.

Bailey, T.G., A Panjabi phonetic reader, University of London Press, London 1913, cf. H.S.Gill 1964.

Gill, H.S. , "Panjabi tonemics" , Anthropological Linguistics, Vol. II, Indiana University June 1960.

-----------," A scientific approch to Language " , Parakh, Vol. I, Panjab University, Chandigarh 1964.

------------, and Henry A Gleason (Hr), A Reference Grammer of Panjabi, Punjabi University, Patiala 1969.

------------, "Salient features of the Panjabi language",'ਭਾਖਾ ਸੰਜਮ', Vol. V, Panjabi University, Patiala 1972.

Gupta,B.R." phonology and morphology of Panjabi" , Parkh, Vol.I, Panjab University, Chandigarh 1970.

Haudricourt, A.G., " On tone in Panjabi", 'ਭਾਖਾ ਸੰਜਮ' , Vol. IV, Panjabi University Patiala 1971.

Jain,B.D., A phonology of Panjabi and a ludianvi phonetic reader, 1934, cf. H.S. Gill 1964.

Joshi,S.S., " pitch and related phomenon is Panjabi(doabi)", 'ਭਾਖਾ ਸੰਜਮ', Vol. VI, Panjabi University, Patiala 1973.

Mizokami,Tomio,Panjabi( Asian and African grammatical manual no. 13e), Institute for the study of language and culutres of Asia and Africa, Tokyo University of Foreign Studies, Tokyo 1981.

Sandhu, B.S.," A descriptive grammer of Puadhi" , Parakh, Vol. I, Punjab University, Chandigarh 1968.

--, " The articulatory and accoustic structure of Panjabi Vowels" , Parakh, Vol. II, Panjab University, Chandigarh 1973.

Sethi,J., ' Intonation of statements and questions in Panjabi', 'Monograph no.6, Central institute of English, Hydrabad 1971.

Smirnov, U.A., " Discovery of one more tone in Panjabi and of Pharyngealization of the low falling tone", parakh, Vol.II, Punajb University, Chandhigarh 1973.

## ਡਾ. ਪਰਮਜੀਤ ਸਿੰਘ ਢੀਂਗਰਾ

ਸਮਾਜ ਭਾਸ਼ਾ ਵਿਗਿਆਨ ਅਤੇ ਪਾਠ ਭਾਸ਼ਾ ਵਿਸ਼ਲੇਸ਼ਣ ਦੇ ਖੇਤਰ ਵਿੱਚ ਡਾ. ਪਰਮਜੀਤ ਸਿੰਘ ਢੀਂਗਰਾ ਦਾ ਨਾਂ ਉਨ੍ਹਾਂ ਵਿਦਵਾਨਾਂ ਦੀ ਕਤਾਰ ਵਿੱਚ ਸ਼ਾਮਲ ਹੈ ਜੋ ਲੰਬੇ ਸਮੇਂ ਤੋਂ ਇਸ ਖੇਤਰ ਵਿੱਚ ਖੋਜ ਕਾਰਜਾਂ ਨਾਲ ਜੁੜੇ ਹੋਏ ਹਨ। ਉਨ੍ਹਾਂ ਦਾ ਜਨਮ 25 ਫਰਵਰੀ, 1958 ਨੂੰ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਮੁਢਲੀ ਸਿੱਖਿਆ ਉਨ੍ਹਾਂ ਨੇ ਸਥਾਨਕ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਉਚੇਰੀ ਸਿੱਖਿਆ ਐੱਮ. ਫਿਲ (1983) ਅਤੇ ਪੀ-ਐੱਚ. ਡੀ. (1988) ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। 1983 ਤੋਂ 1988 ਤੱਕ ਉਹ ਪੰਜਾਬੀ ਅਧਿਐਨ ਸਕੂਲ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਬਤੌਰ ਖੋਜ-ਵਿਦਿਆਰਥੀ ਰਹੇ। 1988 ਤੋਂ 1998 ਤੱਕ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਡੀ. ਏ. ਵੀ. ਕਾਲਜ, ਅਬੋਹਰ ਵਿੱਚ ਸੀਨੀਅਰ ਪ੍ਰਾਅਧਿਆਪਕ ਰਹੇ। 1998 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਰਿਜਨਲ ਸੈਂਟਰ ਮੁਕਤਸਰ ਵਿਖੇ ਬਤੌਰ ਰੀਡਰ ਤੇ ਮੁਖੀ ਪੰਜਾਬੀ ਭਾਗ ਨਿਯੁਕਤ ਹੋਏ ਤੇ 2006 ਵਿੱਚ ਉਥੇ ਹੀ ਪ੍ਰੋਫੈਸਰ ਬਣੇ, ਜਿੱਥੇ ਅੱਜ ਕੱਲ੍ਹ ਡਾਇਰੈਕਟਰ ਦੇ ਅਹੁਦੇ 'ਤੇ ਹਨ। ਉਹ ਅਨੇਕਾਂ ਬੋਰਡਾਂ ਤੇ ਸੰਸਥਾਵਾਂ ਦੇ ਮੈਂਬਰ ਹਨ। ਉਨ੍ਹਾਂ ਦੇ ਖੋਜ ਕਾਰਜਾਂ ਵਿੱਚ ਸ਼ਾਮਲ ਹਨ- ਭਾਸ਼ਾਈ ਸਭਿਆਚਾਰੀਕਰਨ : ਅੰਮ੍ਰਿਤਸਰ ਵਿੱਚ ਵਸੇ ਮਾਰਵਾੜੀ ਭਾਸ਼ਾ ਸਮੁਦਾਏ ਦੇ ਸੰਦਰਭ ਵਿੱਚ ਖੇਤਰੀ ਕਾਰਜ (1988) ਰੇਡੀਓ ਪ੍ਰਸਾਰਨ ਵਿੱਚ ਪੰਜਾਬੀ : ਇਕ ਸਮਾਜ ਭਾਸ਼ਾ ਵਿਗਿਆਨਕ ਅਧਿਐਨ (1983), ਤਰਨ ਤਾਰਨ ਦਾ ਇਤਿਹਾਸਕ ਤੇ ਸਾਹਿਤਕ ਸਰਵੇਖਣ (1980), ਨਾਵਲੀ ਭਾਸ਼ਾ : ਸੰਚਾਰ ਤੇ ਵਿਹਾਰ (2006) ਭਾਸ਼ਾ ਸਿਧਾਂਤ ਤੇ ਸਰੋਕਾਰ (2006), ਪਰਸਾ : ਚਿੰਤਨ ਚੇਤਨਾ (2005), ਪਾਸ਼-ਕਾਵਿ : ਪਾਠ ਤੇ ਪ੍ਰਵਚਨ (2007), ਕਰਮਯੋਗੀ (ਅਨੁ. 2005) ਤੋਂ ਇਲਾਵਾ ਛੇ ਪੁਸਤਕਾਂ ਪ੍ਰੈਸ ਵਿੱਚ ਹਨ। ਗੁਰਮੁਖੀ ਲਿੱਪੀ : ਸੰਰਚਨਾ, ਇਤਿਹਾਸ ਅਤੇ ਤਕਨਾਲੋਜੀ, ਭਾਖਾ ਤੇ ਪੰਜਾਬੀ ਭਾਖਾ ਵਿਗਿਆਨ, ਸਭਿਆਚਾਰੀਕਰਨ, ਵਿਸ਼ਵੀਕਰਨ ਤੇ ਭਾਸ਼ਾ ਵਿਓਂਤ ਬੰਧੀ, ਨਦੀਆਂ ਪੌਣਾਂ ਆਪਣੇ ਰਾਹ, 1857 ਦੇ ਬਾਗੀ ਸਿੱਖ, ਗ਼ਦਰ ਦਾ ਦਲਾਲ ਮੁੰਸ਼ੀ ਜੀਵਨ ਲਾਲ। ਕੋਈ 15 ਪੁਸਤਕਾਂ ਵਿੱਚ ਖੋਜ-ਪੱਤਰ ਸ਼ਾਮਲ ਹਨ। 60 ਦੇ ਕਰੀਬ ਖੋਜ-ਪੱਤਰ ਰਾਜ, ਕੌਮੀ ਅਤੇ ਕੌਮਾਂਤਰੀ ਸੈਮੀਨਾਰਾਂ ਵਿੱਚ ਪੇਸ਼ ਕਰ ਚੁੱਕੇ ਹਨ। ਅਨੇਕਾਂ ਸਾਹਿਤਕ ਅਨੁਵਾਦ, ਕਵਿਤਾਵਾਂ ਅਤੇ ਕਹਾਣੀਆਂ ਪ੍ਰਕਾਸ਼ਤ। ਹੁਣ ਤੱਕ ਉਨ੍ਹਾਂ ਅਧੀਨ ਚਾਰ ਵਿਦਿਆਰਥੀ ਪੀ-ਐੱਚ. ਡੀ. ਅਤੇ 22 ਦੇ ਕਰੀਬ ਐੱਮ. ਫਿਲ ਦੀ ਡਿਗਰੀ ਲੈ ਚੁੱਕੇ ਹਨ। ਛੇ ਵਿਦਿਆਰਥੀ ਪੀ-ਐਚ. ਡੀ. ਕਰ ਰਹੇ ਹਨ।

# 9

# ਜਨ ਸੰਚਾਰ ਸਾਧਨਾਂ ਵਿਚ ਵਰਤੀਂਦੀ ਪੰਜਾਬੀ

ਆਧੁਨਿਕ ਜੁਗ ਵਿਗਿਆਨ ਅਤੇ ਤਕਨਾਲੋਜੀ ਦਾ ਜੁਗ ਹੈ। ਤਕਨਾਲੋਜੀ ਨਾਲ ਜੁੜੇ ਸਰੋਕਾਰਾਂ ਵਿਚ ਪ੍ਰਮੁੱਖ ਸਥਾਨ ਜਨ-ਸੰਚਾਰ ਸਾਧਨਾਂ ਦਾ ਹੈ। ਅੱਜ ਕੋਈ ਵੀ ਸਮਾਜ ਜਾਂ ਸਭਿਆਚਾਰ ਜਨ-ਸੰਚਾਰ ਸਾਧਨਾਂ ਤੋਂ ਕੋਰਾ ਰਹਿ ਕੇ ਨਹੀਂ ਵਿਚਰ ਸਕਦਾ। ਇਨ੍ਹਾਂ ਸਾਧਨਾਂ ਦੀ ਮਹੱਤਤਾ ਦਾ ਪਤਾ ਇਸ ਗੱਲ ਤੋਂ ਹੀ ਲਗ ਜਾਂਦਾ ਹੈ ਕਿ ਅੱਜ ਰੇਡੀਓ ਤੇ ਟੈਲੀਵਿਜਨ ਦੇ ਪਸਾਰੇ ਨੇ ਦੁਨੀਆਂ ਛੋਟੀ ਕਰ ਦਿੱਤੀ ਹੈ। ਸੈਂਕੜੇ ਹਜ਼ਾਰਾਂ ਮੀਲਾਂ 'ਤੇ ਵਾਪਰੀ ਘਟਨਾ ਪਲਾਂ ਵਿਚ ਜਨ-ਸਮੂਹ ਤੱਕ ਪਹੁੰਚ ਜਾਂਦੀ ਹੈ। ਅੱਜ ਅਖ਼ਬਾਰਾਂ ਰਾਹੀਂ ਖ਼ਬਰਾਂ ਤੋਂ ਲੈ ਕੇ ਗਿਆਨ ਪਾਸਾਰ ਦਾ ਇਕ ਵੱਡਾ ਸਿਲਸਿਲਾ ਨਜ਼ਰ ਆਉਂਦਾ ਹੈ। ਇਸ ਲਈ ਜਨ ਸੰਚਾਰ, ਸਾਧਨਾਂ ਦੀ ਅਹਿਮੀਅਤ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ। ਹੁਣ ਤਾਂ ਸਗੋਂ ਜਨ ਸੰਚਾਰ ਸਾਧਨਾਂ 'ਤੇ ਗਲੋਬਲੀ ਤਾਕਤਾਂ ਦੀ ਲੜਾਈ ਅਤੇ ਪੂੰਜੀ ਦੀ ਹੋੜ ਨੇ ਇਕ ਨਵਾਂ ਅਧਿਆਏ ਸ਼ੁਰੂ ਕਰ ਦਿੱਤਾ ਹੈ ਜਿਸ ਨਾਲ ਇਹਨਾਂ ਜਨ ਸੰਚਾਰ ਸਾਧਨਾਂ ਦੀ ਭੂਮਿਕਾ ਸ਼ੱਕੀ ਬਣਦੀ ਜਾ ਰਹੀ ਹੈ। ਪੂੰਜੀਵਾਦ ਨੇ ਇਨ੍ਹਾਂ ਰਾਹੀਂ ਲੋਕਾਂ ਦੀ ਮਾਨਸਿਕਤਾ ਵਿਚ ਜਿਹੜੇ ਭਿਅੰਕਰ ਸੁਪਨੇ ਬੀਜੇ ਸਨ ਉਨ੍ਹਾਂ ਦੇ ਫਲ ਹੌਲੀ ਹੌਲੀ ਜਨ ਸਮੂਹ 'ਚ ਰੰਗ ਦਿਖਾਉਣ ਲੱਗੇ ਹਨ।

ਅੱਜ ਜਦੋਂ ਜਨ ਸੰਚਾਰ ਸਾਧਨਾਂ ਵਿਚ ਭਾਸ਼ਾ ਦੀ ਭੂਮਿਕਾ ਅਹਿਮ ਹੋ ਗਈ ਹੈ ਤਾਂ ਨਾਲ ਹੀ ਇਹ ਸੁਆਲ ਵੀ ਪੈਦਾ ਹੋ ਰਿਹਾ ਹੈ ਕਿ ਕਿਹੜੀ ਭਾਸ਼ਾ, ਕਿਸਦੇ ਲਈ ਤੇ ਕਿਹੋ ਜਿਹੀ। ਭਾਸ਼ਾਵਾਂ ਦਾ ਸੁਆਲ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵਧੇਰੇ ਤੀਬਰਤਾ ਨਾਲ ਉਭਰਿਆ ਹੈ। ਬਸਤੀਵਾਦੀ ਦੌਰ ਦੇ ਖਾਤਮੇ ਨਾਲ ਬਸਦੀਵਾਦੀ ਭਾਸ਼ਾ ਦਾ ਅੰਤ ਹੋ ਜਾਣਾ ਚਾਹੀਦਾ ਸੀ ਪਰ ਬਸਤੀਵਾਦੀ ਜੜ੍ਹਾਂ ਏਨੀਆਂ ਡੂੰਘੀਆਂ ਹਨ ਕਿ ਇਨ੍ਹਾਂ ਤੋਂ ਅਜੇ ਤੱਕ ਛੁਟਕਾਰਾ ਸੰਭਵ ਨਹੀਂ। ਇਹੀ ਕਾਰਨ ਹੈ ਕਿ ਸਾਡੀਆਂ ਕੌਮੀ ਭਾਸ਼ਾਵਾਂ ਸੰਵਿਧਾਨਕ ਦਰਜਾ ਗ੍ਰਹਿਣ ਕਰਨ ਦੇ ਬਾਵਜੂਦ ਅਜੇ ਤੱਕ ਟੈਕਨਾਲੋਜੀ ਨਾਲ ਬਰ ਨਹੀਂ ਮੇਚ ਸਕੀਆਂ। ਅੱਜ ਡਿਜੀਟਲ ਭਾਸ਼ਾ ਦਾ ਯੁੱਗ ਹੈ। ਜਿਹੜੀ ਭਾਸ਼ਾ ਡਿਜੀਟਲ ਦਰਜਾ ਗ੍ਰਹਿਣ ਕਰਨ ਵਿਚ ਪਛੜ ਜਾਂਦੀ ਹੈ ਉਹ ਕੌਮਾਂਤਰੀ ਪੂੰਜੀਵਾਦ ਦੇ ਵਿਸ਼ਵ ਅਰਥਚਾਰੇ ਵਿਚ ਹਾਸ਼ੀਏ 'ਤੇ ਚਲੀ ਜਾਂਦੀ ਹੈ, ਜਿਥੇ ਹੌਲੀ ਹੌਲੀ ਉਹਦੀ-ਮੌਤ ਅਨਿਵਾਰੀ ਹੈ। ਪੰਜਾਬੀ ਬਾਰੇ ਵੀ ਇਹੋ ਜਿਹੀਆਂ ਭਵਿਖ ਬਾਣੀਆਂ ਕੀਤੀਆਂ ਜਾ ਰਹੀਆਂ ਹਨ ਤੇ ਕਿਆਫੇ ਲਾਉਣ ਦੇ ਯਤਨ ਹੋ ਰਹੇ ਹਨ।

ਵਿਸ਼ਵ ਦੀਆਂ ਭਾਸ਼ਾਵਾਂ ਨੇ ਸੂਚਨਾ ਕ੍ਰਾਂਤੀ ਵਿਚ ਵਿਸ਼ੇਸ਼ ਹਿਸਾ ਪਾਇਆ ਹੈ। ਪਰ ਪੰਜਾਬੀ ਅਜੇ ਇਸ ਦੌੜ ਵਿਚ ਪਿਛੇ ਹਨ। 1968 ਤੋਂ ਬਾਅਦ 2008 ਵਿਚ ਲਾਜ਼ਮੀ ਪੰਜਾਬੀ ਦਾ ਸੋਧ ਬਿੱਲ ਸਰਕਾਰ ਨੇ ਪਾਸ ਕੀਤਾ ਹੈ। ਅਜੇ ਇਸਨੂੰ ਲਾਗੂ ਕੀਤਾ ਜਾਣਾ ਹੈ। ਇਹ ਕਿਸ ਰੂਪ ਵਿਚ ਲਾਗੂ ਹੋਵੇਗਾ, ਇਹਦੇ ਬਾਰੇ ਅਜੇ ਤੱਕ ਕੁਝ ਨਹੀਂ ਕਿਹਾ ਜਾ ਸਕਦਾ। ਅਜੇ ਤੱਕ ਮਿਆਰੀ ਪੰਜਾਬੀ ਦਾ ਕੋਈ ਰੂਪ ਨਿਸ਼ਚਿਤ ਨਹੀਂ ਹੋ ਸਕਿਆ। ਆਧੁਨਿਕੀਕਰਨ ਦੀ ਜਿਹੜੀ ਪ੍ਰਕਿਰਿਆ ਹੈ ਉਸ ਵਿਚ ਅਲਪ ਕੰਮ ਹੋਇਆ ਹੈ। ਸਰਕਾਰ ਕੋਲ ਅਜੇ ਵੀ ਪੰਜਾਬੀ ਦੇ ਵਿਕਾਸ ਤੇ ਪ੍ਰਸਾਰ ਦਾ ਕੋਈ ਢਾਂਚਾ ਜਾਂ ਨੀਤੀ ਮੌਜੂਦ ਨਹੀਂ। ਇਸੇ ਕਰਕੇ ਸੂਚਨਾ ਤਕਨਾਲੋਜੀ ਤੱਕ ਪਹੁੰਚਣ ਲਈ ਅਜੇ ਬੜਾ ਲੰਬਾ ਸਫਰ ਤਹਿ ਕਰਨਾ ਪਏਗਾ। ਇਸ ਪ੍ਰਕਿਰਿਆ ਨੂੰ ਹੇਠਲੇ ਰੇਖਾ ਚਿੱਤਰ ਰਾਹੀਂ ਵੇਖਿਆ ਜਾ ਸਕਦਾ ਹੈ :




ਜਨ ਸੰਚਾਰ ਸਾਧਨਾਂ ਅਤੇ ਤਕਨਾਲੋਜੀ ਨਾਲ ਬਰ ਮੇਚਣ ਲਈ ਭਾਸ਼ਾਵਾਂ ਪ੍ਰਤੀ ਚੇਤਨਤਾ ਬਹੁਤ ਜ਼ਰੂਰੀ ਹੈ। ਡਿਜੀਟਲ ਭਾਸ਼ਾ ਨੇ ਕਿਸੇ ਵੀ ਖਿੱਤੇ ਦੇ ਵਸਨੀਕਾਂ ਦੀ ਤਕਦੀਰ ਬਦਲਣ ਵਿਚ ਵੱਡਾ ਰੋਲ ਅਦਾ ਕਰਨਾ ਹੁੰਦਾ ਹੈ। ਇਸਨੇ ਸੂਚਨਾ ਤਕਨਾਲੋਜੀ, ਇੰਡਸਟਰੀਅਲ, ਟੈਕਨਾਲੋਜੀ, ਤੇ ਪ੍ਰੋਫੈਸ਼ਨਲ ਭਾਸ਼ਾ ਰਾਹੀਂ ਇਕ ਨਵੀਂ ਨੈਟਵਰਕਿੰਗ ਸਮਾਜ ਵਿਚ ਉਸਾਰਨੀ ਹੁੰਦੀ ਹੈ। ਸਾਡੀਆਂ ਭਾਸ਼ਾਵਾਂ ਇਸ ਖਾਸੇ ਤੋਂ ਅਜੇ ਸੁਚੇਤ ਨਹੀਂ ਹੋਈਆਂ। ਇਸ ਪ੍ਰਕਿਰਿਆ ਵਿਚ ਜਾਣ ਲਈ ਹੇਠਲੇ ਖਾਕੇ ਦੀ ਯਾਤਰਾ ਜ਼ਰੂਰੀ ਹੈ:




ਸਾਡੇ ਇਸ ਖੋਜ-ਪੱਤਰ ਦੀ ਸੀਮਾਂ ਜਨ-ਸੰਚਾਰਾਂ ਸਾਧਨਾਂ ਵਿਚ ਵਰਤੀਂਦੀ ਪੰਜਾਬੀ ਦਾ ਲੇਖਾ ਜੋਖਾ ਕਰਨਾ ਹੈ। ਇਸ ਪ੍ਰਸੰਗ ਵਿਚ ਹੀ ਭਾਸ਼ਾ ਪ੍ਰਤੀ ਇਨ੍ਹਾਂ ਦੀ ਭੂਮਿਕਾ ਰਾਹੀਂ ਅਸੀਂ ਇਹ ਦੇਖਣ ਦਾ ਯਤਨ ਕਰਾਂਗੇ ਕਿ ਇਹਨਾਂ ਨੇ ਪੰਜਾਬੀ ਦੇ ਵਿਕਾਸ ਜਾਂ ਵਿਗਾੜ ਵਿਚ ਕਿਹੋ ਜਿਹਾ ਰੋਲ ਅਦਾ ਕੀਤਾ ਹੈ।

ਮੁਖ ਤੌਰ 'ਤੇ ਮਿਲਦੇ ਜਨ ਸੰਚਾਰ ਸਾਧਨਾਂ ਵਿਚੋਂ ਅਸੀਂ ਹੇਠ ਲਿਖੇ ਤਿੰਨ ਸਾਧਨਾਂ ਦੀ ਚਰਚਾ ਕਰਾਂਗੇ :

ੳ. ਰੇਡੀਓ ਵਿਚ ਵਰਤੀਂਦੀ ਭਾਸ਼ਾ

ਅ. ਦੂਰਦਰਸ਼ਨ ਵਿਚ ਵਰਤੀਂਦੀ ਭਾਸ਼ਾ

ੲ. ਪੱਤਰਕਾਰੀ ਵਿਚ ਵਰਤੀਂਦੀ ਭਾਸ਼ਾ

ੳ. ਰੇਡੀਓ ਵਿਚ ਵਰਤੀਂਦੀ ਭਾਸ਼ਾ : ਜਨ ਸੰਚਾਰ ਸਾਧਨਾਂ ਵਿਚੋਂ ਰੇਡੀਓ ਨੂੰ ਬੜੀ ਮਹੱਤਾ ਹਾਸਲ ਹੈ, ਕਿਉਂਕਿ ਰੇਡੀਓ ਦੇ ਘੇਰੇ ਵਿਚ ਭਾਰਤ ਦੀ ਬਹੁਤ ਵੱਡੀ ਜਨ ਸੰਖਿਆ ਆਉਂਦੀ ਹੈ। ਇਸ ਨੇ ਸਮਾਜਕ ਵਿਕਾਸ ਤੇ ਪਰਿਵਰਤਨ ਵਿਚ ਜਿਹੜਾ ਹਿੱਸਾ ਪ੍ਰਾਇਆ ਹੈ ਉਹ ਇਤਿਹਾਸਕ ਮਹੱਤਾ ਵਾਲਾ ਹੈ। ਆਜ਼ਾਦੀ ਤੋਂ ਬਾਅਦ ਪਹਿਲੀ ਨਵੰਬਰ 1947 ਨੂੰ ਅੰਮ੍ਰਿਤਸਰ ਵਿਖੇ ਦੂਨੀ ਚੰਦ ਰੋਡ 'ਤੇ ਇਕ ਘਰ ਵਿਚ ਪਹਿਲਾ ਰੇਡੀਓ ਸਟੇਸ਼ਨ ਚਾਲੂ ਕੀਤਾ ਗਿਆ। 16 ਮਈ, 1948 ਨੂੰ ਇਸ ਰੇਡੀਓ ਸਟੇਸ਼ਨ ਨੂੰ ਜਲੰਧਰ ਤਬਦੀਲ ਕਰ ਦਿੱਤਾ ਗਿਆ, ਜਿਥੇ ਇਹ ਹੁਣ ਤੱਕ ਸਥਾਪਤ ਹੈ। ਅੱਜ ਪੰਜਾਬ ਕੋਲ ਤਿੰਨ ਰੇਡੀਓ ਸਟੇਸ਼ਨ ਹਨ - ਜਲੰਧਰ, ਬਠਿੰਡਾ ਅਤੇ ਪਟਿਆਲਾ। ਤਿੰਨ ਐਫ. ਐਮ. ਰੇਡੀਓ ਹਨ। ਇਕ ਵਿਵਿਧ ਭਾਰਤੀ, ਇਕ ਪ੍ਰਾਇਮਰੀ ਚੈਨਲ ਅਤੇ ਇਕ ਵਿਦੇਸ਼ੀ ਸੇਵਾ ਪ੍ਰਸਾਰਨ ਦਾ ਚੈਨਲ। ਸਤਰਵਿਆਂ ਵਿਚ ਵਾਪਰੀ ਹਰੀ ਕ੍ਰਾਂਤੀ ਵਿਚ ਰੇਡੀਓ ਪ੍ਰਸਾਰਨਾਂ ਦਾ ਰੋਲ ਬੜਾ ਅਹਿਮ ਰਿਹਾ ਹੈ। ਨਵੇਂ ਬੀਜਾਂ, ਖਾਦਾਂ ਤੇ ਕਿਸਮਾਂ ਦੇ ਗਿਆਨ ਨੇ ਇਨ੍ਹਾਂ ਬੀਜਾਂ ਨੂੰ 'ਰੇਡੀਓ ਸੀਡਜ਼' ਦਾ ਨਾਂ ਦਿੱਤਾ ਸੀ।

ਰੇਡੀਓ ਆਵਾਜ਼ ਦਾ ਮਾਧਿਅਮ ਹੋਣ ਕਰਕੇ ਇਸ ਵਿਚ ਭਾਸ਼ਾ ਤੇ ਸੰਪ੍ਰੇਸ਼ਨ ਅਹਿਮ ਹੋ

ਜਾਂਦੇ ਹਨ। ਏਸੇ ਕਰਕੇ ਉਚਰਤ ਸ਼ਬਦ ਦੇ ਪ੍ਰਭਾਵ ਨੂੰ ਉਤਮ ਸਰਵਣਤਾ ਤੱਕ ਪਹੁੰਚਾਣ ਲਈ ਧੁਨੀ ਦਾ ਪ੍ਰਯੋਗ ਕੀਤਾ ਜਾਂਦਾ ਹੈ :




ਰੇਡੀਓ ਤੋਂ ਪ੍ਰਸਾਰਤ ਪ੍ਰੋਗਰਾਮਾਂ ਵਿਚ ਉਚਰਤ ਸ਼ਬਦ ਦੀ ਮਹਿਮਾ ਰਾਹੀਂ ਇਕ ਅਜਿਹਾ ਪ੍ਰਭਾਵ ਸਿਰਜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਿਥੇ ਵਕਤੇ ਤੇ ਸਰੋਤੇ ਵਿਚਲੀ ਵਿੱਥ ਕੋਈ ਮਾਇਨੇ ਨਹੀਂ ਰੱਖਦੀ। ਦੂਸਰਾ ਰੇਡੀਓ ਦੀ ਜ਼ਿਆਦਾਤਰ ਭਾਸ਼ਾ ਫਰੀਜ਼ਡ ਕਿਸਮ ਦੀ ਹੁੰਦੀ ਹੈ ਤੇ ਉਸ ਤੋਂ ਬਹੁਤੀ ਵਾਰ ਪਰਾਹਨ ਨਹੀਂ ਕੀਤਾ ਜਾਂਦਾ। ਪਰ ਉਪਭਾਸ਼ਾਈ ਦਬਾਅ ਬਰਕਰਾਰ ਰਹਿੰਦੇ ਹਨ। ਪ੍ਰਸਾਰਤ ਪ੍ਰੋਗ੍ਰਾਮਾਂ ਨੂੰ ਤਿੰਨ ਭਾਗਾਂ ਵਿਚ ਰਖਿਆ ਜਾ ਸਕਦਾ ਹੈ–



ਜੇਕਰ ਜਲੰਧਰ ਰੇਡੀਓ ਸਟੇਸ਼ਨ ਤੋਂ ਪ੍ਰਸਾਰਤ ਹੁੰਦੇ ਪ੍ਰੋਗਰਾਮਾਂ 'ਤੇ ਇਕ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਇਹ ਪ੍ਰੋਗਰਾਮ ਪੰਜਾਬੀ ਆਵਾਮ ਨੂੰ ਸੰਬੋਧਤ ਹਨ। ਵਿਭਿੰਨ ਵਰਗਾਂ, ਉਮਰ ਤੇ ਕਿੱਤਿਆਂ ਲਈ ਇਨ੍ਹਾਂ ਦਾ ਪ੍ਰਸਾਰਨ ਵੱਡੇ ਪਾਸਾਰ ਵਾਲਾ ਹੈ। ਇਨ੍ਹਾਂ ਪ੍ਰੋਗਰਾਮਾਂ ਦੇ ਪਾਸਾਰ ਨੂੰ ਹੇਠਲੇ ਖਾਕੇ ਰਾਹੀਂ ਦੇਖਿਆ ਜਾ ਸਕਦਾ ਹੈ :-

## ੳ. ਸੂਚਨਾ ਪ੍ਰਸਾਰ

| | | | | | |
|---|---|---|---|---|---|
| 1. ਮੌਸਮ ਤੇ ਖੇਤੀਬਾੜੀ | 1 ਰੋਜ਼ਗਾਰ ਸਮਾਚਾਰ | 1. ਪਰਿਵਾਰ ਕਲਿਆਣ | 1. ਰਾਜਯ ਕੀ ਚਿੱਠੀ | 1. ਸਥਾਨਕ ਸੂਚਨਾਵਾਂ ਤੇ ਪ੍ਰੋਗਰਾਮਾਂ ਦਾ ਵੇਰਵਾ | 1. ਖੇਡ ਸੰਸਾਰ |
| 2. ਮੌਸਮ ਤੇ ਉੱਨਤ ਖੇਤੀ | 2. ਲੋਕ ਰੁਚੀ ਦੇ ਸਮਾਚਾਰ | 2. ਪਰਿਵਾਰਕ ਝਲਕੀ | 2. ਸੰਸਦ ਸਮੀਖਿਆ | 2. ਰੋਜ਼ਾਨਾ ਪ੍ਰਸਾਰਿਤ ਹੋਣ ਵਾਲੇ ਪ੍ਰੋਗਰਾਮ | 2. ਸਪੋਰਟਸ ਮੈਗਜ਼ੀਨ ਪ੍ਰੋਗਰਾਮ |
| 3. ਦਿਹਾਤੀ ਪ੍ਰੋਗਰਾਮ | 3. ਸਮਾਚਾਰ ਦਰਪਣ | | 3. ਪ੍ਰਤੀਬਿੰਬ | 3. ਅੱਜ ਦੇ ਵਿਸ਼ੇਸ਼ ਪ੍ਰੋਗਰਾਮ | |
| 4. ਚਾਨਣ ਰਿਸ਼ਮਾਂ (ਹਫ਼ਤਾਵਾਰੀ) ਮੈਗਜ਼ੀਨ ਪ੍ਰੋਗਰਾਮ) | | | | | |

## ਅ. ਮਨੋਰੰਜਨ

| | | | |
|---|---|---|---|
| 1. ਨਾਟਕ | 1. ਵਾਰਤਾਲਾਪ | 1. ਖੇਡਾਂ ਦਾ ਅੱਖੀਂ ਡਿੱਠਾ ਹਾਲ | 1. ਗਾਉਂਦਾ ਪੰਜਾਬ |
| 2. ਰੂਪਕ | 2. ਹਾਸ-ਵਿਅੰਗ | 2. ਮੇਲਿਆਂ ਦੇ ਅੱਖੀਂ ਡਿੱਠੇ ਵਿਸ਼ੇਸ਼ ਪ੍ਰੋਗਰਾਮ | 2. ਫ਼ਰਮਾਇਸ਼ੀ ਫ਼ਿਲਮੀ ਗਾਣਿਆਂ ਦਾ ਹਫ਼ਤਾਵਾਰੀ ਪ੍ਰੋਗਰਾਮ |
| 3. ਸਕਿਟ | 3. ਤੁਹਾਡੀ ਚਿੱਠੀ ਮਿਲੀ | | 3. ਫ਼ਰਮਾਇਸ਼ੀ ਪੰਜਾਬੀ ਗਾਣਿਆਂ ਦਾ ਹਫ਼ਤਾਵਾਰੀ ਪ੍ਰੋਗਰਾਮ |
| 4. ਹਸਾਉਣੀਆਂ ਨਕਲਾਂ | | | |

## ੲ. ਧਾਰਮਿਕ ਪ੍ਰੋਗਰਾਮ

- 1. ਗੁਰਬਾਣੀ ਵਿਚਾਰ
- 1. ਧਾਰਮਿਕ ਸਥਾਨਾਂ ਤੋਂ ਖ਼ਾਸ ਖ਼ਾਸ ਮੌਕਿਆਂ 'ਤੇ ਸਿੱਧੇ ਪ੍ਰਸਾਰਨ
- 1. ਧਾਰਮਿਕ ਵਾਰਤਾਵਾਂ
  2. ਧਾਰਮਿਕ ਸਮਾਗਮਾਂ ਤੋਂ ਰਿਕਾਰਡ ਕੀਤੇ ਪ੍ਰੋਗਰਾਮ
- 1. ਭਗਤੀ ਸੰਗੀਤ
  2. ਆਰਾਧਨਾ

## ਸ. ਗਿਆਨ ਪ੍ਰਸਾਰ

- 1. ਸਾਹਿਤ ਸੰਬੰਧੀ ਵਾਰਤਾਵਾਂ
  2. ਕਵੀ ਦਰਬਾਰ
  3. ਪੁਸਤਕਾਂ ਦੀ ਗੱਲ
- 1. ਵਿਗਿਆਨ ਤੇ ਤਕਨਾਲੋਜੀ ਨਾਲ ਸੰਬੰਧਿਤ ਵੱਖ-ਵੱਖ ਪ੍ਰੋਗਰਾਮ
- 1. ਵਿਦਿਅਕ ਅਤੇ ਸਮਾਜਕ ਭਲਾਈ ਦੇ ਪ੍ਰੋਗਰਾਮ
- 1. ਜਨਰਲ ਵਿਗਿਆਨ
  2. ਨਵੀਆਂ ਕਾਢਾਂ
- 1. ਸਰੀਰ, ਸਿਹਤ ਤੇ ਸਫ਼ਾਈ ਸੰਬੰਧੀ ਪ੍ਰੋਗਰਾਮ

## ਹ. ਔਰਤਾਂ ਲਈ ਪ੍ਰੋਗਰਾਮ

- 1. ਤ੍ਰਿੰਝਣ (ਪੇਂਡੂ ਔਰਤਾਂ ਲਈ)
- 1. ਨਾਰੀ ਸੰਸਾਰ (ਸ਼ਹਿਰੀ ਔਰਤਾਂ ਲਈ)

## ਕ. ਬੱਚਿਆ ਲਈ

- 1. ਪੇਂਡੂ ਬੱਚਿਆਂ ਲਈ
- 1. ਨੰਨੇ ਮੁੰਨੇ ਬੱਚਿਆਂ ਲਈ
- 1. ਬਾਲ ਜਗਤ (ਹਫ਼ਤਾਵਾਰੀ ਪ੍ਰੋਗਰਾਮ)

## ਖ. ਸਮਾਚਾਰ ਬੁਲੇਟਿਨ

- 1. ਪੰਜਾਬੀ (3)
- 1. ਹਿੰਦੀ (6)
- 1. ਅੰਗ੍ਰੇਜ਼ੀ (3)
- 1. ਉਰਦੂ (3)
  2. ਤਬਸਰਾ (1)
- 1. ਸੰਸਕ੍ਰਿਤ (1)

## ਗ. ਖੇਤਰੀ ਸਮਾਚਾਰ ਬੁਲੇਟਿਨ

1. ਪੰਜਾਬੀ ਵਿਚ ਪ੍ਰਾਦੇਸ਼ਿਕ ਸਮਾਚਾਰ (1) | 1. ਹਿੰਦੀ ਵਿਚ ਪ੍ਰਾਦੇਸ਼ਿਕ ਸਮਾਚਾਰ (1)

ਰੇਡੀਓ ਵਿਚ ਵਰਤੀਂਦੀ ਪੰਜਾਬੀ ਦਾ ਜੇ ਉਪਰੋਕਤ ਪ੍ਰੋਗਰਾਮਾਂ ਦੇ ਪ੍ਰਸੰਗ ਵਿਚ ਅਧਿਐਨ ਕਰੀਏ ਤਾਂ ਰੇਡੀਓ ਭਾਸ਼ਾ ਇਕ ਵੱਖਰੇ ਵਿਹਾਰ ਵਾਲੀ ਨਜ਼ਰ ਆਉਂਦੀ ਹੈ। ਇਸ ਵਿਚ ਪ੍ਰਸਾਰਤ ਕੀਤੀਆਂ ਜਾਂਦੀਆਂ ਅਨਾਊਂਸਮੈਂਟ ਰੂੜ੍ਹੀਬੱਧ ਸ਼ੈਲੀ ਵਿਚ ਹੁੰਦੀਆਂ ਹਨ। ਇਨ੍ਹਾਂ ਵਿਚਲੀ ਸ਼ਬਦਾਵਲੀ ਤੇ ਉਚਾਰਨ ਪੂਰਵ ਨਿਸ਼ਚਿਤ ਹੁੰਦੇ ਹਨ ਇਸ ਲਈ ਇਨ੍ਹਾਂ ਵਿਚ ਨਵੇਂ ਸ਼ਬਦਾਂ ਜਾਂ ਉਚਾਰਨਾਂ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ। ਇਨ੍ਹਾਂ ਦਾ ਸਾਰਾ ਪੈਟਰਨ ਉਪਚਾਰਕ ਪੱਧਰ ਵਾਲਾ ਹੁੰਦਾ ਹੈ, ਪਰ ਇਨ੍ਹਾਂ ਦੀ ਦਿਸ਼ਾ ਹਮੇਸ਼ਾਂ ਉਪਚਾਰਕ ਤੋਂ ਅਣਉਪਚਾਰਕ ਵਲ ਹੁੰਦੀ ਹੈ। ਕਈ ਵਾਰ ਇਹ ਰੂੜ੍ਹੀਬੱਧ ਉਪਚਾਰਕ ਤੋਂ ਅੱਤਨਿਕਟਤਾ ਵਲ ਵੀ ਹੋ ਜਾਂਦੀ ਹੈ। ਇਨ੍ਹਾਂ ਦੀ ਭਾਸ਼ਾ ਹਮੇਸ਼ਾ ਸਮੂਹ ਨੂੰ ਸੰਬੋਧਿਤ ਹੁੰਦੀ ਹੈ ਨਾ ਕਿ ਕਿਸੇ ਇਕੱਲੇਕਾਰੇ ਨੂੰ। ਜਿਵੇਂ ਔਰਤਾਂ, ਕਿਸਾਨਾਂ, ਵਿਦਿਆਰਥੀਆਂ, ਬੱਚਿਆਂ, ਯੁਵਕਾਂ ਨੂੰ ਸਮੂਹਕ ਰੂਪ ਵਿਚ ਸੰਬੋਧਤ ਕੀਤਾ ਜਾਂਦਾ ਹੈ। ਇਸ ਕਰਕੇ ਇਹ ਗਗਨਮੁਖੀ ਨਾ ਹੋ ਕੇ ਪਾਸਾਰਮੁਖੀ ਹੁੰਦੀਆਂ ਹਨ। ਇਨ੍ਹਾਂ ਵਿਚ ਸੰਬੋਧਨਕਰਤਾ ਭਾਵੇਂ ਇਕ ਵਚਨ ਹੁੰਦਾ ਹੈ ਪਰ ਉਹ ਅਕਸਰ ਆਪਣੇ ਆਪ ਨੂੰ ਬਹੁਵਚਨ ਵਿਚ ਪੇਸ਼ ਕਰਦਾ ਹੈ,। ਇਨ੍ਹਾਂ ਵਿਚ ਉਹ ਹਮੇਸ਼ਾ ਆਪਣਾ ਨਾਂ ਬੋਲ ਕੇ ਸਰੋਤਿਆਂ ਦਾ ਅਭਿਵਾਦਨ ਕਰਦਾ ਹੈ। ਇਸ ਭਾਸ਼ਾਈ ਨਿਕਟਤਾ ਲਈ ਉਹ ਦੂਰੀ ਨੂੰ ਮੇਟਣ ਦੇ ਆਹਰ ਵਿਚ ਹੁੰਦਾ ਹੈ। ਕਈਆਂ ਵਿਚ ਅਰੰਭ ਵਿਚ ਵਕਤਾ-ਸਰੋਤਾ ਸੰਬੋਧਨ ਸ਼ਬਦਾਵਲੀ ਸਿਧੇ ਤੌਰ 'ਤੇ ਗਾਇਬ ਹੁੰਦੀ ਹੈ ਪਰ ਬੀਜ ਰੂਪ ਵਿਚ ਪਈ ਹੁੰਦੀ ਹੈ। ਪ੍ਰੋਗਰਾਮ ਦੇ ਖਤਮ ਹੋਣ 'ਤੇ ਕੀਤੀ ਜਾਂਦੀ ਅਨਾਊਂਸਮੈਂਟ ਵਿਚੋਂ ਫਿਰ ਵਕਤਾ ਸਰੋਤਾ ਸੰਬੰਧ ਉਭਾਰ ਲਏ ਜਾਂਦੇ ਹਨ। ਇਨ੍ਹਾਂ ਦਾ ਰੁਖ ਆਮ ਕਰਕੇ ਉਤਮ ਪੁਰਖ ਤੋਂ ਮੱਧਮ ਪੁਰਖ ਵਲ ਹੁੰਦਾ ਹੈ ਤੇ ਸਰੋਤਾ ਸਮੂਹ ਹੋਣ ਕਰਕੇ ਬਹੁਵਚਨੀ ਹੁੰਦਾ ਹੈ। ਇਸ ਤਰ੍ਹਾਂ ਇਹ ਭਾਸ਼ਾ ਪਖੋਂ ਰੇਡੀਓ ਦੀ ਨਿਵੇਕਲੀ ਭਾਸ਼ਾ ਦੀ ਸ਼ਾਹਦੀ ਭਰਦੀਆਂ ਹਨ। ਇਨ੍ਹਾਂ ਵਿਚ ਫੈਲਾਅ ਦੀ ਗੁੰਜਾਇਸ਼ ਨਾ ਹੋਣ ਕਰਕੇ ਇਹ ਕਿਸੇ ਭਾਸ਼ਾ ਵਿਸ਼ੇਸ਼ ਦੀ ਨਿਵੇਕਲੀ ਸ਼ੈਲੀ ਵਜੋਂ ਜਾਣੀਆਂ ਜਾਂਦੀਆਂ ਹਨ।

ਭਾਸ਼ਾਈ ਰਜਿਸਟਰਾਂ ਦੀ ਪੰਜਾਬੀ ਵਿਚ ਆਮਦ ਲਈ ਰੇਡੀਓ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਵਿਗਿਆਨ, ਤਕਨਾਲੋਜੀ, ਫਸਲਾਂ, ਅਰਥਚਾਰੇ ਆਦ ਨਾਲ ਸੰਬੰਧਿਤ ਅਨੇਕਾਂ ਸ਼ਬਦ ਆਪਣੀ ਭਾਸ਼ਾ ਵਿਚੋਂ ਚੁਣ ਕੇ ਅਤੇ ਸੰਕਲਪੀ ਸ਼ਬਦਾਂ ਲਈ ਦੂਜੀਆਂ ਭਾਸ਼ਾਵਾਂ ਵਿਚੋਂ ਇਨ੍ਹਾਂ ਨੂੰ ਗ੍ਰਹਿਣ ਕਰਕੇ ਨਵੀਆਂ ਸ਼ਬਦ ਘਾੜਤਾਂ ਪੇਸ਼ ਕੀਤੀਆਂ ਹਨ। ਕਈ ਅੰਗਰੇਜ਼ੀ ਸ਼ਬਦਾਂ ਦੇ ਅਨੁਵਾਦ ਵੀ ਕੀਤੇ ਹਨ। ਕੁਝ ਮਿਸਾਲਾਂ ਦੇਖੀਆਂ ਜਾ ਸਕਦੀਆਂ ਹਨ :

ਕਲਮੀ ਪੌਦਾ, ਕਲਮੀ ਦੋਗਲਾ, ਭੂ-ਜਲ, ਲੂਣੀ ਮਿੱਟੀ, ਮੋਟੀ ਮਿੱਟੀ, ਦਾਣੇਦਾਰ ਮਿੱਟੀ, ਮੁਕਾਬਲੇ ਦੀ ਫਸਲ, ਪੌਸ਼ਟਿਕ ਖੁਰਾਕ, ਛੂਤਕ ਰੋਗ, ਲਾਗ ਦੀ ਬਿਮਾਰੀ, ਤੇਜ਼ਾਬੀ ਮਿੱਟੀ, ਦੋ ਫਸਲੀ ਖੇਤੀ, ਭੂਮੀਗਤ ਜਲ ਨਿਕਾਸ, ਬਰਾਨੀ ਖੇਤੀ, ਭੌਂ ਖੋਰ, ਸੰਤੁਲਿਤ ਖੁਰਾਕ, ਫਸਲ ਬੀਮਾ ਯੋਜਨਾ, ਮਸ਼ੀਨੀ ਖੇਤੀ, ਕੱਲਰੀ ਮਿੱਟੀ, ਖਾਰਾ ਪਾਣੀ, ਖਰੀਫ ਦੀ ਫਸਲ...।

ਏਸੇ ਤਰ੍ਹਾਂ ਸੰਕਲਪੀ ਸ਼ਬਦ ਦੇਖੇ ਜਾ ਸਕਦੇ ਹਨ ਜੋ ਜਿਉਂ ਦੇ ਤਿਓਂ ਹੀ ਆਪਨਾ ਲਏ ਗਏ ਹਨ। ਇਨ੍ਹਾਂ ਵਿਚੋਂ ਬਹੁਤੀ ਸ਼ਬਦਾਵਲੀ ਅੱਜ ਪੰਜਾਬੀ ਜਨ ਸੰਚਾਰ ਮਾਧਿਅਮਾਂ ਦਾ ਅੰਗ ਬਣ ਚੁੱਕੀ ਹੈ :

ਪੀਨਲ ਕੋਡ, ਪੇਸ਼ਗੀ ਜਮਾਨਤ, ਏਜੰਡਾ, ਮਹਿੰਗਾਈ ਭੱਤਾ, ਬੇਕਾਰੀ ਭੱਤਾ, ਸੰਸ਼ੋਧਣ, ਚੈਲਿੰਜ, ਕਰ ਨਿਰਧਾਰਣ, ਪੈਕੇਜ ਡੀਲ, ਕਸਟਮ ਅਧਿਕਾਰੀ, ਡਿਵੀਜ਼ਨ ਬੈਂਚ, ਮਾਲੀ ਸੰਕਟ, ਬੋਨਸ, ਗਜ਼ਟਿਡ ਛੁੱਟੀ, ਅਦਾਲਤੀ ਜਾਂਚ, ਪੈਨਲ, ਜ਼ਿਲ੍ਹਾ ਸਦਰ ਮੁਕਾਮ, ਬੱਚਤ ਬੈਂਕ ਖਾਤਾ, ਨੀਲਾਮੀ, ਬੈਲੇਂਸ ਸ਼ੀਟ, ਬੀਮਾ ਭੁਗਤਾਨ, ਓਵਰ ਡਰਾਫਟਿੰਗ, ਫਲੈਟ ਰੇਟ, ਵਾਕ ਆਊਟ, ਸਰਚਾਰਜ, ਕਲੀਨ ਬੋਰਡ, ਤੱਟਵਰਤੀ ਜਲਵਾਯੂ, ਸੀਤ ਲਹਿਰ, ਨਾਟ ਆਊਟ...।

ਇਸ ਤਰ੍ਹਾਂ ਦੀ ਬਹੁਤ ਜ਼ਿਆਦਾ ਸ਼ਬਦਾਵਲੀ ਨਿੱਤ ਦਿਨ ਪ੍ਰਸਾਰਤ ਕੀਤੀ ਜਾ ਰਹੀ ਹੈ। ਅੱਜ ਲੋੜ ਹੈ ਅਜਿਹੀ ਸ਼ਬਦਾਵਲੀ ਦੇ ਰੇਡੀਓ ਕੋਸ਼ਾਂ ਦੀ। ਕਿਉਂਕਿ ਭਾਸ਼ਾ ਦੇ ਮਿਆਰੀਕਰਨ ਤੇ ਸਥਿਰੀਕਰਨ ਤੋਂ ਵਿਗਿਆਨ ਤੇ ਤਕਨਾਲੋਜੀ ਦੇ ਖੇਤਰਾਂ ਵਿਚ ਅਜਿਹੀ ਸ਼ਬਦਾਵਲੀ ਨਵੀਆਂ ਘਾੜਤਾਂ ਘੜ ਸਕਦੀ ਹੈ। ਭਾਵੇਂ ਰੇਡੀਓ ਤੋਂ ਵਰਤੀਂਦੀ ਪੰਜਾਬੀ ਨੇ ਕੋਈ ਸਿੱਧਾ ਭਾਸ਼ਾਈ ਯੋਗਦਾਨ ਨਾ ਦਿੱਤਾ ਹੋਵੇ ਪਰ ਇਸਨੇ ਭਾਸ਼ਾ ਦੇ ਪ੍ਰਸਾਰਨ, ਵਿਕਾਸ ਲਈ ਅਵਾਮ ਨੂੰ ਨਵੇਂ ਸਾਧਨਾਂ, ਵਿਧੀਆਂ ਅਤੇ ਗਿਆਨ ਸ੍ਰੋਤਾਂ ਨਾਲ ਵਾਕਫੀਅਤ ਪਾਉਣ ਵਿਚ ਵੱਡਮੁਲਾ ਯੋਗਦਾਨ ਪਾਇਆ ਹੈ। ਅੱਜ ਜਦੋਂ ਸੂਚਨਾ ਤਕਨਾਲੋਜੀ ਵਿਚ ਇਨਕਲਾਬ ਆਇਆ ਹੈ ਉਦੋਂ ਤੋਂ ਹੀ ਰੇਡੀਓ ਪ੍ਰਸਾਰਨਾਂ ਅਤੇ ਭਾਸ਼ਾ ਵਿਚ ਨਿਖਾਰ ਆਇਆ ਹੈ। ਕੁਝ ਧਾਰਮਿਕ ਸਮਾਰੋਹਾਂ ਅਤੇ ਖੇਡਾਂ ਦੇ ਸਿੱਧੇ ਪ੍ਰੋਗਰਾਮਾਂ ਰਾਹੀਂ ਰੇਡੀਓ ਲੋਕਾਂ ਦੀ ਨਬਜ਼ ਫੜਨ ਦਾ ਜਤਨ ਕਰ ਰਿਹਾ ਹੈ। ਫੋਨ ਰਾਹੀਂ ਫ਼ਰਮਾਇਸ਼ ਤੇ ਹੋਰ ਲਾਈਵ ਪ੍ਰੋਗਰਾਮਾਂ ਨੇ ਇਸਦੀ ਅਹਿਮੀਅਤ ਹੋਰ ਵਧਾ ਦਿੱਤੀ ਹੈ। ਅੱਜ ਐਫ.ਐਮ. ਚੈਨਲਾਂ ਦੇ ਪ੍ਰਸਾਰਨ ਨੇ ਇਸ ਦਾ ਘੇਰਾ ਹੋਰ ਵਧਾਇਆ ਹੈ। ਇਨ੍ਹਾਂ ਦੀ ਪ੍ਰਸਾਰਨ ਸਮਰੱਥਾ ਤੋਂ ਹੀ ਇਨ੍ਹਾਂ ਦੀ ਲੋਕਪ੍ਰਿਅਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ :

ਪੰਜਾਬ ਵਿਚ ਰੇਡੀਓ ਸਟੇਸ਼ਨ

| ਲੜੀ ਨੰ | ਕੇਂਦਰ ਦਾ ਨਾਂ | ਪ੍ਰਸਾਰਨ ਸਮਰੱਥਾ | ਮੀਟਰ ਬੈਂਡ | ਸ਼ੁਰੂ ਹੋਣ ਦਾ ਸਮਾਂ |
|---|---|---|---|---|
| 1. | ਅਕਾਸ਼ਵਾਣੀ ਜਲੰਧਰ | | | |
| | ੳ. ਪ੍ਰਾਇਮਰੀ ਚੈਨਲ | 300 ਕਿ. ਵਾ. | 873 ਕਿਲੋ ਹਰਟਸ | 6-5-1948 |
| | ਅ. ਵਿਵਿਧ ਭਾਰਤੀ ਚੈਨਲ | ਇਕ " " | 1350 " " | 6-5-1948 |
| | ੲ.ਵਿਦੇਸ਼ ਪ੍ਰਸਾਰਨ ਚੈਨਲ | 100 " " | 702 " " | 6-5-1948 |
| | ਸ. ਐਫ. ਐਮ. ਚੈਨਲ | 2 × 3 " " | 102 ਮੈਗਾ ਹਰਟਸ | 2-10-1992 |
| 2. | ਅਕਾਸ਼ਵਾਣੀ ਬਠਿੰਡਾ | 2 × 3 " " | 101.1 " " | 20-4-1991 |
| 3. | ਅਕਾਸ਼ਵਾਣੀ ਪਟਿਆਲਾ | 2 × 3 " " | 100.2 " " | 1-5-1992 |

ਅ. ਦੂਰਦਰਸ਼ਨ ਵਿਚ ਵਰਤੀਂਦੀ ਭਾਸ਼ਾ : ਦੂਰਦਰਸ਼ਨ ਅਵਾਜ਼ ਤੇ ਚਿੱਤਰ ਦਾ ਸੁਮੇਲ ਹੈ। ਦੂਰਦਰਸ਼ਨ ਦੀ ਪਹੁੰਚ ਮਈ 2002 ਤੱਕ 89.6% ਫੀਸਦੀ ਲੋਕਾਂ ਤੱਕ ਸੀ। ਦੂਰਦਰਸ਼ਨ ਦੇ 56 ਸਟੂਡੀਓ ਸੈਂਟਰ ਅਤੇ 23 ਸੈਟੇਲਾਈਟ ਚੈਨਲ ਹਨ। ਇਸ ਵੇਲੇ ਭਾਰਤ ਵਿਚ

ਦੂਰਦਰਸ਼ਨ ਦੇ 36 ਸੈਂਟਰ ਕਾਰਜਸ਼ੀਲ ਹਨ। ਏਨੇ ਵੱਡੇ ਨੈਟਵਰਕ ਲਈ ਭਾਸ਼ਾਵਾਂ ਦਾ ਮਹੱਤਵ ਬਹੁਤ ਵਧ ਜਾਂਦਾ ਹੈ ਪਰ ਬੜਾ ਲੰਬਾ ਸਮਾਂ ਇਸ ਦੀ ਭਾਸ਼ਾ ਨੀਤੀ ਭਾਰਤ ਦੀ ਦੂਸਰੀ ਭਾਸ਼ਾ ਨੀਤੀ ਵਾਂਗ ਹੀ ਇਕ ਤੋਂ ਵਧੇਰੇ ਭਾਸ਼ਾਵਾਂ ਵਰਤਣ ਦੀ ਰਹੀ ਹੈ ਤੇ ਕੇਂਦਰੀ ਸਰਕਾਰ ਦੇ ਸਿਧੇ ਕੰਟਰੋਲ ਕਾਰਨ ਇਸ ਵਿਚ ਖੇਤਰੀ ਭਾਸ਼ਾਵਾਂ ਦਾ ਘਾਣ ਹੁੰਦਾ ਰਿਹਾ ਹੈ।

ਪੰਜਾਬ ਵਿਚ ਅੰਮ੍ਰਿਤਸਰ ਵਿਚ 29 ਸਤੰਬਰ 1973 ਨੂੰ ਪਹਿਲਾ ਦੂਰਦਰਸ਼ਨ ਕੇਂਦਰ ਖੋਲ੍ਹਿਆ ਗਿਆ ਪਰ 13 ਅਪ੍ਰੈਲ 1979 ਦੇ ਵੈਸਾਖੀ ਵਾਲੇ ਦਿਨ ਇਸਨੂੰ ਜਲੰਧਰ ਸਥਾਪਤ ਕਰਕੇ ਇਸਦਾ ਉਦਘਾਟਨ ਕੀਤਾ ਗਿਆ। ਪੰਜਾਬ ਵਿਚ ਵੱਡੀ ਪੱਧਰ ਤੇ ਲੋਕ ਦੂਰਦਰਸ਼ਨ ਦੇ ਪ੍ਰੋਗਰਾਮ ਦੇਖਦੇ ਹਨ। ਸ਼ੁਰੂ ਸ਼ੁਰੂ ਵਿਚ ਦੂਰਦਰਸ਼ਨ ਸਿਰਫ ਖ਼ਬਰਾਂ, ਚਲੰਤ ਮਾਮਲਿਆਂ, ਖੇਡਾਂ, ਸਿਹਤ, ਯੁਵਕ ਮਾਮਲਿਆਂ, ਵਿਗਿਆਨ ਅਤੇ ਤਕਨਾਲੋਜੀ ਦੇ ਪ੍ਰੋਗਰਾਮ ਦਿਖਾਉਂਦਾ ਸੀ ਪਰ ਹੁਣ ਇਸ ਨੇ ਮਨੋਰੰਜਨ ਅਤੇ ਫੋਨ ਇਨ ਦੇ ਲਾਈਵ ਪ੍ਰਸਾਰਨ ਵੀ ਸ਼ੁਰੂ ਕਰ ਦਿੱਤੇ ਹਨ।

ਖੇਤਰੀ ਭਾਸ਼ਾ ਦੇ (RLSC) ਰਿਜਨਲ ਲੈਂਗੁਏਜ਼ ਸਰਵਿਸ ਸੈਂਟਰ ਅਧੀਨ ਪੰਜਾਬੀ ਚੈਨਲ, ਜਿਸਨੂੰ ਡੀ.ਡੀ. ਪੰਜਾਬੀ ਵੀ ਕਿਹਾ ਜਾਂਦਾ ਹੈ, ਜਲੰਧਰ ਕੇਂਦਰ ਤੋਂ 5 ਅਗਸਤ 2000 ਨੂੰ ਸ਼ੁਰੂ ਹੋਇਆ। ਇਹ ਪਰਸਾਰਨ ਸੇਵਾ 24 ਘੰਟੇ ਦੀ ਹੈ। ਇਸਨੂੰ ਕੇਬਲ ਰਾਹੀਂ ਭਾਰਤ ਸਮੇਤ 40 ਮੁਲਕਾਂ ਵਿਚ ਦੇਖਿਆ ਜਾ ਸਕਦਾ ਹੈ ਤੇ ਛੇਤੀ ਹੀ ਇਸਦੀ ਪਹੁੰਚ 60 ਮੁਲਕਾਂ ਤੱਕ ਕੀਤੀ ਜਾ ਰਹੀ ਹੈ।

ਦੂਰਦਰਸ਼ਨ ਕਿਉਂਕਿ ਜਨ ਸੰਚਾਰ ਦਾ ਮਹੱਤਵਪੂਰਨ ਸਾਧਨ ਹੈ ਇਸ ਕਰਕੇ ਇਹਦੇ ਵਿਚ ਵਰਤੀ ਜਾਂਦੀ ਤੇ ਪ੍ਰਸਾਰਤ ਹੁੰਦੀ ਭਾਸ਼ਾ ਦਾ ਵਿਸ਼ੇਸ਼ ਮਹੱਤਵ ਹੈ। ਪੰਜਾਬੀ ਭਾਸ਼ਾ ਦੇ ਪ੍ਰਸੰਗ ਵਿਚ ਜਲੰਧਰ ਦੂਰਦਰਸ਼ਨ ਦੀ ਭੂਮਿਕਾ ਅਹਿਮ ਹੈ। ਇਸ ਦੇ ਭਾਸ਼ਾਈ ਅਧਿਐਨ ਤੋਂ ਅਸਾਂ ਕੁਝ ਨੁਕਤੇ ਖੋਜੇ ਹਨ ਜੋ ਇਸ ਪ੍ਰਕਾਰ ਹਨ :

ੳ. ਦੂਰਦਰਸ਼ਨ ਦੀ ਪੰਜਾਬੀ ਸੁਭਾਵਕ ਦੀ ਬਜਾਏ ਬਨਾਉਟੀ ਜ਼ਿਆਦਾ ਹੈ। ਇਸ ਬਨਾਉਟੀ ਪੁਣੇ ਕਰਕੇ ਭਾਸ਼ਾਈ ਰੂਪ ਸਥਿਰ ਨਜ਼ਰ ਆਉਂਦੇ ਹਨ। ਇਸਦਾ ਵੱਡਾ ਕਾਰਨ ਇਹ ਹੈ ਕਿ ਕੇਂਦਰ ਦੇ ਸਿਧੇ ਕੰਟਰੋਲ ਕਰਕੇ ਇਸ ਵਿਚ ਹਿੰਦੀ ਤੋਂ ਲਫਜ਼ੀ ਅਨੁਵਾਦ ਕੀਤੇ ਜਾਂਦੇ ਹਨ। ਭਾਸ਼ਾ ਦਾ ਆਪਣਾ ਈਥੋਸ ਗਾਇਬ ਹੋ ਜਾਂਦਾ ਹੈ ਤੇ ਉਹ ਬੜੀ ਉਪਚਾਰਕ ਜਿਹੀ ਬਣ ਜਾਂਦੀ ਹੈ। ਏਸੇ ਕਰਕੇ ਇਹਦੇ ਬਾਰੇ ਇਹ ਕਥਨ ਮਸ਼ਹੂਰ ਹੈ ਕਿ ਦੂਰਦਰਸ਼ਨ ਜਲੰਧਰ- ਸੋਚਦਾ ਅਤੇ ਸੰਕਲਪਦਾ ਹਿੰਦੀ ਵਿਚ ਹੈ ਤੇ ਬੋਲਦਾ ਪੰਜਾਬੀ ਵਿਚ ਹੈ।

ਅ. ਉਚਰਤ ਭਾਸ਼ਾ ਦਾ ਆਪਣਾ ਮਹੱਤਵ ਹੁੰਦਾ ਹੈ। ਇਹ ਦਰਸ਼ਕਾਂ ਨੂੰ ਬੰਨ੍ਹ ਕੇ ਰਖਣ ਵਿਚ ਸਹਾਈ ਹੁੰਦੀ ਹੈ। ਪਰ ਦੂਰਦਰਸ਼ਨ ਦੀ ਪੰਜਾਬੀ ਵਿਚ ਉਚਰਤ ਭਾਸ਼ਾ ਦੇ ਉਸ ਪ੍ਰਕਾਰ ਦੇ ਸੁਭਾਵਕ ਉਚਾਰਨਾਂ ਦੀ ਕਮੀ ਨਜ਼ਰ ਆਉਂਦੀ ਹੈ ਜਿਸ ਕਰਕੇ ਭਾਸ਼ਾ ਫਿੱਕੀ ਤੇ ਬੇਸੁਆਦੀ ਲੱਗਣ ਲਗਦੀ ਹੈ। ਇਹੀ ਕਾਰਣ ਹੈ ਕਿ ਲੋਕ ਇਸ ਤੋਂ ਅਕੇਵਾਂ ਮਹਿਸੂਸ ਕਰਦੇ ਹਨ।

ੲ. ਦੂਰਦਰਸ਼ਨ ਦੀ ਬੋਲੀ ਆਦਰਸ਼ਕਤਾ ਦਾ ਪ੍ਰਭਾਵ ਸਿਰਜਦੀ ਹੈ। ਅਜਿਹੀ ਭਾਸ਼ਾ ਜਿਸ ਨੂੰ ਕੋਈ ਉਪਚਾਰਕ ਪੱਧਰ ਤੇ ਵਰਤਦਾ ਹੈ। ਏਸੇ ਕਰਕੇ ਇਹ ਪਤਵੰਤੀ ਭਾਸ਼ਾ ਜਾਪਦੀ ਹੈ। ਜਦ ਕਿ ਹੋਣਾ ਇਹ ਚਾਹੀਦਾ ਸੀ ਕਿ ਇਹਦਾ ਰੁਖ ਉਪਚਾਰਕਤਾ ਤੋਂ ਅਨ-ਉਪਚਾਰਕਤਾ ਵਲ ਹੁੰਦਾ ਹੈ ਤੇ ਪੰਜਾਬੀ ਅਵਾਮ ਦਾ ਮੁਹਾਵਰਾ ਫੜਨ ਲਈ ਇਸ ਨੂੰ ਅਵਾਮੀ ਭਾਸ਼ਾ ਵੱਲ ਰੁਖ ਕਰਨਾ ਚਾਹੀਦਾ ਹੈ।

ਸ. ਦੂਰਦਰਸ਼ਨੀ ਭਾਸ਼ਾ ਦਾ ਇਕ ਵੱਡਾ ਨੁਕਸ ਆਗਤ ਸ਼ਬਦਾਂ ਦਾ ਹੈ। ਇਹ

ਸਮੱਸਿਆ ਸਾਰੇ ਹੀ ਪੰਜਾਬੀ ਜਨ ਸੰਚਾਰ ਮਾਧਿਅਮਾਂ ਦੀ ਹੈ, ਉਨ੍ਹਾਂ ਕੋਲ ਵਿਸ਼ੇਸ਼ ਵਿਸ਼ਿਆਂ ਦੇ ਪ੍ਰੋਗਰਾਮਾਂ ਦੇ ਪ੍ਰਸਾਰਨ ਵੇਲੇ ਤਕਨੀਕੀ ਸ਼ਬਦਾਵਲੀ ਅੰਗਰੇਜ਼ੀ ਜਾਂ ਹਿੰਦੀ ਵਿਚੋਂ ਗ੍ਰਹਿਣ ਕਰ ਲਈ ਜਾਂਦੀ ਹੈ। ਇਸ ਨਾਲ ਕਈ ਵਾਰ ਪੰਜਾਬੀ ਵਿਚ ਮਿਲਦੇ ਸ਼ਬਦਾਂ ਨੂੰ ਵਰਤਣ ਦੀ ਲੋੜ ਨਹੀਂ ਸਮਝੀ ਜਾਂਦੀ ਜਾਂ ਫਿਰ ਉਨ੍ਹਾਂ ਵਲੋਂ ਘੇਸਲ ਵੱਟ ਲਈ ਜਾਂਦੀ ਹੈ। ਤਕਨੀਕੀ ਸ਼ਬਦਾਵਲੀ ਅਪਨਾਉਣ ਵੇਲੇ ਵਧੇਰੇ ਸੁਚੇਤ ਹੋਣ ਦੀ ਲੋੜ ਹੈ।

ਹ. ਵਾਕ ਬਣਤਰਾਂ ਦੇ ਮਾਮਲੇ ਵਿਚ ਵੀ ਦੂਰਦਰਸ਼ਨ 'ਤੇ ਅੰਗਰੇਜ਼ੀ ਹਿੰਦੀ ਵਾਕ ਬਣਤਰਾਂ ਦੇ ਪ੍ਰਭਾਵ ਦੇਖੇ ਜਾ ਸਕਦੇ ਹਨ। ਕਿਉਂਕਿ ਜਦੋਂ ਇਨ੍ਹਾਂ ਤੋਂ ਅਨੁਵਾਦ ਕੀਤੇ ਜਾਂਦੇ ਹਨ ਤਾਂ ਮੱਖੀ ਤੇ ਮੱਖੀ ਮਾਰੀ ਜਾਂਦੀ ਹੈ ਜਿਸ ਨਾਲ ਵਾਕ ਬਣਤਰਾਂ ਉਚਿਤ ਪ੍ਰਭਾਵ ਸਿਰਜਣ ਤੋਂ ਅਸਮੱਰਥ ਹੋ ਜਾਂਦੀਆਂ ਹਨ। ਕਈ ਵਾਰ ਗੁੰਝਲਦਾਰ ਵਾਕਾਂ ਦੀ ਵਰਤੋਂ ਪ੍ਰਭਾਵ ਨੂੰ ਖੀਣ ਕਰ ਦਿੰਦੀ ਹੈ ਕਿਉਂਕਿ ਲੰਬੇ ਲੰਬੇ ਤੇ ਮਿਸ਼ਰਤ ਗੁੰਝਲਦਾਰ ਵਾਕਾਂ ਦਾ ਪ੍ਰਭਾਵ ਸਿਰਜਣ ਲਈ ਬੜੀ ਮਿਹਨਤ ਦੀ ਲੋੜ ਹੁੰਦੀ ਹੈ। ਇਸ ਲਈ ਸਾਧਾਰਣ ਤੇ ਛੋਟੇ ਛੋਟੇ ਵਾਕਾਂ ਰਾਹੀਂ ਕੀਲਣ ਵਾਲੀ ਸ਼ਕਤੀ ਤੇ ਬਾਡੀ ਲੈਂਗੁਏਜ਼ ਰਾਹੀਂ ਉਹਦਾ ਪ੍ਰਭਾਵ ਸਥਿਰ ਕੀਤਾ ਜਾ ਸਕਦਾ।

ਕ. ਸ਼ਬਦ ਜੋੜਾਂ ਦੀ ਇਕਸਾਰਤਾ ਕਾਇਮ ਰਖਣ ਲਈ ਸਟਾਇਲ ਸ਼ੀਟ ਦੀ ਲੋੜ ਹੁੰਦੀ ਹੈ ਪਰ ਦੂਰਦਰਸ਼ਨ ਕੋਲ ਅਜਿਹੀ ਕੋਈ ਸਟਾਇਲ ਸ਼ੀਟ ਨਹੀਂ। ਜਦੋਂ ਬਾਹਰੋਂ ਵਿਸ਼ਾ ਮਾਹਰ ਬੁਲਾਏ ਜਾਂਦੇ ਹਨ ਤਾਂ ਉਹ ਆਪਣੇ ਵਿਸ਼ੇ ਬਾਰੇ ਤਾਂ ਚੋਖਾ ਗਿਆਨ ਰੱਖਦੇ ਹਨ ਪਰ ਭਾਸ਼ਾ ਰਾਹੀਂ ਪ੍ਰਗਟਾਉਣ ਵੇਲੇ ਉਹ ਹਿਚਕਿਚਾ ਜਾਂਦੇ ਹਨ। ਉਦੋਂ ਉਹ ਸੋਚ ਕਿਸੇ ਹੋਰ ਭਾਸ਼ਾ ਵਿਚ ਰਹੇ ਹੁੰਦੇ ਹਨ ਤੇ ਪ੍ਰਗਟਾ ਕਿਸੇ ਹੋਰ ਵਿਚ ਰਹੇ ਹੁੰਦੇ ਹਨ, ਜਿਸ ਕਰਕੇ ਉਚਰਤ ਭਾਸ਼ਾ, ਜੋ ਕਿ ਟਾਰਗੈਟ ਭਾਸ਼ਾ ਹੁੰਦੀ ਹੈ, ਆਪਣਾ ਮੰਤਵ ਸਿੱਧ ਕਰਨ ਤੋਂ ਬਿਨਾਂ ਖਾਰਜ ਹੋ ਜਾਂਦੀ ਹੈ। ਇਹਦੇ ਲਈ ਜ਼ਰੂਰੀ ਹੈ ਕਿ ਵਿਸ਼ਾ ਮਾਹਰ ਜਿਸ ਖੇਤਰੀ ਭਾਸ਼ਾ ਵਿਚ ਪ੍ਰੋਗਰਾਮ ਪੇਸ਼ ਕਰ ਰਿਹਾ ਹੈ, ਉਸਨੂੰ ਉਹਦੀ ਮੁਹਾਰਤ ਹਾਸਲ ਹੋਵੇ।

ਖ. ਦੂਰਦਰਸ਼ਨ ਦੇ ਕਈ ਰੁਟੀਨ ਪ੍ਰੋਗਰਾਮ ਹੁੰਦੇ ਹਨ। ਉਨ੍ਹਾਂ ਵਿਚ ਭਾਸ਼ਾ ਦੀ ਨਵੀਨਤਾ ਲਿਆਉਣ ਲਈ ਜਤਨਾਂ ਦੀ ਲੋੜ ਹੁੰਦੀ ਹੈ। ਪਰ ਬਹੁਤੀ ਵਾਰ ਇਹ ਪ੍ਰੋਗਰਾਮ ਇਕ ਦੋ ਹਫਤਿਆਂ ਬਾਅਦ ਭਾਸ਼ਾਈ ਪਖੋਂ ਪੇਤਲੇ ਪੈ ਜਾਂਦੇ ਹਨ। ਇਨ੍ਹਾਂ ਵਿਚ ਦਰਸ਼ਕਾਂ ਦੀ ਦਿਲਚਸਪੀ ਖਤਮ ਹੋ ਜਾਂਦੀ ਹੈ। ਅਜਿਹੇ ਪ੍ਰੋਗਰਾਮਾਂ ਵਿਚ ਭਾਸ਼ਾਂ ਟਾਇਪਡ ਬਣ ਕੇ ਰਹਿ ਜਾਂਦੀ ਹੈ। ਇਸ ਬਾਰੇ ਭਾਸ਼ਾਈ ਗਿਆਨ ਦੇ ਨਾਲ ਨਾਲ ਮਿਹਨਤ ਦੀ ਵੀ ਲੋੜ ਦਰਕਾਰ ਹੈ।

ਇਸ ਤਰ੍ਹਾਂ ਦੂਰਦਰਸ਼ਨ ਦੇ ਭਾਸ਼ਾਈ ਸਰਵੇਖਣ ਤੋਂ ਇਕ ਗੱਲ ਸਪਸ਼ਟ ਤੌਰ 'ਤੇ ਸਾਹਮਣੇ ਆਉਂਦੀ ਹੈ ਕਿ ਭਾਸ਼ਾ ਦੀ ਵਰਤੋਂ ਵੇਲੇ ਇਸਨੂੰ ਬਹੁਤੀ ਤਵੱਜੋ ਨਹੀਂ ਦਿਤੀ ਜਾਂਦੀ। ਭੈੜੇ ਤੇ ਇਕਸਾਰ ਅਨੁਵਾਦਾਂ ਰਾਹੀਂ ਕੰਮ ਸਾਰ ਲਿਆ ਜਾਂਦਾ ਹੈ। ਤਕਨੀਕੀ ਤੌਰ 'ਤੇ ਭਾਵੇਂ ਕਈ ਗੱਲਾਂ ਦਾ ਧਿਆਨ ਰਖਿਆ ਜਾਂਦਾ ਹੋਵੇ ਪਰ ਇਸ ਨਾਲ ਭਾਸ਼ਾ ਦੇ ਵਿਕਾਸ ਵਿਚ ਕੋਈ ਮਦਦ ਨਹੀਂ ਮਿਲਦੀ। ਇਸਦੇ ਨਾਲ ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਬੁਲਾਰੇ ਜਦੋਂ ਦੂਰਦਰਸ਼ਨ 'ਤੇ ਆਉਂਦੇ ਹਨ ਤਾਂ ਉਨ੍ਹਾਂ ਦੇ ਉਪਭਾਸ਼ਾਈ ਲਹਿਜੇ ਤੇ ਉਪਭਾਸ਼ਾਈ ਚੋਣ ਕਈ ਵਾਰ ਪ੍ਰਭਾਵ ਨੂੰ ਨਿਮਨ ਕਰ ਦੇਂਦੀ ਹੈ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਪ੍ਰਸਾਰ ਮਾਧਿਅਮ ਵਿਚ ਉਪਭਾਸ਼ਾਈ ਲੱਛਣਾਂ ਤੋਂ ਗੁਰੇਜ ਕੀਤਾ ਜਾਂਦਾ ਹੈ। ਪਰ ਦੂਰਦਰਸ਼ਨ ਦੇ ਜਲੰਧਰ ਕੇਂਦਰ ਤੋਂ ਇਸ ਬਾਰੇ ਕੋਈ ਖ਼ਾਸ ਧਿਆਨ ਨਹੀਂ ਰਖਿਆ ਜਾਂਦਾ। ਇਸ ਤਰ੍ਹਾਂ ਕੁਲ ਮਿਲਾ ਕੇ ਦੂਰਦਰਸ਼ਨ ਦੀ ਭਾਸ਼ਾ ਵੀ ਰੇਡੀਓ ਵਾਂਗ ਹੀ ਸਥਿਰ ਹੋ

ਜਾਂਦੀ ਹੈ ਪਰ ਇਸ ਵਿਚ ਵਿਕਾਸ ਦੀਆਂ ਵਧੇਰੇ ਸੰਭਾਵਨਾਵਾਂ ਹਨ ਜਿਨ੍ਹਾਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਆਮ ਤੌਰ 'ਤੇ ਟੀ.ਵੀ. ਪ੍ਰਸਾਰਨ ਦੇ ਪ੍ਰੋਗਰਾਮਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ :




ਦੂਰਦਰਸ਼ਨ ਦੇ ਉਲਟ ਜੇਕਰ ਪ੍ਰਾਈਵੇਟ ਟੀ.ਵੀ. ਪ੍ਰਸਾਰਨਾਂ ਵਿਚਲੀ ਪੰਜਾਬੀ 'ਤੇ ਨਜ਼ਰ ਮਾਰੀਏ ਤਾਂ ਓਥੇ ਵੀ ਹਾਲਤ ਕੋਈ ਬਹੁਤੀ ਚੰਗੀ ਨਹੀਂ ਇਸ ਬਾਰੇ ਦੋ ਉਦਾਹਰਣ ਦਿਤੇ ਜਾ ਸਕਦੇ ਹਨ:

ੳ. ਸਿੱਧੂ ਦਮਦਮੀ ਲਿਖਦੇ ਹਨ ਕਿ ਪੰਜਾਬੀਆਂ ਬਾਰੇ ਦੇਸ਼ ਦੇ ਮੀਡੀਆ ਸਰਕਲ ਵਿਚ ਬਣ ਗਈ ਇਹ ਧਾਰਨਾ ਵੀ ਹੈ ਕਿ ਐਵੇਂ ਸੀਰੀਅਸ ਹੋਣ ਦੀ ਲੋੜ ਨਹੀਂ ਪੰਜਾਬੀ ਵਿਚ ਸਭ ਕੁਝ ਚਲਦਾ ਹੈ। ਤਾਰਾ ਪੰਜਾਬੀ ਚੈਨਲ ਦੇ ਸਮਾਚਾਰ ਮੁਖੀ ਹੋਣ ਸਮੇਂ ਇਸ ਧਾਰਨਾ ਦਾ ਸਾਹਮਣਾ ਮੈਨੂੰ ਖੁਦ ਕਰਨਾ ਪਿਆ ਜਦੋਂ ਦਿੱਲੀ/ਬੰਬੇ ਦੇ ਪੰਜਾਬੀ /ਗੁਰਮੁਖੀ /ਪੰਜਾਬੀ ਸਭਿਆਚਾਰ ਦਾ ਲੱਲਾ-ਖੱਖਾ ਵੀ ਨਾ ਜਾਣਨ ਵਾਲੇ ਨਿਊਜ਼ ਕਾਸਟਰਾਂ/ ਪ੍ਰੋਡਿਊਸਰਾਂ /ਐਂਕਰਾਂ ਨੂੰ ਵੀ ਪੰਜਾਬੀ ਟੀ.ਵੀ. ਬਰਾਡਕਾਸਟਿੰਗ ਦੇ ਦਾਅਵੇਦਾਰ ਬਣੇ ਦੇਖਿਆ। ਉਹ ਪੰਜਾਬੀ ਨੂੰ ਏਨਾ ਸਰਸਰੀ ਲੈ ਆ ਰਹੇ ਸਨ ਕਿ ਗਲਤ ਸਭਿਆਚਾਰਕ ਹਵਾਲੇ ਤੇ ਦੇਵਨਾਗਰੀ/ ਰੋਮਨ ਵਿਚ ਲਿਖਕੇ ਪੜ੍ਹਨ ਕਾਰਨ ਹੁੰਦੀ ਇਸਦੇ ਉਚਾਰਨ ਦੀ ਦੁਰਗਤ ਉਨ੍ਹਾਂ ਲਈ ਕੋਈ ਮਾਅਨੇ ਹੀ ਨਹੀਂ ਸੀ ਰੱਖਦੀ।

ਅ. ਏਵੇਂ ਹੀ ਅਲਫਾ ਪੰਜਾਬੀ ਗਲਤ ਉਚਾਰਨ ਵਾਲੀ ਪੰਜਾਬੀ ਦੀ ਅੰਗ੍ਰੇਜ਼ੀ ਨਾਲ ਪਕਾਈ ਖਿਚੜੀ ਵਾਲੇ ਬੇਸੇਧੇ ਪ੍ਰੋਗਰਾਮ ਪ੍ਰੋਸਦਾ ਆ ਰਿਹਾ ਹੈ।

ਇਸ ਤੋਂ ਨਤੀਜੇ ਕੱਢਦੇ ਹੋਏ ਸਿੱਧੂ ਦਮਦਮੀ ਦਾ ਇਹ ਕਥਨ ਬੜਾ ਵਜ਼ਨਦਾਰ ਹੈ ਕਿ ਉਂਜ ਨਿੱਜੀ ਤੇ ਸਰਕਾਰੀ ਪੰਜਾਬੀ ਟੀ.ਵੀ. ਨੂੰ ਪੰਜਾਬ ਦੇ ਦਰਸ਼ਕਾਂ ਤੇ ਆਪਣੀ ਪਕੜ ਬਣਾਈ ਰਖਣ ਦੀ ਔਕੜ ਇਸ ਲਈ ਵੀ ਦਰਪੇਸ਼ ਹੈ ਕਿਉਂਕਿ ਬਹੁਤੇ ਪੰਜਾਬੀ ਦਰਸ਼ਕ ਹਿੰਦੀ ਦੇ ਪ੍ਰੋਗਰਾਮ ਵੀ ਉਨੇ ਹੀ ਸਹਿਜ ਨਾਲ ਮਾਣ ਲੈਂਦੇ ਹਨ, ਜਿੰਨੇ ਉਹ ਆਪਣੀ ਮਾਤ ਬੋਲੀ ਪੰਜਾਬੀ ਵਿਚ ਪੇਸ਼ ਪ੍ਰੋਗਰਾਮਾਂ ਨੂੰ ਮਾਣਦੇ ਹਨ। ਏਸੇ ਲਈ ਹਿੰਦੀ ਦੀ

ਨਕਲ ਮਾਰਕੇ ਪੰਜਾਬੀ ਵਿਚ ਪੇਸ਼ ਕੀਤੇ ਜਾ ਰਹੇ ਘਟੀਆ ਪ੍ਰੋਗਰਾਮਾਂ ਤੋਂ ਅੱਕ ਕੇ ਰਿਮੋਟ ਦਾ ਬਟਨ ਨੱਪ ਕੇ ਉਹ ਸਿੱਧਾ ਹਿੰਦੀ ਚੈਨਲ ਲਾ ਲੈਣ ਵਿਚ ਢਿੱਲ ਨਹੀਂ ਕਰਦੇ।" ਇਸ ਤੋਂ ਸਬਕ ਸਿੱਖਣ ਦੀ ਲੋੜ ਹੈ।

ੲ. ਪੱਤਰਕਾਰੀ ਵਿਚ ਵਰਤੀਂਦੀ ਭਾਸ਼ਾ : ਪੱਤਰਕਾਰੀ ਜਨ ਸੰਚਾਰ ਦਾ ਬੜਾ ਹੀ ਕਾਰਜਸ਼ੀਲ ਸਾਧਨ ਹੈ ਕਿਉਂਕਿ ਅਖਬਾਰ ਵਿਚ ਛਪੀ ਸਮੱਗਰੀ ਸਵੇਰੇ ਸਾਝਰੇ ਹਰ ਘਰ ਵਿਚ ਪਹੁੰਚ ਜਾਂਦੀ ਹੈ। ਨਿੱਤ ਦੇ ਪਾਠਕ ਇਕ ਤਰ੍ਹਾਂ ਨਾਲ ਇਸਦੇ ਅਡਿਕਟ ਹੋ ਜਾਂਦੇ ਹਨ। ਹਰ ਅਖਬਾਰ ਵਿਚ ਵਰਤੀਂਦੀ ਭਾਸ਼ਾ ਨੇ ਮਨੁੱਖੀ ਮਾਨਸਿਕਤਾ ਤੇ ਵਿਹਾਰ ਨੂੰ ਪ੍ਰਭਾਵਤ ਕਰਨਾ ਹੁੰਦਾ ਹੈ। ਪੱਤਰਕਾਰੀ ਰਾਹੀਂ ਸੂਚਨਾ ਦੇ ਨਾਲ ਨਾਲ ਗਿਆਨ, ਵਿਗਿਆਨ, ਖੇਡਾਂ, ਸਿਹਤ, ਵਿਦਿਆ, ਵਾਤਾਵਰਨ, ਸ਼ੇਅਰ, ਮੰਡੀਆਂ ਦੇ ਭਾਅ, ਰਹਿਣ ਸਹਿਣ, ਜੀਵਨ ਜਾਚ, ਡਾਕਟਰੀ, ਫਿਲਮਾਂ ਤੇ ਮਨੋਰੰਜਨ ਦੇ ਹੋਰ ਸਾਧਨਾਂ ਬਾਰੇ ਅਨੇਕ ਪ੍ਰਕਾਰ ਦਾ ਗਿਆਨ ਧਾਰਕ ਨੂੰ ਮੁਹੱਈਆ ਕਰਵਾਉਣਾ ਹੁੰਦਾ ਹੈ। ਇਸ ਕਰਕੇ ਪੱਤਰਕਾਰੀ ਕਿਸੇ ਭਾਸ਼ਾ ਦੇ ਵਿਕਾਸ ਵਿਚ ਜੋ ਯੋਗਦਾਨ ਪਾ ਸਕਦੀ ਹੈ ਹੋਰ ਕੋਈ ਸੰਚਾਰ ਸਾਧਨ ਨਹੀਂ। ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਦੇ ਵਿਕਾਸ ਵਿਚ ਪੰਜਾਬੀ ਅਖਬਾਰਾਂ ਦਾ ਯੋਗਦਾਨ ਸਲਾਹੁਣ ਯੋਗ ਹੈ ਪਰ ਫਿਰ ਵੀ ਇਹਨੇ ਉਹ ਮੁਕਾਮ ਹਾਸਲ ਨਹੀਂ ਕੀਤਾ ਜੋ ਦੂਜੀਆਂ ਭਾਸ਼ਾਵਾਂ ਦੀ ਪੱਤਰਕਾਰੀ ਨੇ ਕੀਤਾ ਹੈ। ਇਸ ਸੰਬੰਧੀ ਕੁਝ ਨੁਕਤੇ ਪਛਾਣੇ ਜਾ ਸਕਦੇ ਹਨ :

ੳ. ਪੰਜਾਬੀ ਅਖਬਾਰਾਂ ਅਜੇ ਤੱਕ ਸ਼ਬਦ ਜੋੜਾਂ ਦੀ ਇਕਸਾਰਤਾ ਵਿਚ ਕੋਈ ਯੋਗਦਾਨ ਨਹੀਂ ਪਾ ਸਕੀਆਂ। ਹਰ ਅਖਬਾਰ ਸ਼ਬਦ ਜੋੜਾਂ ਪ੍ਰਤੀ ਅਵੇਸਲੀ ਹੈ। ਵਾਕ ਬਣਤਰਾਂ ਪੱਖੋਂ ਲੰਬੇ, ਅਸਪਸ਼ਟ ਤੇ ਗੁੰਝਲਦਾਰ ਵਾਕਾਂ ਦੀ ਭਰਮਾਰ ਸਪੱਸ਼ਟਤਾ ਦੀ ਬਜਾਏ ਅਸਪਸ਼ਟਤਾ ਪੈਦਾ ਕਰਦੀ ਹੈ, ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਫੀਲਡ ਵਿਚਲੇ ਬਹੁਤੇ ਪੱਤਰਕਾਰ ਸਿਖਲਾਈ ਪ੍ਰਾਪਤ ਨਹੀਂ ਹੁੰਦੇ ਤੇ ਨਾਂ ਹੀ ਉਹ ਭਾਸ਼ਾ ਦੇ ਗਿਆਨ ਪੱਖੋਂ ਪ੍ਰਪੱਕ ਹੁੰਦੇ ਹਨ। ਉਨ੍ਹਾਂ ਦੁਆਰਾ ਭੇਜੇ ਡਿਸਪੈਚ ਉਂਜ ਹੀ ਛਾਪ ਦਿੱਤੇ ਜਾਂਦੇ ਹਨ। ਦੂਸਰਾ ਹਿੰਦੀ ਅੰਗਰੇਜ਼ੀ ਤੋਂ ਅਨੁਵਾਦ ਵੇਲੇ ਸੁਚੇਤ ਤੌਰ 'ਤੇ ਪੰਜਾਬੀ ਮੁਹਾਵਰੇ ਦੀ ਵਰਤੋਂ ਨਹੀਂ ਕੀਤੀ ਜਾਂਦੀ।

ਅ. ਲੀਡ, ਜੋ ਕਿ ਅਖਬਾਰ ਦਾ ਮਹੱਤਵਪੂਰਨ ਅੰਗ ਹੁੰਦੀ ਹੈ, ਉਸਨੂੰ ਸਮਝਿਆ ਨਹੀਂ ਗਿਆ। ਏਸੇ ਕਰਕੇ ਪੰਜਾਬੀ ਅਖਬਾਰਾਂ ਵਿਚਲੀਆਂ ਲੀਡਜ਼ ਸਮਰੱਥ ਪ੍ਰਭਾਵ ਤੋਂ ਕੋਰੀਆਂ ਹੁੰਦੀਆਂ ਹਨ। ਇਨ੍ਹਾਂ ਵਿਚ ਬਹੁਤੀ ਵਾਰੀ ਅਨੁਵਾਦ ਵੇਲੇ ਅੱਖਰੀ ਅਨੁਵਾਦ ਕਰ ਲਿਆ ਜਾਂਦਾ ਹੈ, ਏਸੇ ਤਰ੍ਹਾਂ ਨਾਵਾਂ, ਥਾਵਾਂ, ਮਸਲਿਆਂ ਦੇ ਜ਼ਿਕਰ ਵੇਲੇ ਵੱਖਰੇ ਵੱਖਰੇ ਭਾਸ਼ਾਈ ਰੂਪ ਵਰਤ ਲਏ ਜਾਂਦੇ ਹਨ। ਵਿਸ਼ੇਸ਼ਣਾਂ, ਸੰਬੰਧਕਾਂ, ਯੋਜਕਾਂ ਤੇ ਪੜਨਾਵਾਂ ਦੀ ਵਰਤੋਂ ਵੱਲ ਉਚਿਤ ਧਿਆਨ ਨਹੀਂ ਦਿੱਤਾ ਜਾਂਦਾ।

ੲ. ਪੰਜਾਬੀ ਸ਼ਬਦ ਰੂਪਾਂ ਦੀ ਵਰਤੋਂ ਵੇਲੇ ਇਕਸਾਰਤਾ ਤਾਂ ਕਿਤੇ ਰਹੀ ਬਹੁਤੀ ਵਾਰ ਗੁਆਂਢੀ ਭਾਸ਼ਾਵਾਂ ਦੇ ਰੂਪ ਹੀ ਵਰਤ ਜਾਂਦੇ ਹਨ। ਏਸੇ ਤਰ੍ਹਾਂ ਅੰਗਰੇਜ਼ੀ ਤੇ ਹਿੰਦੀ ਦੀ ਵਿਆਕਰਣ ਵੀ ਪੰਜਾਬੀ ਵਿਚ ਧੱਕੇ ਨਾਲ ਦਖਲ ਅੰਦਾਜ਼ ਕਰ ਲਈ ਜਾਂਦੀ ਹੈ, ਜਿਸ ਨਾਲ ਪੰਜਾਬੀ ਦੇ ਭਾਸ਼ਾਈ ਨੇਮ ਭੰਗ ਹੋ ਜਾਂਦੇ ਹਨ ਤੇ ਨਵੇਂ ਨੇਮ ਭਾਸ਼ਾ ਦੀ ਸੰਰਚਨਾ ਵਿਚ ਆਕੜੇ ਫਿਰਦੇ ਹਨ।

ਸ. ਭਾਸ਼ਾ ਨੂੰ ਸੰਚਾਰਮੁਖ ਬਣਾਉਣ ਲਈ ਗੁੰਝਲਦਾਰ ਵਾਕਾਂ ਦੀ ਥਾਂ ਸਪੱਸ਼ਟ ਤੇ

ਇਕਹਿਰੇ ਵਾਕਾਂ ਦੀ ਜ਼ਰੂਰਤ ਹੁੰਦੀ ਹੈ ਜਦ ਕਿ ਪੰਜਾਬੀ ਅਖਬਾਰਾਂ ਵਿਚ ਕਈ ਵਾਰ ਇਕ ਖ਼ਬਰ ਨੂੰ ਇਕ ਵਾਕ ਵਿਚ ਪਰੋ ਕੇ ਵਾਕ ਨੂੰ ਪੈਰ੍ਹੇ ਤੱਕ ਫੈਲਾ ਦਿੱਤਾ ਜਾਂਦਾ ਹੈ। ਇਹ ਪ੍ਰਵਿਰਤੀ ਆਮ ਤੌਰ 'ਤੇ ਅੰਗਰੇਜ਼ੀ ਤੋਂ ਅਨੁਵਾਦ ਵੇਲੇ ਆਉਂਦੀ ਹੈ। ਖ਼ਬਰ ਨੂੰ ਸ਼ੁਧ, ਸਰਲ ਤੇ ਸਪੱਸ਼ਟ ਰੂਪ ਵਿਚ ਪਾਠਕਾਂ ਵਲ ਸੰਚਾਰਤ ਕਰਨਾ ਪੱਤਰਕਾਰੀ ਦੇ ਉਦੇਸ਼ ਵਿਚ ਸ਼ਾਮਲ ਹੈ।

ਹ. ਅੰਗਰੇਜ਼ੀ ਸ਼ਬਦਾਂ ਦੀ ਖੁਲ੍ਹੀ ਵਰਤੋਂ ਤੋਂ ਸੰਕੋਚ ਕਰਨਾ ਚਾਹੀਦਾ ਹੈ। ਬਹੁਤੀ ਵਾਰ ਸਾਨੂੰ ਆਪਣੀ ਭਾਸ਼ਾ ਵਿਚੋਂ ਸ਼ਬਦ ਮਿਲ ਜਾਂਦੇ ਹਨ। ਪਰ ਪਰਾਈ ਭਾਸ਼ਾ ਦੇ ਮੋਹ ਵੱਸ ਹੀ ਉਨ੍ਹਾਂ ਦਾ ਤਿਆਗ ਕਰਕੇ ਉਧਾਰੀ ਭਾਸ਼ਾ ਦੇ ਸ਼ਬਦ ਵਰਤ ਲਏ ਜਾਂਦੇ ਹਨ। ਹਾਂ ਜਿਥੇ ਕਿਤੇ ਨਾ ਸਰਦਾ ਹੋਵੇ ਉਥੇ ਵਰਤਣ ਵਿਚ ਕਈ ਹਰਜ ਨਹੀਂ ਪਰ ਅੰਨ੍ਹੇ ਵਾਹ ਅੰਗਰੇਜ਼ੀ ਦੀ ਸ਼ਬਦਾਵਲੀ ਜਾਂ ਫਿਰ ਹਿੰਦੀ ਦੇ ਚੋਂਦੇ ਚੋਂਦੇ ਸ਼ਬਦ ਵਰਤਣ ਦੀ ਕੋਈ ਤੁਕ ਨਹੀਂ। ਨਵੇਂ ਸ਼ਬਦ ਘੜਨੇ ਵੀ ਕੋਈ ਔਖੇ ਨਹੀਂ ਪਰ ਇਸ ਲਈ ਭਾਸ਼ਾ ਦਾ ਉਚਿਤ ਗਿਆਨ ਤੇ ਭਾਸ਼ਾ ਦੀ ਸੰਰਚਨਾ ਦੀ ਜਾਣਕਾਰੀ ਜ਼ਰੂਰੀ ਹੈ।

ਕ. ਪੰਜਾਬੀ ਅਖਬਾਰਾਂ ਵਿਚ ਪੰਜਾਬੀ ਪ੍ਰਤੀ ਔਕੜਾਂ ਦੇ ਦੋ ਹੋਰ ਕਾਰਨ ਵੀ ਹਨ ਪਹਿਲਾ ਇਹ ਕਿ ਮਿਆਰੀ ਸਟਾਇਲ ਸ਼ੀਟ ਦੀ ਕਮੀ। ਜੇਕਰ ਕੋਈ ਉੱਦਮ ਕਰਕੇ ਮਿਆਰੀ ਸਟਾਇਲ ਸ਼ੀਟ ਬਣਾ ਲਈ ਜਾਵੇ ਤਾਂ ਇਹ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਵੱਡੀ ਪੱਧਰ 'ਤੇ ਸਹਾਈ ਹੋਵੇਗੀ। ਦੂਸਰਾ ਪੰਜਾਬੀ ਖ਼ਬਰ ਏਜੰਸੀ ਦੀ ਅਨਹੋਂਦ। ਹਿੰਦੀ ਅੰਗਰੇਜ਼ੀ ਦੀਆਂ ਏਜੰਸੀਆਂ ਰਾਹੀਂ ਪ੍ਰਾਪਤ ਖ਼ਬਰਾਂ ਨੂੰ ਸਮੇਂ ਦੀ ਘਾਟ ਜਾਂ ਫਿਰ ਅਵੇਸਲੇਪਨ ਕਰਕੇ ਜਿਓਂ ਦਾ ਤਿਓਂ ਅਖਬਾਰ ਵਿਚ ਮੜ੍ਹ ਦਿੱਤਾ ਜਾਂਦਾ ਹੈ ਤੇ ਹੌਲੀ ਹੌਲੀ ਇਹ ਭਾਸ਼ਾ ਦੀ ਦੁਰਗਤੀ ਦਾ ਸਬੱਬ ਬਣ ਜਾਂਦਾ ਹੈ। ਕਿਉਂਕਿ ਅਵਾਮ ਇਸ ਭਾਸ਼ਾਈ ਆਦਤ ਨੂੰ ਆਪਣੇ ਵਿਹਾਰ ਦਾ ਹਿੱਸਾ ਬਣਾ ਲੈਂਦਾ ਹੈ।

ਪੰਜਾਬੀ ਪੱਤਰਕਾਰੀ ਵਿਚ ਪੰਜਾਬੀ ਭਾਸ਼ਾ ਦੇ ਯੋਗਦਾਨ ਦਾ ਜ਼ਿਕਰ ਕਰਦਿਆਂ ਮਰਹੂਮ ਡਾ. ਸ. ਸ. ਜੋਸ਼ੀ ਦਾ ਕਥਨ ਹੈ – ਪੰਜਾਬੀ ਨੂੰ ਬੋਲੀ ਤੋਂ ਭਾਸ਼ਾ ਦੇ ਦਰਜੇ ਤੱਕ ਪਹੁੰਚਾਉਣ ਲਈ ਪੰਜਾਬੀ ਪੱਤਰਕਾਰੀ ਦਾ ਯੋਗਦਾਨ ਬੜਾ ਨਿੱਗਰ ਹੈ। ਛਾਪੇਖਾਨੇ ਨੇ ਸਾਖਰਤਾ ਬਾਰੇ ਪੰਜਾਬੀਆਂ ਨੂੰ ਸੁਚੇਤ ਕੀਤਾ। ਪੰਜਾਬੀ ਸਾਹਿਤ ਦੀਆਂ ਅਨੇਕਾਂ ਵੰਨਗੀਆਂ ਦਾ ਅਰੰਭ ਤੇ ਵਿਕਾਸ ਪੱਤਰਕਾਰੀ ਕਾਰਨ ਹੀ ਹੋਇਆ। ਸ਼ਬਦਾਵਲੀ ਦੇ ਖੇਤਰ ਵਿਚ ਪੰਜਾਬੀ ਪੱਤਰਕਾਰੀ ਦਾ ਯੋਗਦਾਨ ਏਨਾ ਜ਼ਿਆਦਾ ਹੈ ਕਿ ਵਰਣਨ ਕਰਨ ਲਈ ਪੁਸਤਕਾਂ ਲਿਖੀਆਂ ਜਾ ਸਕਦੀਆਂ ਹਨ।

ਪੰਜਾਬੀ ਪੱਤਰਕਾਰੀ ਦੀਆਂ ਔਕੜਾਂ ਬਾਰੇ ਸ. ਸ. ਦੁਸਾਂਝ ਦਾ ਕਥਨ ਬੜਾ ਉਪਯੋਗੀ ਹੈ ਉਹ ਲਿਖਦੇ ਹਨ :

> ਪ੍ਰਮਾਣਕ ਰੂਪ ਵਿਚ ਪੰਜਾਬੀ ਪੱਤਰਕਾਰੀ ਸੰਬੰਧੀ ਵਿਦਿਆ ਦੇਣ ਲਈ ਅਜੇ ਲੋੜੀਂਦੀ ਸਾਮੱਗਰੀ ਵੀ ਉਪਲਬਧ ਨਹੀਂ। ਜੇ ਸ਼ਬਦ ਜੋੜਾਂ ਸੰਬੰਧੀ ਸ਼ੰਕਾ ਉਪਜ ਜਾਏ ਤਾਂ ਕੋਈ ਪ੍ਰਮਾਣਕ ਕੋਸ਼ ਨਹੀਂ ਜਿਸਦੇ ਆਧਾਰ 'ਤੇ ਸ਼ੰਕਾ ਨਵਿਰਤ ਕੀਤਾ ਜਾ ਸਕੇ। ਢੁਕਵੇਂ ਸ਼ਬਦਾਂ ਦੀ ਚੋਣ ਜਾਂ ਸੁਰਖੀ ਲਾਉਣ ਲਈ ਛੋਟੇ ਵੱਡੇ ਸ਼ਬਦ ਦੀ ਚੋਣ ਕਰਨ ਲਈ ਸਾਡੇ ਪਾਸ ਕੋਈ ਸਮਾਨ-ਅਰਥੀ ਸ਼ਬਦਾਂ ਦਾ ਕੋਸ਼ ਨਹੀਂ। ਪੱਤਰਕਾਰੀ ਵਿਚ ਵਰਤੇ ਜਾਣ ਵਾਲੇ ਸੰਕੇਤਕ ਸ਼ਬਦਾਂ ਦਾ ਕੋਈ ਕੋਸ਼ ਤਿਆਰ ਨਹੀਂ ਕੀਤਾ ਗਿਆ। ਆਮ ਤੌਰ 'ਤੇ ਗ਼ਲਤ ਸ਼ਬਦ ਜੋੜਾਂ ਵਾਲੇ,

ਗਲਤ ਅਰਥਾਂ ਵਾਲੇ ਤੇ ਗਲਤ ਸ਼ਬਦ ਵਰਤੇ ਜਾਣ ਵਾਲੇ ਸ਼ਬਦਾਂ ਦੀ ਕੋਈ ਸੂਚੀ ਉਪਲਬਧ ਨਹੀਂ। ਇਤਿਹਾਸਕ, ਮਿਥਿਹਾਸਕ ਹਵਾਲਿਆਂ ਦਾ ਕੋਈ ਕੋਸ਼ ਨਹੀਂ। ਵੱਖ ਵੱਖ ਸੰਦਰਭਾਂ ਵਿਚ ਵਰਤੇ ਜਾਣ ਵਾਲੇ ਬਹੁ-ਅਰਥੀ ਸ਼ਬਦਾਂ ਦੀ ਕੋਈ ਸੂਚੀ ਨਹੀਂ। ਮਹੱਤਵਪੂਰਨ ਧਾਰਮਿਕ, ਇਤਿਹਾਸਕ, ਘਟਨਾਵਾਂ ਦੀਆਂ ਤਿੱਥ ਸੂਚੀਆਂ ਉਪਲਬਧ ਨਹੀਂ। ਕੋਈ ਅਜਿਹੀ ਪੁਸਤਕ ਨਹੀਂ ਜਿਸ ਵਿਚ ਹਰ ਪ੍ਰਕਾਰ ਦੇ ਸਮਾਗਮਾਂ ਜਾਂ ਘਟਨਾਵਾਂ ਦੀ ਚੁਸਤ ਵਾਕਾਂ ਵਿਚ ਲਿਖੀ ਲੀਡ ਨਮੂਨੇ ਵਜੋਂ ਦਰਜ ਕੀਤੀ ਗਈ ਹੋਵੇ।

ਇਸ ਤਰ੍ਹਾਂ ਇਸ ਸੰਖੇਪ ਜਿਹੇ ਸਰਵੇਖਣ ਤੋਂ ਸਪੱਸ਼ਟ ਹੈ ਕਿ ਅੱਜ ਪੰਜਾਬੀ ਭਾਸ਼ਾ ਨੂੰ ਡਿਜੀਟਲ ਭਾਸ਼ਾ ਬਨਾਉਣ ਦੀ ਲੋੜ ਹੈ। ਇਸ ਤੋਂ ਪਹਿਲਾਂ ਇਸਦੇ ਪ੍ਰਯੋਜਨਮੂਲਕ ਪ੍ਰਕਾਰਜੀ ਰੂਪਾਂ ਵੱਲ ਧਿਆਨ ਦੇਣ ਦੀ ਲੋੜ ਹੈ। ਇਸਦੇ ਪ੍ਰਯੋਜਨਮੂਲਕ ਵਿਹਾਰ ਇਸ ਪ੍ਰਕਾਰ ਬਣਦੇ ਹਨ :




ਅੱਜ ਭਾਵੇਂ ਅਸੀਂ ਸਮਝਦੇ ਹਾਂ ਕਿ ਜਨ ਸੰਚਾਰ ਸਾਧਨਾਂ ਨੇ ਪੰਜਾਬੀ ਵਿਚ ਆਪਣਾ ਯੋਗਦਾਨ ਪਾਇਆ ਹੈ ਪਰ ਇਸਦੇ ਬਾਵਜੂਦ ਇਸਨੇ ਇਨ੍ਹਾਂ ਸਾਧਨਾਂ ਦੀਆਂ ਆਪਣੀਆਂ ਲੋੜਾਂ ਪੂਰੀਆਂ ਕਰਨ ਵਾਲੇ ਵਿਹਾਰ ਵੀ ਨਿਸ਼ਚਿਤ ਨਹੀਂ ਕੀਤੇ। ਇਸ ਲਈ ਜ਼ਰੂਰੀ ਹੈ ਕਿ ਜਨ ਸੰਚਾਰ ਸਾਧਨਾਂ ਦੀਆਂ ਪਹਿਲਾਂ ਭਾਸ਼ਾਈ ਲੋੜਾਂ ਪੂਰੀਆਂ ਕੀਤੀਆਂ ਜਾਣ ਤੇ ਫਿਰ ਉਹ ਉਨ੍ਹਾਂ ਰਾਹੀਂ ਪੰਜਾਬੀ ਭਾਸ਼ਾ ਦੀ ਉਨਤੀ ਦੇ ਵਡੇਰੇ ਜਤਨ ਕਰਨ। ਇਹ ਬੜੀ ਲੰਬੀ ਯਾਤਰਾ ਹੈ।

## ਪੁਸਤਕ ਸੂਚੀ


**ਪੰਜਾਬੀ :**

ਢੀਂਗਰਾ, ਪਰਮਜੀਤ ਸਿੰਘ, ਭਾਸ਼ਾ ਸਿਧਾਂਤ ਤੇ ਸਰੋਕਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 2006.

-----, ਰੇਡੀਓ ਪ੍ਰਸਾਰਨ ਵਿਚ ਪੰਜਾਬੀ : ਇਕ ਸਮਾਜ ਭਾਸ਼ਾ ਵਿਗਿਆਨਕ ਅਧਿਐਨ, ਖੋਜ-ਨਿਬੰਧ-1983 (ਅਪ੍ਰਕਾਸ਼ਤ)

ਰਣਜੀਤ ਕੌਰ, ਕਾਰਜੀ ਪੰਜਾਬੀ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2007.

ਸਮਾਜਕ ਵਿਗਿਆਨ ਪੱਤਰ, ਅੰਕ-50, ਦਿਸੰਬਰ 2002 (ਪਬ. ਬਿਊ. ਪੰ.ਯੂਨੀ.ਪਟਿਆਲਾ)

**ਹਿੰਦੀ :**

ਬੰਧੂ, ਪਰਾਂਜਲੀ, ਭਾਰਤੀਯ ਪ੍ਰਸਾਰ ਮਾਧਿਅਮ, ਸੰਵਾਦ ਪ੍ਰਕਾਸ਼ਨ, ਮੇਰਠ-2006

ਭੱਟਾਚਾਰੀਯ, ਤਪਨ, ਸਿਕੁੜਤਾ ਹੂਆ ਬ੍ਰਾਹਮਾਂਡ, ਐਨ.ਬੀ.ਟੀ. ਨਵੀਂ ਦਿੱਲੀ, 2003,

**ਅੰਗ੍ਰੇਜ਼ੀ :**

AROKIANAHAN, S., Language use in Mass Media, creative pub. New Delhi - 1988.

CATFORD, J.C., A linguistic Theory of Translation, O.U.P. London-1965.

DUBEY, V.S. Newspaper English in India, Bahri pub. New Delhi - 1989.

FATIHI, A.R. The Language of Advertising and T.V. Commercials, Bahri Pub. N. Delhi, 1991.

FISHMAN, J.A. Language in Socio Cultural Change, S.U.P. stanford, California - 1972.

GUMPERZ, J.J. Language in Social Groups, S.U.P. Standford, California, 1971.

HYMES, D. (Ed.). Language in Culture and Society, Harper & Row, N.York, 1966.

Press in India (Part I), M. of I & B, Govt. of India, N. Delhi - 1980.

RAJAN, M.S. The Telecom Story and the Internet, N.B.T. India, N. Delhi-2001.

Report of the working group of Autonomy for Akashwani and Doordarshan, Govt. of India, 1978.

# 10

## ਭਾਸ਼ਾ ਨੀਤੀ ਅਤੇ ਪੰਜਾਬ ਰਾਜ ਭਾਸ਼ਾ (ਸੋਧ) ਐਕਟ-2008

ਆਧੁਨਿਕ ਜੁੱਗ ਵਿਚ ਭਾਸ਼ਾਈ ਜਟਿਲਤਾਵਾਂ ਦੇ ਸੰਦਰਭ ਵਿਚ ਭਾਸ਼ਾ ਨੀਤੀ ਦਾ ਰੋਲ ਵਿਸ਼ੇਸ਼ ਅਹਿਮੀਅਤ ਰਖਦਾ ਹੈ। ਭਾਰਤ ਵਰਗੇ ਬਹੁਭਾਸ਼ੀ ਦੇਸ਼ ਵਿਚ ਇਸ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ, ਕਿਉਂਕਿ ਵੱਖ ਵੱਖ ਰਾਜਾਂ ਵਿਚ ਭਾਸ਼ਾਵਾਂ ਦੀ ਸਥਿਤੀ ਇਕੋ ਜਿਹੀ ਨਹੀਂ। ਹਰ ਰਾਜ ਆਪਣੀ ਭਾਸ਼ਾ ਨੂੰ ਉੱਨਤ ਤੇ ਰਾਜ ਭਾਸ਼ਾ ਦੀ ਪਦਵੀ 'ਤੇ ਬਿਰਾਜਮਾਨ ਵੇਖਣੀ ਚਾਹੁੰਦਾ ਹੈ। ਇਸ ਕਾਰਣ ਕਈ ਤਰ੍ਹਾਂ ਦੇ ਅੰਤਰ ਰਾਜੀ ਭਾਸ਼ਾਈ ਲਗੜੇ ਉਤਪੰਨ ਹੋ ਜਾਂਦੇ ਹਨ। ਉਂਜ ਇਹ ਝਗੜੇ ਜ਼ਿਆਦਾਤਰ ਰਾਜਨੀਤੀ ਤੋਂ ਪ੍ਰੇਰਤ ਹੁੰਦੇ ਹਨ। ਭਾਰਤ ਵਿਚ ਭਾਸ਼ਾ ਦੀ ਪਛਾਣ ਅਕਸਰ ਧਾਰਮਿਕਤਾ ਨਾਲ ਜੋੜ ਕੇ ਕੀਤੀ ਜਾਂਦੀ ਹੈ। ਰਾਜਨੀਤੀ ਧਰਮ ਨੂੰ ਹਥਿਆਰ ਬਣਾ ਕੇ ਨਿਰੋਲ ਭਾਸ਼ਾਈ ਸਮੱਸਿਆ ਨੂੰ ਫਿਰਕੂ ਰੰਗ ਦੇ ਦੇਂਦੀ ਹੈ, ਜਿਸਦੇ ਭਿਆਨਕ ਨਤੀਜੇ ਭਾਰਤ ਦੇ ਇਤਿਹਾਸ ਵਿਚ ਤੱਥਾਂ ਸਮੇਤ ਮੌਜੂਦ ਹਨ। ਅੱਜ ਸਮੁੱਚੇ ਸੰਸਾਰ ਵਿਚ ਅਤੇ ਖਾਸ ਕਰਕੇ ਬਸਤੀਵਾਦੀ ਹਾਕਮਾਂ ਤੋਂ ਅਜ਼ਾਦ ਹੋਏ ਦੇਸ਼ ਜਿਨ੍ਹਾਂ ਨੇ ਆਜ਼ਾਦੀ ਤੋਂ ਬਾਅਦ ਭਾਸ਼ਾ ਨੀਤੀਆਂ ਘੜੀਆਂ ਅੱਜ ਫਿਰ ਉਨ੍ਹਾਂ ਦੀ ਪੁਣ-ਛਾਣ ਕਰ ਰਹੇ ਹਨ ਕਿਉਂਕਿ ਮੰਡੀਵਾਦ ਤੇ ਵਿਸ਼ਵੀਕਰਨ ਦੀ ਤੇਜ਼ ਪ੍ਰਕਿਰਿਆ ਨੇ ਭਾਸ਼ਾਵਾਂ ਸਾਹਮਣੇ ਨਵੇਂ ਸੰਕਟ ਖੜੇ ਕੀਤੇ ਹਨ।

ਪੰਜਾਬੀ ਭਾਸ਼ਾ ਦੀ ਮੌਤ ਬਾਰੇ ਯੂਨੈਸਕੋ ਦੀ ਰਿਪੋਰਟ ਵਿਚ ਜਿਹੜਾ ਖਦਸ਼ਾ ਜ਼ਾਹਰ ਕੀਤਾ ਗਿਆ ਸੀ ਉਸਨੇ ਇਕ ਨਵੀਂ ਬਹਿਸ ਨੂੰ ਜਨਮ ਦਿੱਤਾ ਹੈ। ਅੱਜ ਇਸ ਬਹਿਸ ਦੀ ਰੋਸ਼ਨੀ ਵਿਚ ਭਾਸ਼ਾ ਨੀਤੀ ਬਾਰੇ ਨਵੇਂ ਨਵੇਂ ਤਰਕ ਅਤੇ ਖਿਆਲਾਂ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ।

ਪੰਜਾਬ ਰਾਜ ਭਾਸ਼ਾ (ਸੋਧ) ਐਕਟ 2008 ਨੂੰ ਵਿਚਾਰਨ ਤੋਂ ਪਹਿਲਾਂ ਪੰਜਾਬੀ ਭਾਸ਼ਾ ਦੇ ਇਤਿਹਾਸਕ ਪਿਛੋਕੜ ਬਾਰੇ ਕੁਝ ਸੂਤਰਾਂ ਦੀ ਗੱਲ ਕੀਤੀ ਜਾ ਸਕਦੀ ਹੈ। ਪੰਜਾਬੀ ਭਾਸ਼ਾ ਨੂੰ ਪ੍ਰਚਲਤ ਕਰਨ ਦਾ ਸਭ ਤੋਂ ਪਹਿਲਾ ਉਦਮ ਰਿਆਸਤ ਪਟਿਆਲਾ ਵਿਚ 1912 ਵਿਚ ਕੀਤਾ ਗਿਆ (ਦੇਖੋ-ਪ੍ਰਸ਼ਿਸ਼ਟ-ੳ) ਇਹ ਪਹਿਲਾ ਜਤਨ ਸੀ ਜਦੋਂ ਰਿਆਸਤ ਵਿਚ ਸੁਚੇਤ ਪੱਧਰ 'ਤੇ ਸਰਕਾਰੀ ਪੱਤਰ ਵਿਹਾਰ ਲਈ ਪੰਜਾਬੀ ਨੂੰ ਲਾਗੂ ਕੀਤਾ ਗਿਆ ਤੇ ਇਸ 'ਤੇ ਪਹਿਰਾ ਦਿੱਤਾ ਗਿਆ। ਪਟਿਆਲਾ ਰਿਆਸਤ ਦੇ ਹੋਮ ਮਨਿਸਟਰ ਦੇ ਪੱਤਰਾਂ ਵਿਚੋਂ ਇਹ ਸਪੱਸ਼ਟ ਹੁੰਦਾ ਹੈ। ਦੂਸਰੀ ਗੱਲ ਇਹ ਕੀਤੀ ਗਈ ਕਿ 2.5.1912 ਤੇ 15.3.1913 ਦੇ ਸਰਕੂਲਰ ਇਹ ਸਪਸ਼ਟ ਕਰਦੇ ਹਨ ਕਿ ਜਿਹੜੇ

ਕਰਮਚਾਰੀਆਂ ਨੂੰ ਪੰਜਾਬੀ ਦਾ ਇਮਤਿਹਾਨ ਪਾਸ ਕਰਨ ਦਾ ਸਮਾਂ ਦਿੱਤਾ ਗਿਆ ਸੀ ਜੇ ਉਨ੍ਹਾਂ ਨੇ ਇਹ ਪਾਸ ਨਹੀਂ ਕੀਤਾ ਤਾਂ ਉਨ੍ਹਾਂ ਦੀ ਤਲਬ ਉਦੋਂ ਤੱਕ ਰੋਕ ਦਿਤੀ ਜਾਵੇ ਜਦੋਂ ਤੱਕ ਉਹ ਆਪਣੇ ਆਪ ਨੂੰ ਪੰਜਾਬੀ ਵਿਚ ਕੰਮ ਕਰਨ ਦੇ ਯੋਗ ਨਾ ਬਣਾ ਲੈਣ। ਦੂਸਰਾ ਕਿ ਦਫਤਰਾਂ ਦੇ ਸਾਰੇ ਮੁਲਾਜ਼ਮਾਂ ਦੀ ਜੇਠ 1913 ਦੀ ਤਲਬ ਓਨੀ ਦੇਰ ਤੱਕ ਪਾਸ ਨਾ ਕੀਤੀ ਜਾਵੇ ਜਦੋਂ ਤੀਕ ਕਿ ਮਹਿਕਮੇ ਦੇ ਵੱਡੇ ਅਫਸਰ ਇਹ ਸਰਟੀਫਿਕੇਟ ਨਾ ਦੇਣ ਕਿ ਇਸ ਵਿਅਕਤੀ ਨੂੰ ਜਾਂ ਮੁਲਾਜ਼ਮ ਨੂੰ ਪੰਜਾਬੀ ਆਉਂਦੀ ਹੈ।

ਇਸ ਤਰ੍ਹਾਂ ਸਜ਼ਾ ਦੇ ਇਸ ਵਿਧਾਨ ਤੇ ਰਿਆਸਤੀ ਸਰਕਾਰ ਦੀ ਇੱਛਾ ਸ਼ਕਤੀ ਨਾਲ ਪਹਿਲੀ ਵਾਰ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦੇਣ ਦਾ ਜਤਨ ਕੀਤਾ ਗਿਆ।

ਅਜ਼ਾਦੀ ਪ੍ਰਾਪਤੀ ਤੋਂ ਬਾਅਦ ਜਦੋਂ ਭਾਸ਼ਾ ਨੀਤੀ ਤਹਿਤ ਸੂਬਿਆਂ ਦਾ ਗਠਨ ਕੀਤਾ ਗਿਆ ਤਾਂ ਪੰਜਾਬ ਨੂੰ ਦੋਭਾਸ਼ੀ ਬਣਾ ਦਿੱਤਾ ਗਿਆ। ਪੰਜਾਬੀ ਤੇ ਹਿੰਦੀ ਰਿਜਨ ਦਾ ਨਿਖੇੜਾ ਕਰਕੇ ਰਿਜਨਲ ਫਾਰਮੂਲਾ ਹੋਂਦ ਵਿਚ ਲਿਆਂਦਾ ਗਿਆ ਜਿਸ ਅਧੀਨ ਪੰਜਾਬੀ ਦੀ ਵਰਤੋਂ ਗੁਰਮੁਖੀ ਲਿੱਪੀ ਵਿਚ ਕਰਕੇ ਅਤੇ ਹਿੰਦੀ ਦੀ ਵਰਤੋਂ ਲਈ ਦੇਵਨਾਗਰੀ ਨਿਰਧਾਰਤ ਕਰਕੇ ਸਪਸ਼ਟ ਕਰ ਦਿੱਤਾ ਗਿਆ ਕਿ ਪੰਜਾਬੀ ਰਿਜਨ ਦੀ ਭਾਸ਼ਾ ਪੰਜਾਬੀ ਤੇ ਹਿੰਦੀ ਰਿਜਨ ਦੀ ਭਾਸ਼ਾ ਹਿੰਦੀ ਹੋਵੇਗੀ। (ਦੇਖੋ- ਪ੍ਰਿਸ਼ਿਸ਼ਟ-ਅ) ਇਹ ਇਕ ਤਰ੍ਹਾਂ ਨਾਲ ਪੰਜਾਬ ਤੇ ਪੰਜਾਬੀ ਨੂੰ ਛਾਂਗਣ ਦੀ ਨੀਤੀ ਸੀ ਜਿਸ ਤਹਿਤ ਅੱਗੇ ਜਾ ਕੇ ਪੰਜਾਬੀ ਤੇ ਪੰਜਾਬ ਦੀ ਸਪਸ਼ਟ ਵੰਡ ਕਰਕੇ ਪੰਜਾਬੀ ਸੂਬੀ ਬਣਾਈ ਗਈ।

ਇਸ ਤੋਂ ਬਾਅਦ ਪੰਜਾਬ ਰਾਜ ਭਾਸ਼ਾ ਐਕਟ-1967 ਹੋਂਦ ਵਿਚ ਆਉਂਦਾ ਹੈ। ਇਸ ਵਿਚ ਪੰਜਾਬੀ ਦਾ ਅਰਥ ਗੁਰਮੁਖੀ ਲਿੱਪੀ ਵਿਚ ਲਿਖੀ ਜਾਣ ਵਾਲੀ ਪੰਜਾਬੀ ਹੈ ਤੇ ਇਸ ਰਾਹੀਂ ਪੰਜਾਬੀ ਪੰਜਾਬ ਰਾਜ ਦੀ ਰਾਜ ਭਾਸ਼ਾ ਘੋਸ਼ਤ ਕੀਤੀ ਗਈ। ਪਰ ਇਸ ਐਕਟ ਵਿਚਲੇ ਨਰਮ ਰਵੱਈਏ ਅਤੇ ਸਪਸ਼ਟਤਾ ਦੀ ਘਾਟ ਕਰਕੇ ਪੰਜਾਬੀ ਨੂੰ ਹਰ ਪੱਧਰ 'ਤੇ ਲਾਗੂ ਨਾ ਕੀਤਾ ਜਾ ਸਕਿਆ। ਇਸ ਵਿਚ ਪੰਜਾਬੀ ਦੀ ਵਰਤੋਂ ਨਾ ਕਰਨ ਵਾਲਿਆਂ ਲਈ ਕਿਸੇ ਪ੍ਰਕਾਰ ਦੀ ਸਜ਼ਾ ਦੀ ਕੋਈ ਵਿਵਸਥਾ ਦਾ ਜ਼ਿਕਰ ਨਹੀਂ ਮਿਲਦਾ। ਇਸ ਐਕਟ ਦੇ ਲਾਗੂ ਹੋਣ ਨਾਲ 1960 ਦਾ ਰਿਜਨਲ ਫਾਰਮੂਲੇ ਵਾਲਾ ਐਕਟ ਮਨਸੂਖ ਕਰ ਦਿੱਤਾ ਗਿਆ।

ਭਾਵੇਂ ਇਸ ਐਕਟ ਅਧੀਨ ਪੰਜਾਬੀ ਭਾਸ਼ਾ ਨੂੰ ਕਾਨੂੰਨੀ ਦਰਜਾ ਤਾਂ ਪ੍ਰਾਪਤ ਹੋ ਗਿਆ ਤੇ ਇਹ ਸੰਵਿਧਾਨ ਦੀ ਅਠਵੀਂ ਅਨੁਸੂਚੀ ਵਿਚ ਦਰਜ ਵੀ ਕਰ ਲਈ ਗਈ ਪਰ ਅਮਲੀ ਪੱਧਰ 'ਤੇ ਪੰਜਾਬੀ ਨਾਲ ਅਨਿਆਂ ਹੁੰਦਾ ਰਿਹਾ। ਹਿੰਦੀ ਰਿਜਨ ਦੇ ਬੀਜੇ ਬੀਜ ਲੰਬੇ ਸਮੇਂ ਤੱਕ ਜ਼ਹਿਰ ਉਗਲਦੇ ਰਹੇ ਅਤੇ ਇਸਦਾ ਨਤੀਜਾ ਕਈ ਪੀੜ੍ਹੀਆਂ ਪੰਜਾਬੀ ਤੋਂ ਪਿਛਾ ਛੁਡਾ ਗਈਆਂ।

ਅੱਜ ਤੱਕ ਸਿਖਿਆ ਦੇ ਖੇਤਰ ਵਿਚ ਤਿੰਨ ਭਾਸ਼ਾਈ ਫਾਰਮੂਲਾ ਕੰਮ ਕਰਦਾ ਆ ਰਿਹਾ ਹੈ। ਪੰਜਾਬ ਦੇ ਬਹੁ ਗਿਣਤੀ ਪ੍ਰਾਈਵੇਟ ਸਕੂਲਾਂ ਵਿਚ ਮੁੱਢ ਤੋਂ ਬੱਚੇ 'ਤੇ ਤਿੰਨ ਭਾਸ਼ਾਵਾਂ ਥੋਪੀਆਂ ਜਾ ਰਹੀਆਂ ਹਨ। ਸਰਕਾਰੀ ਨੀਤੀ ਤਹਿਤ ਇਕ ਵਾਰ ਤਾਂ ਸਰਕਾਰੀ ਸਕੂਲਾਂ ਵਿਚ ਅੰਗਰੇਜ਼ੀ ਨੂੰ ਪਹਿਲੀ ਜਮਾਤ ਤੋਂ ਪੜ੍ਹਾਉਣ ਦਾ ਫੈਸਲਾ ਕਰ ਲਿਆ ਗਿਆ ਜਦ ਕਿ ਇਕ ਹੋਰ ਸਰਕਾਰ ਨੇ ਇਹ ਤੀਜੀ ਜਮਾਤ ਤੋਂ ਲਾਗੂ ਕਰ ਦਿੱਤੀ। ਇੰਜ

ਜੇਕਰ ਪ੍ਰਾਈਵੇਟ ਸਕੂਲਾਂ ਵਿਚ ਦਰਜੇਬੰਦੀ ਕੀਤੀ ਜਾਵੇ ਤਾਂ ਅੱਜ ਵੀ ਇਨ੍ਹਾਂ ਸਕੂਲਾਂ ਵਿਚ ਪਹਿਲੇ ਨੰਬਰ 'ਤੇ ਅੰਗਰੇਜ਼ੀ ਦੂਜੇ ਨੰਬਰ 'ਤੇ ਹਿੰਦੀ ਅਤੇ ਤੀਜੇ ਦਰਜੇ 'ਤੇ ਪੰਜਾਬੀ ਦਾ ਨੰਬਰ ਆਉਂਦਾ ਹੈ। ਇਸ ਤਿੰਨ ਭਾਸ਼ਾਈ ਫਾਰਮੂਲੇ (ਦੇਖੋ-ਪ੍ਰਿਸ਼ਿਸ਼ਟ-ਸ) ਨੂੰ ਰਾਜ ਸਰਕਾਰ ਨੇ ਤੋੜ ਮਰੋੜ ਕੇ ਪੰਜਾਬੀ ਭਾਸ਼ਾ ਨੂੰ ਆਪਣੇ ਰਿਜਨ ਵਿਚ ਬੇਗਾਨੀ ਕਰਨ ਵਿਚ ਕੋਈ ਕਸਰ ਨਹੀਂ ਛੱਡੀ।

ਰਾਜਨੀਤੀਵਾਨਾਂ ਨੇ ਜਿੰਨਾ ਨੁਕਸਾਨ ਪੰਜਾਬੀ ਦਾ ਕੀਤਾ ਹੈ ਸ਼ਾਇਦ ਹੋਰ ਕਿਸੇ ਨੇ ਨਹੀਂ। ਇਸਦਾ ਸਿੱਟਾ ਇਹ ਨਿਕਲਿਆ ਕਿ ਸਿਖਿਆ ਦੇ ਖੇਤਰ ਵਿਚ ਪੰਜਾਬ ਫਾਡੀ ਹੋ ਗਿਆ। ਅੱਜ ਭਾਰਤ ਵਿਚ ਸਿੱਖਿਆ ਦੇ ਖੇਤਰ ਵਿੱਚ ਇਹ 17ਵੇਂ ਨੰਬਰ 'ਤੇ ਪਹੁੰਚ ਚੁੱਕਾ ਹੈ। ਵੱਡੇ ਵੱਡੇ ਉਦਯੋਗਪਤੀ ਅਤੇ ਧਨਾਡ ਸਿਖਿਆ ਦੇ ਖੇਤਰ ਨੂੰ ਕਾਬੂ ਕਰਨ ਅਤੇ ਇਸਨੂੰ ਉਦਯੋਗ ਵਾਂਗ ਮੁਨਾਫੇ ਵਾਲਾ ਧੰਦਾ ਬਨਾਉਣ ਵਿਚ ਬੜੀ ਤੇਜ਼ੀ ਨਾਲ ਲੱਗੇ ਹੋਏ ਹਨ ਅਤੇ ਸਿਖਿਆ ਦੇ ਇਨ੍ਹਾਂ ਅਦਾਰਿਆਂ ਦੇ ਨੇੜੇ ਤੇੜੇ ਵੀ ਪੰਜਾਬੀ ਭਾਸ਼ਾ ਨੂੰ ਫੜਕਨ ਨਹੀਂ ਦਿੱਤਾ ਜਾਂਦਾ ਤੇ ਇੰਜ ਕੇਵਲ ਪੇਂਡੂ ਤੇ ਅਰਧ ਪੇਂਡੂ ਖੇਤਰਾਂ ਦੇ ਗਰੀਬ ਬੱਚਿਆਂ ਦੀ ਸਿਖਿਆ ਦਾ ਮਾਧਿਅਮ ਹੀ ਪੰਜਾਬੀ ਬਣਦੀ ਹੈ।

ਹੁਣ ਜੇਕਰ ਅਸੀਂ 2008 ਦੇ ਸੋਧ ਐਕਟ ਦੀ ਗੱਲ ਕਰੀਏ ਤਾਂ ਇਹ ਬੁਨਿਆਦੀ ਤੌਰ 'ਤੇ 1967 ਵਾਲਾ ਐਕਟ ਹੀ ਹੈ। ਇਹਦੇ ਵਿਚ ਇਕ ਦੋ ਸੋਧਾਂ ਹੀ ਕੀਤੀਆਂ ਗਈਆਂ ਹਨ। ਇਨ੍ਹਾਂ ਨੂੰ ਵਿਚਾਰੀਏ ਤਾਂ :

> ਪਹਿਲੀ ਗੱਲ - ਇਹ ਨਜ਼ਰ ਆਉਂਦੀ ਹੈ ਕਿ ਸਾਰੀਆਂ ਦਿਵਾਨੀ ਤੇ ਫੌਜਦਾਰੀ ਅਦਾਲਤਾਂ ਤੇ ਟ੍ਰਿਬਿਊਨਲਾਂ ਵਿਚ ਪੰਜਾਬੀ ਨੂੰ ਲਾਗੂ ਕਰ ਦਿੱਤਾ ਗਿਆ ਹੈ। ਪਰ ਸੁਆਲ ਇਹ ਪੈਦਾ ਹੁੰਦਾ ਹੈ ਕਿ ਇਨ੍ਹਾਂ ਅਦਾਲਤਾਂ ਨੂੰ ਚਲਾਉਣ ਵਾਲੇ ਜੱਜ, ਵਕੀਲ ਤੇ ਹੋਰ ਕਰਿੰਦੇ ਕਾਨੂੰਨ ਦੀਆਂ ਸਾਰੀਆਂ ਪਰੀਖਿਆਵਾਂ ਅੰਗਰੇਜ਼ੀ ਵਿਚ ਪਾਸ ਕਰਦੇ ਹਨ ਤਾਂ ਉਹ ਕਿਹੜੇ ਤਰੀਕੇ ਨਾਲ ਪੰਜਾਬੀ ਵਿਚ ਕੰਮ ਕਰਨਗੇ। ਉਨ੍ਹਾਂ ਕੋਲ ਕਿੰਨੇ ਕੁ ਕਾਨੂੰਨ ਦੇ ਵਧੀਆ ਅਨੁਵਾਦ ਤੇ ਸ੍ਰੋਤ ਹਨ। ਅਜਿਹੀ ਸਥਿਤੀ ਦਾ ਐਕਟ ਕੋਲ ਕੋਈ ਜੁਆਬ ਨਹੀਂ। ਕਾਨੂੰਨ ਦੇ ਸ੍ਰੋਤ ਅੰਗਰੇਜ਼ੀ ਵਿਚ ਹਨ। ਉਨ੍ਹਾਂ ਨੂੰ ਪੰਜਾਬੀ ਵਿਚ ਉਲਥਾਉਣ ਅਤੇ ਲਾਗੂ ਕਰਨ ਵਿਚ ਸ਼ਾਇਦ ਯੁੱਗ ਬੀਤ ਜਾਣ।
>
> ਦੂਸਰੀ ਗੱਲ - ਸਾਰੇ ਸਕੂਲਾਂ, ਕਾਲਜਾਂ, ਦਫਤਰਾਂ, ਬੋਰਡਾਂ, ਕਾਰਪੋਰੇਸ਼ਨਾਂ ਵਿਚ ਪੰਜਾਬੀ ਨੂੰ ਤੁਰੰਤ ਲਾਗੂ ਕਰ ਦਿੱਤਾ ਗਿਆ। ਏਥੇ ਦੋ ਸੁਆਲ ਉਭਰਦੇ ਹਨ ਪਹਿਲਾ ਇਹ ਕਿ ਪੰਜਾਬੀ ਵਿਚ ਬਹੁਤ ਵੱਡੀ ਗਿਣਤੀ ਵਿਚ ਪ੍ਰਾਈਵੇਟ ਸਕੂਲ ਹਨ ਜਿਹੜੇ ਸਿੱਧੇ ਤੌਰ 'ਤੇ ਕੇਂਦਰੀ ਬੋਰਡ ਨਾਲ ਸੰਬੰਧਿਤ ਹਨ। ਕੀ ਉਹ ਇਸ ਵਿਚ ਸ਼ਾਮਲ ਹੋਣਗੇ? ਕਿਉਂਕਿ ਉਹ ਨਾ ਤਾਂ ਸਰਕਾਰ ਕੋਲੋਂ ਕੋਈ ਸਹਾਇਤਾ ਲੈਂਦੇ ਹਨ ਤੇ ਨਾ ਹੀ ਜ਼ਿਲ੍ਹਾ ਸਿੱਖਿਆ ਅਫਸਰ ਜਾਂ ਕਿਸੇ ਹੋਰ ਅਧਿਕਾਰੀ ਪ੍ਰਤੀ ਜੁਆਬ ਦੇਹ ਹਨ - ਇਸ ਬਾਰੇ ਐਕਟ ਚੁੱਪ ਹੈ, ਇਨ੍ਹਾਂ ਸਕੂਲਾਂ ਨੇ ਇਕਮੁੱਠ ਹੋ ਕੇ ਫੈਸਲਾ ਲਿਆ ਹੈ ਕਿ ਉਹ ਇਸ ਐਕਟ ਦੇ ਘੇਰੇ ਵਿਚ ਨਹੀਂ ਆਉਂਦੇ। ਦੂਸਰਾ ਸੁਆਲ ਇਹ ਹੈ ਕਿ ਪੰਜਾਬ ਵਿਚ ਬਹੁਗਿਣਤੀ ਸਰਕਾਰੀ ਅਤੇ ਪ੍ਰਾਈਵੇਟ ਤਕਨੀਕੀ ਸੰਸਥਾਵਾਂ ਪੰਜਾਬੀ ਨੂੰ ਕਿਵੇਂ ਲਾਗੂ ਕਰਨਗੀਆਂ। ਇਸ ਐਕਟ ਵਿਚ ਇਨ੍ਹਾਂ ਦਾ ਨਾ-ਮਾਤਰ ਵੀ ਜ਼ਿਕਰ ਨਹੀਂ। ਇਨ੍ਹਾਂ ਸੰਸਥਾਵਾਂ ਵਿਚ ਸਾਰਾ ਕਾਰ

ਵਿਹਾਰ ਤੇ ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਹੈ। ਕੀ ਕੇਵਲ ਚਿੱਠੀ ਪੱਤਰ ਕਰਨ ਤੱਕ ਹੀ ਪੰਜਾਬੀ ਨੂੰ ਸੀਮਤ ਕੀਤਾ ਜਾ ਸਕਦਾ ਹੈ? ਫਿਰ ਇਸ ਦੀ ਕੀ ਸਾਰਥਕਤਾ ਰਹਿ ਜਾਂਦੀ ਹੈ। ਜੇਕਰ ਤਕਨੀਕੀ ਸੰਸਥਾਵਾਂ ਵਿਚ ਮਾਧਿਅਮ ਪਰਿਵਰਤਨ ਨਹੀਂ ਹੁੰਦਾ ਤਾਂ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਦਾ ਮੰਤਵ ਹਾਸੋਹੀਣਾ ਬਣ ਜਾਂਦਾ ਹੈ।

ਤੀਜੀ - ਬੜੀ ਅਹਿਮ ਗੱਲ ਹੈ ਕਿ ਇਸ ਵਿਚ ਅਨੁਸ਼ਾਸਨੀ ਕਾਰਵਾਈ ਕਰਨ ਦੀ ਵਿਵਸਥਾ ਕੀਤੀ ਗਈ ਹੈ। ਦਫਤਰਾਂ, ਸਕੂਲਾਂ, ਕਾਲਜਾਂ ਤੇ ਹੋਰ ਸੰਸਥਾਵਾਂ ਵਿਚ ਚੈਕਿੰਗ ਕਰਨ ਲਈ ਰਾਜ ਪੱਧਰੀ ਅਤੇ ਜ਼ਿਲਾ ਪੱਧਰੀ ਕਮੇਟੀਆਂ ਦੇ ਗਠਨ ਕਰਨ ਦੀ ਗੱਲ ਆਖੀ ਗਈ ਹੈ। ਇਸ ਵਿਚ ਵੀ ਸਰਕਾਰ ਤੇ ਰਾਜਨੀਤੀ ਦੇ ਦਖਲ ਦੀ ਪੂਰੀ ਪੂਰੀ ਵਿਵਸਥਾ ਕੀਤੀ ਗਈ ਹੈ।

ਇੰਜ ਜੇਕਰ ਸਜ਼ਾ ਵਾਲੀ ਮਦ ਨੂੰ ਵਿਚਾਰਿਆ ਜਾਵੇ ਤਾਂ ਸਪੱਸ਼ਟ ਹੈ ਕਿ ਲਗਭਗ ਇਕ ਵਰ੍ਹਾ ਬੀਤ ਚਲਿਆ - ਕਿਸੇ ਨੂੰ ਕੋਈ ਪਤਾ ਨਹੀਂ ਕਿ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਜਾਂ ਨਹੀਂ। ਜੇ ਕੀਤਾ ਗਿਆ ਹੈ ਤਾਂ ਇਨ੍ਹਾਂ ਨੇ ਕਿੰਨੀ ਕੁ ਚੈਕਿੰਗ ਕੀਤੀ ਹੈ। ਜੇ ਕੀਤੀ ਹੈ ਤਾਂ ਕਿੰਨਿਆਂ ਨੂੰ ਸਜ਼ਾ ਹੋਈ ਹੈ। ਸਜ਼ਾ ਦੀ ਮਦ ਵੀ ਏਨੀ ਹਾਸੋਹੀਣੀ ਹੈ ਕਿ ਡਾਇਰੈਕਟਰ ਭਾਸ਼ਾ ਵਿਭਾਗ ਵਲੋਂ ਦੋਸ਼ੀ ਅਧਿਕਾਰੀ/ਕਰਮਚਾਰੀ ਦੀ ਰਿਪੋਰਟ ਉਸਦੇ ਅਫਸਰ ਨੂੰ ਭੇਜੀ ਜਾਵੇਗੀ। ਅਫਸਰ ਪੰਜਾਬ ਸਿਵਲ ਸਰਵਿਸਿਜ਼ ਰੂਲ 1970 ਅਧੀਨ ਅਨੁਸ਼ਾਸਨੀ ਕਾਰਵਾਈ ਕਰੇਗਾ ਪਰ ਇਸ ਤੋਂ ਪਹਿਲਾਂ ਦੋਸ਼ੀ ਨੂੰ ਆਪਣਾ ਪੱਖ ਰੱਖਣ ਦੀ ਸਹੂਲਤ ਵੀ ਦਿਤੀ ਗਈ ਹੈ। ਪਰ ਜਿਹੜੇ ਪ੍ਰਾਈਵੇਟ ਸਕੂਲ, ਤਕਨੀਕੀ ਅਦਾਰੇ, ਡੀਮਡ ਯੂਨੀਵਰਸਿਟੀਆਂ ਇਸ ਰੂਲ ਦੇ ਅਧੀਨ ਆਉਂਦੇ ਹੀ ਨਹੀਂ ਉਨ੍ਹਾਂ ਬਾਰੇ ਐਕਟ ਚੁੱਪ ਹੈ। ਉਨ੍ਹਾਂ ਦਾ ਕੀ ਬਣੇਗਾ?

ਇਸ ਤਰ੍ਹਾਂ ਸਪੱਸ਼ਟ ਹੈ ਕਿ ਇਹ ਐਕਟ ਇਕ ਧੋਖਾ ਦੇਣ ਵਾਲਾ ਮਸੌਦਾ ਹੈ। ਸਰਕਾਰ ਤੇ ਉਹਦੀਆਂ ਧਿਰਾਂ ਨੇ ਇਸ ਨੂੰ ਪ੍ਰਚਾਰਨ ਤੇ ਪ੍ਰਸਾਰਨ ਲਈ ਜਿੰਨਾ ਜ਼ੋਰ ਲਾਇਆ ਹੈ ਉਸਦਾ ਵੀ ਸਿਆਸੀ ਮੰਤਵ ਹੈ। ਇਸ ਐਕਟ ਰਾਹੀਂ ਪੰਜਾਬੀ ਨੂੰ ਲਾਗੂ ਕਰਨਾ ਤਾਂ ਦੂਰ ਰਹਿੰਦੀ ਪੰਜਾਬੀ ਨੂੰ ਵੀ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ। ਇਸ ਲਈ ਜ਼ਰੂਰੀ ਤੇ ਅਹਿਮ ਨੁਕਤਾ ਇਹ ਹੈ ਕਿ ਪੰਜਾਬੀ ਦੀ ਕਾਇਮੀ ਲਈ ਇਕ ਆਵਾਮੀ ਲਹਿਰ ਖੜ੍ਹੀ ਕੀਤੀ ਜਾਵੇ। ਇਸ ਦੀ ਤਰੱਕੀ ਲਈ ਸਰੋਤ ਸਾਮੱਗਰੀ ਤਿਆਰ ਕਰਨ ਦੇ ਯਤਨ ਜੰਗੀ ਪੱਧਰ 'ਤੇ ਹੋਣੇ ਚਾਹੀਦੇ ਹਨ। ਸਰੋਤ ਸਾਮਗਰੀ ਤੋਂ ਬਿਨਾਂ ਕੋਈ ਵੀ ਭਾਸ਼ਾ ਉਨਤੀ ਨਹੀਂ ਕਰ ਸਕਦੀ। ਦੁਨੀਆਂ ਦੀਆਂ ਅਨੇਕਾਂ ਛੋਟੀਆਂ ਛੋਟੀਆਂ ਜ਼ਬਾਨਾਂ ਸਾਡੇ ਲਈ ਮਾਡਲ ਬਣ ਸਕਦੀਆਂ ਹਨ ਮਿਸਾਲ ਦੇ ਤੌਰ ਤੇ ਜਾਪਾਨੀ ਭਾਸ਼ਾ ਜਿਸਨੇ ਆਪਣੀ ਤਕਨੀਕੀ ਤਰੱਕੀ ਆਪਣੀ ਭਾਸ਼ਾ ਵਿਚੋਂ ਲੱਭੀ। ਜੇ ਪੰਜਾਬੀ ਨੂੰ ਡਿਜੀਟਲ ਭਾਸ਼ਾ ਬਣਾਉਣ ਲਈ ਹੁਣ ਤੋਂ ਜਤਨ ਨਾ ਕੀਤੇ ਗਏ ਤਾਂ ਨਿਸਚੇ ਹੀ ਪੰਜਾਬੀ ਤਰੱਕੀ ਨਹੀਂ ਕਰ ਸਕੇਗੀ। ਪੰਜਾਬੀ ਦੀ ਭਾਸ਼ਾ ਨੀਤੀ ਲਈ ਇਮਾਨਦਰਾਨਾ ਪਹੁੰਚ ਅਤੀ ਲਾਜ਼ਮੀ ਹੈ।

## ਪ੍ਰਸ਼ਿਸ਼ਟ – ੳ

## ਪੰਜਾਬੀ ਦਾ ਪ੍ਰਚਾਲਣ

(ਨਕਲ ਹੋਮ–ਡਿਪਾਰਟਮੈਂਟ ਸਰਕੁਲਰ ਨੰ. 5, ਤ੍ਰੀਕ 26–4–12 ਜੋ ਪਟਿਆਲਾ ਗਜ਼ਟ ਦੀ ਬੀੜ ਨੰ. 2 ਸੈਂਚੀ ਨੰ. 49, ਪਰ ਪੰਨਾ 1 ਪਰ ਮਿਤੀ 23 ਬੈਸਾਖ ਸੰਨ 1969 ਮੁਤਾਬਕ 4 ਮਈ, 1912 ਨੂੰ ਪ੍ਰਕਾਸ਼ਤ ਹੋਇਆ।)

### ਹੋਮ-ਡਿਪਾਰਟਮੈਂਟ

ਸਰਕੁਲਰ ਨੰ, 5, ਤਾਰੀਕ 26.4.1912

ਵੇਲੇ ਵੇਲੇ ਸਿਰ ਹੁਕਮ ਦਿੱਤਾ ਜਾਂਦਾ ਰਿਹਾ ਹੈ ਕਿ ਗੁਰਮੁਖੀ ਅਖਰ ਪੰਜਾਬੀ ਬੋਲੀ ਸਾਰੇ ਦਫ਼ਤਰਾਂ ਵਿਖੇ ਪ੍ਰਚਲਤ ਕੀਤੀ ਜਾਵੇ, ਹੈਡ ਔਫ ਦੀ ਡਿਪਾਰਟਮੈਂਟਾਂ (ਮਹਿਕਮਿਆਂ ਦੇ ਵੱਡੇ ਅਫ਼ਸਰਾਂ) ਕੋਲੋਂ ਚਾਹਨਾ ਪ੍ਰਗਟ ਕੀਤੀ ਜਾਂਦੀ ਹੈ ਕਿ ਸਾਰੀਆਂ ਫ਼ਾਰਮਾਂ ਗੁਰਮੁਖੀ ਅਖਰਾਂ ਵਿਖੇ ਛਪਵਾਈਆਂ ਜਾਣ ਤੇ ਸਾਰੇ ਨੌਕਰ ਹੋਣ ਵਾਲਿਆਂ ਦੀ ਪ੍ਰੀਛਾ (ਇਮਤਿਹਾਨ) ਕਰ ਲੈਣਾ ਚਾਹੀਦਾ ਹੈ ਕਿ ਕੀ ਉਹ (ਗੁਰਮੁਖੀ) ਲਿਖ ਪੜ੍ਹ ਸਕਦੇ ਹੈਨ? ਜੇਹੜੇ ਗੁਰਮੁਖੀ ਨਹੀਂ ਜਾਣਦੇ ਉਨ੍ਹਾਂ ਨੂੰ ਤਿੰਨ ਮਹੀਨੇ ਦਾ ਵੇਲਾ ਦਿੱਤਾ ਜਾਵੇ ਤੇ ਏਸ ਪਿੱਛੋਂ ਜਦੋਂ ਤੀਕ ਉਹ ਆਪਣੇ ਆਪ ਨੂੰ ਯੋਗ ਨਾ ਬਣਾ ਲੈਣ ਉਦੋਂ ਤੀਕ ਉਹਨਾਂ ਦੀ ਤਲਬ ਰੋਕ ਦਿਤੀ ਜਾਵੇ।

ਜੋਗਿੰਦਰ ਸਿੰਘ,

ਹੋਮ–ਮਨਿਸਟਰ,

ਰਿਆਸਤ ਪਟਿਆਲਾ

ਨਕਲ ਦਫਤਰੀ ਹੁਕਮ ਨੰ. 1128, ਮਿਤੀ, 2.5.1912/12.1.69

ਅਕਾਊਂਟੈਂਟ–ਜਨਰਲ, ਪਟਿਆਲਾ

(ਵੇਖੋ ਹੋਮ–ਮਨਿਸਟਰ ਸਰਕੁਲਰ ਨੰ. 5 ਮਿਤੀ 26.4.1912)

ਵੇਲੇ ਵੇਲੇ ਸਿਰ ਹੁਕਮ ਦਿੱਤਾ ਜਾਂਦਾ ਰਿਹਾ ਹੈ ਕਿ ਗੁਰਮੁਖੀ ਅੱਖਰ ਪੰਜਾਬੀ ਬੋਲੀ ਸਾਰੇ ਦਫਤਰਾਂ ਵਿਖੇ ਪ੍ਰਚਲਤ ਕੀਤੀ ਜਾਵੇ। ਸਾਰੇ ਮੁਲਾਜ਼ਮ ਪਾਲਣਾ ਕਰਨ ਲਈ ਨੋਟ ਕਰ ਲੈਣ।

ਸਾਰੇ ਨੌਕਰ ਹੋਣ ਵਾਲਿਆਂ ਦੀ ਪ੍ਰੀਛਾ (ਇਮਤਿਹਾਨ) ਕਰ ਲੈਣੀ ਚਾਹੀਦੀ ਹੈ ਕਿ ਕੀ ਉਹ ਗੁਰਮੁਖੀ ਲਿਖ ਪੜ੍ਹ ਸਕਦੇ ਹਨ? ਜੇਹੜੇ ਨਹੀਂ ਜਾਣਦੇ ਉਨ੍ਹਾਂ ਨੂੰ ਤਿੰਨ ਮਹੀਨੇ ਦਾ ਵੇਲਾ ਦਿੱਤਾ ਜਾਂਦਾ ਹੈ ਤੇ ਏਸ ਪਿੱਛੋਂ ਜਦੋਂ ਤੀਕ ਉਹ ਆਪਣੇ ਆਪ ਨੂੰ ਯੋਗ ਨਾ ਬਣਾ ਲੈਣ ਉਦੋਂ ਤੀਕ ਉਹਨਾਂ ਦੀ ਤਲਬ ਰੋਕ ਦਿਤੀ ਜਾਵੇ। ਜਿਥੋਂ ਤਕ ਇਸ ਵੇਲੇ ਸੰਭਵ ਹੋਵੇ, ਦਫਤਰੀ ਫਾਰਮਾਂ ਗੁਰਮੁਖੀ ਅਤੇ ਅੰਗਰੇਜ਼ੀ ਵਿਚ ਦੁਭਾਸ਼ੀ ਰੂਪ ਵਿਚ ਛਾਪੀਆਂ ਜਾਣ।

ਅਕਾਊਂਟੈਂਟ-ਜਨਰਲ, ਪਟਿਆਲਾ।

**ਨਕਲ ਸਰਕੂਲਰ ਨੰ. 31, ਤਰੀਕ 26.1.1913**

**ਹੋਮ ਡਿਪਾਰਟਮੈਂਟ**

ਸਾਡੇ ਸਰਕੂਲਰ ਨੰ. 5, ਤ੍ਰੀਕ 26 ਅਪਰੈਲ 1912, ਜਾਰੀ ਹੋਏ 27 ਅਪਰੈਲ 1912, ਦੁਆਰਾ ਰਿਆਸਤ ਦੇ ਸਾਰੇ ਮੁਲਾਜ਼ਮਾਂ ਨੂੰ ਗੁਰਮੁਖੀ ਸਿਖਣ ਲਈ ਹਦਾਇਤ ਕੀਤੀ ਗਈ ਸੀ। ਮਹਿਕਮਿਆਂ ਦੇ ਵੱਡੇ ਹਾਕਮਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਧੀਨ ਮਹਿਕਮਿਆਂ ਦੇ ਸਟਾਫ ਦੀ ਪ੍ਰੀਛਾ ਕਰਨ ਤੇ ਰਿਪੋਟ ਕਰਨ ਕਿ ਕੀ ਕੁਝ ਤਰੱਕੀ ਕੀਤੀ ਗਈ ਹੈ। ਉਨ੍ਹਾਂ ਮੁਲਾਜ਼ਮਾਂ ਦੀ ਵੀ ਰਿਪੋਟ ਪੇਸ਼ ਕਰਨ ਕਿ ਜਿਨ੍ਹਾਂ ਦੱਸੀਆਂ ਹੋਈਆਂ ਹਦਾਇਤਾਂ ਤੇ ਅਮਲ ਨਹੀਂ ਕੀਤਾ ਹੈ। ਸਾਰੇ ਮਹਿਕਮਿਆਂ ਦੇ ਵੱਡੇ ਅਫਸਰਾਂ ਕੋਲੋਂ ਚਾਹਨਾ ਪ੍ਰਗਟ ਕੀਤੀ ਜਾਂਦੀ ਹੈ ਕਿ ਉਹ ਰਿਪੋਟ ਮਹੀਨੇ ਦੇ ਅੰਦਰ ਅੰਦਰ ਘਲ ਦੇਣ, ਤਾਂ ਜੋ ਸ੍ਰੀ 108 ਹਜ਼ੂਰ ਸਾਹਿਬ ਬਹਾਦਰ ਸੀ.ਸੀ.ਆਈ. ਈ.ਜੀ. ਦੀ ਸੇਵਾ ਵਿਖੇ ਪੇਸ਼ ਕੀਤੀ ਜਾਵੇ।

ਹੋਮ ਮਨਿਸਟਰ,

ਰਿਆਸਤ ਪਟਿਆਲਾ।

ਹੋਮ ਡਿਪਾਰਟਮੈਂਟ

ਸਰਕੂਲਰ ਨੰ. 34 ਮਿਤੀ15.3.1913

ਏਸ ਮਹਿਕਮੇ ਨੇ ਸਰਕੂਲਰ ਨੰ. 5, ਤ੍ਰੀਕ 26.4.1912 ਅਨੁਸਾਰ ਸਭ ਹੁਦੇਦਾਰਾਂ ਤੋਂ ਗੁਰਮੁਖੀ ਲਿਖਣ ਤੇ ਪੜ੍ਹਨ ਲਈ ਚਾਹਨਾ ਪ੍ਰਗਟ ਕੀਤੀ ਸੀ ਜਿਸ ਨੂੰ ਹੁਣ ਇਕ ਵਰ੍ਹਾ ਹੋ ਚੁੱਕਾ ਹੈ। ਅਸੀਂ ਸਰਕੂਲਰ ਨੰ. 31, ਤ੍ਰੀਕ 26,1,13 ਅਨੁਸਾਰ ਹਦਾਇਤ ਕੀਤੀ ਸੀ ਕਿ ਦਫਤਰਾਂ ਦੇ ਸਭ ਮੁਲਾਜ਼ਮਾਂ ਦਾ ਇਕ ਮਹੀਨੇ ਦੇ ਅੰਦਰ ਅੰਦਰ ਇਮਤਿਹਾਨ ਲੀਤਾ ਜਾਵੇ। ਸਾਨੂੰ ਪਤਾ ਨਹੀਂ ਹੈ ਕਿ ਕੀ ਨੋਟਿਸ ਲੀਤਾ ਗਿਆ ਹੈ। ਕਿਉਂਕਿ ਹੁਣ ਪੂਰੇ ਵੇਲੇ ਦੀ ਆਗਿਆ ਦਿੱਤੀ ਜਾ ਚੁੱਕੀ ਹੈ ਤੇ ਇਕ ਵਰ੍ਹਾ ਹਰ ਸੂਰਤ ਵਿਚ ਕਾਫੀ ਹੈ। ਹੁਣ ਹੁਕਮ ਦਿੱਤਾ ਜਾਂਦਾ ਹੈ ਕਿ ਦਫਤਰਾਂ ਦੇ ਸਾਰੇ ਮੁਲਾਜ਼ਮਾਂ ਦੀ ਮਹੀਨਾ ਜੇਠ, 1970 ਦੀ ਤਲਬ ਪਾਸ ਨਾ ਕੀਤੀ ਜਾਵੇ ਜਦੋਂ ਤੀਕ ਕਿ ਮਹਿਕਮੇ ਦੇ ਵਡੇ ਅਫਸਰ ਦਾ ਸਰਟੀਫੀਕੇਟ ਬਿੱਲ ਦੇ ਨਾਲ ਨਾ ਟਾਂਕਿਆ ਹੋਇਆ ਹੋਵੇ ਕਿ ਦਫ਼ਤਰ ਦੇ ਸਭ ਮੁਲਾਜ਼ਮ ਗੁਰਮੁਖੀ ਚੰਗੀ ਤਰ੍ਹਾਂ ਲਿਖ ਪੜ੍ਹ ਸਕਦੇ ਹਨ।

ਹੋਮ-ਮਨਿਸਟਰ

ਰਿਆਸਤ ਪਟਿਆਲਾ।

## ਪ੍ਰਿਸ਼ਿਸ਼ਟ-ਅ

## ਰਾਜ-ਭਾਸ਼ਾਵਾਂ ਐਕਟ, 1960

(1960 ਦਾ ਪੰਜਾਬ ਐਕਟ ਨੰ. 28)

(ਮਿਤੀ 25 ਨਵੰਬਰ, 1960 ਨੂੰ ਪੰਜਾਬ ਦੇ ਰਾਜਪਾਲ ਦੀ ਸੰਮਤੀ ਪ੍ਰਾਪਤ ਹੋਈ ਅਤੇ ਪੰਜਾਬ ਸਰਕਾਰ ਗਜ਼ਟ (ਅਸਾਧਾਰਣ) ਵਿਧਾਨਕ, ਜ਼ਮੀਮਾ, ਮਿਤੀ 25 ਨਵੰਬਰ, 1960 ਵਿਚ ਆਮ ਸੂਚਨਾ ਹਿਤ ਪਹਿਲੀ ਵਾਰ ਪ੍ਰਕਾਸ਼ਤ ਹੋਇਆ।)

ਪੰਜਾਬ ਦੀਆਂ ਰਾਜ–ਭਾਸ਼ਾਵਾਂ ਸਬੰਧੀ ਐਲਾਨ ਕਰਨ ਲਈ ਐਕਟ।

ਭਾਰਤ ਗਣਰਾਜ ਦੇ ਗਿਆਰ੍ਹਵੇਂ ਸਾਲ ਵਿਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਨਿਮਨ ਅਨੁਸਾਰ ਕਾਨੂੰਨ ਬਣੇ :

ਸੰਖੇਪ ਨਾਂ, ਵਿਸਤਾਰ ਅਤੇ ਪ੍ਰਾਰੰਭ

1. (1) ਇਸ ਐਕਟ ਨੂੰ ਪੰਜਾਬ ਰਾਜ ਭਾਸ਼ਾਵਾਂ ਐਕਟ, 1960 ਕਿਹਾ ਜਾਵੇਗਾ।

(2) ਇਸ ਦਾ ਵਿਸਤਾਰ ਹਿੰਦੀ ਰੀਜਨ ਅਤੇ ਪੰਜਾਬੀ ਰੀਜਨ ਤੇ ਹੈ।

(3) ਇਹ ਤੁਰੰਤ ਲਾਗੂ ਹੋ ਜਾਵੇਗਾ।

ਪਰਿਭਾਸ਼ਾਵਾਂ

2. ਇਸ ਐਕਟ ਵਿਚ, ਜਦੋਂ ਤਕ ਕਿ ਪ੍ਰਸੰਗ ਵਿਚ ਹੋਰਵੇਂ ਨਾ ਲੋੜੀਂਦਾ ਹੋਵੇ :–

(ੳ) "ਹਿੰਦੀ" ਦਾ ਅਰਥ ਦੇਵਨਾਗਰੀ ਲਿੱਪੀ ਵਿਚ ਹਿੰਦੀ ਹੈ ;

(ਅ) "ਪੰਜਾਬੀ" ਦਾ ਅਰਥ ਗੁਰਮੁਖੀ ਲਿੱਪੀ ਵਿਚ ਪੰਜਾਬੀ ਹੈ ;

(ੲ) "ਰਾਜ ਸਰਕਾਰ" ਦਾ ਅਰਥ ਪੰਜਾਬ ਰਾਜ ਦੀ ਸਰਕਾਰ ਹੈ ;

(ਸ) "ਹਿੰਦੀ ਰੀਜਨ" ਅਤੇ "ਪੰਜਾਬੀ ਰੀਜਨ" ਸ਼ਬਦਾਂ ਦੇ ਅਰਥ ਉਹੋ ਹੀ ਹੋਣਗੇ ਜੋ ਇਨ੍ਹਾਂ ਸ਼ਬਦਾਂ ਨੂੰ ਪੰਜਾਬ ਰੀਜਨਲ ਕਮੇਟੀਆਂ ਦੇ ਹੁਕਮ, 1957 ਵਿਚ ਦਿਤੇ ਗਏ ਹਨ।

ਹਿੰਦੀ ਅਤੇ ਪੰਜਾਬੀ ਰੀਜਨ ਦੀ ਰਾਜ-ਭਾਸ਼ਾ

3. (1) 2 ਅਕਤੂਬਰ, 1960 ਤੋਂ ਇਨ੍ਹਾਂ ਰੀਜਨਾਂ ਵਿਚ ਸਥਿਤ ਜ਼ਿਲ੍ਹਿਆਂ ਜਾਂ ਉਨ੍ਹਾਂ ਦੇ ਭਾਗਾਂ ਵਿਚ, ਅਜਿਹੇ ਮੰਤਵਾਂ ਤੋਂ ਛੁੱਟ ਜਿਹੜੇ ਸੰਵਿਧਾਨ ਦੁਆਰਾ ਖਾਸ ਤੌਰ ਤੇ ਛਡੇ ਗਏ ਹੋਣ ਅਤੇ ਅਜਿਹੇ ਮਾਮਲਿਆਂ ਤੋਂ ਛੁੱਟ, ਜੋ ਸਮੇਂ ਸਮੇਂ ਅਧਿਸੂਚਨਾ ਰਾਹੀਂ ਪੰਜਾਬ ਸਰਕਾਰ ਦੁਆਰਾ ਵਿਸ਼ੇਸ਼ ਤੌਰ ਤੇ ਦੱਸੇ ਜਾਣ, ਸਾਰੇ ਮੰਤਵਾਂ ਲਈ ਹਿੰਦੀ ਰੀਜਨ ਵਿਚ ਹਿੰਦੀ ਅਤੇ ਪੰਜਾਬੀ ਰੀਜਨ ਵਿਚ ਪੰਜਾਬੀ, ਰਾਜ ਭਾਸ਼ਾ ਹੋਵੇਗੀ।

(2) ਜ਼ਿਲ੍ਹਿਆ ਜਾਂ ਉਨ੍ਹਾਂ ਦੇ ਭਾਗਾਂ ਵੱਲੋਂ ਕਮਿਸ਼ਨਰਾਂ, ਵਿਭਾਗਾਂ ਦੇ ਮੁੱਖ–ਅਧਿਕਾਰੀਆਂ ਅਤੇ ਰਾਜ ਸਰਕਾਰ ਨਾਲ ਚਿੱਠੀ–ਪੱਤਰ ਕਰਨ ਦੇ ਮੰਤਵ ਲਈ 2 ਅਕਤੂਬਰ, 1962 ਤਕ ਰਾਜ ਭਾਸ਼ਾ ਦੀ ਵਰਤੋਂ ਕੀਤੀ ਜਾ ਸਕੇਗੀ ਅਤੇ ਇਸੇ ਤਰ੍ਹਾਂ ਇਸ ਮਿਤੀ ਤੋਂ ਪਿੱਛੋਂ ਵੀ ਇਸ ਦੀ ਵਰਤੋਂ ਕੀਤੀ ਜਾਵੇਗੀ।

ਛੋਟਾਂ

4. ਧਾਰਾ 3 ਵਿਚ ਦਰਜ ਕੁਝ ਵੀ—

(ੳ) 28 ਸਤੰਬਰ, 1960 ਤੋਂ ਤੁਰੰਤ ਪਹਿਲਾਂ ਅੰਗਰੇਜ਼ੀ ਦੀ ਰਾਜ-ਭਾਸ਼ਾ ਦੇ ਤੌਰ ਤੇ ਵਰਤੋਂ ਕਰ ਰਹੇ ਸਰਕਾਰੀ ਕਰਮਚਾਰੀ ਦੁਆਰਾ 2 ਅਕਤੂਬਰ, 1962 ਤੱਕ ਅੰਗਰੇਜ਼ੀ ਵਿਚ ਕੰਮ ਕੀਤੇ ਜਾਣ ਤੇ ਲਾਗੂ ਨਹੀਂ ਹੋਵੇਗਾ; ਜਾਂ

(ਅ) 28 ਸਤੰਬਰ, 1960 ਤੋਂ ਤੁਰੰਤ ਪਹਿਲਾਂ ਰਾਜ ਭਾਸ਼ਾ ਨਾ ਜਾਣਨ ਵਾਲੇ ਸਰਕਾਰੀ ਕਰਮਚਾਰੀ ਦੁਆਰਾ 2 ਅਕਤੂਬਰ, 1962 ਤੱਕ ਉਰਦੂ ਦੀ ਵਰਤੋਂ ਕੀਤੇ ਜਾਣ ਤੇ ਲਾਗੂ ਨਹੀਂ ਹੋਵੇਗਾ ; ਜਾਂ

(ੲ) ਪੰਜਾਬ ਹਾਈਕੋਰਟ ਦੇ ਅਧੀਨ ਜਾਂ ਉਸ ਦੇ ਅਧਿਕਾਰ ਖੇਤਰ ਵਿਚਲੀਆਂ ਅਦਾਲਤਾਂ ਵਿਚ ਪ੍ਰਚਲਤ ਭਾਸ਼ਾ ਦੀ ਵਰਤੋਂ ਕਰਨ ਤੇ ਲਾਗੂ ਨਹੀਂ ਹੋਵੇਗਾ।

ਨਿਯਮ ਬਣਾਉਣ ਸੰਬੰਧੀ ਅਧਿਕਾਰ

5. (1) ਰਾਜ ਸਰਕਾਰ ਇਸ ਐਕਟ ਦੇ ਮੰਤਵਾਂ ਦੀ ਪੂਰਤੀ ਲਈ ਅਧਿਸੂਚਨਾ ਦੁਆਰਾ ਨਿਯਮ ਬਣਾ ਸਕਦੀ ਹੈ।

(2) ਇਸ ਧਾਰਾ ਅਧੀਨ ਬਣਾਇਆ ਹਰੇਕ ਨਿਯਮ, ਉਸ ਦੇ ਬਣਾਉਣ ਪਿੱਛੋਂ ਜਿੰਨੀ ਜਲਦੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਹਰੇਕ ਸਦਨ ਦੇ ਸਾਹਮਣੇ, ਜਦੋਂ ਕਿ ਇਸ ਦਾ ਇਜਲਾਸ ਦਸਾਂ ਦਿਨਾਂ ਦੇ ਸਮੇਂ ਲਈ, ਇਹ ਦਿਨ ਇਕ ਇਜਲਾਸ ਜਾਂ ਦੋ ਮਤਵਾਤਰ ਇਜਲਾਸਾਂ ਦੇ ਹੋ ਸਕਦੇ ਹਨ, ਚਲ ਰਿਹਾ ਹੋਵੇ, ਪੇਸ਼ ਕੀਤਾ ਜਾਵੇਗਾ ਅਤੇ ਜੇਕਰ ਅਜਿਹੇ ਇਜਲਾਸ, ਜਿਸ ਵਿਚ ਕਿ ਇਹ ਇਸ ਪਰਕਾਰ ਪੇਸ਼ ਕੀਤਾ ਜਾਵੇ, ਜਾਂ ਉਸ ਪਿੱਛੋਂ ਤੁਰੰਤ ਆਉਂਦੇ ਇਜਲਾਸ ਦੀ ਸਮਾਪਤੀ ਤੋਂ ਪਹਿਲਾਂ ਦੋਵੇਂ ਸਦਨ ਨਿਯਮ ਵਿਚ ਕੋਈ ਸੋਧ ਕਰਨ ਲਈ ਸਹਿਮਤ ਹੋਣ ਜਾਂ ਦੋਵੇਂ ਸਦਨ ਨਿਯਮ ਨਾ ਬਨਾਉਣ ਬਾਰੇ ਸਹਿਮਤ ਹੋਣ ਤਾਂ ਉਸ ਤੋਂ ਪਿੱਛੋਂ ਨਿਯਮ, ਜਿਹੀ ਕਿ ਸੂਰਤ ਹੋਵੇ, ਅਜਿਹੇ ਸੋਧੇ ਰੂਪ ਵਿਚ ਲਾਗੂ ਹੋਵੇਗਾ ਜਾਂ ਬਿਲਕੁਲ ਹੀ ਲਾਗੂ ਨਹੀਂ ਹੋਵੇਗਾ। ਪਰ ਫਿਰ ਵੀ ਕੋਈ ਅਜਿਹੀ ਸੋਧ ਜਾਂ ਮਨਸੂਖੀ ਉਸ ਨਿਯਮ ਅਧੀਨ ਕੀਤੀ ਜਾ ਚੁਕੀ ਕਿਸੇ ਕਾਰਵਾਈ ਦੇ ਜਾਇਜ਼ ਹੋਣ ਤੇ ਪ੍ਰਤਿਕੂਲ ਪ੍ਰਭਾਵ ਨਹੀਂ ਪਾਏਗੀ।

ਮਨਸੂਖੀ

6. (1) ਪੰਜਾਬ ਰਾਜ-ਭਾਸ਼ਾਵਾਂ ਆਰਡੀਨੈਂਸ, 1960 (1960 ਦਾ ਪੰਜਾਬ ਆਰਡੀਨੈਂਸ ਨੰ. 4) ਨੂੰ ਇਸ ਦੁਆਰਾ ਮਨਸੂਖ ਕੀਤਾ ਜਾਂਦਾ ਹੈ।

(2) ਅਜਿਹੀ ਮਨਸੂਖੀ ਦੇ ਬਾਵਜੂਦ ਪੰਜਾਬ ਰਾਜ-ਭਾਸ਼ਾਵਾਂ ਆਰਡੀਨੈਂਸ, 1960 ਅਧੀਨ ਕੀਤਾ ਗਿਆ ਕੋਈ ਕੰਮ ਜਾਂ ਕੀਤੀ ਗਈ ਕੋਈ ਕਾਰਵਾਈ ਇਸ ਐਕਟ ਅਧੀਨ ਕੀਤੀ ਗਈ ਸਮਝੀ ਜਾਵੇਗੀ ਜਿਵੇਂ ਕਿ ਇਹ ਐਕਟ 28 ਸਤੰਬਰ 1960 ਤੋਂ ਲਾਗੂ ਹੋਇਆ ਹੋਵੇ।

## ਪ੍ਰਿਸ਼ਿਸ਼ਟ - ੲ

### ਪੰਜਾਬ ਰਾਜ-ਭਾਸ਼ਾ ਐਕਟ 1967

ਪੰਜਾਬ ਰਾਜ ਵਿਚ ਸਾਰੇ ਜਾਂ ਉਨ੍ਹਾਂ ਵਿਚੋਂ ਕੁਝ ਕੁ ਸਰਕਾਰੀ ਕਾਰਜਾਂ ਲਈ ਵਰਤੀ ਜਾਣ ਵਾਲੀ ਭਾਸ਼ਾ ਦੇ ਤੌਰ ਤੇ ਪੰਜਾਬੀ ਨੂੰ ਅਪਨਾਉਣ ਵਾਸਤੇ ਉਪਬੰਧ ਕਰਨ ਲਈ ਐਕਟ।

ਭਾਰਤ ਗਣਰਾਜ ਦੇ ਅਠਾਰ੍ਹਵੇਂ ਸਾਲ ਵਿਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਨਿਮਨ ਅਨੁਸਾਰ ਕਾਨੂੰਨ ਬਣੇ :—

ਸੰਖੇਪ ਨਾਂ, ਵਿਸਤਾਰ ਅਤੇ ਪ੍ਰਾਰੰਭ

1. (1) ਇਸ ਐਕਟ ਨੂੰ ਪੰਜਾਬ ਰਾਜ-ਭਾਸ਼ਾ ਐਕਟ, 1967 ਕਿਹਾ ਜਾਵੇਗਾ।

   (2) ਇਸ ਦਾ ਵਿਸਤਾਰ ਸਾਰੇ ਪੰਜਾਬ ਰਾਜ ਤੇ ਹੈ।

   (3) ਇਹ ਤੁਰੰਤ ਲਾਗੂ ਹੋ ਜਾਵੇਗਾ।

ਪਰਿਭਾਸ਼ਾਵਾਂ

2. ਇਸ ਐਕਟ ਵਿਚ ਜਦੋਂ ਤਕ ਕਿ ਪ੍ਰਸੰਗ ਵਿਚ ਹੋਰਵੇਂ ਲੋੜੀਂਦਾ ਨਾ ਹੋਵੇ :

   (ੳ)"ਪੰਜਾਬੀ" ਦਾ ਅਰਥ ਗੁਰਮੁਖੀ ਲਿੱਪੀ ਵਿਚ ਪੰਜਾਬੀ ਹੈ ;

   (ਅ)"ਰਾਜ ਸਰਕਾਰ" ਦਾ ਅਰਥ ਪੰਜਾਬ ਰਾਜ ਦੀ ਸਰਕਾਰ ਹੈ।

ਪੰਜਾਬੀ ਰਾਜ ਦੀ ਰਾਜ-ਭਾਸ਼ਾ ਹੋਵੇਗੀ

3. ਪੰਜਾਬੀ ਰਾਜ ਦੀ ਰਾਜ-ਭਾਸ਼ਾ ਹੋਵੇਗੀ

ਅਜਿਹੇ ਸਤਕਾਰੀ ਕਾਰਜਾਂ ਨੂੰ ਅਧਿਸੂਚਿਤ ਕਰਨ ਲਈ ਸਰਕਾਰ ਦੇ ਇਖ਼ਤਿਆਰ, ਜਿਨ੍ਹਾਂ ਲਈ ਕਿ ਪੰਜਾਬੀ ਦੀ ਵਰਤੋਂ ਕੀਤੀ ਜਾਵੇਗੀ।

4. ਰਾਜ ਸਰਕਾਰ ਸਮੇਂ ਸਮੇਂ, ਅਧਿਸੂਚਨਾ ਦੁਆਰਾ ਇਹ ਹਦਾਇਤ ਕਰ ਸਕੇਗੀ, ਕਿ ਰਾਜ ਦੇ ਅਜਿਹੇ ਰਾਜ-ਕਾਰਜਾਂ ਲਈ ਅਤੇ ਅਜਿਹੀ ਮਿਤੀ ਤੋਂ ਪੰਜਾਬੀ ਦੀ ਵਰਤੋਂ ਕੀਤੀ ਜਾਵੇਗੀ ਜਿਵੇਂ ਕਿ ਅਧਿਸੂਚਨਾ ਦੁਆਰਾ ਦੱਸਿਆ ਜਾਵੇ।

ਬਿੱਲਾਂ ਆਦਿ ਵਿੱਚ ਵਰਤੀ ਜਾਣ ਵਾਲੀ ਭਾਸ਼ਾ

5. ਅਜਿਹੀ ਮਿਤੀ ਨੂੰ ਅਤੇ ਤੋਂ, ਜਿਵੇਂ ਕਿ ਰਾਜ ਸਰਕਾਰ, ਅਧਿਸੂਚਨਾ ਦੁਆਰਾ ਇਸ ਸਬੰਧ ਵਿਚ ਦੱਸੇ :—

(ੳ) ਰਾਜ ਵਿਧਾਨ-ਮੰਡਲ ਦੇ ਦੋਹਾਂ ਸਦਨਾਂ ਵਿਚੋਂ ਕਿਸੇ ਵਿਚ ਪੇਸ਼ ਕੀਤੇ ਜਾਣ ਵਾਲੇ ਸਾਰੇ ਬਿੱਲਾਂ, ਜਾਂ ਉਨ੍ਹਾਂ ਵਿਚ ਕੀਤੀਆਂ ਜਾਣ ਵਾਲੀਆਂ ਤਰਮੀਮਾਂ ਵਿਚ;

(ਅ) ਰਾਜ ਵਿਧਾਨ ਮੰਡਲ ਦੁਆਰਾ ਪਾਸ ਕੀਤੇ ਗਏ ਸਾਰੇ ਐਕਟਾਂ ਵਿਚ ;

(ੲ) ਸੰਵਿਧਾਨ ਦੇ ਅਨੁਛੇਦ 213 ਅਧੀਨ ਰਾਜਪਾਲ ਦੁਆਰਾ ਜਾਰੀ ਕੀਤੇ ਗਏ ਸਾਰੇ ਆਰਡੀਨੈਂਸਾਂ ਵਿਚ ;

(ਸ) ਸੰਵਿਧਾਨ ਅਧੀਨ ਜਾਂ ਸੰਸਦ ਜਾਂ ਰਾਜ ਦੇ ਵਿਧਾਨ-ਮੰਡਲ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਅਧੀਨ ਰਾਜ ਸਰਕਾਰ ਦੁਆਰਾ ਜਾਰੀ

ਕੀਤੇ ਗਏ ਸਾਰੇ ਹੁਕਮਾਂ, ਨਿਯਮਾਂ, ਵਿਨਿਯਮਾਂ ਅਤੇ ਉਪ-ਨਿਯਮਾਂ ਵਿਚ, ਵਰਤੀ ਜਾਣ ਵਾਲੀ ਭਾਸ਼ਾ ਪੰਜਾਬੀ ਹੋਵੇਗੀ।

ਪਰੰਤੂ ਰਾਜ ਸਰਕਾਰ, ਉਪਰੋਕਤ (ੳ) ਤੋਂ (ਸ) ਤਕ ਦੇ ਖੰਡਾਂ ਵਿਚ ਦੱਸੇ ਕਿਸੇ ਵੀ ਮੰਤਵ ਦੇ ਸਬੰਧ ਵਿਚ ਵੱਖ ਵੱਖ ਮਿਤੀਆਂ ਮੁਕਰਰ ਕਰ ਸਕੇਗੀ।

ਰਾਜ-ਵਿਧਾਨ-ਮੰਡਲ ਵਿਚ ਅੰਗ੍ਰੇਜ਼ੀ ਭਾਸ਼ਾ ਦੀ ਵਰਤੋਂ ਨੂੰ ਜਾਰੀ ਰੱਖਣਾ।

6. ਜਦੋਂ ਤਕ ਕਿ ਰਾਜ ਸਰਕਾਰ, ਧਾਰਾ 4 ਅਧੀਨ ਅਧਿਸੂਚਨਾ ਦੁਆਰਾ ਹੋਰਵੇਂ ਹਦਾਇਤ ਨਾ ਕਰੇ, ਰਾਜ ਦੇ ਵਿਧਾਨ ਮੰਡਲ ਦੇ ਕੰਮਕਾਜ ਨੂੰ ਨਜਿੱਠਣ ਲਈ ਰਾਜ ਦੀ ਰਾਜ ਭਾਸ਼ਾ ਜਾਂ ਹਿੰਦੀ ਤੋਂ ਇਲਾਵਾ ਅੰਗਰੇਜ਼ੀ ਦੀ ਵਰਤੋਂ ਜਾਰੀ ਰੱਖੀ ਜਾ ਸਕੇਗੀ।

ਰਾਜ ਵਿਚ ਵਰਤੀਆਂ ਜਾਂਦੀਆਂ ਭਾਸ਼ਾਵਾਂ ਵਿਚੋਂ ਕਿਸੇ ਵੀ ਭਾਸ਼ਾ ਵਿਚ ਪ੍ਰਤਿ-ਬੇਨਤੀ ਸਬੰਧੀ ਵਿਅਕਤੀ ਦਾ ਅਧਿਕਾਰ।

7. ਇਸ ਐਕਟ ਵਿਚਲੀ ਕੋਈ ਗੱਲ, ਕਿਸੇ ਵਿਅਕਤੀ ਨੂੰ ਕਿਸੇ ਸ਼ਿਕਾਇਤ ਦੀ ਨਵਿਰਤੀ ਲਈ, ਰਾਜ ਦੇ ਕਿਸੇ ਅਫਸਰ ਜਾਂ ਪ੍ਰਾਧਿਕਾਰੀ ਨੂੰ ਰਾਜ ਵਿਚ ਵਰਤੀਆਂ ਜਾਂਦੀਆਂ ਭਾਸ਼ਾਵਾਂ ਵਿਚੋਂ ਕਿਸੇ ਭਾਸ਼ਾ ਵਿਚ, ਜਿਨ੍ਹਾਂ ਵਿਚ ਹਿੰਦੀ ਵੀ ਸ਼ਾਮਲ ਹੈ ਪ੍ਰਤਿ-ਬੇਨਤੀ ਦੇਣ ਤੋਂ ਵਰਜਿਤ ਕਰਦੀ ਨਹੀਂ ਸਮਝੀ ਜਾਵੇਗੀ।

ਹਿੰਦੀ ਭਾਸ਼ਾ ਦਾ ਵਿਕਾਸ

8. ਇਸ ਐਕਟ ਦੇ ਉਪਬੰਧਾਂ ਤੇ ਪ੍ਰਤਿਕੂਲ ਪ੍ਰਭਾਵ ਪਾਏ ਬਿਨਾਂ ਰਾਜ ਸਰਕਾਰ, ਰਾਜ ਵਿਚ ਹਿੰਦੀ ਭਾਸ਼ਾ ਦੇ ਵਿਕਾਸ ਲਈ ਮੁਨਾਸਬ ਕਦਮ ਉਠਾਏਗੀ।

1960 ਦੇ ਪੰਜਾਬ ਐਕਟ ਨੰ. 28 ਦੀ ਮਨਸੂਖੀ।

9. ਪੰਜਾਬ ਰਾਜ ਭਾਸ਼ਾਵਾਂ ਐਕਟ, 1960 ਨੂੰ ਇਸ ਦੁਆਰਾ ਮਨਸੂਖ ਕੀਤਾ ਜਾਂਦਾ ਹੈ

## ਪ੍ਰਿਸ਼ਿਸ਼ਟ-ਸ
## ਤਿੰਨ ਭਾਸ਼ਾਈ ਫਾਰਮੂਲਾ *

| ਪੱਧਰ | ਮੁੱਢਲਾ ਪੱਧਰ (ਪ੍ਰਾਇਮਰੀ) | ਉੱਚ ਮੁੱਢਲਾ ਪੱਧਰ (ਮਿਡਲ) | ਨਿਮਨ ਮੁੱਢਲਾ ਪੱਧਰ (ਹਾਈ) | ਉੱਚ ਮੁੱਢਲਾ ਪੱਧਰ (ਹਾਇਰ ਸੈਕੰਡਰੀ) |
|---|---|---|---|---|
| ਉਮਰ | 6, 7, 8, 9 | 10, 11, 12 | 13, 14, 15 | 16, 17 |
| ਜਮਾਤ | I, II, III, IV<br>ਇਕ | V, VI, VII<br>ਦੋ | VIII, IX. X<br>ਤਿੰਨ | XI, XII<br>ਦੋ |
| ਭਾਸ਼ਾ ਸੰਖਿਆ | ਮਾਤ ਭਾਸ਼ਾ ਅਥਵਾ ਰਾਜ ਭਾਸ਼ਾ | 1. ਮਾਤਭਾਸ਼ਾ ਅਥਵਾ<br>2. ਰਾਜਭਾਸ਼ਾ ਅਥਵਾ ਸਹਿਰਾਜ ਭਾਸ਼ਾ | 1. ਮਾਤਭਾਸ਼ਾ ਅਥਵਾ ਪ੍ਰਾਂਤਕ ਭਾਸ਼ਾ<br>2. ਰਾਜ ਭਾਸ਼ਾ ਜਾਂ ਸਹਿਰਾਜ ਭਾਸ਼ਾ<br>3. ਇਕ ਅਤੇ ਦੋ ਵਿੱਚ ਜਿਹੜੀ ਭਾਸ਼ਾ ਸ਼ਾਮਲ ਨਹੀਂ | ਪਹਿਲਾਂ ਪੜ੍ਹੀਆਂ ਗਈਆਂ ਭਾਸ਼ਾਵਾਂ ਵਿਚੋਂ ਕੋਈ ਦੋ ਜਾਂ ਹੇਠ ਲਿਖੀਆਂ ਵਿੱਚੋਂ ਕੋਈ ਦੋ :<br>1. ਆਧੁਨਿਕ ਭਾਰਤੀ ਭਾਸ਼ਾ<br>2. ਇਕ ਜਾਂ ਵਧੇਰੇ ਭਾਰਤੀ ਅਥਵਾ ਵਿਦੇਸ਼ੀ ਕਲਾਸਿਕ ਭਾਸ਼ਾਵਾਂ<br>3. ਆਧੁਨਿਕ ਵਿਦੇਸ਼ੀ ਭਾਸ਼ਾ |
| ਬਦਲ :<br>ੳ. ਭਾਸ਼ਾ ਸੰਖਿਆ | ਕੋਈ ਨਹੀਂ | ਇਕ | ਇਕ ਜਾਂ ਵਧੇਰੇ | ਇਕ ਜਾਂ ਵਧੇਰੇ |
| ਅ.ਪ੍ਰਕਾਰ | ਕੋਈ ਨਹੀਂ | ਸੰਘ ਦੀ ਰਾਜ ਭਾਸ਼ਾ ਜਾਂ ਸਹਿ-ਭਾਸ਼ਾ ਜੋ ਵੀ ਲਾਜ਼ਮੀ ਭਾਸ਼ਾ ਦੇ ਰੂਪ ਵਿੱਚ ਨਾ ਹੋਵੇ | ਆਧੁਨਿਕ ਭਾਰਤੀ ਭਾਸ਼ਾਵਾਂ | ਆਧੁਨਿਕ ਭਾਰਤੀ ਭਾਸ਼ਾਵਾਂ |
| ਹਿੰਦੀ ਤੇ ਅੰਗਰੇਜ਼ੀ ਦੇ ਸਥਾਨ 'ਤੇ ਬਦਲਵੀਆਂ ਭਾਸ਼ਾਵਾਂ | ਕੋਈ ਨਹੀਂ | | 1. ਆਧੁਨਿਕ ਵਿਦੇਸ਼ੀ ਭਾਸ਼ਾ<br>2. ਹਿੰਦੀ ਤੇ ਅੰਗਰੇਜ਼ੀ ਤੋਂ ਇਲਾਵਾ ਆਧੁਨਿਕ ਭਾਰਤੀ ਭਾਸ਼ਾਵਾਂ | |

* ਸਿੱਖਿਆ ਕਮਿਸ਼ਨ ਦੁਆਰਾ ਪੇਸ਼ ਕੀਤਾ ਗਿਆ।

## ਪ੍ਰਸ਼ਿਸ਼ਟ- ਹ

## ਪੰਜਾਬ ਰਾਜ ਭਾਸ਼ਾ (ਬੋਧ) ਬਿਲ-2008

### ਪੰਜਾਬ ਰਾਜ ਭਾਸ਼ਾ ਐਕਟ 1967 ਵਿਚ ਕੀਤੀ ਗਈ ਸੋਧ ਅਨੁਸਾਰ :

(*i*) 1. ਇਸ ਐਕਟ ਨੂੰ ਪੰਜਾਬ ਰਾਜ ਭਾਸ਼ਾ(ਸੋਧ)ਐਕਟ 2008 ਕਿਹਾ ਜਾਵੇਗਾ।

2. ਇਹ ਤੁਰੰਤ ਲਾਗੂ ਸਮਝਿਆ ਜਾਵੇਗਾ ਸਿਵਾਏ ਧਾਰਾਂ 3-A ਵਿਚਲੀਆਂ ਮਦਾਂ ਦੇ ਜਿਨ੍ਹਾਂ ਨੂੰ ਇਸਦੇ ਲਾਗੂ ਹੋਣ ਤੋਂ 6 ਮਹੀਨੇ ਦਾ ਸਮਾਂ ਦਿੱਤਾ ਗਿਆ ਹੈ।

(*ii*) ਪੰਜਾਬ ਰਾਜ ਭਾਸ਼ਾ ਐਕਟ 1967 (ਜਿਸਨੂੰ ਬੁਨਿਆਦੀ ਐਕਟ ਮੰਨਿਆ ਗਿਆ ਹੈ) ਦੀ ਧਾਰਾ 3 ਵਿਚ ਹੇਠ ਲਿਖੀਆਂ ਸੋਧਾਂ ਸ਼ਾਮਲ ਕੀਤੀਆਂ ਗਈਆਂ ਹਨ :

ਨਵੀਆਂ ਜੋੜੀਆਂ ਗਈਆਂ ਧਾਰਾਵਾਂ ਵਿਚ 3-A ਅਤੇ 3-B ਸ਼ਾਮਲ ਹਨ (ਐਕਟ ਨੰ.5, 1967)

3-A (*i*) ਸਾਰੀਆਂ ਦਿਵਾਨੀ ਅਤੇ ਫੌਜਦਾਰੀ ਅਦਾਲਤਾਂ, ਜੋ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਅਧੀਨ ਆਉਂਦੀਆਂ ਹਨ ਅਤੇ ਸਾਰੇ ਟ੍ਰਿਬਿਊਨਲ ਅਤੇ ਹੋਰ ਅਦਾਲਤਾਂ ਅਤੇ ਟ੍ਰਿਬਿਊਨਲ ਜੋ ਕਿ ਰਾਜ ਸਰਕਾਰ ਦੁਆਰਾ ਬਣਾਏ ਜਾਂਦੇ ਹਨ, ਇਨ੍ਹਾਂ ਸਾਰਿਆਂ ਵਿਚ ਪੰਜਾਬੀ ਵਰਤੀ ਜਾਏਗੀ।

**ਸਪਸ਼ਟੀਕਰਨ** : ਦਿਵਾਨੀ ਤੇ ਫੌਜਦਾਰੀ ਅਦਾਲਤਾਂ ਦਾ ਅਰਥ ਉਹੀ ਹੋਵੇਗਾ ਜੋ ਕਿ ਸਿਵਲ ਪ੍ਰੋਸੀਜ਼ਰ ਕੋਡ-1908 ਅਤੇ ਕਰਿਮੀਨਲ ਪ੍ਰੋਸੀਜ਼ਰ ਕੋਡ - 1973 ਵਿਚ ਦਰਜ ਹੈ।

(*ii*) ਰਾਜ ਸਰਕਾਰ ਦੇ ਸਾਰੇ ਪ੍ਰਬੰਧਕੀ ਅਦਾਰੇ ਆਪਣੇ ਅਧੀਨ ਸੰਬੰਧਿਤ ਕਰਮਚਾਰੀਆਂ ਦੀ ਟਰੇਨਿੰਗ ਲਈ ਬੁਨਿਆਦੀ ਢਾਂਚੇ ਮੁਹੱਈਆ ਕਰਾਉਣਗੇ ਤਾਂ ਕਿ ਸਾਰੀਆਂ ਅਦਾਲਤਾਂ ਅਤੇ ਟ੍ਰਿਬਿਊਨਲ ਇਸ ਸੋਧ ਬਿਲ 2008 ਦੇ ਲਾਗੂ ਹੋਣ ਦੇ ਛੇ ਮਹੀਨਿਆਂ ਦੇ ਅੰਦਰ ਅੰਦਰ ਪੰਜਾਬੀ ਵਿਚ ਕੰਮ ਕਾਜ ਕਰਨ ਦੇ ਸਮਰੱਥ ਹੋ ਸਕਣ।

3-B : ਰਾਜ ਸਰਕਾਰ ਦੇ ਸਾਰੇ ਦਫਤਰ, ਪਬਲਿਕ ਅਦਾਰੇ, ਬੋਰਡਾਂ, ਸਥਾਨਕ ਸਰਕਾਰਾਂ, ਸਕੂਲਾਂ, ਕਾਲਜਾਂ ਅਤੇ ਰਾਜ ਦੀਆਂ ਯੂਨੀਵਰਸਿਟੀਆਂ ਲਈ ਸਰਕਾਰੀ ਪੱਤਰ ਵਿਹਾਰ ਪੰਜਾਬੀ ਵਿਚ ਕਰਨਾ ਲਾਜ਼ਮੀ ਹੋਵੇਗਾ।

(*iii*) ਬੁਨਿਆਦੀ ਐਕਟ ਵਿਚ ਸ਼ਾਮਲ ਧਾਰਾ-8 ਵਿਚ ਹੇਠ ਲਿਖੀਆਂ ਸੋਧਾਂ ਕੀਤੀਆਂ ਗਈਆਂ ਹਨ :

ਐਕਟ ਨੰ. 5, 1967 ਵਿੱਚ ਸ਼ਾਮਲ ਕੀਤੀਆਂ ਗਈਆਂ ਨਵੀਆਂ ਧਾਰਾਵਾਂ, 8-B, 8-C ਅਤੇ 8-D

ਡਾਇਰੈਕਟਰ ਭਾਸ਼ਾ ਵਿਭਾਗ ਜਾਂ ਉਸ ਵਲੋਂ ਨਿਯਤ ਕੀਤੇ ਗਏ ਅਫਸਰ ਉਪਰੋਕਤ ਸਾਰੀਆਂ ਸੰਸਥਾਵਾਂ ਵਿਚ ਜਾਕੇ ਕੰਮ ਕਾਜ ਦੇ ਰਿਕਾਰਡ ਚੈਕ ਕਰ ਸਕਣਗੇ ਅਤੇ ਧਾਰਾ 3 ਅਤੇ 3-B ਵਿਚ ਕੀਤੇ ਗਏ ਪ੍ਰਾਵਧਾਨ ਅਨੁਸਾਰ ਸੰਬੰਧਤ ਰਿਕਾਰਡ ਨੂੰ ਐਕਟ ਦੀ ਉਲੰਘਣਾ

ਦੀ ਸੂਰਤ ਵਿਚ ਕਬਜ਼ੇ ਵਿਚ ਲੈ ਸਕਦੇ ਹਨ।

ਰਾਜ ਪੱਧਰੀ ਉਚ ਤਾਕਤੀ ਕਮੇਟੀ ਦਾ ਗਠਨ

8-B

(*i*) ਰਾਜ ਪੱਧਰੀ ਉਚ ਤਾਕਤੀ ਕਮੇਟੀ ਦਾ ਗਠਨ ਕੀਤਾ ਜਾਵੇਗਾ।

(*ii*) ਇਸ ਰਾਜ ਪੱਧਰੀ ਉਹ ਤਾਕਤੀ ਕਮੇਟੀ ਵਿਚ ਹੇਠ ਲਿਖੇ ਵਿਅਕਤੀ ਸ਼ਾਮਲ ਹੋਣਗੇ :

| | |
|---|---|
| ੳ. ਸਿਖਿਆ ਮੰਤਰੀ ਪੰਜਾਬ – | ਚੇਅਰਪਰਸਨ |
| ਅ. ਮੁਖ ਮੰਤਰੀ ਦਾ ਮੀਡੀਆ ਅਡਵਾਈਜ਼ਰ ਜਾਂ ਉਸ ਵਲੋਂ ਨਾਮਜ਼ਦ ਵਿਅਕਤੀ | ਮੈਂਬਰ |
| ੲ. ਕਾਨੂੰਨੀ ਮਾਹਰ ਅਤੇ ਸਕੱਤਰ ਪੰਜਾਬ ਸਰਕਾਰ | ” |
| ਸ. ਸਾਹਿਤ ਅਕਾਦਮੀ ਲੁਧਿਆਣਾ ਦਾ ਪ੍ਰਧਾਨ | ” |
| ਹ. ਪੱਤਰਕਾਰੀ ਨਾਲ ਸੰਬੰਧਤ ਦੋ ਵਿਅਕਤੀ ਜਿਨ੍ਹਾਂ ਨੂੰ ਸਰਕਾਰ ਨਾਮਜ਼ਾਦ ਕਰੇਗੀ | ” |
| ਕ. ਆਮ ਜਨਤਾ ਵਿਚੋਂ ਚਾਰ ਉਘੇ ਵਿਅਕਤੀ ਜੋ ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣਗੇ | ” |
| ਖ. ਡਾਇਰੈਕਟਰ ਭਾਸ਼ਾ ਵਿਭਾਗ | ਕਨਵੀਨਰ |

(*iii*) ਰਾਜ ਪੱਧਰੀ ਉੱਚ ਤਾਕਤੀ ਕਮੇਟੀ ਸਮੇਂ ਸਿਰ ਜ਼ਿਲ੍ਹਾ ਪੱਧਰੀ ਕਮੇਟੀ ਨੂੰ ਹਦਾਇਤ ਜਾਰੀ ਕਰੇਗੀ ਤਾਂ ਜੋ ਸੋਧ ਐਕਟ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾ ਸਕੇ।

(*iv*) ਰਾਜ ਪੱਧਰੀ ਉੱਚ ਤਾਕਤੀ ਕਮੇਟੀ 6 ਮਹੀਨਿਆਂ ਵਿੱਚ ਇਕ ਵਾਰ ਮੀਟਿੰਗ ਕਰੇਗੀ।

ਜ਼ਿਲ੍ਹਾ ਪੱਧਰੀ ਉਚ ਤਾਕਤੀ ਕਮੇਟੀ ਦਾ ਗਠਨ

8-C (*i*) ਸੋਧ ਬਿੱਲ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਉੱਚ ਤਾਕਤੀ ਕਮੇਟੀ ਦਾ ਗਠਨ ਕੀਤਾ ਜਾਵੇਗਾ।

(*ii*) ਜ਼ਿਲ੍ਹਾ ਪੱਧਰੀ ਉੱਚ ਤਾਕਤੀ ਕਮੇਟੀ ਵਿੱਚ ਹੇਠ ਲਿਖੇ ਮੈਂਬਰ ਹੋਣਗੇ :

| | |
|---|---|
| ੳ. ਮੰਤਰੀ ਜਾਂ ਉਸ ਹਲਕੇ ਦਾ ਨੁਮਾਇੰਦਾ ਜਿਸਨੂੰ ਮੁੱਖ ਮੰਤਰੀ ਨਾਮਜ਼ਦ ਕਰੇਗਾ। | ਚੇਅਰਪਰਸਨ |
| ਅ. ਡਿਪਟੀ ਕਮਿਸ਼ਨਰ | ਮੈਂਬਰ |
| ੲ. ਜ਼ਿਲ੍ਹਾ ਸਿੱਖਿਆ ਅਫਸਰ | ” |
| ਸ. ਜ਼ਿਲ੍ਹੇ ਦੇ ਸਾਹਿਤਕਾਰਾਂ ਵਿਚੋਂ ਇਕ ਸਾਹਿਤਕਾਰ | ” |

| | |
|---|---|
| ਜਿਸਨੂੰ ਸਰਕਾਰ ਨਾਮਜ਼ਦ ਕਰੇਗੀ। | ਮੈਂਬਰ |
| | ,, |
| ਹ. ਪੱਤਰਕਾਰੀ ਨਾਲ ਸੰਬੰਧਤ ਦੋ ਵਿਅਕਤੀ ਜਿਨ੍ਹਾਂ ਨੂੰ ਸਰਕਾਰ ਨਾਮਜ਼ਾਦ ਕਰੇਗੀ | ,, |
| ਕ. ਸਰਕਾਰ ਦੁਆਰਾ ਨਾਮਜ਼ਦ ਕੀਤੇ ਦੋ ਜਨਤਕ ਪ੍ਰਤੀਨਿਧ | ,, |
| ਖ. ਜ਼ਿਲ੍ਹਾ ਅਟਾਰਨੀ | ,, |
| ਗ. ਜ਼ਿਲ੍ਹਾ ਭਾਸ਼ਾ ਅਫਸਰ | ਕਨਵੀਨਰ |

(*iii*) ਜ਼ਿਲ੍ਹਾ ਪੱਧਰ 'ਤੇ ਉਪਰੋਕਤ ਕਮੇਟੀ ਇਸ ਗੱਲ ਦਾ ਜਾਇਜ਼ਾ ਲਵੇਗੀ ਕਿ ਸਰਕਾਰੀ ਦਫਤਰਾਂ, ਜਨਤਕ ਅਦਾਰਿਆਂ, ਬੋਰਡਾਂ, ਸਥਾਨਕ ਸਰਕਾਰਾਂ, ਸਕੂਲਾਂ ਦੇ ਦਫਤਰਾਂ, ਕਾਲਜਾਂ 'ਤੇ ਜ਼ਿਲ੍ਹੇ ਵਿਚ ਪੈਂਦੀਆਂ ਯੂਨੀਵਰਸਿਟੀਆਂ ਵਿਚ ਪੰਜਾਬੀ ਵਿਚ ਕੰਮ ਕਾਜ ਹੋ ਰਿਹਾ ਹੈ ਕਿ ਨਹੀਂ ਤੇ ਆਪਣੀ ਰਿਪੋਰਟ ਰਾਜ ਪੱਧਰੀ ਉਚ ਤਾਕਤੀ ਕਮੇਟੀ ਨੂੰ ਭੇਜੇਗੀ।

(*iv*) ਰਾਜ ਪੱਧਰੀ ਉਚ ਤਾਕਤੀ ਕਮੇਟੀ ਵਲੋਂ ਸਮੇਂ ਸਮੇਂ ਸਿਰ ਜਾਰੀ ਕੀਤੇ ਗਏ ਦਿਸ਼ਾ ਨਿਰਦੇਸ਼ਾਂ ਨੂੰ ਜ਼ਿਲਾ ਪੱਧਰ 'ਤੇ ਇਹ ਕਮੇਟੀ ਲਾਗੂ ਕਰੇਗੀ।

(*v*) ਦੋ ਮਹੀਨਿਆਂ ਦੇ ਅੰਤਰਾਲ ਵਿਚ ਜ਼ਿਲਾ ਪੱਧਰੀ ਉਚ ਤਾਕਤੀ ਕਮੇਟੀ ਦੀ ਮੀਟਿੰਗ ਹੋਇਆ ਕਰੇਗੀ।

8-D

ਸਜ਼ਾ ਨਿਰਧਾਰਨ

(*i*) ਜੇਕਰ ਕੋਈ ਅਫਸਰ ਜਾਂ ਅਧਿਕਾਰੀ ਪੰਜਾਬੀ ਭਾਸ਼ਾ ਬਾਰੇ ਇਸ ਐਕਟ ਦੀ ਉਲੰਘਣਾ ਕਰਦਾ ਦੋਸ਼ੀ ਪਾਇਆ ਗਿਆ ਤਾਂ ਉਸ ਦੇ ਖਿਲਾਫ ਪੰਜਾਬ ਸਿਵਲ ਸਰਵਿਸਿਜ਼ (punishment ਅਤੇ ਅਪੀਲਜ਼) ਰੂਲ, 1970 ਅਧੀਨ ਅਨੁਸ਼ਾਸਨੀ ਕਾਰਵਾਈ ਕੀਤੀ ਜਾਏਗੀ।

(*ii*) ਅਜਿਹੇ ਅਫਸਰ ਖਿਲਾਫ਼ ਡਾਇਰੈਕਟਰ ਭਾਸ਼ਾ ਵਿਭਾਗ ਵੱਲੋਂ ਦਿੱਤੀ ਗਈ ਰਿਪੋਰਟ ਅਨੁਸਾਰ ਸਮਰੱਥ ਅਧਿਕਾਰੀ ਵੱਲੋਂ ਕਾਰਵਾਈ ਕੀਤੀ ਜਾਏਗੀ।

ਅਨੁਸ਼ਾਸਨੀ ਕਾਰਵਾਈ ਕਰਨ ਤੋਂ ਪਹਿਲਾਂ ਦੋਸ਼ੀ ਅਫਸਰ ਜਾਂ ਅਧਿਕਾਰੀ ਨੂੰ ਆਪਣਾ ਪੱਖ ਰਖਣ ਦਾ ਮੌਕਾ ਦਿਤਾ ਜਾਵੇਗਾ।

# 11

## ਸ਼ਬਦ-ਚਮਤਕਾਰ : ਸਰੋਕਾਰ ਤੇ ਸਾਰਥਕਤਾ

-1-

ਸ਼ਬਦ-ਚਮਤਕਾਰ ਪ੍ਰੋਫੈਸਰ ਰਾਮ ਸਿੰਘ ਹੋਰਾਂ ਦੁਆਰਾ 1929 ਵਿਚ ਲਿਖੀ ਭਾਸ਼ਾ ਵਿਗਿਆਨ ਦੀ ਪਹਿਲੀ ਪੁਸਤਕ ਹੈ। ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਜਦੋਂ ਇਹ ਪੁਸਤਕ ਲਿਖੀ ਗਈ ਤਾਂ ਉਸ ਸਮੇਂ ਪੰਜਾਬੀ ਦੀ ਕਿਸੇ ਵੀ ਜਮਾਤ ਵਿਚ ਜਾਂ ਮੁਕਾਬਲੇ ਦੇ ਕਿਸੇ ਇਮਤਿਹਾਨ ਵਿਚ ਭਾਸ਼ਾ ਵਿਗਿਆਨ ਨਹੀਂ ਸੀ ਪੜ੍ਹਾਇਆ ਜਾਂਦਾ। ਇਸ ਪੁਸਤਕ ਦੇ ਲਿਖਣ ਬਾਰੇ ਲੇਖਕ ਲਿਖਦਾ ਹੈ :

> ਪ੍ਰਸ਼ਨ ਹੋ ਸਕਦਾ ਹੈ ਕਿ ਇਸ ਪੁਸਤਕ ਦੇ ਲਿਖਣ ਦੀ ਕੀ ਲੋੜ ਸੀ? ਇਸਦਾ ਉੱਤਰ ਇਹ ਹੈ ਕਿ ਕਿਸੇ ਭਾਸ਼ਾ ਦੀ ਉਨਤੀ ਉਸਦੇ ਸਾਹਿਤਯ ਰਾਹੀਂ ਹੀ ਹੁੰਦੀ ਹੈ। ਭਾਸ਼ਾ ਵਿਗਿਆਨ ਇਕ ਸਾਇੰਸ ਹੈ, ਜਿਸਦਾ ਜਨਮ ਹੁਣੇ ਹੀ ਹੋਇਆ ਹੈ। ਇਸ ਵਿਚ ਵਿਦਵਾਨ ਲੋਕ ਬਹੁਤ ਦਿਲਚਸਪੀ ਲੈਣ ਲਗ ਪਏ ਹਨ ਅਤੇ ਹਰ ਸਾਲ ਇਸ ਵਿਸ਼ੇ ਤੇ ਕਾਫੀ ਸੰਖਿਆ ਵਿਚ ਪੁਸਤਕਾਂ ਛਪਦੀਆਂ ਹਨ। ਪਿਛੇ ਜਿਹੇ ਜਦੋਂ ਮੈਂ ਇਸ ਕੰਮ ਨੂੰ ਅਰੰਭ ਕੀਤਾ ਤਾਂ ਕੇਵਲ ਹਿੰਦੀ ਵਿਚ ਹੀ ਇਸ ਮਜ਼ਮੂਨ ਤੇ ਮੈਨੂੰ ਪੰਜ ਛੀ ਪੁਸਤਕਾਂ ਲਾਹੌਰ ਦੀ ਇਕ ਛੋਟੀ ਜਿਹੀ ਦੁਕਾਨ ਤੋਂ ਮਿਲ ਗਈਆਂ ਇਸ ਤਰ੍ਹਾਂ ਉਰਦੂ ਵਿੱਚ ਕਾਫੀ ਪੁਸਤਕਾਂ ਲਿਖੀਆਂ ਗਈਆਂ ਹਨ ਅਤੇ ਉਨ੍ਹਾਂ ਦੀ ਸੰਖਿਆ ਵਧ ਰਹੀ ਹੈ। ਅੰਗਰੇਜ਼ੀ ਅਤੇ ਜਰਮਨ ਵਿਚ ਛਪ ਚੁੱਕੀਆਂ ਪੁਸਤਕਾਂ ਦਾ ਤਾਂ ਕਹਿਣਾ ਹੀ ਕੀ ਹੈ। ਪਰ ਪੰਜਾਬੀ ਵਿਚ ਇਸ ਵਿਸ਼ੇ ਤੇ ਇਕ ਪੁਸਤਕ ਵੀ ਹੁਣ ਤਾਈਂ ਨਹੀਂ ਲਿਖੀ ਗਈ।
>
> ਦੂਸਰੇ,ਜ਼ਬਾਨ ਦਾਨੀ ਦੇ ਜਿਤਨੇ ਉਚੇ ਯੂਨੀਵਰਸਟੀ ਇਮਤਿਹਾਨ ਹਨ ਉਨ੍ਹਾਂ 'ਚੋਂ ਹਰ ਇਕ ਦੇ ਸਿਲੇਬਸ ਵਿਚ ਇਕ ਪਰਚਾ ਉਸ ਭਾਸ਼ਾ ਦੇ ਵਿਗਿਆਨ ਅਤੇ ਇਤਿਹਾਸ ਦਾ ਹੁੰਦਾ ਹੈ, ਜਿਸ ਨਾਲ ਉਹ ਇਮਤਿਹਾਨ ਸੰਬੰਧ ਰਖਦਾ ਹੈ। ਪੰਜਾਬੀ ਦੇ ਉਚੇ ਇਮਿਤਹਾਨਾਂ ਦੇ ਸਿਲੇਬਸ ਵਿਚ ਇਹ ਪਰਚਾ ਜ਼ਰੂਰ ਹੋਣਾ ਚਾਹੀਦਾ ਸੀ, ਪਰੰਤੂ ਅੱਜ ਤੱਕ ਇਸ ਬੋਲੀ ਵਿਚ ਕੋਈ ਪੁਸਤਕ ਇਸ ਵਿਸ਼ੇ ਤੇ ਨਾ ਲਿਖੀ ਜਾਣ ਕਰਕੇ ਇਹ ਗਲ ਨਹੀਂ ਹੋ ਸਕੀ।[1]

ਇਸ ਤਰ੍ਹਾਂ ਸਪਸ਼ਟ ਹੈ ਕਿ ਲੇਖਕ ਦਾ ਮੰਤਵ ਤਾਂ ਇਹ ਸੀ ਕਿ ਦੂਸਰੀਆਂ ਭਾਸ਼ਾਵਾਂ ਵਾਂਗ ਪੰਜਾਬੀ ਵੀ ਤਰੱਕੀ ਕਰੇ ਤੇ ਭਾਸ਼ਾ ਵਿਗਿਆਨ ਦਾ ਵਿਸ਼ਾ ਸਿਲੇਬਸ ਦਾ ਅੰਗ ਬਣੇ। ਪਰ ਇਸਦੇ ਨਾਲ ਹੀ ਉਸਨੇ ਇਕ ਹੋਰ ਸਮੱਸਿਆ ਵੱਲ ਇਸ਼ਾਰਾ ਕਰਦਿਆਂ ਲਿਖਿਆਂ ਹੈ :

> ਜਦੋਂ ਕੋਈ ਮਨੁਖ ਕਿਸੇ ਕੰਮ ਦੇ ਕਰਨ ਲਈ ਲੱਕ ਬੰਨ ਲਵੇ ਤਾਂ, ਭਾਵੇਂ ਕੋਈ ਢੰਗ ਲੱਭ ਹੀ ਲੈਂਦਾ ਹੈ। ਮੈਂ ਇਹ ਸੋਚਿਆ ਕਿ ਜੇਕਰ ਸਾਡੀ ਪੰਜਾਬੀ ਬੋਲੀ ਵਿਚ ਇਸਤਲਾਹੀ ਸ਼ਬਦ ਨਹੀਂ ਹਨ ਤਾਂ ਉਨ੍ਹਾਂ ਦੇ ਬਣਾਉਣ ਜਾਂ ਉਨ੍ਹਾਂ ਨੂੰ ਹੋਰਨਾਂ ਬੋਲੀਆਂ 'ਚੋਂ ਲੈਣ ਦੀ ਕੋਸ਼ਿਸ਼ ਕਰਨੀ ਚਾਹੀਏ। ਉਰਦੂ ਨੇ ਫ਼ਾਰਸੀ ਤੇ ਅਰਬੀ ਦੀ ਸਹੈਤਾ ਨਾਲ ਆਪਣੇ ਹਰ ਪ੍ਰਕਾਰ ਦੇ ਇਸਤਲਾਹੀ ਸ਼ਬਦ ਬਣਾਏ ਹਨ। ਇਸੇ ਤਰ੍ਹਾਂ ਹਿੰਦੀ ਨੇ ਸੰਸਕ੍ਰਿਤ ਦਾ ਇਸ ਕੰਮ ਵਿੱਚ ਆਸਰਾ ਲਿਆ ਹੈ ਇਹ ਸੋਚ ਕੇ ਮੈਂ ਇਸ ਵਿਸ਼ੇ ਤੇ ਜਿਸ ਕਦਰ ਮੈਨੂੰ ਉਰਦੂ, ਹਿੰਦੀ, ਸੰਸਕ੍ਰਿਤ, ਅੰਗਰੇਜ਼ੀ ਪੁਸਤਕਾਂ ਮਿਲ ਸਕੀਆਂ ਇਕੱਤਰ ਕੀਤੀਆਂ। ਉਨ੍ਹਾਂ 'ਚੋ ਸਹਿਲ ਸਹਿਲ ਸ਼ਬਦ ਚੁਣੇ ਤੇ ਕੁਝ ਆਪ ਘੜ ਲਏ। ਇਸ ਤਰ੍ਹਾਂ ਇਸ ਔਕੜ ਨੂੰ ਦੂਰ ਕੀਤਾ।[2]

ਉਸ ਸਮੇਂ ਇਸ ਤਰ੍ਹਾਂ ਦੀ ਸੋਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਬੜੀ ਵੱਡੀ ਗੱਲ ਸੀ। ਇਸ ਤਰ੍ਹਾਂ ਦੀ ਤਕਨੀਕੀ ਸ਼ਬਦਾਵਲੀ ਜੋ ਲੇਖਕ ਨੇ ਘੜ ਕੇ ਵਰਤੀ ਹੈ ਉਹਦਾ ਅਧਿਐਨ ਅੱਜ ਵੀ ਲਾਹੇਵੰਦ ਹੋ ਸਕਦਾ ਹੈ( ਤਕਨੀਕੀ ਸ਼ਬਦਾਵਲੀ ਲਈ ਦੇਖੋ: ਪ੍ਰਿਸ਼ਿਸ਼ਟ-ੳ) ਜਿਸ ਤਰ੍ਹਾਂ ਦੀ ਤਕਨੀਕੀ ਘਾੜਤ ਪ੍ਰੋਫੈਸਰ ਰਾਮ ਸਿੰਘ ਨੇ ਕਰਨ ਦੀ ਕੋਸ਼ਿਸ਼ ਕੀਤੀ ਹੈ ਓਸੇ ਲੀਹ 'ਤੇ ਅਜਿਹੇ ਕਈ ਸ਼ਬਦ ਅਸੀਂ ਅੱਜ ਵੀ ਵਰਤ ਰਹੇ ਹਾਂ- ਊਸ਼ਮ-ਵਰਣ (sibilants),ਉਪਭਾਸ਼ਾਵਾਂ(dialects), ਉਤਕ੍ਰਿਸ਼ਟ ਭਾਸ਼ਾ (classical Language),ਉਧਾਰੇ ਜਾਂ ਮਾਂਗਵੇ ਸ਼ਬਦ (borrowed words),ਅਰਧ ਸ੍ਵਰ (semivowels),ਅਲਪ ਪ੍ਰਾਣ ਵਰਣ (unaspirate),ਸ਼ਬਦ ਭੰਡਾਰ(vocabulary), ਨਾਦ ਤੰਦੀਆਂ (vocal chords), ਸਘੋਸ਼ ਵਰਣ(vociced sounds),ਸਥਾਨੀ ਬੋਲੀਆਂ (local dialects),ਅਨੁਕਰਨਾਤਮਕ ਸ਼ਬਦ, ਅਰਥ ਵਿਸਥਾਰ, ਅਰਥ ਸੰਕੋਚ, ਅਯੋਗਾਤਮਕ, ਸੰਜੋਗੀ ਭਾਸ਼ਾ, ਕੰਠ ਪਟਾਰੀ, ਗੰਢ ਲਿੱਪੀ, ਚਿੱਤਰ ਲਿੱਪੀ, ਦੰਤੀ ਵਰਣ, ਧਾਤੂ, ਧੁਨੀ ਲੋਪ, ਨਾਦ ਯੰਤਰ, ਲਿਖਣ ਕਲਾ,ਵਰਨਮੂਲਕ ਲਿੱਪੀ, ਪ੍ਰਦੇਸ਼ਕ ਭਾਸ਼ਾਵਾਂ, ਬਣੋਟੀ ਭਾਸ਼ਾ, ਵਿਅੰਜਨ ਲੋਪ, ਵਿਸ਼੍ਵ ਭਾਸ਼ਾ, ਵਿਭਕਿਤ, ਵਾਕ ਬੋਧ, ਆਦਿ ਅਨੇਕਾਂ ਸ਼ਬਦ ਹਨ ਪਰ ਬਹੁਤ ਸਾਰੇ ਤਕਨੀਕੀ ਸ਼ਬਦ ਉਨ੍ਹਾਂ ਨੇ ਆਪਣੀ ਬੁੱਧ ਵਿਵੇਕ ਤੇ ਪੰਜਾਬੀ ਮੁਹਾਵਰੇ ਅਨੁਸਾਰ ਘੜਨ ਦਾ ਉਪਰਾਲਾ ਵੀ ਕੀਤਾ ਹੈ, ਜੋ ਇਸ ਪ੍ਰਕਾਰ ਹਨ :

ਓਸ਼ਟੀ ਵਰਣ(Labials),ਅੰਤਰਲੀਨਤਾ(Assimilation), ਅਨੇਕਾਖਰੀ(polysllabic), ਅਭੇਦਾਤਮਕ (synthetical), ਅਵਯਵੀ ਬੋਲੀ (organic language), ਅਰਥ ਉਨਤੀ (rise of meaning), ਏਕਾਖਾਰੀ ਭਾਸ਼ਾ ( Monosyllabic language), ਸਾਹਚਰਯ (Association), ਸੰਪਰਦਾਈ ਪੱਖ (Traditional aspect), ਸ਼ਬਦ ਪਾਜ(conventional character), ਸ਼ਬਦਾਰਥ ਕਿਰਨਾਂ (radiation of meaning), ਸ਼ਬਦੰਸ਼ ਲਿੱਪੀ (syllabic writing), ਕਿਤਾਬੀ ਸ਼ਬਦ (learned words), ਕੰਮਣਵਾਰਾ (vibration), ਘਰੋਗੀ ਸ਼ਬਦ(Popular words), ਛੂਛੇ ਸ਼ਬਦ (empty words), ਜੱਕੀੜੀ ਭਾਸ਼ਾ (incorporating language), ਟੱਣ ਟੱਣ ਵਾਦ (ding dong theory), ਤੀਰੇ ਤੁਕੇ (folk etymology), ਪੁਰਾਤਨ ਵਸਤ ਵਿਗਿਆਨ (Archeaology), ਪੁਰਾਣ ਵਿਗਿਆਨ (Science of mythology), ਬਿਛਰਤ ਸ਼ਬਦ ਰੂਪ (fossils), ਭਉਂ ਭਉਂ ਵਾਦ (bow- wow theory), ਮਿਥਿਆਂ ਸਾਦ੍ਰਿਸ਼(false analogy), ਮੱਧ-ਮਾਤ੍ਰ (infix), ਰੱਜੂ ਲਿੱਪੀ (knot-writing), ਵਰਣ ਵਿਪਰਜ (metathesis), ਵਾਕ ਜੱਕੀੜੀ (sentence-incorporating), ਆਦਿ। ਇਸ ਤਰ੍ਹਾਂ ਇਹ ਤਕਨੀਕੀ ਸ਼ਬਦ ਘਾੜਤ ਦੀ ਵਿਧੀ ਸਾਡੇ ਲਈ ਇਕ ਮਾਡਲ ਦਾ ਕੰਮ ਦੇ ਸਕਦੀ ਹੈ। ਅੱਜ ਤਕਨੀਕੀ ਭਾਸ਼ਾ ਦੇ ਸ਼ਬਦ ਘੜਨੇ ਬੜਾ ਟੇਡਾ

ਮਸਲਾ ਹੈ। ਪਰ ਜੇ ਇਸ ਤਰ੍ਹਾਂ ਦੇ ਭਾਸ਼ਾਈ ਮਾਡਲ ਨੂੰ ਸਾਹਮਣੇ ਰੱਖੀਏ ਤਾਂ ਇਸ ਪ੍ਰਕਿਰਿਆਂ ਵਿਚ ਨਿਸਚੇ ਹੀ ਕਾਮਯਾਬੀ ਹਾਂਸਲ ਕਰ ਸਕਦੇ ਹਾਂ। ਅੱਜ ਅਸੀਂ ਔਰਥੋਗ੍ਰਾਫੀ ਸ਼ਬਦ ਤਤਸਮ ਰੂਪ ਵਿਚ ਵਰਤਦੇ ਹਾਂ ਪਰ ਅੱਜ ਤੋਂ 80 ਵਰ੍ਹੇ ਦੇ ਲੱਗਪਗ ਪਹਿਲਾਂ ਲੇਖਕ ਨੇ ਇਹਦੇ ਲਈ ਵਰਣ-ਬੋਧ ਸ਼ਬਦ ਵਰਤਣ ਦਾ ਉਪਰਾਲਾ ਕੀਤਾ ਹੈ। ਦਿਲਚਸਪ ਗੱਲ ਇਹ ਹੈ ਕਿ ਉਸਨੇ ਅੰਗਰੇਜ਼ੀ ਦੇ ਤਕਨੀਕੀ ਸ਼ਬਦ ਬਹੁਤ ਹੀ ਘੱਟ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਏਸੇ ਤਰ੍ਹਾਂ abbreviations ਲਈ ਅੱਜ ਅਸੀਂ ਮੁੱਢ ਅੱਖਰੀ ਤਰਕੀਬਾਂ ਸ਼ਬਦ ਘੜਿਆ ਹੈ ਪਰ ਲੇਖਕ ਇਸ ਲਈ ਨਿਕਚੂਏ ਸ਼ਬਦ ਦੀ ਘਾੜਤ ਘੜ ਕੇ ਕੁਝ ਉਦਾਹਰਨ ਵੀ ਦੇਂਦਾ ਹੈ:

ਨਿਕਚੂਏਂ (Abbreviations)

| | | | |
|---|---|---|---|
| ਸੰ: | = ਸੰਸਕ੍ਰਿਤ | ਫ਼ਾ: | = ਫ਼ਾਰਸੀ |
| ਅੰਗ: | = ਅੰਗ੍ਰੇਜ਼ੀ | ਪ੍ਰਾ: | = ਪ੍ਰਾਕ੍ਰਿਤ |
| ਅਰ: | = ਅਰਬੀ | ਅਪਭ: | = ਅਪਭ੍ਰੰਸ਼ |
| ਪੰ: | = ਪੰਜਾਬੀ | ਹਿੰ: | = ਹਿੰਦੀ |

-2-

ਸ਼ਬਦ-ਚਮਤਕਾਰ ਪੁਸਤਕ ਨੂੰ ਲੇਖਕ ਨੇ ਦੋ ਹਿੱਸਿਆਂ ਵਿਚ ਵੰਡਿਆ ਹੈ ਪਹਿਲੇ ਵਿਚ ਉਸਨੇ ਜਨਰਲ ਭਾਸ਼ਾ ਵਿਗਿਆਨ ਦੀ ਗੱਲ ਕੀਤੀ ਹੈ। ਇਸ ਵਿਚ ਕੁਲ ਸੱਤ ਅਧਿਆਏ ਹਨ, ਜਿਵੇ :

1. ਭਾਸ਼ਾ ਵਿਗਿਆਨ ਦਾ ਸਰੂਪ
2. ਬੋਲੀ ਦੀ ਉਤਪਤੀ
3. ਭਾਸ਼ਾ ਦਾ ਰੂਪਾਤਮਕ ਵਿਕਾਸ
4. ਭਾਸ਼ਾ ਦਾ ਭਾਵਨਾਤਮਕ ਵਿਕਾਸ
5. ਭਾਸ਼ਾਵਾਂ ਦੀ ਵੰਡ
6. ਸ਼ਬਦ ਰਚਨਾ ਅਨੁਸਾਰ ਬੋਲੀਆਂ ਦੀ ਵੰਡ
7. ਲਿੱਪੀਆਂ ਦੀ ਉਤਪਤੀ ਅਤੇ ਵਿਕਾਸ

ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਘੜਦਿਆਂ ਲੇਖਕ ਲਿਖਦਾ ਹੈ:

> ਭਾਸ਼ਾ ਵਿਗਿਆਨ ਉਸ ਸਾਇੰਸ ਦਾ ਨਾਉਂ ਹੈ, ਜਿਸ ਵਿਚ ਬੋਲੀ ਮਾਤਰ ਦੇ ਭਿੰਨ ਭਿੰਨ ਅੰਗਾਂ ਅਤੇ ਸਰੂਪਾਂ ਦਾ ਵਿਚਾਰ ਅਤੇ ਨਿਰੂਪਣ ਕੀਤਾ ਜਾਂਦਾ ਹੈ। ਮਨੁੱਖ ਕਿਦਾਂ ਬੋਲਦਾ ਹੈ ਅਤੇ ਉਸਦੇ ਬੋਲਣ ਯਾਂ ਭਾਸ਼ਣ ਵਿਚ ਕਿਸ ਪ੍ਰਕਾਰ ਉਨਤੀ ਹੁੰਦੀ ਹੈ। ਉਸਦੀ ਬੋਲੀ ਵਿਚ ਕਿੱਦਾਂ ਅਤੇ ਕਦੋਂ ਉਲਟ-ਫੇਰ ਜਾਂ ਤਬਦੀਲੀਆਂ ਹੁੰਦੀਆਂ ਹਨ। ਕਿਸੇ ਬੋਲੀ ਵਿਚ ਦੂਜੀਆਂ ਬੋਲੀਆਂ ਦੇ ਸ਼ਬਦ ਕਿਨ੍ਹਾਂ ਨੇਮਾਂ ਜਾਂ ਅਸੂਲਾਂ ਅਨੁਸਾਰ ਮਿਲਦੇ ਹਨ। ਕਿਸ ਪ੍ਰਕਾਰ ਅਤੇ ਕਿਉਂ ਸਮਾਂ ਪਾ ਕੇ ਕਿਸੇ ਬੋਲੀ ਦਾ ਸਰੂਪ ਹੋਰ ਦਾ ਹੋਰ ਹੋ ਜਾਂਦਾ ਹੈ? ਅਰਥਾਤ ਇਕ ਭਾਸ਼ਾ ਕਿਸ ਪ੍ਰਕਾਰ ਬਦਲਕੇ ਬਿਲਕੁਲ ਇਕ ਨਵੀਂ ਬੋਲੀ ਦਾ ਸਰੂਪ ਧਾਰਣ ਕਰ ਲੈਂਦੀ ਹੈ।[3]

ਇਸ ਤਰ੍ਹਾਂ ਲੇਖਕ ਭਾਸ਼ਾ ਵਿਗਿਆਨ ਦੇ ਉਦੇਸ਼ ਅਤੇ ਖੇਤਰਾਂ ਦਾ ਨਿਰਧਾਰਨ ਕਰਦਾ ਹੈ ਕਿ ਕਿਹੜੇ ਖੇਤਰ ਭਾਸ਼ਾ ਵਿਗਿਆਨ ਦੀ ਜੱਦ ਵਿਚ ਆ ਜਾਂਦੇ ਹਨ। ਨਾਲ ਹੀ ਉਹ ਤੁਲਨਾਤਮਕ ਭਾਸ਼ਾ ਵਿਗਿਆਨ 'ਤੇ ਬਲ ਦਿੰਦਾ ਹੋਇਆ ਵੱਖ ਵੱਖ ਭਾਸ਼ਾਵਾਂ

ਅਰਥਾਤ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਦੇ ਤੁਲਨਾਤਮਕ ਸ਼ਾਸ਼ਤਰ ਬਣਾਉਣ 'ਤੇ ਜ਼ੋਰ ਦਿੰਦਾ ਹੈ। ਭਾਸ਼ਾ ਵਿਗਿਆਨ ਦੇ ਵਿਸ਼ੇ ਦੀ ਗੱਲ ਕਰਦਾ ਉਹ ਜਨਮ ਦਾਤੀ ਮੂਲ ਭਾਸ਼ਾ ਦਾ ਸੰਕਲਪ ਦ੍ਰਿੜ ਕਰਾਉਂਦਾ ਹੈ ਕਿ ਕੋਈ ਪ੍ਰੋਟੋ ਭਾਸ਼ਾ ਜ਼ਰੂਰ ਹੋਵੇਗੀ ਜਿਸ ਤੋਂ ਸਾਰੀਆਂ ਭਾਸ਼ਾਵਾਂ ਨਿਖੜੀਆਂ। ਵਿਆਕਰਣ ਅਤੇ ਭਾਸ਼ਾ ਵਿਗਿਆਨ ਦੇ ਆਪਸੀ ਸੰਬੰਧਾਂ ਦਾ ਜ਼ਿਕਰ ਕਰਦਿਆਂ ਵਿਆਕਰਣ ਨੂੰ ਬੋਲੀ ਦੇ ਗਿਆਨ ਨਾਲ ਜੋੜਦਾ ਹੈ, ਤੇ ਵਿਆਕਰਣ ਨੂੰ ਇਕ ਕਲਾ ਮੰਨ ਕੇ ਇਸਦਾ ਸਥਾਨ ਨਿਰਧਾਰਤ ਕਰਦਾ ਹੈ।

ਏਸੇ ਅਧਿਆਏ ਵਿਚ ਉਹ ਭਾਸ਼ਾ ਵਿਗਿਆਨ ਦਾ ਦੂਸਰੇ ਅਨੁਸ਼ਾਸਨਾਂ ਨਾਲ ਸੰਬੰਧ ਸਥਾਪਤ ਕਰਦਾ ਹੈ ਜਿਵੇਂ ਸਾਹਿਤਯ ਅਤੇ ਭਾਸ਼ਾ ਵਿਗਿਆਨ, ਭਾਸ਼ਾ ਵਿਗਿਆਨ ਅਤੇ ਮਨੋਵਿਗਿਆਨ, ਭਾਸ਼ਾ ਵਿਗਿਆਨ ਅਤੇ ਮਾਨਵ ਵਿਗਿਆਨ ਅਤੇ ਨਾਲ ਹੀ ਸਮਾਜਕ, ਰਾਜਨੀਤਕ, ਇਤਿਹਾਸ, ਸਾਧਾਰਣ ਅਤੇ ਪ੍ਰਕਿਰਤਕ, ਭੂਗੋਲ, ਪਰਕਿਰਤ ਵਿਦਿਆ ਆਦਿ ਅਨੁਸ਼ਾਸਨਾਂ ਨਾਲ ਸੰਬੰਧ ਜੋੜ ਕੇ ਇਨ੍ਹਾਂ ਦਾ ਤੁਲਨਾਤਮਕ ਅਧਿਐਨ ਕਰਨ ਦੀ ਸਿਫਾਰਸ਼ ਕਰਦਾ ਹੈ। ਇਸੇ ਦੇ ਦੂਜੇ ਭਾਗ ਵਿਚ ਬੋਲੀ ਦੇ ਸਰੂਪ ਅਤੇ ਬੋਲੀ ਦੇ ਵਿਭਿੰਨ ਪੱਖਾਂ ਦਾ ਵਰਨਣ ਕਰਦਾ ਹੋਇਆ ਸਮਾਜ ਭਾਸ਼ਾ ਵਿਗਿਆਨ ਦੇ ਕੁਝ ਸੂਤਰ ਸਹਿਜ ਹੀ ਅਨਜਾਣ ਪੁਣੇ ਵਿਚ ਪ੍ਰਗਟ ਕਰ ਜਾਂਦਾ ਹੈ। ਇੰਜ ਉਹਦਾ ਸਾਰਾ ਜ਼ੋਰ ਅਸਲ ਵਿਚ ਭਾਸ਼ਾ ਸ਼ਾਸਤਰ 'ਤੇ ਹੈ। ਕਿਉਂਕਿ ਉਹ ਸਮਾਂ ਭਾਸ਼ਾ ਸ਼ਾਸ਼ਤਰੀ ਚੜਤ ਦਾ ਵਧੇਰੇ ਸੀ। ਭਾਸ਼ਾ ਸ਼ਾਸਤਰ ਅਤੇ ਭਾਸ਼ਾ ਵਿਗਿਆਨ ਵਿਚ ਨਿਖੇੜਾ ਕਰਨ ਲਈ ਜਤਨ ਕੀਤੇ ਜਾ ਰਹੇ ਸਨ।

ਬੋਲੀ ਦੀ ਉਤਪੱਤੀ ਬਾਰੇ ਉਹ ਪਹਿਲਾਂ ਤੋਂ ਪ੍ਰਚਲਤ ਸਿਧਾਂਤਾ ਦਾ ਅਨੁਮੋਦਨ ਕਰਦਾ ਹੈ। ਇਸੇ ਪਿਛੇ ਦੈਵੀ ਸਿਧਾਂਤ ਕੰਮ ਕਰਦੇ ਨਜ਼ਰ ਆਉਂਦੇ ਹਨ, ਜਿਨ੍ਹਾਂ ਵਿਚ ਵੱਖ ਵੱਖ ਧਰਮਾਂ ਦੇ ਪੈਰੋਕਾਰ ਆਪਣੇ ਆਪਣੇ ਧਰਮਾਂ ਅਨੁਸਾਰ ਬੋਲੀ ਦੀ ਉਤਪਤੀ ਦਾ ਸਿਧਾਂਤ ਸਿਰਜਦੇ ਹਨ :

ੳ. ਭਾਰਤ ਵਰਸ਼ ਵਿਚ ਵੇਦਾਂ ਨੂੰ ਈਸ਼੍ਵਰੀ ਪੁਸਤਕ ਮੰਨਣ ਵਾਲੇ ਆਖਦੇ ਹਨ। "ਸੰਸਕ੍ਰਿਤ ਵੇਦਾਂ ਦੀ ਬੋਲੀ ਹੈ।" ਵੇਦ ਅਨਾਦੀ ਹਨ। ਸ੍ਰਿਸ਼ਟੀ ਦੇ ਅਰੰਭ ਵਿਚ ਈਸ਼੍ਵਰ ਨੇ ਮਨੁੱਖੀ ਸਮਾਜ ਲਈ ਵੇਦਾਂ ਨੂੰ, ਜੋ ਨਿਤਯ ਹਨ, ਰਚਿਆ। ਇਸ ਲਈ ਵੇਦਾਂ ਦੀ ਬੋਲੀ ਵੀ ਨਿਤਯ ਹੈ। ਸੰਸਕ੍ਰਿਤ ਦੇਵ ਭਾਸ਼ਾ ਹੈ ਅਤੇ ਇਹੋ ਸੰਸਾਰ ਦੀਆਂ ਹੋਰ ਬੋਲੀਆਂ ਦੀ ਮਾਂ ਹੈ।[4]

ਅ. ਇਸੇ ਤਰ੍ਹਾਂ ਬੋਧੀ ਲੋਕ ਆਪਣੀ ਧਰਮ ਪੁਸਤਕ ਦੀ ਪਾਲੀ ਜਾਂ ਮਾਗਧੀ ਭਾਸ਼ਾ ਨੂੰ ਸਾਰੀਆਂ ਬੋਲੀਆਂ ਦੀ ਮੂਲ ਭਾਸ਼ਾ ਸਮਝਦੇ ਹਨ। ਪਾਲੀ ਭਾਸ਼ਾ ਦੇ ਵਿਆਕਰਣ ਦਾ ਕਰਤਾ 'ਕਚੱਯਨ' ਕਹਿੰਦਾ ਹੈ- ਇਹ ਭਾਸ਼ਾ ਸਾਰੀਆਂ ਬੋਲੀਆਂ ਦੀ ਮੂਲ ਹੈ। ਸਿਸ਼੍ਟੀ ਦੇ ਆਰੰਭ ਵਿਚ ਮਨੁੱਖ, ਜਿਨ੍ਹਾਂ ਨੇ ਪਹਿਲੇ ਇਕ ਅੱਖਰ ਭੀ ਮੂੰਹ ਤੋਂ ਉਚਾਰਨ ਨਹੀਂ ਸੀ ਕੀਤਾ, ਇਸੇ ਬੋਲੀ ਨੂੰ ਬੋਲਣ ਲਗ ਪਏ। ਭਗਵਾਨ ਬੁੱਧ ਵੀ ਇਹੋ ਬੋਲੀ ਬੋਲਦੇ ਸਨ। ਉਹ ਬੋਲੀ ਮਾਗਧੀ (ਪਾਲੀ) ਹੈ।[5]

ੲ. ਇਸੇ ਤਰ੍ਹਾਂ ਇਸਾਈ ਲੋਕ ਕਹਿੰਦੇ ਹਨ ਕਿ ਹੈਬ੍ਰੂ (hebrew)ਬੋਲੀ ਜਿਸ ਵਿਚ ਉਨ੍ਹਾਂ ਦੀ ਧਰਮ ਪੁਸਤਕ ਓਲਡ ਟੈਸਟੇਮੈਟ (old testament) ਲਿਖੀ ਹੋਈ ਹੈ, ਪ੍ਰਿਥਵੀ ਦੀਆਂ ਸਾਰੀਆਂ ਬੋਲੀਆਂ ਤੋਂ ਪੁਰਾਣੀ ਹੈ ਅਤੇ ਬਾਕੀ ਸਾਰੀਆਂ ਬੋਲੀਆਂ ਇਸੇ ਵਿਚੋਂ ਨਿਕਲੀਆਂ ਹਨ, ਕਿਉਂਕਿ ਸ਼੍ਰਿਸ਼ਟੀ ਦੇ ਸ਼ੁਰੂ ਵਿਚ ਅਦਨ ਦੇ ਬਾਗ ਵਿਚ ਰਹਿਣ ਵਾਲੇ ਬਾਬਾ ਆਦਮ ਅਤੇ ਮਾਈ ਹੱਵਾ ਇਸੇ ਬੋਲੀ ਵਿਚ ਗੱਲਬਾਤ ਕਰਕੇ ਸਨ।[6]

ਅੱਗੇ ਜਾ ਕੇ ਲੇਖਕ ਇਸ ਤਰ੍ਹਾਂ ਦੇ ਦੈਵੀ ਮੱਤਾਂ ਦਾ ਖੰਡਨ ਕਰਦਾ ਹੋਇਆ ਬੋਲੀ ਅਥਵਾ ਭਾਸ਼ਾ ਦੀ ਉਤਪਤੀ ਨੂੰ ਵਿਕਾਸਵਾਦ ਦੇ ਸਿਧਾਂਤ ਨਾਲ ਜੋੜ ਕੇ ਦੇਖਦਾ ਹੈ। ਉਸਦਾ ਮੱਤ ਹੈ ਕਿ ਜਿਵੇਂ ਪ੍ਰਕਿਰਤੀ ਦਾ ਵਿਕਾਸ ਹੌਲੀ ਹੌਲੀ ਕੁਦਰਤੀ ਨੇਮਾਂ ਅਧੀਨ ਹੋਇਆ ਹੈ ਇੰਜ ਹੀ ਬੋਲੀ ਨੇ ਵੀ ਵਿਕਾਸ ਕੀਤਾ ਹੈ ਅਤੇ ਸਮੇਂ ਦੀ ਤੋਰ ਦੇ ਨਾਲ ਨਾਲ ਇਸਦੇ ਸਰੂਪ ਅਤੇ ਪ੍ਰਗਟਾ ਦਾ ਵਿਕਾਸ ਵੀ ਹੋਇਆ ਹੈ । ਇਸ ਲਈ ਉਹ ਕੁਲ ਚਾਰ ਮੱਤਾਂ ਦਾ ਵਰਣਨ ਕਰਕੇ ਇਨ੍ਹਾਂ ਦੇ ਖੰਡਨ ਤੋਂ ਆਪਣੇ ਸੂਤਰ ਘੜਦਾ ਹੈ। ਭਾਸ਼ਾ ਸ਼ਾਸ਼ਤਰੀ ਸਿਧਾਤਾਂ, ਜਿਨ੍ਹਾਂ ਵਿਚ ਬੋ-ਵੋ ਸਿਧਾਂਤ, ਡਿੰਗ-ਡਾਂਗ ਸਿਧਾਂਤ, ਪੂਹ ਪੂਹ ਸਿਧਾਂਤ, ਅਨੁਕਰਣਾਤਮਕ ਸਿਧਾਂਤ ਆਦਿ ਰਾਹੀਂ ਉਹ ਬੋਲੀ ਦੇ ਵਿਕਾਸ ਦੀ ਪਰੋੜਤਾ ਕਰਦਾ ਹੈ।

ਅਗਲੇ ਅਧਿਆਏ ਵਿਚ ਉਹ ਮਨੁੱਖੀ ਧੁਨੀ ਜੰਤਰ ਅਤੇ ਮਨੁੱਖੀ ਉਚਾਰਨ ਅੰਗਾਂ ਦਾ ਵੇਰਵਾ ਪ੍ਰਸਤੁਤ ਕਰਦਾ ਹੈ। ਧੁਨੀ ਉਚਾਰਨ ਵਿਚ ਇਨ੍ਹਾਂ ਅੰਗਾਂ ਦੇ ਵੱਖਰੇ ਵੱਖਰੇ ਕਾਰਜਾਂ ਨੂੰ ਬਿਆਨ ਕੇ ਧੁਨੀਆਂ ਦਾ ਵਰਗੀਕਰਨ ਕਰਦਾ ਹੈ:

ਧੁਨੀਆਂ ਦਾ ਵਰਗੀਕਰਨ Classification of speech sounds)

| | ਸੁਰ | | ਵਿਅੰਜਨ | | | | | | | |
|---|---|---|---|---|---|---|---|---|---|---|
| ਉਚਾਰਨ ਅਸਥਾਨ | ਹ੍ਰਸ੍ਵ | ਦੀਰਘ | ਅਰਧਸ੍ਵਰ | Sibilants ਊਸ਼ਮ | ਸਪਰਸ਼ ਵਰਣ (Stops, Mutes or Explosives) | | | | | ਅੰਗਰੇਜ਼ੀ ਨਾਉਂ |
| | | | | | ਸ੍ਵਾਸ(Surd or Unvoiced) | | ਨਾਦ (Sonant or Voiced) | | | |
| | | | | | ਅਲਪ ਪ੍ਰਾਣ (Tenues) | ਮਹਾਂ ਪ੍ਰਾਣ (Aspirate) | ਅਲਪ ਪ੍ਰਾਣ (Mediae) | ਮਹਾਂ ਪ੍ਰਾਣ (Aspirate) | ਅਨੁਨਾਸਿਕ | |
| ਕੰਠ | ਅ | ਆ | | ਹ | ਕ | ਖ | ਗ | ਘ | ਙ | Guttarals, |
| ਤਾਲੂ | ਇ | ਈ | ਯ | ਸ਼ | ਚ | ਛ | ਜ | ਝ | ਞ | Palatals |
| ਮੂਰਧਾ | | | ਰ | | ਟ | ਠ | ਡ | ਢ | ਣ | Cerebrals, |
| ਦੰਦ | | | ਲ | ਸ | ਤ | ਥ | ਦ | ਧ | ਨ | Dentals, |
| ਹੋਠ | ਉ | ਊ | | | ਪ | ਫ | ਬ | ਭ | ਮ | Labials. |
| ਕੰਠ-ਤਾਲੂ | | ਏਐ | | | | | | | | |
| ਕੰਠ-ਹੋਠ | | ਓਔ | | | | | | | | |
| ਦੰਦ-ਹੋਠ | | | ਵ | | | | | | | |

ਧੁਨੀਆਂ ਦੇ ਵਰਗੀਕਰਨ ਦੇ ਨਾਲ ਹੀ ਭਾਸ਼ਾ ਦੇ ਰੂਪਾਤਮਕ ਵਿਕਾਸ ਜਾਂ ਧੁਨੀ ਪਰਿਵਰਤਨ ਲਈ ਪ੍ਰਭਾਵਕਾਰੀ ਤੱਤਾਂ ਜਿਵੇਂ ਇਤਿਹਾਸਕ, ਭੂਗੋਲਕ, ਸਹਿਜ ਸੁਭਾਵਕ ਦੀ ਗੱਲ ਕਰਦਾ ਹੈ। ਇਤਿਹਾਸਕ ਪ੍ਰਭਾਵਾਂ ਦੀ ਗੱਲ ਕਰਦਿਆਂ ਵਿਭਿੰਨ ਭਾਰਤੀ ਭਾਸ਼ਾਵਾਂ ਵਿਚਲੇ ਧੁਨੀ ਪਰਿਵਰਤਨਾਂ ਬਾਰੇ ਜਾਣਕਾਰੀ ਦੇਂਦਾ ਹੈ :

> ਮਰਾਠੀ, ਗੁਜਰਾਤੀ, ਮਾਰਵਾੜੀ ਆਦਿਕ ਬੋਲੀਆਂ ਵਿਚ ਪ੍ਰਾਕ੍ਰਿਤ ਉਚਾਰਣ ਸਪਸ਼ਟ ਦੇਖਿਆ ਜਾਂਦਾ ਹੈ। ਮਰਾਠੀ ਵਿਚ 'ਛ' ਦਾ ਉਚਾਰਣ 'ਸ', 'ਜ' ਦੇ ਸਮਾਨ ਹੁੰਦਾ ਹੈ ਅਤੇ ਇਹ ਲਿਖਿਆ ਭੀ ਇਸੇ ਤਰ੍ਹਾਂ ਜਾਂਦਾ ਹੈ ਜਿਵੇਂ 'ਰੀਛ' ਦਾ 'ਰੀਸ' 'ਛੁਰੀ' ਦਾ 'ਸੁਰੀ'। ਮਾਰਵਾੜੀ ਵਿਚ 'ਚ' ਅਤੇ 'ਛ' ਦੋਵਾਂ ਦਾ ਉਚਾਰਨ

'ਸ' ਵਾਗੂੰ ਹੁੰਦਾ ਹੈ ਪ੍ਰੰਤੂ ਲਿਖਿਆਂ 'ਛ' ਜਾਂ 'ਚ' ਹੀ ਜਾਂਦਾ ਹੈ। ਗੁਜਰਾਤੀ ਵਿਚ ਵੀ 'ਚ' ਜਾਂ 'ਛ' 'ਸ' ਵਿਚ ਬਦਲ ਜਾਂਦਾ ਹੈ। ਉਧਰ ਪੂਰਬੀ ਬੰਗਾਲੀ ਵਿਚ 'ਜ' ਦਾ ਉਚਾਰਣ 'ਜ਼' ਅਤੇ 'ਸ' ਦੇ ਵਿਚਕਾਰ ਹੁੰਦਾ ਹੈ।[7]

ਇੰਜ ਹੀ ਧੁਨੀ ਪਰਿਵਰਤਨ ਸੰਬੰਧੀ ਕੁਝ ਵਿਕਾਰਾਂ ਦਾ ਜ਼ਿਕਰ ਵੀ ਲੇਖਕ ਕਰਦਾ ਹੈ ਜਿਵੇਂ ਜੀਭ ਦੋਸ਼, ਜਤਨ ਸੰਜਮ, ਭ੍ਰਮਾਤਮਕ ਅਨੁਪੂਰਤਾ, ਸਰਲਤਾ ਅਤੇ ਵਿਭੇਦਤਾ, ਸਮੀਕਰਨ ਅਤੇ ਮਧੁਰਤਾ ਆਦਿ। ਰੂਪਾਤਮਕ ਵਿਕਾਸ ਦੇ ਭੇਦਾਂ ਵਿਚ ਆਗਮ, ਵਿਪਰਜ, ਵਿਕਾਰ ਅਤੇ ਲੋਪ ਦਾ ਵਰਨਣ ਕਰਦਾ ਹੈ।

ਅਗਲੇ ਅਧਿਆਏ ਵਿਚ ਬੋਲੀਆਂ ਦੇ ਭਾਵਨਾਤਮਕ ਵਿਕਾਸ ਦੀ ਗੱਲ ਕਰਦਾ ਹੋਇਆ ਲੇਖਕ ਲਿਖਦਾ ਹੈ ਕਿ ਵਿਕਾਸ ਨਾਲ ਦੋ ਗੱਲਾਂ ਸੰਬੰਧ ਰਖਦੀਆਂ ਹਨ ਇਕ ਤਾਂ ਸ਼ਬਦਾਂ ਦਾ ਲੋਪ ਜਾਂ ਆਗਮ ਦੂਸਰੇ ਉਨ੍ਹਾਂ ਦੇ ਭਾਵ ਜਾਂ ਅਰਥਾਂ ਵਿਚ ਪਰਿਵਰਤਨ। ਇਸ ਲਈ ਉਹ ਵੱਖ ਵੱਖ ਭਾਸ਼ਾਵਾਂ ਵਿਚ ਮਿਲਦੇ ਬੰਗਾਲਪਨ, ਮਰਾਠੀਪਨ, ਉਰਦੂਪਨ ਤੇ ਅੰਗਰੇਜ਼ੀਪਨ ਆਦਿ ਦੀ ਚਰਚਾ ਕਰਦਾ ਹੈ। ਜਿਸਦਾ ਅੱਜ ਅਸੀਂ ਜ਼ਿਕਰ ਕਰਦੇ ਹਾਂ ਕਿ ਦੋ ਕੋਡਾਂ ਦੇ ਮਿਸ਼ਰਨ ਨਾਲ ਨਵਾਂ ਕੋਡ ਹੋਂਦ ਵਿਚ ਆ ਜਾਂਦਾ ਹੈ। ਭਾਵਾਤਮਕ ਵਿਕਾਸ ਦੀਆਂ ਪ੍ਰਵਿਰਤੀਆਂ ਅਸਲ ਵਿਚ ਅਰਥ ਦੀਆਂ ਹਨ ਜਿਨ੍ਹਾਂ ਕਾਰਨ ਅਰਥਾਂ ਵਿਚ ਤਬਦੀਲੀ ਵਾਪਰਦੀ ਹੈ। ਇਨ੍ਹਾਂ ਵਿਚ ਸੁਗਮਤਾ, ਵਿਭੇਦਤਾ, ਮੰਗਲ ਭਾਸ਼ਣ, ਅਨੁਕਰਣ, ਸਾਦ੍ਰਿਸ਼, ਸਾਮਯ ਗਿਆਨ, ਉਧਾਰੇ ਸ਼ਬਦ, ਅੰਤ੍ਰਲੀਨਤਾ, ਆਦਿ ਦਾ ਵਿਵੇਚਨ ਕੀਤਾ ਹੈ।

ਅਗਲੇ ਅਧਿਆਏ ਵਿਚ ਭਾਸ਼ਾ ਪਰਿਵਾਰਾਂ ਦੀ ਗੱਲ ਕਰਦਿਆਂ ਬੋਲੀਆਂ ਦੀ ਜਮਾਤ ਬੰਦੀ ਦੇ ਦੋ ਤਰੀਕੇ ਦੱਸੇ ਹਨ– ਇਕ ਤਾਂ ਉਨ੍ਹਾਂ ਦੀ ਰਚਨਾ ਦੀ ਸਮਾਨਰੂਪਤਾ ਦੀ ਦ੍ਰਿਸ਼ਟੀ ਤੋਂ ਅਤੇ ਦੂਸਰੇ ਉਨ੍ਹਾਂ ਦੀ ਉਤਪੱਤੀ ਜਾਂ ਪਰਿਵਾਰ ਦੀ ਏਕਤਾ ਦੇ ਖਿਆਲ ਤੋਂ।[8] ਭਾਸ਼ਾ ਪਰਿਵਾਰ ਵਿਚ ਕੇਵਲ ਉਹੀ ਬੋਲੀਆਂ ਸ਼ਾਮਲ ਕੀਤੀਆਂ ਜਾਂਦੀਆਂ ਹਨ ਜੋ ਕਿਸੇ ਇਕ ਹੀ ਮੂਲ ਭਾਸ਼ਾ ਵਿਚੋਂ ਨਿਕਲੀਆਂ ਹੋਣ। ਇਸ ਅਧਿਆਏ ਵਿਚ ਕਰਤਾ ਨੇ ਵੱਖ ਵੱਖ ਭਾਸ਼ਾਵਾਂ ਦੇ ਸ਼ਬਦਾਂ ਦੀ ਅਰਥ ਤੁਲਨਾ ਕਰਦਿਆਂ ਸੰਸਾਰ ਭਰ ਦੇ ਭਾਸ਼ਾ ਪਰਿਵਾਰਾਂ,ਉਨ੍ਹਾਂ ਵਿਚਲੀਆਂ ਭਾਸ਼ਾਈ ਸਮਾਨਤਾਵਾਂ ਤੇ ਵਖਰੇਵਿਆਂ ਨੂੰ ਉਦਾਹਰਣਾਂ ਸਹਿਤ ਪੇਸ਼ ਕੀਤਾ ਹੈ। ਇਸ ਤਰ੍ਹਾਂ ਭਾਸ਼ਾ ਪਰਿਵਾਰਾਂ ਬਾਰੇ ਉਸ ਸਮੇਂ ਤੱਕ ਜਿੰਨੀ ਖੋਜ ਹੋ ਚੁੱਕੀ ਸੀ ਉਸਦਾ ਸਵਿਸਥਾਰ ਵਰਣਨ ਪੇਸ਼ ਕਰਨ ਦਾ ਜਤਨ ਸ਼ਲਾਘਾਯੋਗ ਹੈ।

ਛੇਵੇਂ ਅਧਿਆਏ ਵਿਚ ਸ਼ਬਦ ਰਚਨਾ ਅਨੁਸਾਰ ਬੋਲੀਆਂ ਦੀ ਵੰਡ ਦੇ ਸਿਧਾਂਤ ਨੂੰ ਪੇਸ਼ ਕਰਦਿਆਂ ਕਿਸੇ ਬੋਲੀ ਦੀ ਵਾਕ ਰਚਨਾ ਵਿਚ ਤਿੰਨ ਪ੍ਰਕਾਰ ਦੇ ਸ਼ਬਦਾਂ ਦਾ ਵਰਣਨ ਕੀਤਾ ਹੈ – ਪੂਰਣ ਸ਼ਬਦ, ਛੂਛੇ ਸ਼ਬਦ, ਵਿਭਕਤੀਆਂ ਜਾਂ ਆਦ ਜਾਂ ਅੰਤਮਾਤ੍ਰਾ ਰਾਹੀਂ ਬਣਦੇ ਸ਼ਬਦ। ਸ਼ਬਦ ਦੀ ਪਰਿਭਾਸ਼ਾ ਜਾਂ ਸ਼ਬਦ ਬਣਤਰਾਂ ਦੀ ਥਾਂ ਲੇਖਕ ਸ਼ਬਦਾਂ ਨਾਲ ਜੁੜਦੀਆਂ ਕਿਰਿਆਵਾਂ ਦਾ ਵਰਣਨ ਕਰਨ ਵਲ ਰੁਚਿਤ ਹੈ। ਇਸ ਵਿਚ ਉਹ ਸੰਸਾਰ ਭਰ ਦੀਆਂ ਭਾਸ਼ਾਵਾਂ ਵਿਚੋਂ ਉਦਾਹਰਣਾਂ ਦੇ ਕੇ ਗਿਆਨ ਸ਼ਾਸ਼ਤਰੀ ਪਰਿਪੇਖ ਉਸਾਰ ਕੇ ਰਚਨਾ ਅਨੁਸਾਰ ਬੋਲੀਆਂ ਦੀ ਵੰਡ ਦਾ ਵਰਗੀਕਰਣ ਵੀ ਕਰਦਾ ਹੈ।

**ਰਚਨਾ ਅਨੁਸਾਰ ਬੋਲੀਆਂ ਦੀ ਵੰਡ**




ਸੱਤਵਾਂ ਅਧਿਆਏ ਲਿੱਪੀਆਂ ਦੀ ਉਤਪਤੀ ਨਾਲ ਸੰਬੰਧ ਰੱਖਦਾ ਹੈ। ਇਸ ਵਿਚ ਪੁਰਾਤਨ ਲਿਖਣ ਢੰਗਾਂ ਦੀ ਵਿਆਖਿਆ ਵੀ ਕੀਤੀ ਹੈ, ਜਿਨ੍ਹਾਂ ਵਿਚ ਸੰਕੇਤਕ ਪ੍ਰਣਾਲੀ, ਚਿਤ੍ਰ ਲੇਖ ਪ੍ਰਣਾਲੀ, ਗੰਢ ਲਿੱਪੀ ਜਾਂ ਰਜੂ ਲਿੱਪੀ, ਭਾਵ ਲਿੱਪੀ, ਵਿਚਾਰ ਲਿੱਪੀ, ਸ਼ਬਦ ਲਿੱਪੀ, ਸਬਦੰਸ਼ ਲਿੱਪੀ, ਵਰਣਮੂਲਕ ਲਿੱਪੀ, ਆਦਿ। ਲਿੱਪੀਆਂ ਬਾਰੇ ਯੂਰਪੀ ਵਿਦਵਾਨਾਂ ਦੇ ਮੱਤ ਦੀ ਪਰੋੜਤਾ ਕਰਦਾ ਲੇਖਕ ਲਿਖਦਾ ਹੈ –

> ਯੂਰਪੀਨ ਵਿਦਵਾਨਾਂ ਦਾ ਖਿਆਲ ਹੈ ਕਿ ਸਭਯ ਜਗਤ (Civilized world) ਦੀਆਂ ਤਕਰੀਬਨ ਸਾਰੀਆਂ ਲਿੱਪੀਆਂ ਫਿਨਿਸ਼ਿਆਈ 23 ਵਰਣਾਂ ਤੋਂ ਨਿਕਲੀਆਂ ਹਨ।ਈਸਾ ਤੋਂ ਘੱਟ ਤੋਂ ਘੱਟ ਇਕ ਹਜ਼ਾਰ ਵਰ੍ਹੇ ਪਹਿਲੋਂ ਫਿਨਿਸ਼ਿਆਈ ਵਰਣ ਮਾਲਾ ਤੋਂ ਗਰੀਕ ਵਰਣ ਮਾਲਾ ਉਤਪੰਨ ਹੋਈ।[੭]

ਇੰਜ ਇਸ ਪਹਿਲੇ ਭਾਗ ਵਿਚ ਲੇਖਕ ਭਾਸ਼ਾ ਵਿਗਿਆਨ ਦੇ ਸਿਧਾਂਤਕ ਪੱਖ, ਜੋ ਕਿ ਭਾਸ਼ਾ ਸ਼ਾਸ਼ਤਰ ਨਾਲ ਰਲਗੱਡ ਹਨ, ਉਨ੍ਹਾਂ ਦੀ ਰੂਪ ਰੇਖਾ ਉਲੀਕਦਾ ਹੈ, ਪਰ ਇਸ ਸਾਰੇ ਭਾਗ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਜਿਨ੍ਹਾਂ ਪੁਸਤਕਾਂ ਤੋਂ ਗਿਆਨ ਹਾਸਲ ਕੀਤਾ ਉਨ੍ਹਾਂ ਦੀਆਂ ਟੂਕਾਂ ਜਾਂ ਹਵਾਲਿਆਂ ਦੀ ਬਜਾਏ ਉਹ ਆਪਣੀ ਦ੍ਰਿਸ਼ਟੀ ਨਾਲ ਸਿਧਾਂਤ ਉਸਾਰਨ ਦੇ ਆਹਰ ਵਿਚ ਹੈ। ਅਨੇਕਾਂ ਭਾਸ਼ਾਵਾਂ ਵਿਚੋਂ ਲੋੜ ਅਨੁਸਾਰ ਉਦਾਹਰਣਾਂ ਦੇ ਕੇ ਆਪਣੀ ਗੱਲ ਨੂੰ ਤਰਕ ਦੀ ਕਸੌਟੀ 'ਤੇ ਪੇਸ਼ ਕਰਦਾ ਹੈ। ਇੰਜ ਉਹ ਭਾਸ਼ਾ ਵਿਗਿਆਨ ਤੇ ਭਾਸ਼ਾ ਸ਼ਾਸ਼ਤਰ ਦਾ ਮਾਡਲ ਉਸਾਰ ਰਿਹਾ ਹੈ, ਜਿਸ 'ਤੇ ਅੱਗੇ ਚਲ ਕੇ ਅਨੇਕਾਂ ਪਾਠ ਪੁਸਤਕਾਂ ਤਿਆਰ ਹੋਈਆਂ ਹਨ।

**- ੩ -**

'ਸ਼ਬਦ-ਚਮਤਕਾਰ' ਦੇ ਦੂਜੇ ਭਾਗ ਵਿਚ ਕੁਲ ਚਾਰ ਅਧਿਆਏ ਹਨ, ਜੋ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਹਨ। ਪਹਿਲੇ ਵਿਚ ਪੰਜਾਬੀ ਸ਼ਬਦ ਲੀਲ੍ਹਾ ਦੀ ਗੱਲ ਕਰਦਿਆਂ ਸ਼ਬਦਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੈ – 1. ਘਰੋਗੀ ਸ਼ਬਦ 2 ਕਿਤਾਬੀ ਸ਼ਬਦ। ਘਰੋਗੀ ਸ਼ਬਦ ਤਾਂ ਉਹ ਹੁੰਦੇ ਹਨ, ਜਿਨ੍ਹਾਂ ਨਾਲ ਸਾਡੀ ਵਾਕਫੀ ਜਾਂ ਜਾਣ ਪਛਾਣ ਸਾਧਾਰਣ ਬੋਲਚਾਲ ਰਾਹੀਂ ਹੁੰਦੀ ਹੈ ਅਰਥਾਤ ਉਹ ਸ਼ਬਦ ਜਿਹੜੇ ਅਸੀਂ ਮਾਪਿਆਂ, ਦੋਸਤਾਂ, ਮਿੱਤਰਾਂ ਜਾਂ ਭੈਣ ਭਰਾਵਾਂ ਤੋਂ ਸਿੱਖਦੇ ਹਾਂ। ਇਨ੍ਹਾਂ ਤੋਂ ਸਿਵਾ ਹਰ ਇਕ ਬੋਲੀ ਦੇ

ਸ਼ਬਦ ਭੰਡਾਰ ਵਿਚ ਅਨੇਕਾਂ ਐਸੇ ਸ਼ਬਦ ਵੀ ਹੁੰਦੇ ਹਨ, ਜਿਨ੍ਹਾਂ ਦੇ ਅਰਥ ਕੇਵਲ ਪੜ੍ਹੇ ਲਿਖੇ ਹੋਏ ਲੋਕਾਂ ਨੂੰ ਹੀ ਪਤਾ ਹੁੰਦੇ ਹਨ, ਜਿਹੜੇ ਉਹ ਕਿਤਾਬਾਂ 'ਚੋਂ ਪੜ੍ਹਦੇ ਜਾਂ ਲੈਕਚਰ ਸੁਣ ਕੇ ਗ੍ਰਹਿਣ ਕਰਦੇ ਹਨ।[10] ਇਸ ਤਰ੍ਹਾਂ ਲੇਖਕ ਅਚੇਤ ਹੀ ਆਮ ਭਾਸ਼ਾ ਤੇ ਸਾਹਿਤਕ ਭਾਸ਼ਾ ਵਿਚ ਨਿਖੇੜਾ ਕਰਦਾ ਨਜ਼ਰ ਆਉਂਦਾ ਹੈ। ਅੱਜ ਅਸੀਂ ਇਸ ਨਿਖੇੜੇ ਰਾਹੀਂ ਸਾਹਿਤਕ ਪ੍ਰਵਚਨਾਂ ਦੀ ਭਾਸ਼ਾ ਦੀ ਨਿਸ਼ਾਨਦੇਹੀ ਕਰਦੇ ਹਾਂ। ਏਥੇ ਲੇਖਕ ਇਹ ਵੀ ਸਪੱਸ਼ਟ ਕਰਦਾ ਹੈ ਕਿ ਕਿਤਾਬੀ ਸ਼ਬਦ ਜਿਵੇਂ ਜਿਵੇਂ ਲੋਕਾਂ ਦੀਆਂ ਲੋੜਾਂ ਵਿਚ ਢਲ ਜਾਂਦੇ ਹਨ ਤਾਂ ਉਹ ਵੀ ਘਰੋਗੀ ਸ਼ਬਦਾਂ ਦੀ ਲੜੀ ਵਿਚ ਪੁਰੁਚੇ ਜਾਂਦੇ ਹਨ। ਅਜਿਹੇ ਸ਼ਬਦਾਂ ਦੀਆਂ ਮਿਸਾਲਾਂ ਦੇ ਕੇ ਉਹ ਆਪਣੀ ਗੱਲ ਨੂੰ ਵਜਨਦਾਰ ਬਣਾਉਂਦਾ ਹੈ। ਇਸਦੇ ਨਾਲ ਹੀ ਨਿਹੰਗ ਸਿੰਘਾਂ ਦੇ ਬੋਲੇ, ਬੋਲੀ ਦੇ ਫੈਸ਼ਨ, ਬਿਛਰਤ ਸ਼ਬਦ ਰੂਪ, ਬੋਲੀ ਦੀ ਲੋਕਾਚਾਰੀ, ਮੁਬਾਲਗਾ, ਅਰਥ ਵਿਸਥਾਰ, ਅਰਥ ਸੰਕੋਚ, ਵਿਭੇਦਤਾ, ਉਨਤੀ ਅਤੇ ਗਿਰਾਵਟ ਉਨਤੀ ਜਾਂ ਉਚਤਾ, ਸ਼ਬਦਾਰਥ ਕਿਰਨਾਂ, ਵਿਸਤਾਰ-ਸੰਕੋਚ ਲੜੀ, ਮੰਗਲ ਭਾਸ਼ਨ, ਤੀਰ ਤੁੱਕੇ ਜਾਂ ਮਿੱਥਿਆ ਅਨੁਰੂਪਤਾ, ਸਮਮੂਲਕ ਭਿੰਨਾਰਥਕ-ਸ਼ਬਦ, ਸਮਰੂਪਕ-ਭਿੰਨ ਮੂਲਕ ਸ਼ਬਦ, ਆਦ ਕੋਟੀਆਂ ਦਾ ਵਰਣਨ ਪੰਜਾਬੀ ਅਰਥ ਵਿਗਿਆਨ ਦੇ ਪ੍ਰਸੰਗ ਵਿਚ ਕਰਦਾ ਹੈ।

ਨੌਵੇਂ ਅਧਿਆਏ ਵਿਚ ਪੰਜਾਬੀ ਵਰਣਮਾਲਾ ਦੇ ਜਨਮ ਦੀ ਗੱਲ ਨੂੰ ਛੋਹਿਆ ਹੈ। ਵੱਖ ਵੱਖ ਲਿਪਾਂਕਾਂ ਦੀ ਤੁਲਨਾ ਨਾਲ ਉਹ ਸਿੱਧ ਕਰਦਾ ਹੈ ਕਿ ਗੁਰਮੁਖੀ ਲਿੱਪੀ ਦਾ ਸੰਬੰਧ ਟਾਕਰੀ ਨਾਲ ਵਧੇਰੇ ਹੈ। ਏਸੇ ਤਰ੍ਹਾਂ ਸ਼ਾਰਦਾ ਨਾਲ ਵੀ ਇਹਦਾ ਨੇੜੇ ਦਾ ਸੰਬੰਧ ਸਥਾਪਤ ਹੁੰਦਾ ਹੈ, ਇਨ੍ਹਾਂ ਦੋਹਾਂ ਵਿਚੋਂ ਗੁਰਮੁਖੀ ਦੇ ਨਿਕਾਸ ਦੀ ਗੱਲ ਕਰਦਿਆਂ ਉਹ ਲਿਖਦਾ ਹੈ ਕਿ –

ਗੁਰਮੁਖੀ ਅੱਖਰ ਪੁਰਾਣੇ ਹਨ ਅਤੇ ਇਹ ਨਾਗਰੀ 'ਚੋਂ ਨਾ ਹੀ ਨਿਕਲੇ ਹਨ ਅਤੇ ਨਾ ਹੀ ਉਸ ਦੇ ਨਾਲ ਇਤਨੇ ਮਿਲਦੇ ਹਨ।[11]

> ਇਸ ਵਿਚਾਰ ਤੋਂ ਖਿਆਲ ਹੁੰਦਾ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਮੇਂ ਦੀ ਲੋੜ ਅਨੁਸਾਰ ਪਹਿਲੀਆਂ ਪ੍ਰਚਲਤ ਲਿੱਪੀਆਂ ਵਿਚੋਂ ਸੁਖੈਨ ਲਿਖੇ ਤੇ ਪੜ੍ਹੇ ਜਾਣ ਵਾਲੇ ਅੱਖਰ ਲੈ ਕੇ ਉਨ੍ਹਾਂ ਵਿੱਚ ਦੀਆਂ ਉਕਾਈਆਂ ਨੂੰ ਪੂਰਾ ਕਰਕੇ ਪੈਂਤੀ ਨੂੰ ਵਰਤਮਾਨ ਸ਼ਕਲ ਦਿੱਤੀ। ਚੂੰਕਿ ਗੁਰੂ ਜੀ ਨੇ ਇਸ ਨੂੰ ਇਸ ਸ਼ਕਲ ਵਿਚ ਆਂਦਾ ਸੀ, ਇਸ ਕਰਕੇ ਇਸਦਾ ਨਾਮ ਗੁਰਮੁਖੀ ਹੋਇਆ।[12]

ਅਗਲਾ ਅਧਿਆਏ ਪੰਜਾਬੀ ਭਾਸ਼ਾ ਦੀ ਉਤਪਤੀ ਨਾਲ ਸੰਬੰਧ ਰੱਖਦਾ ਹੈ। ਪੰਜਾਬੀ ਦੀ ਉਤਪਤੀ ਦੀ ਗੱਲ ਕਰਨ ਤੋਂ ਪਹਿਲਾਂ ਲੇਖਕ ਆਰੀਆਂ ਦੇ ਆਉਣ ਵੇਦਾਂ ਦੀ ਰਚਨਾ ਅਤੇ ਵੇਦਿਕ ਭਾਸ਼ਾ ਦੇ ਇਤਿਹਾਸਿਕ ਪਹਿਲੂਆਂ ਦੀ ਚਰਚਾ ਕਰਦਾ ਹੈ। ਇਸਦੇ ਨਾਲ ਉਹ ਸੰਸਕ੍ਰਿਤ, ਪ੍ਰਾਕਿਰਤ, ਪਾਲੀ ਤੇ ਅਪਭ੍ਰੰਸ਼ਾਂ ਦੇ ਵਿਸਥਾਰ ਵੇਰਵੇ ਪ੍ਰਸਤੁਤ ਕਰਦਾ ਹੈ, ਇਸ ਤਰ੍ਹਾਂ ਉਹ ਇਸ ਨਤੀਜੇ 'ਤੇ ਪਹੁੰਚਦਾ ਹੈ ਕਿ ਪੰਜਾਬੀ ਦਾ ਜਨਮ ਸ਼ੌਰਸੈਨੀ ਅਪਭ੍ਰੰਸ਼ ਤੋਂ ਹੋਇਆ ਹੈ। ਉਸਦਾ ਮੱਤ ਹੈ ਕਿ ਪੰਜਾਬੀਆਂ ਨੇ ਆਪਣੀ ਭਾਸ਼ਾ ਵਿਚ ਪ੍ਰਾਕਿਰਤ ਦੇ ਅਨੇਕਾਂ ਅੰਸ਼ ਸਾਂਭੇ ਹੋਏ ਹਨ, ਜਿਵੇਂ :[13]

| ਸੰਸਕ੍ਰਿਤ | ਪ੍ਰਾਕ੍ਰਿਤ | ਪੰਜਾਬੀ |
|---|---|---|
| ਮ੍ਰਿਸ਼ਟਮ | ਮਿੱਠ | ਮਿੱਠਾ |
| ਸ਼੍ਰਿਗਮ | ਸਿੰਗ | ਸਿੰਗ |

| | | |
|---|---|---|
| ਪ੍ਰਿੱਛ | ਪੂਛ | ਪੂਛ |
| ਪ੍ਰਿਸ਼ਟਮ | ਪਿੱਠ | ਪਿੱਠ |
| ਤੈਲ | ਤੇਲ | ਤੇਲ |
| ਸੌਭਾਗਯ | ਸੋਹਾਗ | ਸੋਹਾਗ |
| ਪੁਤ੍ਰਬਧੂ | ਪੁੱਤਬਹੂ | ਪੁੱਤਬਹੂ |
| ਭਿਕਸ਼ਾ | ਭਿੱਖਾ | ਭਿੱਖ |
| ਚਰਮ | ਚੰਮ | ਚੰਮ |
| ਸਰਪ | ਸੱਪ | ਸੱਪ |
| ਅਗਨਿ | ਅੱਗੀ | ਅੱਗ |
| ਦੰਡ | ਡੰਡੋ | ਡੰਡਾ |
| ਲਵਣੰ | ਲੋਣੰ | ਲੂਣ |
| ਹਰਿਦ੍ਰਾ | ਹਲਦੀ | ਹਲਦੀ |
| ਹਸਤ | ਹੱਥ | ਹੱਥ |

ਇਸਦੇ ਨਾਲ ਹੀ ਲੇਖਕ ਪੰਜਾਬੀ ਦੀਆਂ ਉਪਬੋਲੀਆਂ ਵਲ ਇਸ਼ਾਰਾ ਕਰਦਾ ਹੋਇਆ ਲਿਖਦਾ ਹੈ – ਉਹ ਜੋ ਮੈਦਾਨੀ ਇਲਾਕੇ ਵਿਚ ਬੋਲੀ ਜਾਂਦੀ ਹੈ ਅਤੇ ਆਮ ਤੌਰ ਤੇ 'ਪੰਜਾਬੀ' ਨਾਉਂ ਨਾਲ ਪ੍ਰਸਿੱਧ ਹੈ। ਦੂਸਰੀ ਉਹ ਜੋ ਪਹਾੜੀ ਇਲਾਕੇ ਵਿਚ ਬੋਲੀ ਜਾਂਦੀ ਹੈ, ਇਸਦਾ ਨਾਉਂ ਡੋਗਰੀ ਹੈ। ਪਰ ਅਸਲ ਵਿਚ ਪੰਜਾਬੀ ਉਹੀ ਹੈ ਜੋ ਮੈਦਾਨ ਵਿਚ ਬੋਲੀ ਜਾਂਦੀ ਹੈ। ਇਸਦੇ ਵੀ ਅੱਗੋਂ ਕਈ ਭੇਦ ਹਨ ਯਥਾ ਮਾਝੀ, ਦੁਆਬੀ, ਮਲਵਈ ਆਦ।[14]

ਅਗਲਾ ਅਧਿਆਏ ਪੰਜਾਬੀ ਸ਼ਬਦ ਭੰਡਾਰ ਨਾਲ ਸੰਬੰਧ ਰੱਖਦਾ ਹੈ, ਪੰਜਾਬੀ ਦੇ ਬਹੁਤ ਸਾਰੇ ਸ਼ਬਦਾਂ ਦਾ ਮੂਲ ਸੋਮਾ ਲੇਖਕ ਸੰਸਕ੍ਰਿਤ ਨੂੰ ਮੰਨਦਾ ਹੈ ਤੇ ਇਨ੍ਹਾਂ ਸ਼ਬਦਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਦਾ ਹੈ :-

ੳ. ਉਹ ਜੋ ਸਿੱਧੇ ਸੰਸਕ੍ਰਿਤ 'ਚੋਂ ਪੰਜਾਬੀ ਵਿਚ ਆਏ ਹਨ ਅਤੇ ਜਿਨ੍ਹਾਂ ਦਾ ਰੂਪ ਪੰਜਾਬੀ ਵਿਚ ਵੀ ਜਿਉਂ ਦਾ ਤਿਉਂ ਹੀ ਰਿਹਾ ਹੈ। ਐਸੇ ਸ਼ਬਦਾਂ ਨੂੰ ਤਤਸਮ ਸ਼ਬਦ ਆਖਦੇ ਹਨ।

ਅ. ਉਹ ਜੋ ਸਿੱਧੇ ਪ੍ਰਾਕਿਰਤ 'ਚੋਂ ਆਏ ਹਨ ਜਾਂ ਪ੍ਰਾਕਿਰਤ 'ਚੋਂ ਹੁੰਦੇ ਹੋਏ ਸੰਸਕ੍ਰਿਤ 'ਚੋਂ ਆਏ ਹਨ। ਇਨ੍ਹਾਂ ਨੂੰ ਤਦਭਵ ਸ਼ਬਦ ਕਿਹਾ ਜਾਂਦਾ ਹੈ।

ੲ. ਤੀਸਰੀ ਪ੍ਰਕਾਰ ਦੇ ਉਹ ਸ਼ਬਦ ਹਨ ਜਿਨ੍ਹਾਂ ਨੂੰ ਅਰਧ ਤਤਸਮ ਕਿਹਾ ਜਾਂਦਾ ਹੈ ਜਿਨ੍ਹਾਂ ਦਾ ਸਰੂਪ ਪ੍ਰਾਕਿਰਤ ਦੇ ਅਸਰ ਦੁਆਰਾ ਭਿੰਨ ਹੋ ਗਿਆ ਹੈ । ਉਹ ਪ੍ਰਾਕਿਰਤ ਦੇ ਨਹੀਂ ਰਹੇ ਸਗੋਂ ਉਹ ਤਤਸਮ ਅਤੇ ਤਦਭਵ ਸ਼ਬਦਾਂ ਦੇ ਵਿਚਾਲੇ ਦੇ ਹਨ।[15]

ਇਸ ਤਰ੍ਹਾਂ ਸ਼ਬਦਾਂ ਦੇ ਵਟਾਂਦਰੇ ਰਾਹੀਂ ਪੈਦਾ ਹੁੰਦੀਆਂ ਵਿਭਿੰਨ ਸ਼ੇਡਜ਼ ਨੂੰ ਇਨ੍ਹਾਂ ਵਿਚ ਪ੍ਰਗਟਾਇਆ ਹੈ, ਜਿਨ੍ਹਾਂ ਵਿਚ ਦੇਸ਼ਜ਼, ਅਨੁਕਰਨ, ਬਿਦੇਸ਼ੀ, ਆਦ ਸ਼ਬਦਾਂ ਦੀਆਂ ਕੋਟੀਆਂ ਦਾ ਵਰਣਨ ਕੀਤਾ ਹੈ।

ਯਾਰਵੇਂ ਅਤੇ ਅੰਤਿਮ ਅਧਿਆਏ ਨੂੰ ਦੋ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਪੰਜਾਬੀ ਧੁਨੀਆਂ ਦੇ ਵਿਕਾਸ ਅਤੇ ਇਤਿਹਾਸ ਨੂੰ ਪੰਜਾਬੀ, ਸੰਸਕ੍ਰਿਤ ਤੇ ਫ਼ਾਰਸੀ ਆਦਿ ਸ਼ਬਦਾਂ ਰਾਹੀਂ ਆਦ, ਮੱਧ ਅਤੇ ਅੰਤ 'ਤੇ ਆਉਂਦੇ ਸ੍ਵਰਾਂ ਅਤੇ ਵਿਅੰਜਨਾਂ ਦੇ ਵਰਤਾਰੇ ਰਾਹੀਂ ਪੇਸ਼ ਕੀਤਾ ਹੈ। ਇਸਦੇ ਨਾਲ ਹੀ ਪੰਜਾਬੀ ਅਤੇ ਅੰਗਰੇਜ਼ੀ ਧੁਨੀਆਂ ਦੇ ਸ੍ਵਰਾਂ ਅਤੇ ਵਿਅੰਜਨਾਂ ਦਾ ਟਾਕਰਾ ਕਰਕੇ ਉਦਾਹਰਣਾਂ ਦਿੱਤੀਆਂ ਹਨ। (ਵਿਸਥਾਰ ਲਈ ਦੇਖੋ - ਪ੍ਰਸ਼ਿਸ਼ਟ-ਅ)

ਦੂਸਰੇ ਭਾਗ ਵਿਚ ਪੜਨਾਵਾਂ ਅਤੇ ਕਿਰਿਆਵਾਂ ਦੀ ਉਤਪਤੀ ਸੰਬੰਧੀ ਵੇਰਵੇ ਦਿੱਤੇ ਹਨ। ਵੱਖ ਵੱਖ ਕਾਲਾਂ ਨਾਲ ਸੰਬੰਧਤ ਉਤਮ ਪੁਰਖ, ਮੱਧਮ ਪੁਰਖ ਅਤੇ ਅਨਯ ਪੁਰਖ ਦੇ ਖਾਕੇ ਚਿਤਰੇ ਹਨ। (ਵਿਸਥਾਰ ਲਈ ਦੇਖੋ-ਪ੍ਰਸ਼ਿਸ਼ਟ-ੲ)

-੪-

ਇਸ ਤਰ੍ਹਾਂ ਇਹ ਪੁਸਤਕ ਕੁਲ ਗਿਆਰਾਂ ਅਧਿਆਵਾਂ ਵਿਚ ਸਮਾਪਤ ਹੁੰਦੀ ਹੈ। ਇਸ ਪੁਸਤਕ ਦੇ ਪ੍ਰਸ਼ੰਸਾਜਨਕ ਕੀਤੇ ਰੀਵੀਊ ਇਹਦੀ ਮਹੱਤਾ ਨੂੰ ਉਜਾਗਰ ਕਰਦੇ ਹਨ ਤੇ ਉਸ ਸਮੇਂ ਦੇ ਪੰਜਾਬੀ ਦੇ ਸਿਰਕੱਢ ਵਿਦਵਾਨ ਅਤੇ ਚਿੰਤਕ ਭਾਈ ਕਾਨ੍ਹ ਸਿੰਘ ਨਾਭਾ ਅਤੇ ਪ੍ਰੋ. ਪੂਰਨ ਸਿੰਘ ਨੇ ਇਸ ਪੁਸਤਕ ਦੇ ਰੀਵੀਊ ਕੀਤੇ ਹਨ। ਤੇ ਇਸ ਪੁਸਤਕ ਦੀ ਛਪਾਈ ਦਾ ਖਰਚਾ ਭਾਈ ਵੀਰ ਸਿੰਘ ਨੇ ਨਿੱਜੀ ਤੌਰ 'ਤੇ ਅਦਾ ਕੀਤਾ। ਇੰਜ ਇਸ ਪੁਸਤਕ ਦੀ ਇਤਿਹਾਸਕ ਮਹੱਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। (ਰੀਵੀਊ ਲਈ ਦੇਖੋ : ਪ੍ਰਸ਼ਿਸ਼ਟ - ਸ)

ਇਸ ਸੰਖੇਪ ਜਿਹੇ ਸਰਵੇਖਣ ਤੋਂ ਬਾਅਦ ਅਸੀਂ ਇਸ ਪੁਸਤਕ ਦੇ ਪਛਾਣਨਯੋਗ ਸਰੋਕਾਰਾਂ ਤੋਂ ਇਸਦੀ ਸਾਰਥਕਤਾ ਦੇ ਕੁਝ ਕੁ ਸੂਤਰ ਨਿਰਧਾਰਤ ਕਰ ਸਕਦੇ ਹਾਂ ਕਿਉਂ ਜੋ ਅੱਜ ਜਦੋਂ ਭਾਸ਼ਾ ਵਿਗਿਆਨ ਨੇ ਬਹੁਤ ਮੰਜ਼ਿਲਾਂ ਤਹਿ ਕਰ ਲਈਆਂ ਹਨ ਉਸ ਸੰਦਰਭ ਵਿਚ ਇਸਦੀ ਕੀ ਪਛਾਣ ਹੋ ਸਕਦੀ ਹੈ :

ੳ. ਤਕਨੀਕੀ ਸ਼ਬਦਾਂ ਦੀ ਘਾੜਤ ਲਈ ਜਿਹੜਾ ਮਾਡਲ ਪ੍ਰਸਤੁਤ ਕੀਤਾ ਗਿਆ ਹੈ, ਉਸ ਮਾਡਲ ਦੀ ਸੂਝ ਨੂੰ ਵਿਕਸਿਤ ਕਰਕੇ ਅਸੀਂ ਤਕਨੀਕੀ ਸ਼ਬਦ ਘੜਨ ਦੇ ਸਮਰੱਥ ਹੋ ਸਕਦੇ ਹਨ।

ਅ. ਭਾਸ਼ਾਵਾਂ ਵਿਚ ਹੁੰਦੇ ਪਰਿਵਰਤਨਾਂ ਅਤੇ ਵਟਾਂਦਰਿਆਂ ਦੇ ਮਾਡਲ ਰਾਹੀਂ ਅਸੀਂ ਭਾਸ਼ਾਵਾਂ ਦੇ ਇਤਿਹਾਸਕ ਸੰਬੰਧਾਂ ਅਤੇ ਤਬਦੀਲੀਆਂ ਨੂੰ ਨਾਪ ਸਕਦੇ ਹਾਂ

ੲ. ਭਾਸ਼ਾਈ ਪਰਿਵਾਰਾਂ ਦੇ ਮਾਡਲ ਰਾਹੀਂ ਅਸੀਂ ਭਾਵੇਂ ਪਰੋਟੋ ਭਾਸ਼ਾ ਤੱਕ ਨਹੀਂ ਪਹੁੰਚ ਸਕੇ ਪਰ ਫਿਰ ਵੀ ਭਾਸ਼ਾਈ ਪਰਿਵਾਰਾਂ ਦੇ ਸਿਧਾਂਤਾਂ ਨੇ ਸਾਨੂੰ ਭਾਸ਼ਾਵਾਂ ਦੇ ਆਪਸੀ ਸੰਬੰਧ ਅਤੇ ਨਿਕਟਤਾ ਦੇ ਸੂਤਰਾਂ ਨੂੰ ਪਛਾਣ ਕੇ ਕਈ ਅੰਤਰ ਦ੍ਰਿਸ਼ਟੀਆਂ ਦਿੱਤੀਆਂ ਹਨ।

ਸ. ਇੰਜ ਹੀ ਲਿੱਪੀਆਂ ਦੇ ਸੰਬੰਧ ਵਿਚ ਭਾਵੇਂ ਬਹੁਤ ਖੋਜ ਹੋ ਚੁੱਕੀ ਹੈ ਪਰ ਲੇਖਕ ਨੇ ਇਨ੍ਹਾਂ ਬਾਰੇ ਜੋ ਜਾਣਕਾਰੀ ਇਕੱਤਰ ਕਰਕੇ ਦਿੱਤੀ ਹੈ ਉਹ ਲਾਹੇਵੰਦੀ ਹੈ।

ਹ. ਪੰਜਾਬੀ ਭਾਸ਼ਾ ਦੀ ਸ਼ਬਦਾਵਲੀ ਦੀ ਬਣਤਰ ਅਤੇ ਅਰਥ ਵਿਗਿਆਨ ਤੋਂ ਸਾਨੂੰ ਭਰਵੀਂ ਜਾਣਕਾਰੀ ਮਿਲਦੀ ਹੈ। ਖਾਸ ਕਰਕੇ ਉਹ ਸ਼ਬਦ ਜੋ ਲੁਪਤ ਹੋ ਚੁੱਕੇ ਹਨ ਪਰ ਕੁਝ ਸ਼ਬਦਾਂ ਨਾਲ ਜੁੜ ਕੇ ਅਜੇ ਵੀ ਸਾਰਥਕਤਾ ਰੱਖਦੇ ਹਨ।

ਇੰਜ ਇਹ ਪੁਸਤਕ ਇਤਿਹਾਸਿਕ ਮਹੱਤਾ ਹੀ ਨਹੀਂ ਰੱਖਦੀ ਸਗੋਂ ਅੱਜ ਵੀ ਕੁਝ ਸਾਰਥਕ ਸੇਧਾਂ ਦੇਣ ਦੇ ਸਮਰੱਥ ਹੈ।

## ਹਵਾਲੇ ਤੇ ਟਿੱਪਣੀਆਂ


1. ਰਾਮ ਸਿੰਘ ਗਿਆਨੀ, ਸ਼ਬਦ ਚਮਤਕਾਰ, ਲਾਹੌਰ ਬੁਕ ਸ਼ਾਪ, ਲੁਧਿਆਣਾ-1929, ਪੰਨੇ-ੲ.ਸ,
2. - ਉਹੀ -, ਪੰਨਾ - ਅ
3. - ਉਹੀ -, ਪੰਨਾ - 1
4. - ਉਹੀ -, ਪੰਨਾ - 36
5. - ਉਹੀ -, ਪੰਨੇ - 36-37
6. - ਉਹੀ -, ਪੰਨਾ - 37
7. - ਉਹੀ -, ਪੰਨੇ -66-67
8. - ਉਹੀ -, ਪੰਨਾ - 110
9. - ਉਹੀ -, ਪੰਨਾ - 225
10. - ਉਹੀ -, ਪੰਨੇ - 226-27
11. - ਉਹੀ -, ਪੰਨਾ - 280
12. - ਉਹੀ -, ਪੰਨਾ - 281
13. - ਉਹੀ -, ਪੰਨੇ - 297-99
14. - ਉਹੀ -, ਪੰਨਾ - 295
15. - ਉਹੀ -, ਪੰਨੇ - 301-02


## ਪ੍ਰਸ਼ਿਸ਼ਟ - ੳ

### ਇਸਤਲਾਹੀ ਸ਼ਬਦ ਜੋ ਇਸ ਪੁਸਤਕ ਵਿਚ ਵਰਤੇ ਗਏ ਹਨ —

(Glossary of Technical Terms)

ਉਪਮਾਂ — Simile.

ਊਸ਼ਮ-ਵਰਣ — Sibilants.

ਉਪਸਰਗ-ਸੰਜੋਗੀ ਭਾਸ਼ਾਵਾਂ — Prefix-Agglutinating Languages

ਉਪਭਾਸ਼ਾਵਾਂ — Dialects.

ਉਤਕ੍ਰਿਸ਼ਟ-ਭਾਸ਼ਾ — Classical Language.

ਉੱਚਾਰਣ ਸੰਬੰਧੀ ਸ੍ਰੀਰਕ ਅੰਗ — Vocal Organs.

ਉੱਚਾਰਣਾਤਮਕ ਵਿਕਾਸ (ਬੋਲੀ ਦਾ) — The Development of Outer speech

ਉਧਾਰੇ ਜਾਂ ਮਾਂਗਵੇ ਸ਼ਬਦ — Borrowed Words.

ਉਪਸਰਗ-ਪ੍ਰਤਯਯ-ਮੱਧ ਮਾਤ੍ਰ-ਸੰਯੋਗੀ — Prefix-Suffix Infix. Agglutinting.

ਓਸ਼ਟੀ ਵਰਣ — Labials

ਅੰਗ — Stems.

ਅਰਧ-ਸ੍ਵਰ — Semi vowels.

ਅਲਪ ਪ੍ਰਾਣ ਵਰਣ — Unaspirate.

ਆਦਿ ਕਾਲੀਨ — Old.

ਅੰਤ੍ਰਲੀਨਤਾ — Assimilation.

ਅਨੁਰੂਪਤਾ — Analogy.

ਅੱਨੁਕਰਣਾਤਮਕ ਸ਼ਬਦ — Imitative Words.

ਆਦਿ ਮਾਤ੍ਰ ਜਾਂ ਉਪਸਰਗ — Prefix.

ਅੰਤ ਮਾਤ੍ਰ ਜਾਂ ਪ੍ਰਤਯਯ — Suffix.

ਅਰਥਾਤਮਕ ਵਿਕਾਸ (ਬੋਲੀ ਦਾ) — The Development of Inner Speech.

ਅਰਥ-ਵਿਸਤਾਰ — Generalization of Meaning

ਅਰਥ-ਸੰਕੋਚ — Specialization of Meaning.

ਅਨੁਵਾਦ-(ਤਰਜੁਮਾ) — Translation

ਅਨਾਰੀਆ — Non-Aryan

ਅਯੋਗਾਤਮਕ — Isolative or Inorganic

ਅਘੋਸ਼ ਵਰਣ — Hard, Surd or Unvoiced letters.

ਅਨੇਕਾਖਰੀ — Polysyllabic

ਅਭੇਦਾਤਮਕ — Synthetical.

ਆਗਮ (ਵਰਣਾਂ ਦੀ) — Prothesis.

ਅਵਯਵੀ ਬੋਲੀ — Organic Language

ਅਸੁਭਾਵਿਕਤਾ — Unnaturalness or Artificiality.

ਅਰਥ-ਉੱਨਤੀ — Amelioration or Rise of Meaning.

ਏਕਾਖਰੀ-ਭਾਸ਼ਾ — Monosyllabic Language.

ਏਕਾਖਰੀ ਲਿਖਣ-ਢੰਗ — Monosyllabic system of writing.

ਸਮਰੂਪਕ-ਭਿੰਨ ਮੂਲਕ ਸ਼ਬਦ — Homonyms.

ਸਮ ਮੂਲਕ-ਭਿੰਨਾਰਥਕ ਸ਼ਬਦ — Doublets.

ਸੰਜੋਗੀ ਭਾਸ਼ਾ — Amalgamating.

ਸ੍ਵਾਸ-ਨਾਲੀ — Wind-Pipe.

ਸ੍ਵਰ-ਲੋਪ — Syncope.

ਸ਼ਬਦ-ਭੰਡਾਰ — Vacabulary.

ਸਾਮਯ- ਗਿਆਨ — Knowledge of Similrity.

ਸੰਕੇਤਕ ਸ਼ਬਦ — Symbolical Words.

ਸ਼ਬਦ-ਲਿਪੀ — Word-Writing

ਸ੍ਵਰ ਜਾਂ ਨਾਦ-ਤੰਦੀਆਂ — Vocal Chords.

ਸੋਮਾ — Source.

ਸਭਯਤਾ — Civilization.

ਸਭਯ — Civilized.

ਸੰਕੇਤ-ਪ੍ਰਣਾਲੀ — Symbolical System of Writing.

ਸਮੀ ਕਰਣ — Assimilation.

ਸਰਲਤਾ — Simplicity.

ਸਘੋਸ਼ ਵਰਣ — Voiced Sounds.

ਸਾਹਚਰਬ — Association.

ਸ੍ਵਾਸ — Breath.

ਸ੍ਵਣਾਤਮਕ ਕ੍ਰਿਆਵਾਂ — Acoustic action.

ਸੰਪ੍ਰਦਾਈ ਪੱਖ — Traditional Aspect.

ਸ਼ਖਸੀ ਜਾਂ ਜਾਤੀ ਪੱਖ — Individual Aspect.

ਸ਼ਬਦ-ਰਚਨਾ ਅਨੁਸਾਰ ਬੋਲੀਆਂ ਦੀ ਵੰਡ — Morphological Classification of Languages.

ਸਥਾਨੀ ਬੋਲੀਆਂ — Local Dialects.

ਸਮਾਜਿਕ ਪ੍ਰਵਿਰਤੀਆਂ — Social Tendencies.

ਸ਼ਰਸ਼ ਵਰਣ — Mute, Stopes or Explosives.

ਸ਼ਬਦ-ਬੋਧ — Etymology.

ਸ਼ਬਦ-ਪਾਜ — Conventional Character.

ਸ਼ਬਦਾਰਥ-ਕਿਰਨਾਂ — Radiation of Meaning.

ਸ਼ਬਦੰਸ਼-ਲਿੱਪੀ — Syllabic Writing

ਸ਼ੁਧ ਵਰਣਾਤਮਕ ਲਿਪੀ — Alphabetical Writing Proper.

ਸਮਾਜਿਕ ਅਤੇ ਰਾਜਨੀਤਿਕ ਇਤਿਹਾਸ — Social and Political History.

ਸਮਾਜ-ਸ਼ਾਸਤ੍ਰ — Sociology.

ਕਲਾ — Art

ਕੰਠ-ਪਟਾਰੀ — Larynx.

ਕੰਠੀ-ਵਰਣ — Gutturals.

ਕੀਲਕਾਖਰ ਅੱਖਰ — Cuneiforms or Wedge-shaped letters.

ਕ੍ਰਮ-ਵਿਕਾਸ — Evolution.

ਕਿਤਾਬੀ ਸ਼ਬਦ — Learned Words.

ਕਵਿਤਾ — Poetry.

ਗੰਢ-ਲਿਪੀ — Knot-Writing

ਗਿਰਾਵਟ (ਅਰਥਾਂ ਦੀ) — Fall or Degeneration of Meaning.

ਘਰਸ਼ਕ ਵਰਣ — Fricative Sounds

ਘਰੋਗੀ ਸ਼ਬਦ — Popular Words.

ਚਿਤ੍ਰ-ਲਿਪੀ — Picture-Writing.

ਚਿਤ੍ਰਲੇਖ ਪ੍ਰਣਾਲੀ — Hieroglyphic System of Writing.

ਚਿਤ੍ਰ-ਵਿਦਿਆ — Painting.

ਛੂਛੇ ਸ਼ਬਦ — Empty Words.

ਜੀਵਨ-ਵਿਗਿਆਨ — Biology.

ਜੱਕੀੜੀ ਭਾਸ਼ਾ — Incorporating Language.

ਜਤਨ-ਸੰਜਮ — Economy of Effort.

ਟੱਣ ਟੱਣ ਵਾਦ — Ding Dong Theory.

ਤੁਲਨਾਤਮਕ ਭਾਸ਼ਾ ਵਿਗਿਆਨ — Comparative Phiology.

ਤੀਰ-ਤੁੱਕੇ — Folk-Etymology.

ਤਾਲਵੀ-ਵਰਣ — Palatals.

ਦੇਸ਼-ਭਾਸ਼ਾਵਾਂ — Regional Dialects.

ਦੰਤੀ-ਵਰਣ — Dental Sounds.

ਧੁਨੀ ਲੋਪ — Haplology.

ਧਾਤੂ — Roots.

ਧਿਆਨਾਤਮਕ ਕ੍ਰਿਆ — Pertaining of Attention.

ਧੁਨੀ ਪਰਿਵਰਤਨ — Sound Changes.

ਨਾਦ ਤੰਦ — Vocal Chords.

ਨਾਦ-ਯੰਤ੍ਰ — Vocal Organ.
ਨਾਦ — Sound
ਨਿਰਵਯਵੀ — Inorganic.
ਪ੍ਰਾਰੰਭਕ — Original
ਪ੍ਰਵਿਰਤੀ — Tendency.
ਪ੍ਰਸਪਰ — Mutual.
ਪ੍ਰਤਯਯ ਸੰਜੋਗੀ — Suffix-Agglutinating
ਪ੍ਰਾਦੇਸ਼ਕ-ਭਾਸ਼ਾਵਾਂ — Regional Dialects.
ਪ੍ਰਾਂਤੀ ਬੋਲੀਆਂ — Provincial Dialects.
ਪੁਰਾਤਨ-ਵਸਤ-ਵਿਗਿਆਨ — Archaeology.
ਪੂਰਣ ਸੰਜੋਗੀ — Amalgamating
ਪੁਰਾਣ-ਵਿਗਿਆਨ — Science of Mythology.
ਪਰਕਿਰਤੀ ਵਿਦਿਆ — Physical Science.
ਪੱਛਮੀ ਵਰਣ ਮਾਲਾ — Occidental Alphabets.
ਪੂਰਬੀ ਵਰਣਮਾਲਾ — Oriental Alphabets.
ਫੇਫੜੇ — Lungs
ਬਣੌਟੀ ਭਾਸ਼ਾ — Created or Artificial Language.
ਬਿਛਰਤ ਸ਼ਬਦ-ਰੂਪ — Fossils.
ਬੰਸ ਅਨੁਸਾਰ ਬੋਲੀਆਂ ਦੀ ਵੰਡ — Genealogical Classification of Languages.
ਬਨਸਪਤਿ ਵਿਗਿਆਨ — Botany.
ਭਊਂ ਭਊਂ ਵਾਦ — Bow-Wov Theory.
ਭਾਸ਼ਾ-ਵਿਗਿਆਨ — Science of Language
ਭ੍ਰਮਾਤਮਕ-ਅਨੁਰੂਪਤਾ — False Analogy
ਭਾਵਾਤਮਕ ਵਿਕਾਸ — Development of Inner speech
ਭੂ-ਗਰਭ-ਵਿਦਿਆ — Geology
ਭਾਵ-ਲਿਪੀ — Ideograph.
ਭੇਦਾਤਮਕ ਭਾਸ਼ਾ — analytical Language.
ਮਧੁਰਤਾ Sweetness. (ਮਿਠਾਸ)
ਮੂਰਧਨੀ ਵਰਣ (Cerebrals)

ਮਹਤ੍ਵ — Greatness (ਵਡਿਆਈ)

ਮਹਾਂ ਪ੍ਰਾਣ ਵਰਣ — Aspirate,

ਮਾਨਸਿਕ ਕ੍ਰਿਆ — Mental Action

ਮਨੁਖ-ਭਾਸ਼ਾ — Human Speech

ਮਨੁਖ-ਸ੍ਰਿਸ਼ਟਿ — Creation of Mankind.

ਮੱਧ ਕਾਲੀਨ ਬੋਲੀਆਂ — The Languages of the Middle Age.

ਮੰਗਲ-ਭਾਸ਼ਣ — Euphemism.

ਮੁਬਾਲਗਾ — Exaggeration.

ਮਿਥਿਆ ਸਾਦ੍ਰਿਸ਼ — False Analogy.

ਮੱਧ-ਮਾਤ੍ਰ — Infix.

ਮਨੁਖ-ਜਾਤੀ ਵਿਗਿਆਨ — Ethnology.

ਮਤ-ਵਿਗਿਆਨ — Science of Religion.

ਮਨੋ-ਵਿਗਿਆਨ — Psychology.

ਮਾਨਵ-ਵਿਗਿਆਨ — anthropology.

ਯੋਗਾਤਮਕ ਭਾਸ਼ਾ — Agglutinating Language.

ਰੂਪਾਤਮਕ ਵਿਕਾਸ — The Development of the outer speech.

ਰੱਜੂ-ਲਿਪੀ — Knot-writing

ਲਿੱਖਣ-ਕਲਾ — Art of writing.

ਵਰਣ-ਮੂਲਕ ਲਿਪੀ — Alphabetical writing.

ਵਰਣਾਤਮਕ ਸ਼ਬਦ — Articulate sounds or speech sounds.

ਵਰਣ-ਵਿਪਰਜ— Metathesis.

ਵਰਣ- ਵਿਕਾਰ — Changes in Sounds.

ਵਿਚਾਰ-ਵਟਾਂਦਰਾ — Exchange of thoughts.

ਵਿਸ਼ਮੀ-ਕਰਣ — Dissimilation.

ਵਿਭੇਦਤਾ — Differentiation

ਵਿਅੰਜਨ-ਲੋਪ — Elision.

ਵਿਕਾਸ — Development Evolution

ਵਯੁਤਪਤੀ — Derivation.

ਵਰਣਾਤਮਕ-ਲਿਖਣ-ਢੰਗ — Alphabetical system of writing.

ਵਾਸਤ-ਵਿਦਿਆ — Architecture.

ਵਿਭਕਿਤ — Inflection.

ਵਰਣ-ਬੋਧ — Orthography.

ਵਾਕ ਜੱਕੀੜੀ — Sentence-Incoporating.

ਵਿਸ਼੍ਵ-ਭਾਸ਼ਾ — Universal Language.

ਵਿਸਮਯਕੀ ਸ਼ਬਦ — Interjectional words.

ਵਾਕ-ਬੋਧ — Syntax.

ਵਰਤਮਾਨ ਕਾਲੀਨ ਬੋਲੀਆਂ — Modern Languages.

## ਪ੍ਰਿਸ਼ਿਸ਼ਟ - ਅ

## ਪੰਜਾਬੀ ਅਤੇ ਅੰਗਰੇਜ਼ੀ ਧੁਨੀਆਂ ਦਾ ਟਾਕਰਾ

### 1. ਸ੍ਵਰ

| ਅੰਗ੍ਰੇਜ਼ੀ ਧੁਨੀ | ਪੰਜਾਬੀ ਧੁਨੀ | ਅੰਗ੍ਰੇਜ਼ੀ ਸ਼ਬਦ | ਪੰਜਾਬੀ ਸ਼ਬਦ |
|---|---|---|---|
| a | ਐ ( ੈ ) | Bat | ਬੈਟ |
| a | ਏ ( ੇ ) | rate | ਰੇਟ |
| a | ਮੁਕਤਾ | rural | ਰੂਰਲ |
| a | ਆ ( ਾ ) | Ball | ਬਾਲ |
| a | ਐ ( ੈ ) | Pen | ਪੈੱਨ |
| ei, ie, ee, ea, e | ਈ ( ੀ ) | beat, beli | |
| i | ਇ ( ਿ ) | kill | ਕਿੱਲ |
| i | ਆਈ (ਆ ੀ) | Mine | ਮਾਈਨ |
| o | ਆ ( ਾ ) | Office | ਆਫ਼ਿਸ |
| o | ਓ ( ੋ ) | Post | ਪੋਸਟ |
| oo | ਊ ( ੂ ) | Fool | ਫ਼ੂਲ |
| u | ਮੁਕਤਾ | But | ਬੱਟ |
| u | ਈ + ਉ ( ਿ + ਉ) | Municipal | ਮਿਊਨੀਸਿਪਲ |
| u | ਉ ( ੁ ) | Bull | ਬੁਲ |

### 2. ਵਿਅੰਜਨ

| ਅੰਗ੍ਰੇ : ਧੁ | ਪੰ: ਧੁ: | ਅੰਗ੍ਰੇ: ਸ਼: | ਪੰ: ਸ਼: |
|---|---|---|---|
| b (B) | ਬ | Bull | ਬੁਲ੍ਹ |
| c (C) | ਕ ਜਾਂ ਸ | Committee | ਕਮੇਟੀ ਜਾਂ |
| | | or Caesar | ਸੀਜ਼ਰ |

| | | | |
|---|---|---|---|
| ci | ਸ਼ | Special | ਸਪੈਸ਼ਲ |
| d (D) | ਡ | Doctor | ਡਾਕਟਰ |
| f (F) | ਫ਼ | Full Boot | ਫ਼ੁਲ ਬੂਟ |
| (G) | ਗ | Good | ਗੁਡ |
| h (H) | ਹ | Hall | ਹਾਲ |
| (J) | ਜ | Jail | ਜੇਲ |
| k (K) | ਕ | Kill | ਕਿੱਲ |
| l (L) | ਲ | Lahore | ਲਾਹੌਰ |
| m (M) | ਮ | Machine | ਮਸ਼ੀਨ |
| n (N) | ਨ | November | ਨਵੰਬਰ |
| p (P) | ਪ | Pencil | ਪਿਨਸਲ |
| q (Q) | ਕ | Quinine | ਕੁਨੈਣ |
| r (R) | ਰ | Rate | ਰੇਟ |
| s (S) | ਸ | Seven | ਸੱਤ |
| t (T) | ਟ | Tin | ਟੀਨ |
| v, (w) | ਵ | Well, vir | ਵੈਲ, ਵੀਰ |
| x (K + S) | ਕ + ਸ | Box | ਬਕਸ |
| y | ਯ | Young | ਯੰਗ |
| Sh | ਸ਼ | Shikar | ਸ਼ਿਕਾਰ |
| z | ਜ਼ | Buzz | ਬੱਜ਼ |
| Th | ਦ ਜਾਂ ਥ | Then, Think | ਦੈੱਨ, ਥਿੰਕ |
| Th | ਠ | | ਠਾਕਰ |
| Ph | ਫ | Philosophy | ਫਿਲਾਸਫੀ |
| Kh | ਖ, ਖ਼ | | ਖੇਡ, ਖ਼ਾਲੀ |
| gh | ਘ | | ਘੋੜਾ |
| Ch | ਚ ਜਾਂ ਕ | School | ਸਕੂਲ |
| | | Church | ਚਰਚ |
| jh | ਝ | | ਝਗੜਾ |
| dh | ਧ | | ਧੀਰਜ |

| | | | |
|---|---|---|---|
| dh | ਢ | | ਢੰਗ |
| Bh | ਭ | | ਭੰਗ |
| chh | ਛ | | ਛਾਤੀ |
| ng | ਙ | king | ਕਿੰਗ ਜਾਂ ਕਿੰਙ |

## ਪ੍ਰਸ਼ਿਸ਼ਟ - ੲ

### (ੳ) ਸੰਭਾਵਯ ਭਵਿੱਖਤ

ਇਸ ਕਾਲ ਦੇ ਰੂਪਾਂ ਦੀ ਬੰਸਾਵਲੀ

| ਉਦਾਹਰਣ | | | | | ਚਿੰਨ੍ਹ | | | |
|---|---|---|---|---|---|---|---|---|
| ਪੁਰਖ | ਸੰਸਕ੍ਰਿਤ ਰੂਪ | ਪ੍ਰਾਕ੍ਰਿਤ ਰੂਪ | ਅਪਭ੍ਰੰਸ਼ ਰੂਪ | ਪੰਜਾਬੀ ਰੂਪ | ਸੰ. | ਪ੍ਰਾ. | ਅਪਭ: | ਪੰਜਾਬੀ |
| ਉਤ: ਪੁਰਖ-- | | | | | | ਏਮਿ | | |
| ਇਕ:ਵਚਨ | ਕਰੋਮਿ | ਕਰੇਮਿ | ਕਰਉਂ | ਕਰਾਂ | +ਮਿ | ਅਮਿ | ਅਉਂ | ਆਂ |
| | | | ਕਰਮਿ | | | ਆਮਿ | ਅਮਿ | |
| | | | | | | ਇੱਜਾਇ | ਇਜਇ | ਈਏ |
| ਬਹੁ ਵਚਨ- | ਕ੍ਰਿਯਤੇ | ਕਰਿਜਇ | ਕਰਜਇ | ਕਰੀਏ | ਇਯਤੇ | ਈਅਦਿ | | |
| | | ਕਰੀਅਦਿ | | | | | | |
| ਮੱਧਮ ਪੁਰਖ- | | | | | | | | |
| ਇ:ਵ: | ਕਰੋਸ਼ਿ | ਕਰਸਿ | ਕਰਸਿ | ਕਰੇਂ | ਅਸਿ | ਅਸਿ | ਅਹਿ | ਏਂ |
| | ਪ੍ਰਿੱਛਸਿ (ਪੁੱਛੇਂ) | | ਕਰਹਿ | | | ਏਸਿ | ਅਸ਼ਿ | |
| | ਕੁਰੁਥ | ਕੁਰਹ | | | | ਅਹ | ਅਹੁ | ਓ |
| ਬ: ਵ: | ਪ੍ਰਿੱਛਥ (ਪੁੱਛੋਂ) | ਪੁਛਹ (ਪੁਛੋ) | ਕਰਹੁ | ਕਰੋ | ਅਥ | ਏਹ | | |
| ਅਨਯ ਪੁਰਖ | | | | | | | | |
| ਇ: ਵ: | ਕਰੋਤਿ | ਕਰੇਦਿ | ਕਰਇ | ਕਰੇ | +ਤਿ | ਅਇ | ਅਇ | ਏ |
| | | ਕਰੇਨਤਿ | ਕਰੰਤਿ | | | ਅਦਿ | | |
| ਬ: ਵ: | ਕੁਰਵੰਤਿ | ਕੁਣੰਤਿ | ਕਰਹਿ | ਕਰਨ | ਅੰਤਿ | ਅੰਤਿ | ਅੰਤਿ | ਅਨ |
| | | | | | | ਏਨਤੀ | ਅਹਿ | |

## (ਅ) ਸਮਾਨ ਵਰਤਮਾਨ ਕਾਲ

| ਪੁਰਖ | | ਸੰਸਕ੍ਰਿਤ | ਪ੍ਰਾਕ੍ਰਿਤ | ਅਪਭ੍ਰੰਸ਼ | ਪੰਜਾਬੀ |
|---|---|---|---|---|---|
| ਉਤਮ ਪੁਰਖ | ਇ: ਵ: | ਚਲਾਮਿ | ਚਲਾਮਿ | ਚਲੌਂ | ਚਲਦਾ ਹਾਂ |
| | ਬ: ਵ | ਚਲਾਮ: | ਚਲਮੋ | ਚਲਹੁ | ਚਲਦੇ ਹਾਂ |
| ਮੱਧਮ ਪੁਰਖ | ਇ:ਵ | ਚਲਸਿ | ਚਲਸਿ | ਚਲਹਿ | ਚਲਦਾ ਹੈ |
| | ਬ:ਵ | ਚਲਥ | ਚਲਹ | ਚਲਹੁਂ | ਚਲਦੇ ਹੋ |
| ਅਨੱਯ ਪੁਰਖ | ਇ:ਵ | ਚਲੰਤਿ | ਚਲਇ | ਚਲਹਿ | ਚਲਦਾ ਹੈ |
| | ਬ:ਵ | ਚਲੰਤਿ | ਚਲੰਤਿ | ਚਲਹਿਂ | ਚਲਦੇ ਹਨ |

## (ੲ) ਸਮਾਨ ਭਵਿੱਖਤ

| ਪੁਰਖ | | ਸੰਸਕ੍ਰਿਤ | ਪ੍ਰਾਕ੍ਰਿਤ | ਅਪਭ੍ਰੰਸ਼ | ਪੰਜਾਬੀ |
|---|---|---|---|---|---|
| ਉਤਮ ਪੁਰਖ | ਇਕ ਵਚਨ | ਚਲਿਸ਼ਿਯਾਮਿ | ਚਲਿੱਸਮਿ | ਚਲਿੱਸਉਂ | ਚਲਾਂਗਾ |
| | ਬਹੁ ਵਚਨ | ਚਲਿਸ਼ਿਯਾਮਿ: | ਚਲਿੱਸਾਮੋ | ਚਲਿੱਸਹੁਂ | ਚਲਾਂਗੇ |
| ਮੱਧਮ ਪੁਰਖ | ਇਕ ਵਚਨ | ਚਲਿੱਸ਼ਯਸਿ | ਚਲਿੱਸਸਿ | ਚਲਿੱਸਹਿ | ਚਲੇਂਗਾ |
| | ਬਹੁ ਵਚਨ | ਚਲਿਸ਼ਯਥ | ਚਲਿਸਹਿ | ਚਲਿੱਸਹੁ | ਚਲੋਗੇ |
| ਅਨਯ ਪੁਰਖ | ਇਕ ਵਚਨ | ਚਲਿਸ਼ਯਤਿ | ਚਲਿੱਸਇ | ਚਲਿਹਿਇ | ਚਲੇਗਾ |
| | ਬਹੁ ਵਚਨ | ਚਲਿਸ਼ਯੰਤਿ | ਚਲਿੱਸੰਤਿ | ਚਲਿੱਸਹਿਂ | ਚਲਨਗੇ |

## ਰੀਵੀਊ

(ਵਲੋਂ ਭਾਈ ਕਾਨ੍ਹ ਸਿੰਘ ਜੀ ਨਾਭਾ, ਨਿਵਾਸੀ, ਪੰਜਾਬੀ, ਹਿੰਦੀ ਅਤੇ ਸੰਸਕ੍ਰਿਤ ਦੇ ਪ੍ਰਸਿੱਧ ਵਿੱਦਵਾਨ ਅਤੇ ਲੇਖਕ)

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਨਾਭਾ
੨੭.੧੨.੨੯

ਪੱਛਮੀ ਵਿਦਵਾਨਾਂ ਨੇ " ਭਾਸ਼ਾ ਵਿਗਯਾਨ" ਤੇ ਅਨੇਕ ਗ੍ਰੰਥ ਲਿਖੇ ਹਨ, ਜਿਨ੍ਹਾਂ ਤੋਂ ਭਾਸ਼ਾ (ਬੋਲੀ) ਦੀ ਉਤਪਤੀ ਉੱਨਤੀ ਪਰਿਵਰਤਨ, ਲਿਪਿ (ਲਿਖਤ); ਇਤਿਹਾਸ ਆਦਿ ਅਨੇਕ ਵਿਸ਼ਿਆਂ ਦਾ ਗਯਾਨ ਹੁੰਦਾ ਹੈ, ਪਰ ਪੰਜਾਬੀ ਵਿਚ ਸਰਦਾਰ ਰਾਮ ਸਿੰਘ ਜੀ ਐਮ.ਏ. ਪ੍ਰੋਫੈਸਰ ਖਾਲਸਾ ਕਾਲਜ ਦਾ ਇਹ ਪਹਿਲਾ ਗ੍ਰੰਥ ਹੈ, ਜਿਸ ਵਿਚ ਭਾਸ਼ਾ ਵਿਗਯਾਨ ਤੇ ਪੂਰੀ ਰੌਸ਼ਨੀ ਪਾਈ ਗਈ ਹੈ,ਇਸ ਵਿੱਚ ਭਾਸ਼ਾ ਦੇ ਸਾਰੇ ਅੰਗਾਂ ਨੂੰ ਵਿਦ੍ਵਤਾ ਅਤੇ ਯੋਗਤਾ ਨਾਲ ਵਡੀ ਮੇਹਨਤ ਕਰਕੇ ਬਹੁਤ ਖੋਲ੍ਹਕੇ ਦੱਸਿਆ ਹੈ ਜਿਸਤੋਂ ਥੋੜ੍ਹੀ ਸਮਝ ਵਾਲਾ ਭੀ

ਕਰਤਾ ਦੇ ਭਾਵ ਚੰਗੀ ਤਰ੍ਹਾਂ ਸਮਝ ਸਕਦਾ ਹੈ। ਅਜੇਹੇ ਗ੍ਰੰਥਾਂ ਦੇ ਪੜ੍ਹੇ ਬਿਨ੍ਹਾਂ ਕੋਈ ਸ਼ਬਦ-ਰਚਨਾ ਦਾ ਪੰਡਤ ਨਹੀਂ ਹੋ ਸਕਦਾ ।

ਮੈ ਸ੍ਰ. ਰਾਮ ਸਿੰਘ ਜੀ ਨੂੰ ਇਸ ਸਫਲਤਾ ਤੇ ਵਧਾਈ ਦੇਂਦਾ ਹਾਂ ਅਤੇ ਵਿਦਿਆ-ਪ੍ਰੇਮੀਆਂ ਦੀ ਸੇਵਾ ਵਿੱਚ ਸਿਫ਼ਾਰਿਸ਼ ਕਰਦਾ ਹਾਂ, ਕਿ ਇਸ ਅਮੋਲਕ ਗ੍ਰੰਥ ਦੀ ਕਦਰ ਕਰਕੇ ਕਰਤਾ ਦਾ ਹੌਂਸਲਾ ਜਾਦਾ ਕਰਨ।

ਕਾਨ੍ਹ ਸਿੰਘ

## A REVIEW

by

Prof. Puran Singh ji (of Dehra-Dun)

I have gone through the punjabi book entitled 'Shabad-Chamatkar' or science of Language by Professor Ram Singh Gyani M.A. of the Khalsa College Amritsar. He has produced a work of real worth and outstanding merit. He has dealt with.

(a) The Origin of Language.
(b) The Morphological Development and Classification of Language.
(c) Genealogical Classification of Languages.
(d) The Evolution of Alphabets.
(e) The Development of Outer and Inner Speech,
(f) The Origin of Punjabi Alphabet,
(g) The History of Punjabi Sounds, Pronouns and Verbs, and
(h) The Development of Punajbi Vocabulary etc. etc.

To find such a book in Punjabi is a delightful surprize . The learned author appears to have made a through preparation for the task he had set before himself and after carefully going through all the available works on that subject he has done original research. The book is an advanced text on the subject. It is very intersting ,comprehensive, and has numerous excellent features. The publication has supplied a much felt want and deserves appreciation of all literary circles and especially of the Education Department. It may be prescribed as a text-book for the higher Punjabi Exaamination as a whole or in part with great benefit to the students.

PURAN SINGH

P.O.Chak 73/19
Via Jaranwala,
20-12-29

## ਡਾ. ਪਰਮਜੀਤ ਸਿੰਘ

ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਖੋਜ ਕਰਨ ਵਾਲਾ ਡਾ. ਪਰਮਜੀਤ ਸਿੰਘ ਅਭਿਆਸੀ ਵਿਦਵਾਨ ਹੈ। ਉਹਦਾ ਜਨਮ 15 ਜਨਵਰੀ 1963 ਨੂੰ ਸ੍ਰ. ਸਰਵਨ ਸਿੰਘ ਤੇ ਮਾਤਾ ਪ੍ਰੀਤਮ ਕੌਰ ਦੇ ਘਰ ਹੋਇਆ। ਉਸਨੇ ਬੀ.ਏ. ਟਾਂਡਾ ਦੇ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਕਾਲਜ ਤੋਂ ਕੀਤੀ ਤੇ ਐਮ. ਏ. ਪੰਜਾਬੀ, ਰਿਜਨਲ ਸੈਂਟਰ ਜਲੰਧਰ ਤੋਂ ਕੀਤੀ, 1990 ਵਿੱਚ ਉਸਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾ. ਚਰਨ ਦਾਸ ਸਿੱਧੂ ਦੇ ਨਾਟਕ "ਅੰਬੀਆਂ ਨੂੰ ਤਰਸੇਂਗੀ" ਦਾ ਸ਼ੈਲੀ ਵਿਗਿਆਨਕ ਵਿਸ਼ੇ 'ਤੇ ਐਮ. ਫਿਲ. ਦੀ ਡਿਗਰੀ ਪ੍ਰਾਪਤ ਕੀਤੀ ਅਤੇ ਯੂ.ਜੀ. ਸੀ. ਦੀ ਫੈਲੋਸ਼ਿਪ ਅਧੀਨ ਇਥੋਂ ਹੀ "ਡਾ. ਚਰਨ ਦਾਸ ਸਿੱਧੂ ਦੇ ਨਾਟਕਾਂ ਦਾ ਸਮਾਜ ਭਾਸ਼ਾ ਵਿਗਿਆਨਕ ਅਧਿਐਨ ਵਿਸ਼ੈ 'ਤੇ" 1997 ਵਿੱਚ ਪੀ-ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਉਸ ਦੀਆਂ ਪ੍ਰਕਾਸ਼ਤ ਪੁਸਤਕਾਂ ਵਿੱਚ "ਭਾਸ਼ਾ ਵਿਗਿਆਨ : ਭਾਸ਼ਾਈ ਪੱਧਰ ਤੇ ਸੰਚਾਰ ਮਾਡਲ" ਤੇ "ਡਾ. ਚਰਨ ਦਾਸ ਸਿੱਧੂ ਦੇ ਨਾਟਕਾਂ ਦਾ ਸਮਾਜ ਭਾਸ਼ਾ-ਵਿਗਿਆਨਕ ਅਧਿਐਨ" ਸ਼ਾਮਲ ਹਨ। ਭਾਸ਼ਾ ਵਿਗਿਆਨ ਸੰਬੰਧੀ ਇਕ ਪੁਸਤਕ ਛਪਾਈ ਅਧੀਨ ਹੈ। ਅੱਜ ਕੱਲ੍ਹ ਉਹ ਆਲੋਵਾਰ ਤਹਿਸੀਲ ਨਕੋਦਰ ਵਿਖੇ ਸਰਕਾਰੀ ਸਕੂਲ ਦੇ ਇੰਚਾਰਜ ਵਜੋਂ ਸੇਵਾ ਨਿਭਾ ਰਹੇ ਹਨ।

# 12

# ਪੰਜਾਬੀ ਭਾਸ਼ਾ ਦੇ ਸ਼ਬਦ ਜੋੜਾਂ ਦਾ ਮਹੱਤਵ ਤੇ ਸ਼ਬਦ ਭੰਡਾਰ

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਇਸ ਸਮਾਜ ਵਿਚ ਰਹਿੰਦਿਆਂ ਕਈ ਅਦਭੁਤ ਚੀਜ਼ਾਂ ਨੂੰ ਵੇਖਦਾ ਤੇ ਸੁਣਦਾ ਹੈ ਜਿਸ ਨਾਲ ਇਸ ਦੇ ਮਨ ਵਿਚ ਕਈ ਤਰ੍ਹਾਂ ਦੇ ਵਿਚਾਰ ਤੇ ਖਿਆਲ ਪੈਦਾ ਹੁੰਦੇ ਹਨ। ਇਹਨਾਂ ਵਿਚਾਰਾਂ ਨੂੰ ਪਰਗਟ ਕਰਨ ਲਈ ਇਸ ਨੂੰ ਸ਼ਬਦਾਂ ਦੀ ਜ਼ਰੂਰਤ ਪੈਂਦੀ ਹੈ।.ਜੇ ਸ਼ਬਦ ਅਲੰਕਾਰਿਕ ਹੋਣ ਤਾਂ ਉਹ ਸਾਹਿੱਤ ਦਾ ਰੂਪ ਧਾਰਨ ਕਰ ਲੈਂਦੇ ਹਨ। ਜਿਸ ਪ੍ਰਕਾਰ ਸੰਗੀਤ-ਕਲਾ ਦਾ ਮਾਧਿਅਮ ਆਵਾਜ਼ਾਂ ਤੇ ਤਾਰਾਂ ਅਤੇ ਮੂਰਤੀ-ਕਲਾ ਦਾ ਮਾਧਿਅਮ ਮਿੱਟੀ ਤੇ ਗਾਰਾ ਹਨ ਅਤੇ ਇਸੇ ਤਰ੍ਹਾਂ ਸਾਹਿਤ ਦਾ ਮਾਧਿਅਮ ਸ਼ਬਦ ਹਨ।

ਆਦਿ ਮਨੁੱਖ ਦੇ ਅਵਿਕਸਤ ਹੋਣ ਕਰਕੇ ਉਸਦੇ ਰਹਿਣ ਸਹਿਣ ਦਾ ਢੰਗ ਬਹੁਤ ਸਿਧਾ ਸਾਦਾ ਸੀ ਜਿਸ ਕਰਕੇ ਉਸ ਦੀਆਂ ਜ਼ਰੂਰਤਾਂ ਵੀ ਸੀਮਤ ਸਨ। ਜ਼ਰੂਰਤਾਂ ਘੱਟ ਹੋਣ ਕਰਕੇ ਉਸਨੂੰ ਜ਼ਿਆਦਾ ਚੀਜ਼ਾਂ ਦੀ ਲੋੜ ਨਹੀਂ ਸੀ ਪੈਂਦੀ। ਇਸ ਕਰਕੇ ਉਸ ਦਾ ਥੋੜ੍ਹੇ ਬਹੁਤ ਸ਼ਬਦਾਂ ਜਾਂ ਟੁੱਟੀ ਫੁੱਟੀ ਭਾਸ਼ਾ ਨਾਲ ਹੀ ਕੰਮ ਚੱਲ ਜਾਂਦਾ ਸੀ। ਗੁਜ਼ਾਰੇ ਲਈ ਇਹ ਸ਼ਬਦਾਵਲੀ ਮੂੰਹ ਜੁਬਾਨੀ ਯਾਦ ਕਰਕੇ ਆਪਣੀ ਗੱਲ ਇਕ ਦੂਜੇ ਨੂੰ ਸਮਝਾ ਦਿੰਦੇ ਸਨ। ਨੇੜੇ-ਨੇੜੇ ਰਹਿਣ ਕਰਕੇ ਕਿਸੇ ਨੂੰ ਸੁਨੇਹਾ ਭੇਜਣ ਦੀ ਵੀ ਜ਼ਰੂਰਤ ਨਹੀਂ ਸੀ ਪੈਂਦੀ ਜਿਸ ਕਰਕੇ ਉਨ੍ਹਾਂ ਦਾ ਸ਼ਬਦ-ਭੰਡਾਰ ਬਹੁਤ ਘੱਟ ਸੀ ਪਰ ਹੌਲੀ-ਹੌਲੀ ਮਨੁੱਖ ਨੇ ਤਰੱਕੀ ਕੀਤੀ। ਸਭਿਅਤਾ ਦੇ ਵਿਕਾਸ ਨਾਲ ਮਨੁੱਖ ਦੀਆਂ ਲੋੜਾਂ ਵਿੱਚ ਵੀ ਵਾਧਾ ਹੋਣ ਲੱਗ ਪਿਆ, ਜਿਹਨਾਂ ਨੂੰ ਪੂਰੀਆਂ ਕਰਨ ਲਈ ਦੂਸਰੇ ਲੋਕਾਂ ਨਾਲ ਮੇਲ ਜੋਲ ਜਾਂ ਸਬੰਧ ਨੂੰ ਕਾਇਮ ਰੱਖਣ ਲਈ ਉਨ੍ਹਾਂ ਨੂੰ ਭਾਸ਼ਾ ਸਿਖਣੀ ਪਈ।

ਜਦੋਂ ਵੀ ਕਿਸੇ ਦੇਸ਼ ਦੇ ਲੋਕ ਆਪਣੀ ਭਾਸ਼ਾ ਨੂੰ ਲਿਖਤੀ ਰੂਪ ਦੇਣ ਦਾ ਯਤਨ ਕਰਦੇ ਹਨ ਤਾਂ ਸੁਭਾਵਿਕ ਹੀ ਉਹ ਉਨ੍ਹਾਂ ਆਵਾਜ਼ਾਂ (sounds) ਨੂੰ ਪਰਗਟ ਕਰਨ ਦਾ ਉਪਰਾਲਾ ਕਰਦੇ ਹਨ। ਜੋ ਕਿ ਉਨ੍ਹਾਂ ਦੀ ਬੋਲਚਾਲ ਵਿੱਚ ਆਮ ਵਰਤੀਆਂ ਜਾਂਦੀਆਂ ਹਨ। ਅਜਿਹਾ ਕਰਨ ਲਈ ਉਨ੍ਹਾਂ ਨੂੰ ਧੁਨੀ ਸੁਰ ਵਿਗਿਆਨ ਨੂੰ ਮੁੱਖ ਰੱਖਣਾ ਪੈਂਦਾ ਹੈ। "ਜਦੋਂ ਅੰਗਰੇਜ਼ਾ ਜਾਂ ਸੈਕਸਨਜ਼ (saxsons) ਨੇ 597 ਈਸਵੀਂ ਵਿੱਚ ਈਸਾਈ ਮੱਤ ਗ੍ਰਹਿਣ ਕਰ ਲਿਆ ਅਤੇ ਆਪਣੇ ਰੂਹਾਨੀ ਵਰਦਾਤਿਆਂ ਤੋਂ ਰੋਮਨ ਅੱਖਰ ਸਿੱਖੇ ਤਾਂ ਉਨ੍ਹਾਂ ਨੇ ਵੀ ਸੁਰ ਵਿਗਿਆਨ ਦੀ ਸਹਾਇਤਾ ਨਾਲ ਆਪਣੀ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਜੋੜ ਬਣਾਣੇ ਸ਼ੁਰੂ ਕੀਤੇ। ਇਸ ਸਮੇਂ ਦੀ ਅੰਗਰੇਜ਼ੀ, ਜਿਸ ਨੂੰ ਪੁਰਾਤਨ ਅੰਗਰੇਜ਼ੀ (old english) ਕਿਹਾ ਜਾਂਦਾ ਹੈ, ਪੜ੍ਹਨ ਤੋਂ ਸਪਸ਼ਟ ਹੁੰਦਾ ਹੈ ਕਿ ਉਸ ਸਮੇਂ ਦੇ ਸ਼ਬਦ ਜੋੜ ਇੰਨ ਬਿੰਨ ਲੋਕਾਂ ਦੇ ਬੋਲਣ ਦੇ ਢੰਗ ਅਤੇ ਸ਼ਬਦਾਂ ਦੇ ਸਵਰਾਂ 'ਤੇ ਨਿਰਭਰ ਸਨ।" [1]

ਜਦੋਂ ਕਿਸੇ ਬੋਲੀ ਨੂੰ ਲਿਖਤੀ ਰੂਪ ਧਾਰਨ ਕੀਤਿਆਂ ਕੁਝ ਸਮਾਂ ਬੀਤ ਜਾਂਦਾ ਹੈ ਤਾਂ ਉਸ ਦੇ ਲਿਖਣ ਢੰਗ ਦੀ ਇਕ ਰਵਾਇਤ ਜਾਂ ਪਰੰਪਰਾ ਕਾਇਮ ਹੋ ਜਾਂਦੀ ਹੈ। ਉਸ ਤੋਂ ਬਾਅਦ ਆਮ ਤੌਰ ਤੇ ਲੋਕੀਂ ਉਸ ਬੋਲੀ ਨੂੰ ਉਸੇ ਪਰਕਾਰ ਲਿਖਦੇ ਹਨ ਜਿਸ ਤਰ੍ਹਾਂ ਉਨ੍ਹਾਂ ਦੇ ਦਾਦੇ ਪੜਦਾਦੇ ਲਿਖਦੇ ਹੁੰਦੇ ਸਨ। ਉਨ੍ਹਾਂ ਦੀ ਸਿਖਲਾਈ ਵੀ ਉਸੇ ਪਰਕਾਰ ਦੀ ਹੁੰਦੀ ਹੈ। ਇਸ ਤਰ੍ਹਾਂ ਬੋਲੀ ਦੇ ਲਿਖਣ ਦੇ ਢੰਗ ਵਿਚ ਆਮ ਤੌਰ ਤੇ ਕੋਈ ਤਬਦੀਲੀ ਨਹੀਂ ਆਉਂਦੀ। ਜੇ ਬੋਲਣ ਦੇ ਢੰਗ ਵਿਚ ਵੀ ਇਸੇ ਤਰ੍ਹਾਂ ਕੋਈ ਅਦਲਾ ਬਦਲੀ ਨਾ ਹੋਵੇ ਤਦ ਬੋਲੀ ਨੂੰ ਲਿਖਣ ਜਾਂ ਸ਼ਬਦ ਜੋੜਨ ਦਾ ਮਸਲਾ ਸੌਖਾ ਹੋ ਜਾਵੇ। ਪਰੰਤੂ ਜਿਉਂ ਜਿਉਂ ਸਮਾਂ ਬੀਤਦਾ ਹੈ ਹਰ ਇਕ ਭਾਸ਼ਾ ਦੇ ਬੋਲਣ ਵਿੱਚ ਕੁਝ ਨਾ ਕੁਝ ਫਰਕ ਜ਼ਰੂਰ ਪੈਂਦਾ ਹੈ ਅਤੇ ਕਦੀ ਕਦੀ ਤਾਂ ਇਹ ਫਰਕ ਬਹੁਤ ਹੀ ਵੱਧ ਜਾਂਦਾ ਹੈ। ਕਈ ਸਵਰਾਂ ਦਾ ਉਚਾਰਣ ਹੀ ਬੰਦ ਹੋ ਜਾਂਦਾ ਹੈ, ਕਈ ਅੱਡ-ਅੱਡ ਸਵਰ ਇਕ ਮਿਕ ਹੋ ਜਾਂਦੇ ਹਨ। ਮਿਸਾਲ ਦੇ ਤੌਰ ਤੇ ਜਦੋਂ ਅਸੀਂ ਇਕੋ ਸਵਰ ਦੇ ਅੱਡ ਅੱਡ ਅਰਥਾਂ ਵਾਲੇ ਸ਼ਬਦਾਂ, ਸ਼ਬਦ-ਜੋੜ ਦੇਖੀਏ ਜਿਵੇਂ meet, Meat ਤਾਂ ਅਵਸ਼ ਹੀ ਇਹ ਪਰਤੀਤ ਹੁੰਦਾ ਹੈ ਕਿ ਕਿਸੇ ਵੇਲੇ ਇਨ੍ਹਾਂ ਸ਼ਬਦਾਂ ਦੇ ਸਵਰ ਜ਼ਰੂਰ ਅੱਡ-ਅੱਡ ਹੋਏ ਹੋਣਗੇ। ਇਸੇ ਤਰ੍ਹਾਂ ਜਦੋਂ ਵੱਖ ਵੱਖ ਸਵਰਾਂ ਦੇ ਸ਼ਬਦਾਂ ਲਈ ਇਕੋ ਜਿਹੇ ਸ਼ਬਦ ਜੋੜ ਵਰਤੋਂ ਵਿੱਚ ਆਉਂਦੇ ਦਿੱਸਣਗੇ ਜਿਵੇਂ ਕਿ Mean, ਅਤੇ Meant ਤਾਂ ਜਾਪਦਾ ਹੈ ਕਿ ਕਿਸੇ ਸਮੇਂ ਇਹ ਅੱਡ-ਅੱਡ ਸਵਰ ਇਕੋ ਜਿਹੇ ਹੀ ਹੁੰਦੇ ਹੋਣਗੇ।

ਸ਼ੁਰੂ ਵਿੱਚ ਕੁਦਰਤੀ ਤੌਰ 'ਤੇ ਸ਼ਬਦ-ਜੋੜ ਬਣਾਉਣ ਵਿੱਚ ਲਿਖਾਰੀਆਂ ਨੂੰ ਕਾਫੀ ਆਜ਼ਾਦੀ ਸੀ। ਕਿਉਂਕਿ ਕੋਈ ਖਾਸ ਰਵਾਇਤ ਹਾਲਾਂ ਕਾਇਮ ਨਹੀਂ ਸੀ ਹੋਈ ਅਤੇ ਇਕ ਸਵਰ ਇਕ ਤੋਂ ਵਧੇਰੇ symbols (ਚਿੰਨ੍ਹਾਂ) ਦੁਆਰਾ ਪਰਗਟ ਕੀਤਾ ਜਾ ਸਕਦਾ ਸੀ, ਲਿਖਾਰੀਆਂ ਤੇ ਛਾਪੇ ਵਾਲਿਆਂ ਨੇ ਇਸ ਦਾ ਪੂਰਾ-ਪੂਰਾ ਲਾਭ ਉਠਾਇਆ। ਲਿਖਾਰੀ ਭਾਵੇਂ freedom ਲਿਖੇ ਜਾਂ freedome ਲਿਖੇ ਪੜ੍ਹਨ ਵਾਲੇ ਨੂੰ ਕੋਈ ਫਰਕ ਨਹੀਂ ਸੀ ਪੈਂਦਾ। ਚਿਹਨਾਂ (symbols) ਦੀ ਅਦਲਾ ਬਦਲੀ ਪੁਰਾਤਨ ਸ਼ਬਦ-ਜੋੜਾਂ ਦਾ ਵਿਸ਼ੇਸ਼ ਲੱਛਣ (characteristic) ਹੈ। ਕਈ ਵਾਰੀ ਸ਼ਬਦ ਉਚਾਰਣ (pronunciation etymology) ਅਰਥਾਤ ਸ਼ਬਦਾਂ ਦਾ ਮੁੱਢ ਅਤੇ ਇਤਿਹਾਸ ਅਤੇ Analogy ਅਰਥਾਤ ਵਿਆਕਰਣਕ ਨਿਯਮ ਵੀ ਇਸ ਨਾਲ ਜੋੜੇ ਜਾਂਦੇ ਹਨ ਜੇ ਅਸੀਂ ਪੁਰਾਤਨ ਸ਼ਬਦ ਜੋੜਾਂ ਅਤੇ ਨਵੀਨ ਸ਼ਬਦ ਜੋੜਾਂ ਦਾ ਟਾਕਰਾ ਕਰੀਏ ਤਾਂ ਇਹ ਸਪਸ਼ਟ ਹੋ ਜਾਵੇਗਾ ਕਿ ਇਨ੍ਹਾਂ ਵਿਚਾਲੇ ਸਵਰ ਦੀ ਖਾਸ ਤਬਦੀਲੀ ਨਹੀਂ ਹੁੰਦੀ ਸਗੋਂ ਅੱਖਰਾਂ ਦੀ ਵਰਤੋਂ ਵਿੱਚ ਕਿਧਰੇ ਕਿਧਰੇ ਥੋੜ੍ਹੀ ਬਹੁਤ ਤਬਦੀਲੀ ਆਉਂਦੀ ਹੈ।

ਪੁਰਾਤਨ ਸ਼ਬਦ-ਜੋੜਾਂ ਦਾ ਇਕ ਹੋਰ ਵਿਸ਼ੇਸ਼ ਲਛਣ Characteristic Final Mutee ਜਾਂ ਅਖੀਰ ਵਿਚ ਵਰਤੀ e ਹੈ ਜਿਸ ਦਾ ਕੋਈ ਸਵਰ ਨਹੀਂ ਨਿਕਲਦਾ। ਇਸ ਦੀ ਵਰਤੋਂ ਹੌਲੀ-ਹੌਲੀ ਘੱਟਦੀ ਗਈ ਤੇ ਹੁਣ ਤਕਰੀਬਨ ਬੰਦ ਹੋ ਗਈ ਹੈ। ਪਰ ਨਵੀਨ ਸ਼ਬਦ-ਜੋੜਾਂ ਵਿਚ ਇਸ ਦੀ ਇਕ ਉਲਟੀ ਵਰਤੋਂ ਸ਼ੁਰੂ ਹੋ ਗਈ ਹੈ। ਜਿਵੇਂ ਪੁਰਾਤਨ doctrin ਦੀ ਥਾਂ doctrine, Infinit ਦੀ ਥਾਂ Infinite ਅਤੇ resupus ਦੀ ਥਾਂ resopues ਸ਼ਬਦ-ਜੋੜਾਂ ਦੀ ਵਰਤੋਂ ਜਿਥੇ mutee ਹਟਾਈ ਜਾਂਦੀ ਸੀ ਉਥੇ ਆਮ ਤੌਰ ਤੇ double consonant ਵਰਤਿਆ ਜਾਂਦਾ ਸੀ : Put, grub, led ਦੀ ਜਗ੍ਹਾ Putt, Grubb, ledd

ਸਾਡੀ ਪੰਜਾਬੀ ਭਾਸ਼ਾ ਦਾ ਹਾਜ਼ਮਾ ਬੜਾ ਦਰੁਸਤ ਤੇ ਵਿਰਸਾ ਗੌਰਵਮਈ ਹੈ। ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਜਿਵੇਂ ਕਿ ਮੂੜ੍ਹ, ਮੂਰਖ, ਪਾਗਲ, ਝੱਲਾ, ਉੱਜਡ, ਬੇਗ, ਬੁੱਧਮੰਤਰੀ, ਕਲੋਡਰ, ਡੰਗਰ, ਉੱਲੂ, ਖਰਦਿਮਾਗ, ਬਦਦਿਮਾਗ, ਬਦਅਕਲ, ਬੇਅਕਲ, ਕਬੁੱਧ, ਬੁੱਧੀਹੀਣ ਆਦਿ ਸ਼ਬਦਾਂ ਅਤੇ ਅਕਲ ਦਾ ਅੰਨ੍ਹਾ, ਪਤੀਲੇ ਦਾ ਢੱਕਣ, ਬਾਰਾਂ ਮੁੱਠੀਆਂ ਦਾ, ਚੰਦ ਭਾਨ ਦਾ

ਟੇਸ਼ਨ, ਮਾਂਗੇ ਆਲੀਆ ਆਦਿ ਵਾਕੰਸ਼ ਸਮਾਨ-ਅਰਥਾਂ ਵਿਚ ਵਰਤੇ ਜਾਂਦੇ ਹਨ, ਇਸ ਤੋਂ ਛੁੱਟ ਸ਼ਬਦਾਂ ਦਾ ਵਿਆਪਕ ਭੰਡਾਰ ਪੰਜਾਬੀ ਭਾਸ਼ਾ ਦੀ ਅਮੀਰੀ ਅਤੇ ਵਿਰਾਸਤ ਦਾ ਪਰਮਾਣ ਹੈ। ਕਾਰਨ ਇਤਿਹਾਸਕ, ਧਾਰਮਿਕ ਅਤੇ ਸਭਿਆਚਾਰਕ ਹਨ। ਪਿਛਲੀਆਂ ਸਦੀਆਂ ਵਿਚ ਪੰਜਾਬ ਅਤੇ ਭਾਰਤ ਉੱਪਰ ਹਮਲਾਵਰਾਂ ਅਤੇ ਸ਼ਾਸਕਾਂ ਦੇ ਰੂਪ ਵਿਚ ਜਿੰਨੀਆਂ ਵਿਦੇਸ਼ੀ ਕੌਮਾਂ ਸ਼ੱਕ, ਹੂਨ, ਯੂਨਾਨੀ, ਈਰਾਨੀ ਅਤੇ ਯੂਰਪੀਨ ਆਦਿ ਆਉਂਦੀਆਂ ਜਾਂ ਸਥਾਪਿਤ ਹੁੰਦੀਆਂ ਰਹੀਆਂ, ਉਹਨਾਂ ਦੇ ਧਰਮ ਭਾਸ਼ਾ ਅਤੇ ਸਭਿਆਚਾਰਕ ਆਦਾਨ-ਪਰਦਾਨ ਹਮੇਸ਼ਾ ਹੁੰਦਾ ਰਿਹਾ ਹੈ। ਇਹੀ ਕਾਰਨ ਹੈ ਕਿ ਅਰਬੀ, ਫਾਰਸੀ ਅਤੇ ਅੰਗਰੇਜ਼ੀ ਆਦਿ ਵਿਦੇਸ਼ੀ ਭਾਸ਼ਾਵਾਂ ਦੇ ਸੈਂਕੜੇ ਸ਼ਬਦ, ਵਾਕੰਸ਼, ਮੁਹਾਵਰੇ, ਲੋਕ ਉਕਤੀਆਂ, ਟੋਟਮ ਤੇ ਟੈਬੂ ਆਦਿ ਪੰਜਾਬੀ ਭਾਸ਼ਾ ਦਾ ਸੁਭਾਵਿਕ ਅੰਗ ਬਣ ਚੁੱਕੇ ਹਨ। ਉਦਾਹਰਨ ਵਜੋਂ ਜਿੰਨੇ ਪਰਕਾਰ ਦੇ ਸਮਾਜਕ, ਪਰਿਵਾਰਕ ਅਤੇ ਮਨੁੱਖੀ ਰਿਸ਼ਤੇ ਉਨੇ ਪਰਕਾਰ ਦੇ ਸ਼ਬਦ ਪਰੰਪਰਾ ਤੋਂ ਪਰਚੱਲਿਤ ਹਨ। ਮਨੁੱਖ ਅਤੇ ਪਸ਼ੂ ਜਾਂ ਜਾਨਵਰਾਂ ਦੇ ਭਿੰਨ-ਭਿੰਨ ਪਰਕਾਰ ਦੇ ਖਾਧ ਪਦਾਰਥਾਂ ਲਈ ਅਨੇਕ ਸ਼ਬਦ ਵਰਤਦੇ ਹਨ। ਇਥੋਂ ਤੱਕ ਕਿ ਪਸ਼ੂ-ਪੰਛੀਆਂ ਦੇ ਮਲ ਅਰਥਾਤ ਸਰੀਰ 'ਚ ਨਿਕਾਸ ਕਰਦੇ ਫੋਕਟ, ਪਦਾਰਥ ਲਈ ਵੀ ਵਿਵਧ ਸ਼ਬਦਾਂ ਦਾ ਪਰਯੋਗ ਹੁੰਦਾ ਹੈ ਜਿਵੇਂ ਕਿ – ਗੋਬਰ, ਗੋਹਾ, ਡਾਸਾ (ਨਵ-ਜੰਮੇ ਕੱਟਰੂ ਦਾ) ਮੋਕ, ਫੋਸ, ਲਿੱਦ (ਘੋੜੇ ਗਧੇ ਦੀ), ਲੇਡੇ (ਊਠ ਦੇ), ਮੀਂਗਣਾਂ (ਬੱਕਰੀ-ਚੂਹੇ ਦੀਆਂ), ਬਿੱਠ (ਪੰਛੀਆਂ-ਚਿੜੀ, ਤੋਤਾ, ਕਬੂਤਰ, ਕਾਂ ਆਦਿ ਦੀ ਵਸਤਾਂ ਦੇ ਵਰਗ ਅਤੇ ਸਰੂਪ ਲਈ ਇਸ ਪਰਕਾਰ ਦੇ ਵਿਭਿੰਨ ਸ਼ਬਦਾਂ ਦੇ ਮਿਲਣ ਜਾਂ ਪਰਯੋਗ ਹੋਣ ਦਾ ਗੁਣ ਅੰਗਰੇਜ਼ੀ ਭਾਸ਼ਾ ਵਿਚ ਨਹੀਂ ਹੈ।

ਵੈਦਿਕ ਭਾਸ਼ਾ ਨਾਲ ਪਰੰਪਰਾਗਤ, ਇਤਿਹਾਸਕ-ਪਿਤਰੀ ਸਾਂਝ ਪੰਜਾਬੀ ਦਾ ਮੌਲਿਕ ਅਤੇ ਵੱਡਮੁੱਲਾ ਵਿਰਸਾ ਹੈ। ਭਾਸ਼ਾ ਵਿਗਿਆਨੀ ਭਾਸ਼ਾ ਦੇ ਸ਼ਬਦ-ਜੋੜਾਂ ਦੇ ਸਰੂਪ ਨੂੰ ਸ਼ੁੱਧ, ਤਰਤੀਬਵਾਰ, ਨਿਯਮਾਂ ਮੁਤਾਬਕ ਅਤੇ ਅਰਥਭਰਪੂਰ ਬਣਾਉਣ ਲਈ ਪਰਪੱਕ ਤੇ ਸਮਰੱਥ ਹੁੰਦੇ ਹਨ। ਇਹਨਾਂ ਦੀ ਖੋਜ, ਅਧਿਐਨ ਅਤੇ ਵਿਚਾਰ ਦਾ ਕਾਰਜ ਬੜਾ ਵਿਸ਼ਾਲ, ਸਾਧਨਾਂ ਭਰਪੂਰ ਅਤੇ ਗੰਭੀਰ ਵਾਦ-ਵਿਵਾਦ ਵਾਲਾ ਹੁੰਦਾ ਹੈ। ਇਸ ਪੱਖ ਤੋਂ ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਡਾ. ਪ੍ਰੇਮ ਪ੍ਰਕਾਸ਼ ਸਿੰਘ, ਡਾ. ਹਰਕੀਰਤ ਸਿੰਘ, ਡਾ. ਕਾਲਾ ਸਿੰਘ ਬੇਦੀ, ਸ੍ਰੀ ਉਜਲ ਸਿੰਘ ਬਾਹਰੀ, ਸੁਰਿੰਦਰ ਸਿੰਘ ਖਹਿਰਾ, ਦੁਨੀ ਚੰਦਰ, ਅਮਰਜੀਤ ਸਿੰਘ, ਆਤਮ ਸਿੰਘ, ਗਿਆਨੀ ਲਾਲ ਸਿੰਘ, ਡਾ. ਰਛਪਾਲ ਕੌਰ, ਕਰਮਜੀਤ ਸਿੰਘ, ਜੋਗਿੰਦਰ ਸਿੰਘ ਪੁਆਰ ਅਤੇ ਉਹਨਾਂ ਦੇ ਸਹਿਯੋਗੀ ਵਿਦਵਾਨਾਂ ਦੇ ਕਾਰਜ ਅਤੇ ਕਿਰਤਾਂ ਪ੍ਰਸ਼ੰਸਾ ਤੇ ਸ਼ਲਾਘਾਯੋਗ ਹਨ।

ਦੇਸ਼ ਦੀ ਵੰਡ ਮਗਰੋਂ ਪੰਜਾਬੀ ਦੀ ਤਰੱਕੀ ਦੇ ਚਾਹਵਾਨਾਂ ਨੇ ਇਸ ਨੂੰ ਆਪੋ ਆਪਣੀ ਪਰਤਿਭਾ ਅਤੇ ਆਪਣੀ ਆਪਣੀ ਰੁਚੀ ਅਨੁਸਾਰ ਵਿਕਸਿਤ ਕਰਨ ਦਾ ਜਤਨ ਕੀਤਾ ਹੈ। ਇਸ ਦੇ ਫਲਸਰੂਪ ਵਾਪਰੇ ਰੋਲਘਰੋਲੇ ਨੇ ਪੰਜਾਬੀ ਦੇ ਸਾਹਿਤਿਕ ਰੂਪ ਨੂੰ ਬੰਨਣ ਦੀ ਲੋੜ ਵੱਲ ਵਿਦਵਾਨਾਂ ਦਾ ਧਿਆਨ ਖਿੱਚਿਆ ਹੈ। ਭਾਸ਼ਾ ਚੇਤਨਤਾ ਜਿਸ ਤੀਬਰਤਾ ਨਾਲ ਵਿਦਵਾਨਾਂ ਦੀ ਵਰਤਮਾਨ ਪੀੜ੍ਹੀ ਵਿਚ ਪੈਦਾ ਹੋਈ ਹੈ, ਉਹ ਇਸ ਤੋਂ ਪਹਿਲਾਂ ਵੇਖਣ ਵਿਚ ਨਹੀਂ ਆਈ। ਇਸ ਦਾ ਇਕ ਕਾਰਨ ਗਿਆਨ ਵਿਚ ਵਾਧਾ ਅਤੇ ਭਾਸ਼ਾ ਦੀ ਸ਼ੁੱਧਤਾ ਲਈ ਨਿੱਤ ਵੱਧ ਰਹੀ ਭਾਵਨਾ ਹੈ। ਪੰਜਾਬੀ ਸ਼ਬਦ-ਜੋੜਾਂ ਦੀਆਂ ਸਮੱਸਿਆਵਾਂ, ਜਿਸ ਰੂਪ ਵਿਚ ਇਸ ਵੇਲੇ ਇਹ ਸਾਡੇ ਸਾਹਮਣੇ ਹਨ, ਦੋ ਪ੍ਰਸ਼ਨ ਛੇੜਦੀਆਂ ਹਨ (ੳ) ਪੰਜਾਬੀ ਵਿਚ ਵਰਤੀ ਜਾਂਦੀ ਭਾਸ਼ਾ ਦਾ ਸ਼ੁੱਧ ਅਥਵਾ ਪਰਮਾਣਿਕ ਰੂਪ ਕੀ ਮੰਨਿਆ ਜਾਵੇ, ਅਤੇ (ਅ) ਨਵੇਂ ਸ਼ਬਦ ਕਿਥੋਂ ਤੇ ਕਿਵੇਂ ਲਏ ਜਾਣ ; ਅਥਵਾ ਇਨ੍ਹਾਂ ਦਾ ਨਿਰਮਾਣ ਕਿਵੇਂ ਕੀਤਾ ਜਾਵੇ।

ਇਨ੍ਹਾਂ ਦੋਹਾਂ ਪ੍ਰਸ਼ਨਾਂ ਬਾਰੇ ਭਿੰਨ ਭਿੰਨ ਮਤ ਅਤੇ ਪਹੁੰਚ ਵਿਧੀਆਂ ਹਨ। ਇਕ ਸੰਪਰਦਾਇ ਦੇ

ਪਿਛਲੱਗ ਪੰਜਾਬੀ ਦੇ ਭਦਭਵ ਰੂਪ ਨੂੰ ਬਣਾਈ ਰੱਖਣਾ ਲੋਚਦੇ ਹਨ ਅਤੇ ਦੂਜੇ ਤਤਸਮਤਾ ਵੱਲ ਝੁਕਣ ਦੀ ਰੁਚੀ ਰੱਖਦੇ ਹਨ। ਪਹਿਲਿਆਂ ਦਾ ਮਤ ਹੈ ਕਿ ਪੰਜਾਬੀ ਮੂਲ ਰੂਪ ਵਿਚ ਜਨਸਾਧਾਰਣ ਦੀ ਭਾਸ਼ਾ ਹੈ ਅਤੇ ਇਸ ਲਈ ਇਸ ਨੂੰ ਜਨਸਾਧਾਰਣ ਦੇ ਅਤਿ ਨੇੜੇ ਰਹਿਣਾ ਚਾਹੀਦਾ ਹੈ ਇਸ ਗੱਲ ਲਈ ਉਨ੍ਹਾਂ ਨੂੰ ਬੀਮਜ਼ ਦੀ ਲਿਖੀ ਟੂਕ ਤੋਂ ਸਮਰਥਨ ਮਿਲ ਜਾਂਦਾ ਹੈ:

"There is a flavour of wheaten flour and a reek of cottage smoke about Punjabi, which is infinitely more natural and captivating than anything which the hide bound Pandit ridden language of the eastern parts of India can show us." [2] Comarative Grammar of the Modern Aryan Languages of India.ਬੀਮਜ਼ ਨੇ ਇਹ ਗੱਲ ਸੱਤਰ-ਅੱਸੀ ਸਾਲ ਪਹਿਲਾਂ ਆਖੀ ਸੀ, ਜਦੋਂ ਪੰਜਾਬੀ ਦਾ ਮੂਲ ਆਧਾਰ ਵਧੇਰੇ ਕਰਕੇ ਲੋਕ-ਭਾਸ਼ਾ ਹੀ ਸੀ। ਅੱਜ ਪੰਜਾਬੀ ਨੂੰ ਸਿਰਫ ਕਿੱਸੇ ਕਹਾਣੀਆਂ ਲਿਖਣ ਲਈ ਨਹੀਂ, ਸਗੋਂ ਗੰਭੀਰ ਕਿਸਮ ਦੀਆਂ ਰਚਨਾਵਾਂ ਰਚਨ ਲਈ ਵੀ ਵਰਤਿਆ ਜਾਂਦਾ ਹੈ। ਇਸੇ ਕਾਰਨ ਅੱਜ ਦੇ ਯੁੱਗ ਦੇ ਪਰਸੰਗ ਵਿਚ ਉਪਰੋਕਤ ਟਿੱਪਣੀ ਨੂੰ ਆਪਣਾ ਉਦੇਸ਼ ਬਣਾ ਲੈਣਾ ਸਮੇਂ ਦੀ ਲੋੜ ਅਤੇ ਭਾਵਨਾ ਦੇ ਅਨੁਕੂਲ ਨਹੀਂ। ਦੂਜੇ ਪਾਸੇ ਤਤਸਮਵਾਦੀਆਂ ਦੇ ਵਧੇਰੇ ਉਲਾਰ ਹੋਣ ਦਾ ਡਰ ਵੀ ਹੈ ਕਿ ਇਉਂ ਸ਼ਾਇਦ ਪੰਜਾਬੀ ਹੀ ਨਾ ਰਹੇ। ਲੋੜ ਦੋਹਾਂ ਰੁਚੀਆਂ ਦੇ ਵਿਚਕਾਰਲਾ ਰਾਹ ਇਖਤਿਆਰ ਕਰਨ ਦੀ ਹੈ, ਤਾਂ ਜੋ ਪੰਜਾਬੀ ਨੂੰ ਪੰਜਾਬੀ ਰੱਖਦਿਆਂ ਹੋਇਆਂ ਉਸ ਨੂੰ ਸਾਹਿਤਿਕ ਭਾਸ਼ਾਵਾਂ ਵਾਲਾ ਗੌਰਵ ਅਤੇ ਸਮਰੱਥਾ ਪਰਦਾਨ ਕੀਤੀ ਜਾ ਸਕੇ।

ਇਨ੍ਹਾਂ ਸਮੱਸਿਆਵਾਂ ਦਾ ਇਕ ਉੱਤਰ ਤਾਂ ਇਹ ਹੋ ਸਕਦਾ ਹੈ ਕਿ ਸ਼ਬਦ ਬਣਤਰ ਅਤੇ ਮੁਹਾਵਰੇ ਦੇ ਪੱਖ ਤੋਂ ਪੰਜਾਬੀ ਦਾ ਸ਼ੁੱਧ ਤੇ ਪ੍ਰਮਾਣਿਕ ਰੂਪ ਉਹ ਮੰਨ ਲਿਆ ਜਾਵੇ ਜੋ ਪੰਜਾਬੀ ਦੇ ਨਿਪੁੰਨ ਲੇਖਕ ਇਸ ਨੂੰ ਦਿੰਦੇ ਆਏ ਹਨ। ਪਰ ਪ੍ਰਸ਼ਨ ਹੈ ਕਿ ਪੰਜਾਬੀ ਵਿਚ ਕਿੰਨਾਂ ਲੇਖਕਾਂ ਨੂੰ ਨਿਪੁੰਨ ਮੰਨ ਕੇ ਉਨ੍ਹਾਂ ਦੇ ਪੈਰ-ਚਿੰਨ੍ਹਾਂ ਉੱਤੇ ਚਲਿਆ ਜਾਵੇ ਜਦ ਕਿ ਪੰਜਾਬੀ ਵਿਚ ਬਿਹਾਰੀ ਲਾਲ ਪੁਰੀ, ਗੁਲਾਮ ਰਸੂਲ ਆਲਮਪੁਰੀ ਤੇ ਧਨੀ ਰਾਮ ਚਾਤ੍ਰਿਕ ਵਰਗੇ ਲੇਖਕਾਂ ਤੋਂ ਇਲਾਵਾ ਬਹੁਤ ਘੱਟ ਅਜਿਹੇ ਲੇਖਕ ਹਨ ਜਿਹੜੇ ਭਾਸ਼ਾਈ ਪੱਖ ਤੋਂ ਪੂਰੀ ਤਰ੍ਹਾਂ ਸੁਚੇਤ ਹਨ।

ਪੰਜਾਬੀ ਸ਼ਬਦ-ਜੋੜਾਂ ਦੀਆਂ ਸਮੱਸਿਆਵਾਂ ਨਾਲ ਸੰਬੰਧਿਤ ਦੂਜਾ ਪ੍ਰਸ਼ਨ ਇਹ ਹੈ ਕਿ ਨਵੇਂ ਸ਼ਬਦ ਕਿਥੋਂ ਤੇ ਕਿਵੇਂ ਲਏ ਜਾਣ-ਕੁਝ ਵਧੇਰੇ ਧਿਆਨ ਦੀ ਮੰਗ ਕਰਦਾ ਹੈ। ਕਿਸੇ ਵੀ ਭਾਸ਼ਾ ਵਿਚ ਸ਼ਬਦ ਦੋ ਮੰਤਵਾਂ ਦੀ ਸਿੱਧੀ ਲਈ ਵਰਤੇ ਜਾਂਦੇ ਹਨ : (ੳ) ਨਿਤ ਦੇ ਵਿਹਾਰ ਨੂੰ ਪਰਗਟ ਕਰਨ ਲਈ ਅਤੇ (ਅ) ਵਿਗਿਆਨਿਕ ਸਾਹਿਤ ਦੀਆਂ ਬਾਰੀਕੀਆਂ ਨੂੰ ਪਰਗਟਾਉਣ ਲਈ। ਜਿਥੋਂ ਤੱਕ ਪਹਿਲੇ ਮਨੋਰਥ ਦੀ ਪੂਰਤੀ ਦਾ ਸਵਾਲ ਹੈ, ਪੰਜਾਬੀ ਸਾਹਿਤ-ਭੰਡਾਰ ਮਨੁੱਖ ਦੀਆਂ ਨਿਤਾਪ੍ਰਤਿ ਦੀਆਂ ਲੋੜਾਂ, ਅਥਵਾ ਹਾਵਾਂ-ਭਾਵਾਂ, ਆਸ-ਅੰਦੇਸਿਆਂ, ਹਰਖ-ਸੋਗ ਨੂੰ ਪਰਗਟਾਉਣ ਅਤੇ ਸੂਖਮਭਾਵੀ ਸਾਹਿਤ ਰਚਣ ਦੀ ਕਾਫੀ ਸਮਰੱਥਾ ਰੱਖਦਾ ਹੈ। ਸਾਨੂੰ ਸਿਰਫ ਆਪਣੇ ਪਿੱਤਰੀ ਧਨ ਗੁਰੂ ਗਰੰਥ ਸਾਹਿਬ, ਸੂਫੀ-ਕਾਵਿ, ਕਿੱਸਾ-ਕਾਵਿ ਤੋਂ ਜਾਣੂ ਹੋਣ ਦੀ ਲੋੜ ਹੈ।

ਸ਼ਬਦ-ਜੋੜਾਂ ਦੀ ਪੰਜਾਬੀ ਦੇ ਪਰਸੰਗ ਵਿਚ ਅਸਲ ਸਮੱਸਿਆ ਨਿੱਤ ਵੱਧ ਰਹੇ ਗਿਆਨ (ਸਾਧਾਰਨ ਅਤੇ ਤਕਨੀਕੀ) ਨਾਲ ਸੰਬੰਧਿਤ ਰਚਨਾ ਕਰਨ ਸਮੇਂ ਪੇਸ਼ ਆਉਂਦੀ ਹੈ। ਅੱਜ ਦੇ ਵਿਕਸਿਤ ਵਿਗਿਆਨ ਅਤੇ ਭਾਂਤ-ਭਾਂਤ ਦੀਆਂ ਬਾਰੀਕੀਆਂ ਵਾਲੇ ਵਿਚਾਰਾਂ ਨੂੰ ਪਰਗਟਾਉਣ ਦਾ ਭਾਰ ਜਦੋਂ ਤਿੰਨ ਸੌ ਸਾਲਾਂ ਪੱਛੜੀ ਪੰਜਾਬੀ ਉੱਤੇ ਪੈਂਦਾ ਹੈ ਤਾਂ ਉਹ ਸੱਚਮੁੱਚ ਆਪਣੇ ਆਪ ਨੂੰ ਨਿਤਾਣੀ ਅਤੇ ਦੁਰਬਲ ਮਹਿਸੂਸ ਕਰਦੀ ਹੈ। ਸ਼ਬਦ ਨਹੀਂ ਮਿਲਦੇ ਅਤੇ ਜੇ ਮਿਲਦੇ ਵੀ ਹਨ ਤਾਂ

ਉਹ ਉਤਨੀਆਂ ਬਾਰੀਕੀਆਂ ਨੂੰ ਭੁਗਤਾਉਣ ਦੇ ਯੋਗ ਨਹੀਂ ਹੁੰਦੇ ਜੋ ਅੱਜ ਦਾ ਪੱਛਮੀ ਵਿੱਦਿਆ ਤੋਂ ਜਾਣੂੰ ਲੇਖਕ ਉਨ੍ਹਾਂ ਰਾਹੀ ਭੁਗਤਾਉਣਾ ਚਾਹੁੰਦਾ ਹੈ। ਗਿਆਨ-ਸਾਹਿਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਦੋ ਢੰਗ ਵਰਤੇ ਜਾ ਸਕਦੇ ਹਨ : (ੳ) ਅੰਗਰੇਜ਼ੀ ਆਦਿ ਹੋਰਨਾਂ ਵਿਕਸਿਤ ਭਾਸ਼ਾਵਾਂ ਤੋਂ ਸ਼ਬਦ ਉਧਾਰੇ ਲੈ ਕੇ ਜਾਂ ਤਤਸਮ ਤਦਭਵ ਰੂਪ (ਅ) ਨਵੇਂ ਸ਼ਬਦ ਘੜ ਕੇ। ਦੋਵੇਂ ਢੰਗ ਆਪਣੇ ਆਪ ਵਿਚ ਠੀਕ ਹਨ, ਪਰ ਇਨ੍ਹਾਂ ਦੀ ਵਰਤੋਂ ਉਦੋਂ ਕਰਨੀ ਉਚਿਤ ਹੈ ਜਦੋਂ ਪਿਤ੍ਰੀ ਧਨ ਦੀ ਭਾਲ ਕਰ ਲਈ ਗਈ ਹੋਵੇ। ਪਿੱਤਰੀ ਧਨ ਦੀ ਭਾਲ ਨਿਸ਼ਚਿਤ ਹੀ ਸਾਨੂੰ ਇਤਿਹਾਸ, ਦਰਸ਼ਨ, ਨਿਆਇ, ਨੀਤੀ ਸ਼ਾਸਤਰ, ਸਮਾਜ-ਸ਼ਾਸਤਰ ਆਦਿ ਵਿਗਿਆਨਾਂ ਲਈ ਅਨੇਕ ਸ਼ਬਦ ਦੇ ਸਕਦੀ ਹੈ ਜੋ ਸਾਡੇ ਲਈ ਅਸਲੋਂ ਨਵੇਂ ਹੋਣਗੇ। ਹੋਰ ਸੋਮੇ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੀ ਛਾਣਬੀਣ ਹੈ।

ਤਕਨੀਕੀ ਸ਼ਬਦ-ਭੰਡਾਰ ਲਈ ਵੱਖ-ਵੱਖ ਕਿੱਤਿਆਂ ਵਿਚ ਵਰਤੇ ਜਾਂਦੇ ਸ਼ਬਦਾਂ ਦਾ ਅਧਿਐਨ ਕਾਫੀ ਸਹਾਇਕ ਸਿੱਧ ਹੋ ਸਕਦਾ ਹੈ। ਨਿਰੋਲ ਕੋਸ਼ ਦੀ ਸਹਾਇਤਾ ਨਾਲ ਘਰ ਬੈਠ ਕੇ ਬਣਾਏ ਸ਼ਬਦ-ਜੋੜਾਂ ਦਾ ਵਾਸਤਵਿਕ ਜੀਵਨ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਥੇ ਇਹ ਵੀ ਜ਼ਿਕਰਯੋਗ ਵਿਚਾਰ ਹੈ ਕਿ ਹੋਰਨਾਂ ਭਾਸ਼ਾਵਾਂ ਵਿਚੋਂ ਸ਼ਬਦ ਲਏ ਬਿਨਾਂ ਵੀ ਗੁਜ਼ਾਰਾ ਨਹੀਂ। ਇਸ ਪੱਖ ਤੋਂ ਪੰਜਾਬੀ ਦਾ ਹਾਜ਼ਮਾ ਕਾਫੀ ਦਰੁਸਤ ਹੈ। ਸ਼ਬਦ-ਜੋੜਾਂ ਦੀ ਸ਼ੁੱਧਤਾ ਲਈ ਭਾਸ਼ਾ-ਵਿਗਿਆਨਕ ਨਿਯਮਾਂ ਦੀ ਸੋਝੀ, ਕਲਾਸੀਕਲ ਭਾਸ਼ਾਵਾਂ ਸੰਸਕ੍ਰਿਤ ਤੇ ਫਾਰਸੀ ਨਾਲ ਜਾਣ-ਪਛਾਣ ਅਤੇ ਪੰਜਾਬੀ ਭਾਸ਼ਾ ਦੇ ਆਪਣੇ ਸੁਭਾ ਬਾਰੇ ਬੋਧ ਹੋਣਾ ਲਾਜ਼ਮੀ ਹੈ।

## ਤਤਸਮ ਤੇ ਤਦਭਵ

ਭਾਸ਼ਾ-ਵਿਗਿਆਨ ਦੇ ਅਧਿਐਨ ਖੇਤਰ ਵਿਚ ਧੁਨੀ ਪਰਿਵਰਤਨ ਇਕ ਅਹਿਮ ਵਿਸ਼ਾ ਰਿਹਾ ਹੈ ਅਤੇ ਇਸਨੂੰ ਵਿਭਿੰਨ ਭਾਸ਼ਾ-ਵਿਗਿਆਨਕ ਵਿਧੀਆਂ ਰਾਹੀਂ ਨਿਰੂਪਤ ਕਰਨ ਦੀ ਕੋਸ਼ਿਸ਼ ਹੁੰਦੀ ਰਹੀ ਹੈ। ਸਮਾਜ ਭਾਸ਼ਾ ਵਿਗਿਆਨਕ ਵਿਧੀ ਰਾਹੀਂ ਧੁਨੀ ਪਰਿਵਰਤਨ ਨੂੰ ਬਿਆਨ ਕਰਨ ਵਾਲੇ ਭਾਸ਼ਾ-ਵਿਗਿਆਨੀ ਇਹ ਗੱਲ ਮੰਨ ਕੇ ਚਲਦੇ ਹਨ ਕਿ ਕੋਈ ਵੀ ਧੁਨੀ ਪਰਿਵਰਤਨ ਮੁਤ ਜਾਂ ਬੇਮੁਹਾਰਾ ਨਹੀਂ ਹੁੰਦਾ ਸਗੋਂ ਭਾਸ਼ਾਈ ਅਤੇ ਸਮਾਜਕ ਤੱਤਾਂ ਰਾਹੀਂ ਨਿਰਧਾਰਤ ਹੁੰਦਾ ਹੈ। ਧੁਨੀ ਪਰਿਵਰਤਨ ਦਾ ਆਰੰਭ ਅਤੇ ਇਸ ਦੀ ਗਤੀ ਵਿਧੀ ਭਾਸ਼ਾਈ ਜਾਂ ਗ਼ੈਰ ਭਾਸ਼ਾਈ ਤਨਾਉ ਜਾਂ ਅਸੰਤੁਲਨ ਕਾਰਨ ਹੁੰਦੀ ਹੈ ਅਤੇ ਇਨ੍ਹਾਂ ਸੰਬੰਧਾਂ ਨੂੰ ਰੂਪਮਾਨ ਕਰਨਾ ਹੀ ਸਮਾਜ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਸਮਾਜਕ ਪੈਰਾਮੀਟਰਾਂ ਦਾ ਉਦੇਸ਼ ਰਿਹਾ ਹੈ। ਤਦਭਵ ਰੂਪ ਧੁਨੀ ਵਿਚ ਪਰਿਵਰਤਨ ਆਵਣ ਕਰਕੇ ਪਰਗਟ ਹੋਏ ਹਨ। ਬੋਲਣ ਵਿਚ ਸੌਖ ਢੂੰਡਣਾ ਮਨੁੱਖ ਦਾ ਸੁਭਾਅ ਹੁੰਦਾ ਹੈ। ਚਾਰ ਸੌ ਵਰ੍ਹੇ ਪਹਿਲਾਂ ਜੋ ਪੰਜਾਬੀ ਬੋਲੀ ਜਾਂਦੀ ਸੀ ਉਸ ਵਿਚ ਕਈ ਅਦਲਾ-ਬਦਲੀਆਂ ਆ ਗਈਆਂ ਹਨ ਅਤੇ ਜਿਊਂਦੀ ਬੋਲੀ ਹਰ ਇਕ ਜਿਊਂਦੀ ਵਸਤੂ ਵਾਂਗ ਬਦਲਦੀ ਰਹਿੰਦੀ ਹੈ ਕਈ ਸ਼ਬਦ ਵਰਤੋਂ ਵਿਚ ਹਟ ਜਾਂਦੇ ਹਨ, ਕਈ ਨਵੇਂ ਆ ਸ਼ਾਮਲ ਹੁੰਦੇ ਹਨ ਅਤੇ ਕਈ ਰੂਪ ਵਟਾ ਲੈਂਦੇ ਹਨ। ਪੰਜਾਬੀ ਵਿਚ ਉਹ ਸ਼ਬਦ ਜੋ ਸਿੱਧੇ ਪਰਾਕਰਿਤ ਤੋਂ ਆਏ ਹਨ ਜਾਂ ਪਰਾਕਰਿਤ ਦੇ ਹੁੰਦੇ ਹੋਏ ਸੰਸਕਰਿਤ 'ਚੋਂ ਆਏ ਹਨ ਇਨ੍ਹਾਂ ਨੂੰ ਤਦਭਵ ਸ਼ਬਦ ਕਿਹਾ ਜਾਂਦਾ ਹੈ। ਦੂਸਰੀਆਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਆਪਣੀ ਭਾਸ਼ਾ (ਪੰਜਾਬੀ) ਦੇ ਨੇਮਾਂ ਅਨੁਸਾਰ ਅਪਣਾ ਲੈਣ ਵਾਲੇ ਉਸ ਭਾਸ਼ਾਈ ਰੂਪ ਨੂੰ ਤਦਭਵ ਰੂਪ ਕਿਹਾ ਜਾਂਦਾ ਹੈ। ਡਾ. ਪਰਮਜੀਤ ਸਿੰਘ ਅਨੁਸਾਰ :

| **ਸੰਸਕ੍ਰਿਤ** | **ਪੰਜਾਬੀ** |
|---|---|
| ਅਗਨ | ਅੱਗ |
| ਲਕਸ਼ | ਲੱਖ |

| | |
|---|---|
| ਪਕਸ਼ | ਪੱਖ |
| ਸਿਖਸ਼ਾ/ਸ਼ਿਕਸ਼ਾ | ਸਿੱਖਿਆ |
| ਰਕਸ਼ਾ | ਰੱਖਿਆ |
| ਰਾਤ੍ਰਿ | ਰਾਤ |
| ਕਾਰਯ | ਕਾਜ |
| ਅਕਸ਼ਰ | ਅੱਖਰ[3] |

ਜਿਹੜੇ ਸ਼ਬਦ ਕਿਸੇ ਦੂਸਰੀ ਭਾਸ਼ਾ ਤੋਂ ਉਸੇ ਹੀ ਰੂਪ ਵਿਚ ਆਪਣੀ ਭਾਸ਼ਾ ਵਿਚ ਲੈ ਲੈਂਦੇ ਹਾਂ ਤੇ ਪਰਚੱਲਤ ਹੋ ਜਾਂਦੇ ਹਨ ਉਹਨਾਂ ਭਾਸ਼ਾਈ ਰੂਪਾਂ ਨੂੰ ਤਤਸਮ ਕਿਹਾ ਜਾਂਦਾ ਹੈ। ਇਹ ਭਾਸ਼ਾਈ ਰੂਪਾਂ ਨੂੰ ਜਿਉਂ ਦਾ ਤਿਉਂ ਹੀ ਆਪਣੀ ਭਾਸ਼ਾ ਵਿਚ ਲੈ ਲਿਆ ਜਾਂਦਾ ਹੈ। ਉਹ ਜੋ ਸਿੱਧੇ ਸੰਸਕ੍ਰਿਤ, ਅੰਗਰੇਜ਼ੀ, ਉਰਦੂ, ਫਾਰਸੀ 'ਚੋਂ ਪੰਜਾਬੀ ਵਿਚ ਆਏ ਹਨ ਜਿਨ੍ਹਾਂ ਦਾ ਰੂਪ ਪੰਜਾਬੀ ਵਿਚ ਵੀ ਜਿਉਂ ਦਾ ਤਿਉਂ ਰਿਹਾ ਹੈ। ਅਜੇਹੇ ਸ਼ਬਦਾਂ ਨੂੰ ਤਤਸਮ ਰੂਪ ਕਿਹਾ ਜਾਂਦਾ ਹੈ। ਡਾਕਟਰ ਗ੍ਰੀਅਰਸਨ ਸਾਹਿਬ ਦਾ ਕਥਨ ਹੈ ਕਿ ਦਰਾਵੜ ਬੋਲੀਆਂ ਦੇ ਸ਼ਬਦ ਹੀ ਸਾਡੀਆਂ ਬੋਲੀਆਂ ਵਿਚ ਨਹੀਂ ਮਿਲ ਗਏ ਸਗੋਂ ਉਹਨਾਂ ਦੇ ਵਿਆਕਰਨ ਦਾ ਅਸਰ ਵੀ ਉਨ੍ਹਾਂ ਤੇ ਬਹੁਤ ਪਿਆ ਹੈ। ਪੰਜਾਬੀ ਦੇ ਸ਼ਬਦ-ਭੰਡਾਰ ਤੇ ਮੁਸਲਮਾਨਾਂ ਅਤੇ ਅੰਗਰੇਜ਼ਾਂ ਦੀਆਂ ਬੋਲੀਆਂ ਦਾ ਵੀ ਕੁਝ ਘੱਟ ਅਸਰ ਨਹੀਂ ਪਿਆ। ਮੁਸਲਮਾਨਾਂ ਦੀਆਂ ਬੋਲੀਆਂ ਦੇ ਤਿੰਨ ਰੂਪ ਮੰਨੇ ਗਏ ਹਨ ਅਰਬੀ, ਫਾਰਸੀ ਅਤੇ ਤੁਰਕੀ। ਇਹਨਾਂ ਤਿੰਨਾਂ ਬੋਲੀਆਂ ਦੇ ਸ਼ਬਦਾਂ ਦੀ ਵਰਤੋਂ ਮੁਸਲਮਾਨਾਂ ਦੇ ਰਾਜ ਦੇ ਸਮੇਂ ਵਿਚ ਬਹੁਤ ਹੋਣ ਦੇ ਕਾਰਨ ਇਹ ਸ਼ਬਦ ਸਾਡੀ ਬੋਲਚਾਲ ਦੀ ਭਾਸ਼ਾ ਵਿਚ ਭਾਰੀ ਸੰਖਿਆ ਵਿਚ ਮਿਲ ਗਏ ਹਨ ਅਤੇ ਇਸੇ ਕਰਕੇ ਸਾਹਿਤਕ ਭਾਸ਼ਾ ਵਿਚ ਵੀ ਇਨ੍ਹਾਂ ਦੀ ਵਰਤੋਂ ਬਹੁਤ ਚਲ ਪਈ ਹੈ। ਇਸੇ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਹ ਸ਼ਬਦ ਅੰਗਰੇਜ਼ੀ, ਸੰਸਕ੍ਰਿਤ, ਹਿੰਦੀ, ਉਰਦੂ ਆਦਿ ਦੇ ਭਾਸ਼ਾਵਾਂ ਦੇ ਸ਼ਬਦ ਸਾਡੀ ਵਰਤਮਾਨ ਪੰਜਾਬੀ ਭਾਸ਼ਾ ਦੀ ਸਥਿੱਤੀ ਵਿਚ ਪਰਚਲਿਤ ਹਨ। ਮਿਸਾਲ ਵਜੋਂ ਪਾਰਟੀ, ਸਟੇਸ਼ਨ, ਫਰਲੋ, ਕੌਂਸਲ, ਇੰਜਨ, ਮਕੈਨਿਕ, ਮਸ਼ੀਨ, ਮੋਟਰ, ਬੱਸ, ਲਾਰੀ, ਟਰਾਲੀ, ਟਰੈਕਟਰ, ਕਾਰ, ਗੈਸ, ਗਲਾਸ, ਦੇਵ, ਰਾਜ, ਪਿਤਾ, ਦਾਦਾ, ਨਦੀ, ਇੰਚ, ਫੁੱਟ, ਬਿੱਲ, ਬੋਰਡ, ਬੂਟ, ਬਜਟ, ਅਮੋਨੀਆ ਬਟਨ, ਬੰਡਲ, ਅਦਬ, ਨਜ਼ਮ, ਖੁਦਾ, ਅੱਲਾ, ਗ਼ਜ਼ਲ ਆਦਿ ਇਹ ਸ਼ਬਦ ਘੱਟ ਪੜ੍ਹੀਆਂ ਲਿਖੀਆਂ ਜਾਂ ਪੜ੍ਹੀਆਂ ਲਿਖੀਆਂ ਸਿੱਖਿਅਤ ਸਮਾਜਕ ਸ਼ਰੇਣੀ ਦੇ ਉਚਾਰਨ ਦੇ ਪ੍ਰਤਿਮਾਨ ਸਾਹਿਤਕ ਪਰੰਪਰਾ ਅਤੇ ਸ਼ਬਦ ਉਚਾਰਨ ਨਾਲ ਜੁੜੇ ਹੋਏ ਹਨ। ਡਾ. ਚਰਨ ਦਾਸ ਸਿੱਧੂ ਨੇ ਨਾਟਕਾਂ ਦੀ ਟੈਕਸਟ ਵਿਚ ਇਨ੍ਹਾਂ ਭਾਸ਼ਾਵਾਂ ਦੇ ਸ਼ਬਦ ਪੰਜਾਬੀ ਵਿਚ ਦਾਖਲ ਹੋ ਕੇ ਪੰਜਾਬੀ ਰੂਪ ਧਾਰਨ ਕਰ ਗਏ ਹਨ। ਹੁਣ ਇਨ੍ਹਾਂ ਨੂੰ ਪੰਜਾਬੀ ਸ਼ਬਦ ਹੀ ਮੰਨਿਆ ਜਾਂਦਾ ਹੈ। ਇਹ ਸ਼ਬਦ ਪੰਜਾਬੀ ਭਾਸ਼ਾ ਵਿਚ ਪ੍ਰਤਿਸ਼ਟਾ ਦੇ ਸੂਚਕ ਹਨ। ਮਿਸਾਲ ਵਜੋਂ –

| | | |
|---|---|---|
| ਵਾਰਡਨ | : | ਕਲ੍ਹ ਹੈ ਲਾਸਟ ਡੇਟ ਤੇ ਲੀਡਰਸ਼ਿਪ ਵਿੱਚ ਕੀ ਰੱਖਿਆ? ਮੈਂ ਤੇ ਵਾਈਫ ਨੂੰ ਕਹਿ ਰਿਹਾ ਸੀ ਸੁਬਹ[4] |
| ਮਨੋਜ | : | ਪਰਮਿੰਦਰ ਤੁਮ ਇਸ ਕੋ ਛੋੜੋ ਅਪਨੀ ਔਰ ਸੇ ਸਤਯ ਬਤਾ ਦੋ[5] |
| ਸਟਾਫ ਸੇ | : | ਸ਼ਾਇਰੀ ਤੇ ਸਾਇੰਸ ਦਾ ਕਿਆ ਮੇਲ?[6] |

ਉਪਰੋਕਤ ਸ਼ਬਦ ਵਿਚ ਲਕੀਰੇ ਸ਼ਬਦ ਤਤਸਮ ਤਦਭਵ ਰੂਪਾਂ ਨੂੰ ਦਰਸਾਉਂਦੇ ਹਨ। ਪੰਜਾਬੀ ਮੂਲ ਰੂਪ ਵਿਚ ਜਨ ਸਾਧਾਰਨ ਦੀ ਭਾਸ਼ਾ ਹੈ। ਇਸ ਕਰਕੇ ਇਸ ਵਿਚ ਸਮੂਹ ਜਨ-ਸਾਧਾਰਨ ਦੀ

ਸ਼ਬਦਾਵਲੀ ਆਮ ਦਿਖਾਈ ਦਿੰਦੀ ਹੈ। ਇਸ ਭਾਸ਼ਾ ਵਿਚ ਅਨੇਕਾਂ ਭਾਸ਼ਾਵਾਂ ਦੇ ਸ਼ਬਦ ਮਿਲਦੇ ਹਨ। ਇਸਦਾ ਕਾਰਨ ਹੈ ਕਿ ਇਸਦਾ ਹਾਜ਼ਮਾ ਬੜਾ ਦਰੁੱਸਤ ਹੈ। ਇਸ ਭਾਸ਼ਾ ਵਿਚ ਨਿਰੋਲ ਪੇਂਡੂ ਅਤੇ ਸ਼ਹਿਰੀ ਸਭਿਆ ਅੰਸ਼ਾਂ ਦੀ ਭਰਮਾਰ ਹੋਈ ਮਿਲਦੀ ਹੈ ਪੰਜਾਬੀ ਭਾਸ਼ਾ ਦੇ ਬਹੁਤੇ ਸ਼ਬਦਾਂ ਦਾ ਮੂਲ ਸਰੋਤ ਇਨ੍ਹਾਂ ਤਤਸਮ ਤੇ ਤਦਭਵ ਰੂਪਾਂ ਨਾਲ ਸੰਬੰਧਿਤ ਹੈ। ਪੰਜਾਬੀ ਸਾਹਿਤਕ ਖੇਤਰ ਵਿਚ ਅਜਿਹੇ ਭਾਸ਼ਾਈ ਰੂਪ ਆਮ ਪਰਚੱਲਿਤ ਹਨ। ਇਹ ਭਾਸ਼ਾਈ ਰੂਪ ਆਧੁਨਿਕ ਭਾਸ਼ਾ ਵਿਚ ਪ੍ਰਤਿਸ਼ਠਾ ਦੇ ਸੂਚਕ ਹਨ।

ਪੰਜਾਬੀ ਨੂੰ ਤਦਭਵ ਪ੍ਰਧਾਨ ਭਾਸ਼ਾ ਕਿਹਾ ਗਿਆ ਹੈ। ਇਸ ਵਿਚ ਵਰਤੇ ਜਾਂਦੇ ਬਹੁਤੇ ਸ਼ਬਦ ਵਿਗੜੇ ਰੂਪਾਂ ਵਾਲੇ ਹਨ ਅਤੇ ਇਹ ਵਿਗਾੜ ਖਾਸ ਨਿਯਮਾਂ ਅਧੀਨ ਹੁੰਦਾ ਹੈ। ਧੁਨੀ ਪਰਿਵਰਤਨ ਦੀ ਇਹ ਪਰਿਕਿਰਿਆ ਲੰਬੇ ਇਤਿਹਾਸਿਕ ਵਿਕਾਸ ਦਾ ਫਲ ਹੈ। ਇਹ ਕੁਝ ਨਿਯਮ ਇਸ ਪਰਕਾਰ ਹਨ :

1. ਸੰਸਕ੍ਰਿਤ ਵਿਚ ਮੂਲ ਸ਼ਬਦਾਂ ਦੇ ਅੰਤ ਵਿਚ ਆਈ ਇ ਤੇ ਉ  ਡੇਗ ਦੇਣਾ ; ਜਿਵੇਂ ਗੋਸ਼ਠਿ (ਗੋਸ਼ਟ), ਰਵਿ (ਰਗ), ਜਾਤਿ (ਜਾਤ)

2. ਸੰਪ੍ਰਦਾਹਣ ਦੀ ਰੁਚੀ ਅਧੀਨ ਸੰਸਕ੍ਰਿਤ ਮੂਲ ਸ਼ਬਦਾਂ ਦੀ 'ਵ' ਧੁਨੀ ਨੂੰ 'ਉ' ਵਿਚ ਅਤੇ 'ਯ' ਨੂੰ 'ਇ' ਵਿਚ ਬਦਲ ਲੈਣਾ : ਜਿਵੇਂ ਦੇਵਰ (ਦਿਉਰ)।

3. ਵਿਅੰਜਨ ਰੂਪ ਵਿਚ ਵਰਤੇ ਯ ਨੂੰ ਜ ਵਿਚ ਬਦਲ ਲੈਣਾ ; ਜਿਵੇਂ ਯੁਗ (ਜੁਗ), ਯੋਗਯ (ਜੋਗ), ਯਤਨ (ਜਤਨ)।

4. ਸੰਸਕ੍ਰਿਤ ਮੂਲ ਸੰਯੁਕਤ ਵਰਣਾਂ ਨੂੰ ਦੁਤ ਕਰ ਲੈਣਾ ਜਾਂ ਫਿਰ ਵਿਕ੍ਰਿਤੀ ਦੀ ਰੁਚੀ ਅਧੀਨ ਦੋਹਾਂ ਧੁਨੀਆਂ ਨੂੰ ਸੰਯੁਕਤ ਬਣਾ ਦੇਣਾ ; ਜਿਵੇਂ ਹਸਤ (ਹੱਥ), ਦੁਗਧ (ਦੁੱਧ), ਕਰਣ (ਕੰਨ), ਚਰਮ (ਚੰ), ਪ੍ਰੁੜ੍ਹ (ਪੁੱਛ)।

5. ਸੰਸਕ੍ਰਿਤ ਮੂਲ ਅਤੇ ਨੂੰ ਪੰਜਾਬੀ ਵਿਚ ਕ੍ਰਮਵਾਰ ਖ ਅਤੇ ਸ ਵਿਚ ਬਦਲ ਲੈਣਾ ; ਜਿਵੇਂ ਸ਼ੋਭਾ (ਸੋਭਾ), ਰਿਸ਼ਿ (ਰਿਖੀ), ਅਕਸ਼ਰ (ਅੱਖਰ)।

6. ਇਸੇ ਤਰ੍ਹਾਂ ਕ ਨੂੰ ਗ ਵਿਚ ਚ ਨੂੰ ਜ ਵਿਚ ਅਤੇ ਤ ਨੂੰ ਦ ਵਿਚ ਬਦਲ ਲੈਣਾ ; ਜਿਵੇਂ ਯੁਕਤਿ (ਜੁਗਤੀ), ਮੰਚ (ਮੰਜਾ), ਅੰਤਰ (ਅੰਦਰ)।

7. ਯਤਨ-ਸੰਜਮ ਦੇ ਨਿਯਮ ਅਧੀਨ ਸ਼ਬਦ ਦੇ ਸ਼ੁਰੂ ਵਿਚ ਆਏ ਦੀਰਘ ਸ੍ਵਰ ਨੂੰ ਹ੍ਸ੍ਵ ਵਿਚ ਬਦਲ ਲੈਣਾ ਜਿਵੇਂ ਰਾਸਤਾ (ਰਸਤਾ) ਚੌਗਿਰਦਾ (ਚੁਗਿਰਦਾ)

8. ਫਾਰਸੀ ਮੂਲ ਕਰਤਾਵਾਚੀ ਸ਼ਬਦਾਂ ਵਿੱਚ ਇ ਸ੍ਵਰ ਨੂੰ ਅ ਵਿੱਚ ਬਦਲ ਲੈਣਾ; ਜਿਵੇਂ ਹਾਕਿਮ (ਹਾਕਮ), ਹਾਜ਼ਿਰ (ਹਾਜ਼ਰ), ਆਲਿਮ (ਆਲਮ)।

ਸਾਹਿਤਿਕ ਭਾਸ਼ਾ ਬੋਲਚਾਲ ਦੀ ਭਾਸ਼ਾ ਤੋਂ ਕੁਝ ਨਾ ਕੁਝ ਭਿੰਨ ਹੁੰਦੀ ਹੈ। ਇਸ ਵਿਚ ਪੇਂਡੂ ਤੱਤ ਦਾ ਤਿਆਗ ਅਤੇ ਸਭਿਅ ਅੰਸ਼ ਦਾ ਗਰਹਿਣ ਕੀਤਾ ਜਾਂਦਾ ਹੈ। ਚੰਗੀ ਸਾਹਿਤਿਕ ਭਾਸ਼ਾ ਦਾ ਗੁਣ ਹੈ ਕਿ ਉਹ ਸਰਲ, ਸੁਭਾਵਿਕ ਤੇ ਗੌਰਵਮਈ ਹੋਵੇ ਪਰ ਸੌਖ ਭਾਲਦਿਆਂ ਸ਼ਬਦ-ਜੋੜਾਂ ਨਾਲ ਅਨਰਥ ਕਰਨਾ ਠੀਕ ਨਹੀਂ। ਸਾਹਿਤਿਕ ਪੰਜਾਬੀ ਭਾਸ਼ਾ ਵਿਚ ਸ਼ਬਦ-ਜੋੜਾਂ ਦਾ ਸ਼ੁੱਧ ਰੂਪ ਵਿਚ ਪਰਯੋਗ ਕਰਨਾ ਹੀ ਮੁਨਾਸਿਬ ਹੈ। ਸਵਰ-ਸੰਧੀ, ਉਪਸਰਗਾਂ, ਪ੍ਰਤਯ, ਪ੍ਰਸਰਗਾਂ ਆਦਿ ਦੀ ਵਰਤੋਂ ਬਾਰੇ ਵੀ ਸੁਚੇਤ ਹੋਣ ਦੀ ਲੋੜ ਹੈ। ਪੰਜਾਬੀ ਸ਼ਬਦ-ਜੋੜਾਂ ਦੇ ਨਿਰਮਾਣ ਸਮੇਂ ਭਾਰਤ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਸਥਾਪਿਤ Board of Scientific Terminalogy ਦੇ ਵਿਹਾਰ ਨੂੰ ਮੁੱਖ

ਰੱਖ ਲੈਣਾ ਵੀ ਯੋਗ ਹੈ। ਇਨ੍ਹਾਂ ਤੰਦਰੁਸਤ ਤੇ ਉਸਾਰੂ ਰਾਹ ਉੱਤੇ ਤੁਰ ਕੇ ਪੰਜਾਬੀ ਸ਼ਬਦ ਭੰਡਾਰ ਵਿਚਲੀਆਂ ਸ਼ਬਦ ਜੋੜਾਂ ਦੀ ਅਸਪਸ਼ਟਤਾ ਨੂੰ ਸਰਲ ਤੇ ਸਹਿਜ ਬਣਾਇਆ ਜਾ ਸਕਦਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਡੂੰਘੀ ਤੇ ਅਣਥੱਕ ਮਿਹਨਤ ਸਦਕਾ ਅਨੇਕ ਵਿਦਵਾਨਾਂ ਦੇ ਸਹਿਯੋਗ ਨਾਲ ਪੰਜਾਬੀ ਸ਼ਬਦ ਭੰਡਾਰ 'ਚ ਹੋ ਰਹੇ ਵਾਧੇ ਨੂੰ ਵਿਕਸਤ ਕਰਨ ਲਈ ਪੰਜਾਬੀ 'ਚ ਸ਼ਬਦ ਕੋਸ਼ ਤਿਆਰ ਕਰਕੇ ਸਲਾਹੁਣਯੋਗ ਯਤਨ ਕੀਤੇ ਹਨ। ਭਾਸ਼ਾ ਇਕ ਸਮੁੰਦਰ ਦੀ ਨਿਆਈਂ ਹੁੰਦੀ ਹੈ ਉਸ ਵਿੱਚ ਦਰਿਆ ਨਦੀਆਂ ਦੀਆਂ ਅਨੇਕ ਲਹਿਰਾਂ ਵਾਂਗ ਅਣਗਿਣਤ ਸ਼ਬਦ ਪਨਪਦੇ ਪਲਦੇ ਤੇ ਤਰਦੇ ਰਹਿੰਦੇ ਹਨ। ਕਿੰਨੇ ਸਮਾਂ ਪਾ ਕੇ ਇਸ ਨਿਰੰਤਰ ਵਹਿਣ ਨਾਲ ਰੁੜ੍ਹ ਤੇ ਡੁੱਬ (ਲੋਪ) ਵੀ ਹੋ ਜਾਂਦੇ ਹਨ। ਇਸਦਾ ਹਿਸਾਬ ਕਿਤਾਬ ਰੱਖਣਾ ਅਸੰਭਵ ਵੀ ਹੋ ਜਾਂਦਾ ਹੈ। ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਸ਼ਬਦ ਹੀ ਭਾਸ਼ਾ ਦੀ ਜਿੰਦ ਜਾਨ ਹੁੰਦੇ ਹਨ।

## ਹਵਾਲੇ ਤੇ ਟਿਪਣੀਆਂ


1. ਪੰਜਾਬੀ ਦੁਨੀਆਂ, ਅਗਸਤ ਤੋਂ ਸਤੰਬਰ 2001, ਪੰਜਾਬੀ ਕੋਸ਼ਕਾਰੀ ਵਿਸ਼ੇਸ਼ ਅੰਕ, ਸਫ਼ਾ 85.
2. Beams John, Comparative Grammar of the modern Aryan Languages of India, p-11.
3. ਡਾ. ਪਰਮਜੀਤ ਸਿੰਘ, ਅਣਪਰਕਾਸ਼ਿਤ ਸ਼ੋਧ ਪਰਬੰਧ ਡਾ. ਚਰਨ ਦਾਸ ਸਿੱਧੂ ਦੇ ਨਾਟਕਾਂ ਦੀ ਭਾਸ਼ਾ ਦਾ ਸਮਾਜ ਭਾਸ਼ਾ ਵਿਗਿਆਨਕ ਅਧਿਐਨ, ਸਫ਼ਾ 46–49.
4. ਡਾ. ਚਰਨਦਾਸ ਸਿੱਧੂ, ਕੱਲ੍ਹ ਕਾਲਜ ਬੰਦ ਰਵੇਗਾ, ਸਫ਼ਾ 61
5. .................... ਉਹੀ .......................... ਸਫ਼ਾ 67
6. .................... ਉਹੀ .......................... ਸਫ਼ਾ 64.

ਮਨੁੱਖੀ ਭਾਸ਼ਾ ਦੇ ਅਧਿਐਨ ਦੀਆਂ ਅੱਜ ਦੋ ਦ੍ਰਿਸ਼ਟੀਆਂ ਉਭਰ ਕੇ ਸਾਹਮਣੇ ਆਈਆਂ ਹਨ- ਇਕ ਦ੍ਰਿਸ਼ਟੀ ਭਾਸ਼ਾ ਦਾ ਅਧਿਐਨ ਭਾਸ਼ਾ ਲਈ ਦੇ ਆਧਾਰ 'ਤੇ ਕਰਦੀ ਹੈ। ਉਹਦਾ ਟੀਚਾ ਭਾਸ਼ਾ ਦੀ ਆਪਣੀ ਅੰਦਰੂਨੀ ਵਿਵਸਥਾ 'ਤੇ ਚਾਨਣ ਪਾਉਣਾ ਹੈ। ਉਹ ਆਪਣੇ ਅਧਿਐਨ ਨੂੰ ਕੇਵਲ ਇਸ ਸੁਆਲ ਨਾਲ ਜੋੜਦੀ ਹੈ- ਕਿ ਭਾਸ਼ਾ ਆਪਣੇ ਆਪ ਵਿੱਚ ਕੀ ਹੈ? ਦੂਸਰੀ ਦ੍ਰਿਸ਼ਟੀ ਭਾਸ਼ਾ ਨੂੰ ਸੰਪ੍ਰੇਸ਼ਣ ਵਿਵਸਥਾ ਦਾ ਇਕ ਜ਼ਰੂਰੀ ਸਾਧਨ ਮੰਨਦੀ ਹੈ। ਇਸ ਲਈ ਉਹ ਭਾਸ਼ਾ ਦਾ ਅਧਿਐਨ ਕੇਵਲ ਭਾਸ਼ਾ ਲਈ ਦੇ ਸਿਧਾਂਤ ਦੇ ਆਧਾਰ 'ਤੇ ਨਹੀਂ ਕਰਦੀ। ਉਹ ਤਾਂ ਸੰਪ੍ਰੇਸ਼ਣ ਲਈ ਭਾਸ਼ਾ ਦਾ ਅਧਿਐਨ ਕਰਨ ਦੇ ਪੱਖ ਵਿੱਚ ਹੈ। ਇਸ ਦੂਸਰੀ ਦ੍ਰਿਸ਼ਟੀ ਅਨੁਸਾਰ ਭਾਸ਼ਾ ਸੰਪ੍ਰੇਸ਼ਣ ਮੁੱਖ ਰੂਪ ਵਿੱਚ ਇਕ ਸਮਾਜਕ ਪ੍ਰਕਿਰਿਆ ਹੈ। ਸਮਾਜਕ ਪ੍ਰਕਿਰਿਆ ਹੋਣ ਕਾਰਨ ਭਾਸ਼ਾ ਆਪਣੇ ਵਿਹਾਰ ਵਿੱਚ ਵਿਸ਼ਮਰੂਪੀ (Heterogeneous) ਹੈ। ਮਨੁੱਖ ਕੇਵਲ ਸਪੀਚ ਐਨੀਮਲ (Speech Animal) ਨਹੀਂ ਸਗੋਂ ਇਕ ਸਮਾਜਕ ਪ੍ਰਾਣੀ (Social Animal) ਵੀ ਹੈ। ਉਹ ਸਮਾਜ ਵਿੱਚ ਰਹਿਣ ਲਈ ਮਜਬੂਰ ਹੈ। ਉਹਦੀ ਆਪਣੀ ਸੱਤਾ ਹਮੇਸ਼ਾ ਸਮਾਜਕ ਸੰਦਰਭਾਂ ਦੀ ਮੰਗ ਕਰਦੀ ਹੈ। ਇਸ ਲਈ ਭਾਸ਼ਾ ਨੂੰ ਮਾਨਵ ਮਨ ਦੀ ਅੰਦਰੂਨੀ ਪ੍ਰਕਿਰਤੀ ਅਤੇ ਬਾਹਰੀ ਸਮਾਜਕ ਸੰਦਰਭਾਂ ਦੀ ਦਵੰਦਾਤਮਕ ਪ੍ਰਕਿਰਿਆ ਦਾ ਸਿੱਟਾ ਮੰਨਿਆ ਜਾ ਸਕਦਾ ਹੈ। (ਰਵਿੰਦਰ ਨਾਥ ਸ਼੍ਰੀਵਾਸਤਵ : 1994)